ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 31 | 06 August 2021 to 12 August 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸਿੰਘਾਂ ਦੇ ਪੰਜ ਗੋਲਾਂ ਸਦਕਾ ਭਾਰਤ ਨੇ ਹਾਕੀ 'ਚ ਜਿੱਤਿਆ ਕਾਂਸੀ ਦਾ ਤਮਗਾ

## ✪ ਹਰਮਨਪ੍ਰੀਤ ਸਿੰਘ ਦੀ ਕਪਤਾਨੀ ਵਾਲੀ ਇਸ ਜੇਤੂ ਟੀਮ 'ਚ 9 ਖਿਡਾਰੀ ਸਿੱਖ ✪ ਸ਼੍ਰੋਮਣੀ ਕਮੇਟੀ ਵੱਲੋਂ ਭਾਰਤੀ ਹਾਕੀ ਟੀਮ ਇੱਕ ਕਰੋੜ ਰੁਪਏ ਦਾ ਇਨਾਮ ਦੇਣ ਦਾ ਐਲਾਨ ✪ ਓਲੰਪਿਕਸ ਵਿਚ ਭਾਰਤ ਵੱਲੋਂ ਕੀਤੇ ਗਏ ਕੁੱਲ 25 'ਚੋਂ 23 ਗੋਲ ਪੰਜਾਬੀ ਖਿਡਾਰੀਆਂ ਨੇ ਕੀਤੇ

**ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਵੀਰਵਾਰ ਓਲੰਪਿਕ ਵਿਚ ਭਾਰਤ ਦੀ ਹਾਕੀ ਟੀਮ ਵੱਲੋਂ ਕਾਂਸੀ ਦਾ ਤ਼ਗਮਾ ਜਿੱਤਣ ਨਾਲ ਖੁਸ਼ੀਆਂ ਭਰੇ ਪਲ ਆਏ ਹਨ ਜਿਨਾਂ ਦੀ ਪੰਜਾਬ ਨੂੰ ਵਰਿਆਂ ਤੋਂ ਉਡੀਕ ਸੀ। ਮਨਪ੍ਰੀਤ ਸਿੰਘ ਦੀ ਅਗਵਾਈ ਵਿਚ ਖੇਡ ਰਹੀ ਇਸ ਟੀਮ ਨੇ ਲੋਕਾਂ ਦੇ ਮਨਾਂ ਨੂੰ ਜਿੱਤ ਲਿਆ ਹੈ। 1975 ਵਿਚ ਭਾਰਤ ਨੇ ਵਿਸ਼ਵ ਹਾਕੀ ਕੱਪ ਜਿੱਤਿਆ ਪਰ ਉਸ ਤੋਂ ਬਾਅਦ ਭਾਰਤ ਵਿਚ ਇਸ ਖੇਡ ਦਾ ਪਤਨ ਸ਼ੁਰੂ ਹੋ ਗਿਆ। ਇਸ ਦਾ ਮੁੱਖ ਕਾਰਨ ਇਸ ਖੇਡ ਦਾ ਐਸਟਰੋਟਰਫ਼ 'ਤੇ ਖੇਡੇ ਜਾਣਾ ਸੀ। ਭਾਰਤ ਜਿਹੇ ਭਾਰਤ ਵਿਚ ਜ਼ਿਆਦਾ ਐਸਟਰੋਟਰਫ਼ ਨਹੀਂ ਬਣਾਏ ਜਾ ਸਕਦੇ। ਇਸ ਕਾਰਨ ਆਸਟ੍ਰੇਲੀਆ ਅਤੇ ਯੂਰੋਪੀਅਨ ਦੇਸ਼ਾਂ ਦੀਆਂ ਟੀਮਾਂ ਦਾ ਗ਼ਲਬਾ ਵਧਿਆ। ਵਿਚ-ਵਿਚਾਲੇ ਭਾਰਤੀ ਟੀਮ ਨੇ ਕਈ ਵਾਰ ਹੰਭਲੇ ਮਾਰੇ ਤੇ ਕਈ ਨਾਮਵਰ ਖਿਡਾਰੀ ਪੈਦਾ ਕੀਤੇ ਪਰ 1964 ਤੋਂ ਪਹਿਲਾਂ ਵਾਲੀ ਸ਼ਾਨ ਵਾਪਸ ਨਾ ਆਈ। ਖੇਡ ਵਿਚ ਲਗਾਤਾਰ ਹਾਰਾਂ ਨੇ ਖੇਡ ਪ੍ਰੇਮੀਆਂ ਦੇ ਮਨਾਂ ਵਿਚ ਵੀ ਨਿਰਾਸ਼ਾ ਲਿਆਂਦੀ। ਫਿਰ ਵੀ ਜਦੋਂ ਭਾਰਤ ਦੀ ਟੀਮ ਓਲੰਪਿਕ ਤੇ ਹੋਰ ਮੁਕਾਬਲਿਆਂ ਵਿਚ ਖੇਡਦੀ ਤਾਂ ਲੋਕਾਂ ਦੇ ਮਨਾਂ ਵਿਚ ਵਲਵਲੇ ਉੱਠਦੇ ਕਿ ਸਾਡੀ ਟੀਮ ਜਿੱਤ ਪ੍ਰਾਪਤ ਕਰੇ। ਹਾਲ ਦੇ ਵਰਿਆਂ ਵਿਚ ਭਾਰਤ ਦੀ ਟੀਮ ਨੇ 2017 ਵਿਚ ਏਸ਼ੀਆ ਕੱਪ, 2018 ਵਿਚ ਏਸ਼ੀਅਨ ਚੈਂਪੀਅਨ ਟਰਾਫ਼ੀ ਅਤੇ 2019 ਵਿਚ ਐੱਫ਼ਆਈਐੱਚ ਸੀਰੀਜ਼ ਫਾਈਨਲ ਦੇ ਮੁਕਾਬਲੇ ਜਿੱਤੇ ਅਤੇ ਲੋਕਾਂ ਦੇ ਮਨਾਂ ਵਿਚ ਇਹ ਆਸਾਂ ਉੱਭਰੀਆਂ ਕਿ ਭਾਰਤ ਇਸ ਓਲੰਪਿਕ ਵਿਚ ਸੋਨੇ ਦਾ ਤ਼ਗਮਾ ਜਿੱਤੇਗਾ। ਲੋਕਾਂ ਦੇ ਮਨਾਂ ਵਿਚ ਸੋਨੇ ਦਾ ਤ਼ਗਮਾ ਜਿੱਤਣ ਦੀ ਆਸ ਇਕ ਖ਼ਾਸ ਤਰਾਂ ਨਾਲ ਇਸ ਲਈ ਉੱਕਰੀ ਹੋਈ ਹੈ ਕਿਉਂਕਿ ਭਾਰਤ ਨੇ ਓਲੰਪਿਕਸ ਵਿਚ ਸੋਨੇ ਦੇ 8 ਤ਼ਗਮੇ ਜਿੱਤੇ ਹਨ ਅਤੇ ਕਦੇ ਸਾਡੀ ਹਾਕੀ ਟੀਮ ਨੂੰ ਅਜਿੱਤ ਸਮਝਿਆ ਜਾਂਦਾ ਸੀ। ਇਹ ਟੀਮ ਸੋਨੇ ਦਾ ਤ਼ਗਮਾ ਤਾਂ ਨਹੀਂ ਜਿੱਤ ਸਕੀ ਪਰ ਜਿਵੇਂ ਕਿਹਾ ਜਾ ਰਿਹਾ ਹੈ, ਸਾਡਾ ਕਾਂਸੀ ਦਾ ਤ਼ਗਮਾ ਵੀ ਸੋਨੇ ਵਰਗਾ ਹੈ ਕਿਉਂਕਿ ਟੀਮ ਨੇ 41 ਸਾਲ ਬਾਅਦ ਓਲੰਪਿਕ ਹਾਕੀ ਦੇ ਸੈਮੀ-ਫਾਈਨਲ ਵਿਚ ਪ੍ਰਵੇਸ਼ ਕੀਤਾ ਅਤੇ ਮੈਡਲ ਵੀ ਜਿੱਤਿਆ ਹੈ।**

**ਜਲੰਧਰ/ਏ.ਟੀ.ਨਿਊਜ਼ :** ਪੁਰਸ਼ ਹਾਕੀ ਟੀਮ ਨੇ ਟੋਕੀਓ ਓਲੰਪਿਕਸ ਵਿਚ ਕਾਂਸੇ ਦਾ ਮੈਡਲ ਜਿੱਤ ਕੇ ਮੁਲਕ ਵਿਚ ਹਾਕੀ ਨੂੰ ਮੁੜ ਸੁਰਜੀਤ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਉਸ ਨੇ 41 ਸਾਲਾਂ ਦੇ ਮੈਡਲ ਦੇ ਸੋਕੇ ਨੂੰ ਵੀ ਖ਼ਤਮ ਕਰ ਦਿੱਤਾ ਹੈ। ਟੋਕੀਓ 'ਚ ਭਾਰਤ ਨੇ ਜਰਮਨੀ ਨੂੰ 5-4 ਨਾਲ ਹਰਾ ਕੇ ਕਾਂਸੀ ਤਮਗਾ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਇਸ ਤੋਂ ਪਹਿਲਾਂ ਭਾਰਤ ਨੇ 1980 ਦੀਆਂ ਮਾਸਕੋ ਓਲੰਪਿਕਸ ਵਿਚ ਸੋਨੇ ਦਾ ਮੈਡਲ ਜਿੱਤਿਆ ਸੀ। ਇਸ ਤੋਂ ਬਾਅਦ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਵਿਚ ਕੋਈ ਮੈਡਲ ਨਹੀਂ ਜਿੱਤ ਸਕੀ ਸੀ। ਓਲੰਪਿਕ ਖੇਡਾਂ ਵਿਚ ਤੀਜੀ ਥਾਂ ਲਈ ਭਾਰਤ ਦਾ ਭੇੜ ਜਰਮਨੀ ਨਾਲ ਹੋਇਆ। ਇਸ ਰੋਮਾਂਚਕ ਜਿੱਤ ਦੇ ਕਈ ਸੂਤਰਧਾਰ ਰਹੇ ਜਿਨਾਂ ਵਿਚ ਦੋ ਗੋਲ ਕਰਨ ਵਾਲੇ ਸਿਮਰਨਜੀਤ ਸਿੰਘ (17ਵੇਂ ਮਿੰਟ, 34ਵੇਂ ਮਿੰਟ), ਹਾਰਦਿਕ ਸਿੰਘ (27ਵੇਂ ਮਿੰਟ), ਹਮਨਪ੍ਰੀਤ ਸਿੰਘ (29ਵੇਂ ਮਿੰਟ) ਤੇ ਰੁਪਿੰਦਰਪਾਲ ਸਿੰਘ (31ਵਾਂ ਮਿੰਟ) ਤਾਂ ਸਨ ਪਰ ਇਸ ਪੂਰੇ ਟੂਰਨਾਮੈਂਟ ਵਿਚ ਇਕ ਹੀਰੋ ਅਜਿਹਾ ਸੀ ਜੋ ਦੀਵਾਰ ਬਣ ਕੇ ਖੜਾ ਰਿਹਾ ਤੇ ਉਸ ਦਾ ਨਾਂ ਹੈ ਪੀਆਰ ਸ਼੍ਰੀਜੇਸ਼।




ਇਥੇ ਜ਼ਿਕਰਯੋਗ ਹੈ ਕਿ ਭਾਰਤੀ ਟੀਮ ਵਿਚ ਕਪਤਾਨ ਮਨਪ੍ਰੀਤ ਸਿੰਘ, ਉਪ ਕਪਤਾਨ ਹਰਮਨਪ੍ਰੀਤ ਸਿੰਘ ਸਣੇ ਕੁੱਲ 10 ਖਿਡਾਰੀ ਪੰਜਾਬ ਦੇ ਹਨ। ਇਨਾਂ ਵਿਚੋਂ ਤਿੰਨ ਖਿਡਾਰੀ ਜਲੰਧਰ ਦੇ ਹਨ। ਓਲੰਪਿਕਸ ਵਿਚ ਭਾਰਤ ਵੱਲੋਂ ਕੀਤੇ ਗਏ ਕੁੱਲ 25 'ਚੋਂ 23 ਗੋਲ ਪੰਜਾਬੀ ਖਿਡਾਰੀਆਂ ਨੇ ਕੀਤੇ ਹਨ। ਪੰਜਾਬ ਲਈ ਇਹ ਵੱਡੇ ਮਾਣ ਵਾਲੀ ਗੱਲ ਹੈ। ਜਲੰਧਰ ਛਾਉਣੀ ਦੇ ਨਾਲ ਲੱਗਦੇ ਪਿੰਡ ਸੰਸਾਰਪੁਰ ਨੂੰ ਹਾਕੀ ਦੀ ਨਰਸਰੀ ਕਿਹਾ ਜਾਂਦਾ ਰਿਹਾ ਹੈ ਪਰ ਹੁਣ ਜਲੰਧਰ ਲਾਗਲੇ ਪਿੰਡ ਮਿੱਠਾਪੁਰ 'ਚੋਂ ਕੌਮੀ ਤੇ ਕੌਮਾਂਤਰੀ ਪੱਧਰ ਦੇ ਹਾਕੀ ਖਿਡਾਰੀ ਪੈਦਾ ਹੋ ਰਹੇ ਹਨ। ਟੀਮ ਦਾ ਕਪਤਾਨ ਇਸ ਪਿੰਡ ਤੋਂ ਹੀ ਹੈ।

**ਸੁਰਜੀਤ ਹਾਕੀ ਅਕੈਡਮੀ ਨੇ ਭਾਰਤੀ ਟੀਮ ਨੂੰ ਦਿੱਤੇ 9 ਅਣਮੁੱਲੇ ਖਿਡਾਰੀ**

ਜਲੰਧਰ ਦੀ ਸੁਰਜੀਤ ਹਾਕੀ ਅਕੈਡਮੀ 'ਚੋਂ ਟ੍ਰੇਨਿੰਗ ਪ੍ਰਾਪਤ 9 ਖਿਡਾਰੀ ਓਲੰਪਿਕ 'ਚ ਭਾਰਤੀ ਹਾਕੀ ਟੀਮ ਵੱਲੋਂ ਖੇਡੇ ਹਨ। ਸੈਮੀਫਾਈਨਲ ਮੁਕਾਬਲੇ 'ਚ 2 ਗੋਲ ਕਰਨ ਵਾਲੇ ਖਿਡਾਰੀ ਸਿਮਰਨਜੀਤ ਸਿੰਘ ਹੋਣ, ਇਕ ਗੋਲ ਕਰਨ ਵਾਲੇ ਹਾਰਦਿਕ ਸਿੰਘ ਜਾਂ ਫਿਰ ਓਲੰਪਿਕ 'ਚ ਭਾਰਤ ਦੀ ਅਗਵਾਈ ਕਰਨ ਵਾਲੇ ਕਪਤਾਨ ਮਨਪ੍ਰੀਤ ਸਿੰਘ, ਸਾਰਿਆਂ ਨੇ ਇਸੇ ਅਕੈਡਮੀ 'ਚੋਂ ਟ੍ਰੇਨਿੰਗ ਲਈ ਹੈ।

ਓਲੰਪੀਅਨ ਸੁਰਜੀਤ ਹਾਕੀ ਅਕੈਡਮੀ ਦੇ ਮੁੱਖ ਕੋਚ ਅਵਤਾਰ ਸਿੰਘ ਨੇ ਦੱਸਿਆ ਕਿ ਸੁਰਜੀਤ ਹਾਕੀ ਅਕੈਡਮੀ ਨੂੰ 2005 'ਚ ਸਥਾਪਿਤ ਕੀਤਾ ਗਿਆ ਸੀ, ਜਿਸ ਨੇ ਭਾਰਤ ਲਈ ਲਗਭਗ 30 ਖਿਡਾਰੀ ਤਿਆਰ ਕੀਤੇ ਹਨ।

**ਬਾਕੀ ਸਫ਼ਾ 30 'ਤੇ**

# ਸਿੱਖ ਨੂੰ ਕ੍ਰਿਪਾਨ ਕਾਰਣ ਫਨਫੇਅਰ 'ਚੋਂ ਕੱਢਿਆ

## ਪੁਲਿਸ ਨੇ ਲਗਾਈ ਹੱਥਕੜੀ

**ਲੰਡਨ/ਏ.ਟੀ.ਨਿਊਜ਼ :** ਡੇਲੀ ਮੇਲ ਯੂ.ਕੇ. ਅਖਬਾਰ ਅਨੁਸਾਰ ਅੰਮ੍ਰਿਤਧਾਰੀ ਸਿੱਖ ਪ੍ਰਭਜੋਤ ਸਿੰਘ ਨੂੰ ਨੌਰਥ ਵੇਲਜ਼ ਵਿਚ ਉਸ ਸਮੇਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਜਦੋਂ ਉਸ ਨੂੰ ਕ੍ਰਿਪਾਨ ਪਹਿਨਣ ਕਰਕੇ ਫਨ ਫੇਅਰ 'ਚੋਂ ਬਾਹਰ ਕੱਢ ਦਿੱਤਾ ਗਿਆ। ਜਾਣਕਾਰੀ ਅਨੁਸਾਰ 30 ਜੁਲਾਈ ਨੂੰ ਬਰਮਿੰਘਮ ਤੋਂ ਨੌਰਥ ਵੇਲਜ਼ ਵਿਖੇ ਅੰਮ੍ਰਿਤਧਾਰੀ ਸਿੱਖ ਪ੍ਰਭਜੋਤ ਸਿੰਘ ਆਪਣੇ ਪਰਿਵਾਰ ਨਾਲ ਟੀਰ ਪ੍ਰਿੰਸ ਫਨ ਫੇਅਰ, ਟੌਇਨ ਕੌਂਵੀ ਵਿਖੇ ਗਏ ਸਨ। ਪ੍ਰਭਜੋਤ ਸਿੰਘ ਦੇ ਪਰਿਵਾਰਿਕ ਦੋਸਤ ਅਰਮਿੰਦਰ ਸਿੰਘ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਜਦੋਂ ਉਹ ਰਾਈਡ ਦੀ ਉਡੀਕ ਕਰ ਰਿਹਾ ਸੀ ਤਾਂ ਇਕ ਕਰਮਚਾਰੀ ਨੇ ਪ੍ਰਭਜੋਤ ਸਿੰਘ ਨੂੰ ਬਾਹਰ ਜਾਣ ਲਈ ਕਿਹਾ ਅਤੇ ਉਸ ਨੇ ਕ੍ਰਿਪਾਨ ਲਈ ਚਾਕੂ ਸ਼ਬਦ ਦੀ ਵਰਤੋਂ ਕਰਦਿਆਂ ਕਿਹਾ ਕਿ ਇਸ ਦੀ ਇਥੇ ਇਜਾਜ਼ਤ ਨਹੀਂ ਹੈ। ਉਨਾਂ ਦੱਸਿਆ ਕਿ ਅਸੀਂ ਯੂ.ਕੇ. ਕਾਨੂੰਨ



ਤਹਿਤ ਕ੍ਰਿਪਾਨ ਪਹਿਨਣ ਦੀ ਆਗਿਆ ਹੋਣ ਬਾਰੇ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ। ਪਰ ਉਨਾਂ ਪੁਲਿਸ ਨੂੰ ਸੂਚਿਤ ਕਰ ਦਿੱਤਾ ਅਤੇ ਮੌਕੇ 'ਤੇ ਪਹੁੰਚੀ ਪੁਲਿਸ ਨੇ ਪ੍ਰਭਜੋਤ ਸਿੰਘ ਨੂੰ ਹੱਥਕੜੀਆਂ ਲਗਾ ਦਿੱਤੀਆਂ । ਇਸ ਮੌਕੇ ਲੋਕ ਸਾਨੂੰ ਇਕ ਅੱਤਵਾਦੀ ਹੋਣ ਵਾਂਗ ਵੇਖ ਰਹੇ ਸਨ । ਭਾਵੇਂ ਕ੍ਰਿਪਾਨ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੇ ਪ੍ਰਭਜੋਤ ਸਿੰਘ ਨੂੰ ਛੱਡ ਦਿੱਤਾ ਪਰ ਉਨਾਂ ਇਕ ਨਜ਼ਰਬੰਦੀ ਦੀ ਰਸੀਦ ਵੀ ਸੌਂਪ ਦਿੱਤੀ। ਅਮਰਿੰਦਰ ਸਿੰਘ ਨੇ ਕਿਹਾ ਕਿ ਪੁਲਿਸ ਵਲੋਂ ਛੱਡੇ ਜਾਣ ਦੇ ਬਾਵਜੂਦ ਵੀ ਟੀਰ ਪ੍ਰਿੰਸ ਦੇ ਮਾਲਕ ਨੇ ਸਾਰੇ ਗਰੁੱਪ ਨੂੰ ਬਾਹਰ ਕੱਢਿਆ। ਅਮਰਿੰਦਰ ਸਿੰਘ ਨੇ ਦੱਸਿਆ ਕਿ ਟੀਰ ਪ੍ਰਿੰਸ ਦੇ ਮਾਲਕ ਨੇ ਮੁਆਫੀ ਮੰਗਦਿਆਂ ਉਨਾਂ ਦਾ ਭੁਗਤਾਨ ਤਾਂ ਵਾਪਸ ਕਰ ਦਿੱਤਾ ਪਰ ਨਾਲ ਹੀ ਅੱਗੋਂ ਕਿਸੇ ਅੰਮ੍ਰਿਤਧਾਰੀ ਨੂੰ ਫਨ ਫੇਅਰ ਵਿਚ ਨਾ ਦਾਖਲ ਹੋਣ ਦੇਣ ਦੀ ਗੱਲ ਵੀ ਕਹੀ । ਚੀਫ ਕਾਂਸਟੇਬਲ ਕਾਰਲ ਫੌਲਕਸ ਨੇ ਕਿਹਾ ਕਿ ਉਹ ਇਸ ਸੰਵੇਦਨਸ਼ੀਲਤਾ ਨੂੰ ਸਮਝਦੇ ਹਨ ਅਤੇ ਪ੍ਰਭਾਵਿਤ ਸੱਜਣਾਂ ਨਾਲ ਹਾਲਾਤ ਬਾਰੇ ਵਿਚਾਰ ਵਟਾਂਦਰੇ ਲਈ ਪਹੁੰਚ ਕਰ ਰਹੇ ਹਾਂ ।

# ਬੀਜੇਪੀ ਨੇ ਖਿੱਚੀ ਮਿਸ਼ਨ-2024 ਦੀ ਤਿਆਰੀ

## ਨਵੀਂ ਰਣਨੀਤੀ ਰਾਮ ਮੰਦਰ, ਹੋਰ ਮੁੱਦੇ ਫਾਡੀ

**ਚੰਡੀਗੜ/ਏ.ਟੀ.ਨਿਊਜ਼ :** ਦੇਸ਼ ਵਿੱਚ ਕਈ ਅਹਿਮ ਮੁੱਦਿਆਂ ਉੱਪਰ ਘਿਰੀ ਕੇਂਦਰ ਵਿਚਲੀ ਬੀਜੇਪੀ ਸਰਕਾਰ ਵਲੋਂ ਮਿਸ਼ਨ-2024 ਲਈ ਖਾਸ ਤਿਆਰੀ ਕੀਤੀ ਜਾ ਰਹੀ ਹੈ। ਬੀਜੇਪੀ ਵੱਲੋਂ 2024 ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਰਾਮ ਮੰਦਰ ਨੂੰ ਵੱਡਾ ਮੁੱਦਾ ਬਣਾਇਆ ਜਾਵੇਗਾ। ਪਾਰਟੀ ਸੂਤਰਾਂ ਦਾ ਮੰਨਣਾ ਹੈ ਕਿ ਇਹ ਧਾਰਮਿਕ ਮੁੱਦੇ ਸਾਹਮਣੇ ਦੂਜੇ ਸਾਰੇ ਮਸਲੇ ਬੌਣੇ ਹੋ ਜਾਣਗੇ।

ਤਾਜ਼ਾ ਜਾਣਕਾਰੀ ਮੁਤਾਬਕ ਅਯੁੱਧਿਆ 'ਚ ਸ਼੍ਰੀਰਾਮ ਮੰਦਿਰ ਦੀ ਸਥਾਪਨਾ ਦਾ ਕੰਮ ਸਾਲ 2025 ਤੱਕ ਮੁਕੰਮਲ ਹੋ ਸਕੇਗਾ ਪਰ ਸ਼ਰਧਾਲੂਆਂ ਨੂੰ ਦਸੰਬਰ 2023 'ਚ ਹੀ ਪੂਜਾ ਕਰਨ ਦੀ ਇਜਾਜ਼ਤ ਦੇ ਦਿੱਤੀ ਜਾਵੇਗੀ। ਸ਼੍ਰੀਰਾਮ ਮੰਦਿਰ ਨਿਰਮਾਣ ਕਮੇਟੀ ਇਸ ਪਵਿੱਤਰ ਮੰਦਿਰ ਦੀ ਉਸਾਰੀ ਦੇ ਕਾਰਜ ਉੱਤੇ ਨਜ਼ਰ ਰੱਖ ਰਹੀ ਹੈ। ਪ੍ਰਧਾਨ ਮੰਤਰੀ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਨ੍ਰਿਪੇਂਦਰ ਮਿਸ਼ਰਾ ਇਸ ਕਮੇਟੀ ਦੇ ਮੁਖੀ ਹਨ।

ਦਰਅਸਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਰਤ ਸਰਕਾਰ ਚਾਹੁੰਦੀ ਹੈ ਕਿ ਸਾਲ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ-ਪਹਿਲਾਂ ਸ਼ਰਧਾਲੂਆਂ ਨੂੰ ਸ਼੍ਰੀਰਾਮ ਮੰਦਿਰ ਵਿੱਚ ਪੂਜਾ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਜਾਵੇ। ਸਥਾਪਨਾ ਤੇ ਨਿਰਮਾਣ ਕਾਰਜਾਂ ਨੂੰ ਅੰਤਿਮ ਛੋਹਾਂ ਹੌਲੀ-ਹੌਲੀ ਦਿੱਤੀਆਂ ਜਾਂਦੀਆ ਰਹਿਣਗੀਆਂ। ਸੂਤਰਾਂ ਅਨੁਸਾਰ ਸ਼੍ਰੀਰਾਮ ਮੰਦਿਰ ਦੇ ਗ੍ਰਭ ਗ੍ਰਹਿ ਤੇ ਪਹਿਲੀ ਮੰਜ਼ਲ ਦਾ ਨਿਰਮਾਣ ਦਸੰਬਰ 2023 ਤੱਕ ਮੁਕੰਮਲ ਹੋ ਜਾਵੇਗਾ। ਉਸ ਤੋਂ ਬਾਅਦ ਸ਼ਰਧਾਲੂ ਉੱਥੇ ਰਾਮ ਲੱਲਾ ਅੱਗੇ ਪ੍ਰਾਰਥਨਾ ਕਰ ਸਕਣਗੇ।

# ਵੂਹਾਨ 'ਚ ਤੇਜ਼ੀ ਨਾਲ ਫੈਲ ਰਿਹਾ ਹੈ ਕੋਰੋਨਾ, ਪੂਰਾ ਸ਼ਹਿਰ ਸੀਲ

## ਅਮਰੀਕਾ ਤੇ ਯੂ.ਕੇ. 'ਚ ਵਧੀ ਚਿੰਤਾ

**ਬੀਜਿੰਗ/ਏ.ਟੀ.ਨਿਊਜ਼:** ਵੂਹਾਨ ਸ਼ਹਿਰ ਇਕ ਵਾਰ ਫਿਰ ਸੁਰਖੀਆਂ ਵਿਚ ਆ ਗਿਆ ਹੈ। ਇੱਥੇ 2019 'ਚ ਕੋਰੋਨਾ ਵਾਇਰਸ ਦੀ ਸ਼ੁਰੂਆਤ ਹੋਈ ਸੀ।



ਹੁਣ ਕਿ ਵਾਰ ਫਿਰ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵਧਣ ਤੋਂ ਬਾਅਦ ਸਥਿਤੀ ਖ਼ਰਾਬ ਹੋ ਰਹੀ ਹੈ। ਇੱਥੇ ਸਾਰਿਆਂ ਦਾ ਕੋਰੋਨਾ ਟੈਸਟ ਕੀਤੇ ਜਾਣ ਦੌਰਾਨ ਪੂਰੇ ਸ਼ਹਿਰ ਨੂੰ ਸੀਲ ਕਰ ਦਿੱਤਾ ਗਿਆ ਹੈ। ਸ਼ਹਿਰ 'ਚ ਹਰ ਪਾਸੇ ਪਾਬੰਦੀ ਸਖ਼ਤ ਕਰ ਦਿੱਤੀ ਗਈ ਹੈ। ਵੂਹਾਨ ਸ਼ਹਿਰ ਤੋਂ ਨਾ ਤਾਂ ਕਿਸੇ ਨੂੰ ਨਿਕਲਣ ਦਿੱਤਾ ਜਾ ਰਿਹਾ ਹੈ ਤੇ ਨਾ ਹੀ ਕਿਸੇ ਨੂੰ ਇੱਥੇ ਦਾਖ਼ਲ ਹੋਣ ਦਿੱਤਾ ਜਾ ਰਿਹਾ ਹੈ। ਪੂਰੇ ਦੇਸ਼ ਵਿਚ ਇਨਫੈਕਸ਼ਨ ਕਾਰਨ ਹਾਈ ਅਲਰਟ ਕਰ ਦਿੱਤਾ ਗਿਆ ਹੈ। ਕੋਰੋਨਾ ਇਨਫੈਕਸ਼ਨ ਵਧਣ ਦਾ ਸਬੰਧ ਪੂਰਬੀ ਸ਼ਹਿਰ ਨਾਨਜਿੰਗ ਦੇ ਇੰਟਰਨੈਸ਼ਨਲ ਏਅਰਪੋਰਟ ਨੂੰ ਮੰਨਿਆ ਜਾ ਰਿਹਾ ਹੈ। ਇਸ ਸ਼ਹਿਰ ਦਾ 17 ਸੂਬਿਆਂ ਨਾਲ ਸੰਪਰਕ ਰਹਿੰਦਾ ਹੈ।

ਰਾਇਟਰ ਮੁਤਾਬਕ ਚੀਨ ਵਿਚ ਕੋਰੋਨਾ ਇਨਫੈਕਸ਼ਨ ਦਾ ਇਹ ਕਹਿਰ ਡੈਲਟਾ ਵੇਰੀਐਂਟ ਕਾਰਨ ਸ਼ੁਰੂ ਹੋਇਆ ਸੀ। ਇਨਫੈਕਸ਼ਨ ਵਧਣ ਦੇ ਨਾਲ ਹੀ ਸਤਾਨਕ ਫਲਾਈਟਾਂ ਦੀ ਗਿਣਤੀ ਬਹੁਤ ਜ਼ਿਆਦਾ ਘਟਾ ਦਿੱਤੀ ਗਈ ਹੈ। ਯਾਤਰਾਵਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਏਧਰ ਬਰਤਾਨੀਆ ਤੋਂ ਵਿਚ ਕੇਸ ਵਧਣ ਦੇ ਨਾਲ ਹੀ ਹੁਣ ਮਰਨ ਵਾਲਿਆਂ ਦੀ ਗਿਣਤੀ ਵੀ ਚਿੰਤਾ ਵਧਾਉਣ ਵਾਲੀ ਹੈ। ਲੰਡਨ 'ਚ ਮਾਰਚ ਤੋਂ ਬਾਅਦ ਇਕ ਦਿਨ ਵਿਚ ਸਭ ਤੋਂ ਵੱਧ 138 ਲੋਕਾਂ ਦੀ ਮੌਤ ਹੋਈ ਹੈ। 21691 ਨਵੇਂ ਮਰੀਜ਼ ਮਿਲੇ ਹਨ। ਬਰਤਾਨੀਆ ਮੌਜੂਦਾ ਸਮੇਂ ਵਿਚ ਪਾਬੰਦੀ ਹਟਾਏ ਜਾਣ ਤੋਂ ਬਾਅਦ ਡੈਲਟਾ ਵੇਰੀਐਂਟ ਨਾਲ ਜੂਝ ਰਿਹਾ ਹੈ।

ਬਰਤਾਨੀਆ 'ਚ ਹੁਣ 16 ਤੇ 17 ਸਾਲ ਦੀ ਉਮਰ ਦੇ ਬੱਚਿਆਂ ਨੂੰ ਵੀ ਕੋਰੋਨਾ ਦੀ ਵੈਕਸੀਨ ਦਿੱਤੀ ਜਾ ਸਕਦੀ ਹੈ। ਅਜੇ ਇਸ ਉਮਰ ਦੇ ਬੱਚਿਆਂ 'ਤੇ ਨਤੀਜੇ ਦੇਖੇ ਜਾ ਰਹੇ ਹਨ। ਅਮਰੀਕਾ ਵਿਚ ਵੀ ਡੈਲਟਾ ਵੇਰੀਐਂਟ ਨੇ ਮੁਸ਼ਕਲਾਂ ਵਧਾ ਦਿੱਤੀਆਂ ਹਨ। ਤੇਜ਼ੀ ਨਾਲ ਵਧ ਰਹੇ ਇਨਫੈਕਸ਼ਨ ਦਾ ਮੁਕਾਬਲਾ ਕਰਨ ਲਈ ਵੈਕਸੀਨ ਲਗਾਉਣ ਦਾ ਕੰਮ ਹੋਰ ਤੇਜ਼ ਕਰ ਦਿੱਤਾ ਗਿਆ ਹੈ। ਅਮਰੀਕਾ ਹੁਣ ਮੈਕਸੀਕੋ ਦੀ ਸਰਹੱਦ ਤੋਂ ਆਏ ਪਰਵਾਸੀਆਂ ਨੂੰ ਵੀ ਵੈਕਸੀਨ ਦੇਣ 'ਤੇ ਵਿਚਾਰ ਕਰ ਰਿਹਾ ਹੈ। ਨਿਊਯਾਰਕ ਵਿਚ ਕੋਰੋਨਾ ਮਰੀਜ਼ ਵਧਣ ਤੋਂ ਬਾਅਦ ਵੈਕਸੀਨ ਦਾ ਸਬੂਤ ਦਿਖਾਉਣ ਤੋਂ ਬਾਅਦ ਹੀ ਰੈਸਟੋਰੈਂਟ, ਜਿਮ ਤੇ ਹੋਰ ਜਨਤਕ ਥਾਵਾਂ 'ਤੇ ਦਾਖ਼ਲਾ ਦਿੱਤਾ ਜਾ ਰਿਹਾ ਹੈ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS Love's Roady's AMBEST

## FUEL CARDS
NO CREDIT - NO PROBLEM
BEST CUSTOMER SERVICE

QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE BAYS. EXPERTISE. SOLUTIONS.

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

# ਹਰਜੀਤ ਦੇ ਟੋਕਨਾਂ ਦਾ ਕੈਥੀ ਬਰਕਹਾਰਟ ਨੇ ਕੀਤਾ ਸੀ ਪਰਦਾਫਾਸ਼ - ਕਿਸ਼ਤ 9

**ਫਰੀਮਾਂਟ/ਏ.ਟੀ.ਨਿਊਜ਼:** ਹਰਜੀਤ ਸਿੰਘ ਜੋ ਕਿ ਬਾਸਾ-ਗੁਰਮੀਤ ਧੜੇ ਦਾ ਆਪਣੇ ਆਪ ਨੂੰ ਸਟਾਰ ਗਵਾਹ ਸਮਝਦਾ ਸੀ ਦੇ ਝੂਠ ਦੀਆਂ ਦਿਨ ਵਿੱਚ ਕਈ ਵਿੱਕਟਾਂ ਡਿੱਗਦੀਆਂ ਸਨ ਉਹਨਾਂ ਵਿੱਚੋਂ ਇੱਕ ਸੀ ਟੋਕਨਾਂ ਦੀ, ਜਿਹੜੀ ਇਲੈਕਸ਼ਨ ਕੰਪਨੀ ਦੀ ਕੈਥਰੀਨ ਬਰਕਹਾਰਟ ਨੇ ਡੇਗੀ ਸੀ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਇਲੈਕਸ਼ਨ ਕਿਵੇਂ ਹੋਵੇ, ਕਿਹੜੀ ਕੁਰਸੀ, ਮੇਜ਼ ਕਿੱਥੇ ਲੱਗੇ, ਕੌਣ ਕਿੱਥੇ ਬੈਠੇ, ਸੱਭ ਹਰਜੀਤ ਦੀ ਮਰਜ਼ੀ ਨਾਲ ਹੋਇਆ ਸੀ। ਸਿੱਖ ਪੰਚਾਇਤ ਨੇ ਇਹਨਾਂ ਦੀ ਹਰ ਸ਼ਰਤ ਮੰਨੀ ਤਾਂ ਜੋ ਇਹ ਚੋਣ ਹਾਰਨ ਤੋਂ ਬਾਅਦ ਰੋਣ ਦਾ ਕੋਈ ਬਹਾਨਾ ਨਾਂ ਬਣਾ ਸਕਣ, ਪਰ ਰੋਣ ਵਾਲੇ ਨੇ ਬਹਾਨਾ ਲੱਭ ਹੀ ਲੈਣਾ ਹੁੰਦਾ ਹੈ ਇਵੇਂ ਹੀ ਟੋਕਨਾਂ ਵਾਲੀ ਗੱਲ ਵਿੱਚ ਹੋਇਆ।

ਵੋਟ ਪਾਉਣ ਵੇਲੇ ਵੋਟਰ ਦੀ ਆਈ ਡੀ ਦੇਖਣ ਤੋਂ ਬਾਅਦ ਦੋਹਾਂ ਪਾਰਟੀਆਂ ਦੇ ਬੈਠੇ ਵਲੰਟੀਅਰਾਂ ਨੇ ਵੋਟਰ ਦੀ ਉਂਗਲ ਤੇ ਸਿਹਾਈ ਲਾਉਣੀ ਸੀ ਤੇ ਨਾਲ ਇੱਕ ਟੋਕਨ ਦੇਣਾ ਸੀ। ਉਹ ਟੋਕਨ ਲੈ ਕੇ ਇਲੈਕਸ਼ਨ ਕੰਪਨੀ ਨੇ ਬੈਲਟ ਪੇਪਰ ਉਹਨੂੰ ਦੇਣਾ ਸੀ।

ਹਰਜੀਤ ਸਿੰਘ ਨੇ ਕੋਰਟ ਵਿੱਚ ਹਲਫੀਆ ਬਿਆਨ ਦਿੱਤਾ ਕਿ ਚੋਣਾਂ ਵਾਲੇ ਦਿਨ ਟੋਕਨ ਨਹੀਂ ਵਰਤੇ ਗਏ ਇਸਲਈ ਲੋਕ ਵਾਰੀ-ਵਾਰੀ ਆ ਕੇ ਜਾਲ੍ਹੀ ਵੋਟਾਂ ਪਾਉਂਦੇ ਰਹੇ। ਲੋਕ ਰਜਿਸਟਰੇਸ਼ਨ ਟੇਬਲ ਤੇ ਜਾਏ ਬਗੈਰ ਸਿੱਧੇ ਹੀ ਇਲੈਕਸ਼ਨ ਕੰਪਨੀ ਤੋਂ ਬੈਲਟ ਲੈ ਕੇ ਵੋਟ ਪਾ ਦਿੰਦੇ ਸਨ। *(ਦੇਖੋ ਹਰਜੀਤ ਦੇ ਹਲਫੀਆ ਬਿਆਨ ਦੀ ਫੋਟੋ)*

ਪਰ ਕੋਰਟ ਵਿੱਚ ਆ ਕੇ ਇਲੈਕਸ਼ਨ ਕੰਪਨੀ ਦੀ ਕੈਥਰੀਨ ਨੇ ਸਚਾਈ ਕੁੱਝ ਇਸ ਤਰਾਂ ਬਿਆਨ ਕੀਤੀ ਜਿਸਨੇ ਹਰਜੀਤ ਦੇ ਝੂਠ ਦਾ ਪਰਦਾਫਾਸ਼ ਕੀਤਾ।

"ਸਵੇਰੇ ਵੋਟਾਂ ਪੈਣ ਤੋਂ ਠੀਕ ਪਹਿਲਾਂ, ਮੈਂ ਹਰੇਕ ਵਾਲੰਟੀਅਰ ਸਟੇਸ਼ਨਾਂ ਨੂੰ ਟੋਕਨ ਵੰਡਣੇ ਸ਼ੁਰੂ ਕਰਨ ਲੱਗੀ ਹੀ ਸੀ ਕਿ ਮੈਨੂੰ ਹਰਜੀਤ ਨੇ ਆਕੇ ਕਿਹਾ ਕਿ ਅਸੀਂ ਹੁਣ ਉਨ੍ਹਾਂ ਟੋਕਨਾਂ ਦੀ ਵਰਤੋਂ ਨਹੀਂ ਕਰਾਂਗੇ। ਇਸ ਲਈ ਫਿਰ ਮੈਂ ਐਚਪੀ ਅਤੇ ਹਰਜੀਤ ਨੂੰ ਇੱਕ ਪਾਸੇ ਲਜਾਕੇ ਕਿਹਾ ਕਿ ਮੈਨੂੰ ਇਹ ਠੀਕ ਨਹੀਂ ਲਗਦਾ ਕਿਉ ਸਾਡੇ ਕੋਲ ਹਮੇਸ਼ਾਂ ਕਿਸੇ ਦੇ ਵੋਟ ਪਾਉਣ ਦਾਇਹੀ ਸਬੂਤ ਹੁੰਦਾ ਹੈ। ਇਸਤੋਂ ਪਤਾ ਲੱਗਦਾ ਹੈ ਕਿ ਵੋਟਰ ਸਾਈਨ ਇਨ ਰਜਿਸਟ੍ਰੇਸ਼ਨ ਟੇਬਲ ਰਾਹੀਂ ਵਲੰਟੀਅਰਾਂ ਦੁਆਰਾ ਲੰਘੇ ਹਨ। ਹਰਜੀਤ ਨੇ ਫੇਰ ਕਿਹਾ ਕਿ ਉਂਗਲੀ 'ਤੇ ਅਮਿੱਟ ਸਿਆਹੀ ਕਾਫ਼ੀ ਹੋਵੇਗੀ ਅਤੇ ਉਨ੍ਹਾਂ ਨੂੰ ਟੋਕਨਾਂ ਦੀ ਵਰਤੋਂ ਕਰਨ ਦੀ ਜ਼ਰੂਰਤ ਨਹੀਂ ਉਹ ਪ੍ਰਬੰਧਕ ਸਨ ਅਤੇ ਉਹ ਆਪਸ ਵਿੱਚ ਸਹਿਮਤ ਹੋ ਗਏ ..,

ਕੈਥਰੀਨ ਦਾ ਕੋਰਟ ਵਿੱਚ ਦਿੱਤਾ ਹਲਫ਼ੀਆ ਬਿਆਨ:

"ਮੈਂ ਸਮਝ ਨਹੀਂ ਸਕੀ ਕਿ ਉਹ ਟੋਕਨਾਂ ਦੀ ਵਰਤੋਂ ਕਿਉਂ



ਝੂਠ ਦਾ ਸੌਦਾਗਰ ਹਰਜੀਤ ਸਿੰਘ

ਨਹੀਂ ਕਰਨਾ ਚਾਹੁੰਦੇ ਸਨ ਜਿਸਦੀ ਅਸੀਂ ਪਿਛਲੀਆਂ ਸਾਰੀਆਂ ਚੋਣਾਂ ਵਿੱਚ ਵਰਤੋਂ ਕਰਦੇ ਆਏ ਸਾਂ। ਅਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦੀ ਵਰਤੋਂ ਨਾ ਕਰਨਾ ਇੱਕ ਚੰਗਾ ਵਿਚਾਰ ਨਹੀਂ ਹੈ।

"ਐਚਪੀ ਨੇ ਫਿਰ ਹਰਜੀਤ ਨੂੰ ਕਿਹਾ ਕਿ ਉਹ ਮੇਰੇ ਨਾਲ ਸਹਿਮਤ ਹੈ ਕਿ ਟੋਕਨਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਪਰ ਹਰਜੀਤ ਨੇ ਫਿਰ ਜ਼ੋਰ ਦੇ ਕੇ ਕਿਹਾ ਕਿ ਅਮਿੱਟ ਸਿਆਹੀ ਕਾਫੀ ਹੈ ਟੋਕਨਾਂ ਦੀ ਜ਼ਰੂਰਤ ਨਹੀਂ।

"ਜਦੋਂ ਮੈਂ ਦੁਹਰਾਇਆ ਕਿ ਇਹ ਫੈਸਲਾ ਠੀਕ ਨਹੀਂ ਸੀ ਤਾਂ ਹਰਜੀਤ ਨੇ ਐਚਪੀ ਵੱਲ ਮੁੜ ਕੇ (ਖਿੱਝ ਕੇ) ਕਿਹਾ, 'ਦੇਖੋ, ਇੱਥੇ ਆਪਾਂ ਫ਼ੈਸਲੇ ਕਰਨੇ ਹਨ, ਇਹ ਫੈਸਲਾ ਆਪਾਂ ਕਰਨਾ ਹੈ ਨਾਂ ਕਿ ਕੈਥਰੀਨ ਨੇ। ਇਸ ਲਈ ਆਓ ਤੁਸੀਂ ਇਸ ਨਾਲ ਸਹਿਮਤ ਹੋਵੋ ਤੇ ਆਪਾਂ ਕੰਮ ਸ਼ੁਰੂ ਕਰੀਏ।' ਐਚਪੀ ਨੇ ਫਿਰ ਕਿਹਾ, 'ਠੀਕ ਹੈ, ਜਿਵੇਂ ਤੈਨੂੰ (ਹਰਜੀਤ) ਠੀਕ ਲੱਗਦਾ ਹੈ.'

ਵਕੀਲ: ਕੀ ਇਹ ਤੁਹਾਡੀ ਸਮਝ ਸੀ ਕਿ ਹਰਜੀਤ ਹੀ ਟੋਕਨ ਹਟਾਉਣ 'ਤੇ ਜ਼ੋਰ ਦੇ ਰਿਹਾ ਸੀ ?

ਕੈਥਰੀਨ: ਹਾਂ

12. The next category of challenged voters are those who never even registered in the first place. These voters found a way to pass through the voter line and the voter registration tables, making their way to the Unilect voter room to cast a vote. This was accomplished because no voter tokens were required to cast a vote as provided for in the Order. There was so much chaos at the voter registration tables, the volunteers could not possibly watch for voters presenting some form of identification (whether it was theirs or someone else's), skipping the registration tables, accepting a ballot from Unilect and casting a vote. This could be done presumably numerous times by the same person.

**Catherine. So on the morning right before the polls opened, I was starting to distribute the tokens to each of the voter sign-in volunteer stations, and I was told Harjeet that we were no longer going to be using those tokens.**

**So then I pulled in HP and Harjeet and told them I did not think that was a good idea, that we've always had some kind of a verification that people have gone through voter sign-in.**

**And Harjeet said that the indelible ink on the finger would be enough. And they did not need to use the tokens. So they agreed on it in the end. And they were the administrators so --**

**Trevor:I want to read from your declaration here. This is from paragraph 4. You said:**

**"I could not fathom why they would not want to use the token voucher system that we had used in all past elections. And I told them it's a bad idea to not use them.**

**"HP then told Harjeet that he agreed with me that the tokens should be used. Harjeet then insisted that the indelible ink was sufficient.**

**"After I reiterated that this was a bad idea and the polls were just about to open, Harjeet turned to HP and said, 'Look, we make the decisions here. And we can determine this, not Catherine. So let's agree to this and move on.' HP then said, 'Sure, whatever he wants.'"**

**Trevor: And was it your understanding that Harjeet was the one insisting on the removal of the tokens?**

**Catherine: Yes**

## ਫੈਡਿਕਸ ਦੇ ਸਟੋਰ ਵਿਚ 4 ਸਿੱਖਾਂ ਸਮੇਤ 8 ਲੋਕਾਂ ਦੀ ਹੱਤਿਆ ਪਿੱਛੇ ਨਸਲੀ ਨਫਰਤ ਨਹੀਂ ਸੀ

○ ਪੁਲਿਸ ਵੱਲੋਂ ਇੰਕਸ਼ਾਫ ○ ਦੋਸ਼ੀ ਮਾਨਸਿਕ ਰੋਗੀ ਸੀ ਤੇ ਉਹ ਆਤਮ ਹੱਤਿਆ ਕਰਨਾ ਚਾਹੁੰਦਾ ਸੀ



ਇੰਡਿਆਨਾਪੋਲਿਸ ਵਿਚ ਸਿੱਖ ਭਾਈਚਾਰੇ ਦੇ ਮੈਂਬਰ ਫੈਡਿਕਸ ਗੋਲੀਬਾਰੀ ਵਿਚ ਮਾਰੇ ਗਏ ਵਿਅਕਤੀਆਂ ਦੀ ਯਾਦ ਵਿਚ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ।

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਇਸ ਸਾਲ 18 ਅਪ੍ਰੈਲ ਨੂੰ ਇੰਡਿਆਨਾਪੋਲਿਸ ਵਿਚ ਫੈਡਿਕਸ ਸਟੋਰ ਵਿਚ ਕੰਪਨੀ ਦੇ ਇਕ ਸਾਬਕਾ ਮੁਲਾਜ਼ਮ ਵੱਲੋਂ ਗੋਲੀਆਂ ਚਲਾ ਕੇ 4 ਸਿੱਖਾਂ ਸਮੇਤ 8 ਵਿਅਕਤੀਆਂ ਦੀ ਹੱਤਿਆ ਕਰਨ ਪਿਛੇ ਨਸਲੀ ਨਫਰਤ ਵਾਲੀ ਕੋਈ ਗੱਲ ਨਹੀਂ ਸੀ। ਇਹ ਇੰਕਸ਼ਾਫ ਪੁਲਿਸ ਅਧਿਕਾਰੀਆਂ ਨੇ ਕੀਤਾ ਹੈ। ਇੰਡਿਆਨਾਪੋਲਿਸ ਪੁਲਿਸ ਤੇ ਸੰਘੀ ਅਧਿਕਾਰੀਆਂ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ 19 ਸਾਲਾ ਬਰੈਂਡਨ ਸਕਾਟ ਹੋਲ ਇਕੱਲਾ ਹੀ ਹਮਲਾਵਰ ਸੀ ਤੇ ਉਸ ਨੇ ਇਹ ਗੋਲੀਬਾਰੀ 'ਖੁਦਕਸ਼ੀ-ਕਤਲ' ਮਾਨਸਿਕਤਾ ਨਾਲ ਕੀਤੀ। ਅਧਿਕਾਰੀਆਂ ਅਨੁਸਾਰ ਉਹ ਮਰਨਾ ਚਾਹੁੰਦਾ ਸੀ ਤੇ ਇਸ ਦੇ ਨਾਲ ਹੀ ਆਪਣੀ ਮਰਦਾਨਗੀ ਤੇ ਤਾਕਤ ਵਿਖਾਉਣਾ ਚਹੁੰਦਾ ਸੀ। ਉਸ ਨੇ ਆਪਣੀ ਅੰਤਿਮ ਇੱਛਾ ਦੀ ਪੂਰਤੀ ਲਈ ਲੋਕਾਂ ਨੂੰ ਮਾਰਿਆ। ਪੁਲਿਸ ਅਨੁਸਾਰ ਇਸ ਘਟਨਾ ਵਿਚ ਫੈਡਿਕਸ ਵਿਚ ਕੰਮ ਕਰਦੇ 8 ਮੁਲਾਜ਼ਮ ਮਾਰੇ ਗਏ ਸਨ ਤੇ 5 ਜ਼ਖਮੀ ਹੋਏ ਸਨ। ਐਫ ਬੀ ਆਈ ਦੇ ਇੰਡਿਆਨਾਪੋਲਿਸ ਫੀਲਡ ਦਫਤਰ ਵਿਚ ਇੰਚਾਰਜ ਵਜੋਂ ਤਾਇਨਾਤ ਪੌਲ ਕੀਨਨ ਨੇ ਕਿਹਾ ਕਿ ਦੋਸ਼ੀ ਨੇ ਗੋਲੀਬਾਰੀ ਲਈ ਫੈਡਿਕਸ ਇਮਾਰਤ ਨੂੰ ਇਸ ਵਾਸਤੇ ਚੁਣਿਆ ਕਿਉਂਕਿ ਉਹ ਇਸ ਇਮਾਰਤ ਤੋਂ ਵਾਕਿਫ ਸੀ ਤੇ ਉਸ ਦਾ ਵਿਸ਼ਵਾਸ ਸੀ ਕਿ ਉਹ ਇਸ ਇਮਾਰਤ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਮਾਰ ਸਕਦਾ ਹੈ। ਕੀਨਨ ਨੇ ਕਿਹਾ ਕਿ ਦੋਸ਼ੀ ਦੇ ਮੰਨ ਵਿਚ ਆਤਮਹੱਤਿਆ ਕਰਨ ਦਾ ਵਿਚਾਰ ਸੀ। ਉਹ ਮਾਨਸਿਕ ਤੌਰ 'ਤੇ ਬਿਮਾਰ ਸੀ ਤੇ ਉਸ ਨੇ ਗੋਲੀਬਾਰੀ ਦੀ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਇਕ ਤੋਂ ਵਧ ਵਾਰ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਸੀ। ਕੀਨਨ ਅਨੁਸਾਰ ਹੋਲ ਨੇ ਗੋਲੀਬਾਰੀ ਵਿਚ ਵਰਤੀਆਂ ਦੋ ਰਾਈਫਲਾਂ ਜਾਇਜ਼ ਢੰਗ ਤਰੀਕੇ ਨਾਲ ਖਰੀਦੀਆਂ ਸਨ ਤੇ ਉਸ ਦੀ ਮਾਂ ਨੇ ਪੁਲਿਸ ਨੂੰ ਸੂਚਿਤ ਕੀਤਾ ਸੀ ਕਿ ਉਸ ਦਾ ਪੁੱਤਰ ਕਿਸੇ ਘਟਨਾ ਨੂੰ ਅੰਜਾਮ ਦੇ ਸਕਦਾ ਹੈ। ਇਥੇ ਜ਼ਿਕਰਯੋਗ ਹੈ ਕਿ ਸਿੱਖ ਭਾਈਚਾਰੇ ਵੱਲੋਂ ਲਾਅ ਇਨਫੋਰਸਮੈਂਟ ਏਜੰਸੀਆਂ ਉਪਰ ਨਿਰੰਤਰ ਦਬਾਅ ਪਾਇਆ ਜਾ ਰਿਹਾ ਸੀ ਕਿ ਉਹ ਹੱਤਿਆਵਾਂ ਪਿੱਛੇ ਹਮਲਾਵਰ ਦੇ ਮਕਸਦ ਨੂੰ ਸਪੱਸ਼ਟ ਕਰਨ।

# ਇਤਿਹਾਸਿਕ ਵਿਰਾਸਤ ਦੀ ਸਾਂਭ ਸੰਭਾਲ ਹਰ ਇੱਕ ਸਿੱਖ ਦੀ ਜ਼ਿੰਮੇਵਾਰੀ

**ਫਰੀਮਾਂਟ/ਏ.ਟੀ.ਨਿਊਜ਼:** ਦੁਨੀਆਂ ਦੀਆਂ ਤਰੱਕੀ ਪਸੰਦ ਕੌਮਾਂ ਆਪਣੇ ਇਤਿਹਾਸਿਕ ਵਿਰਸੇ ਨੂੰ ਸੰਭਾਲ਼ਣ ਤੇ ਇੰਨਾਂ ਜ਼ੋਰ ਦਿੰਦੀਆਂ ਹਨ ਕਿ ਉਹਨਾਂ ਦੀਆਂ ਆਉਣ ਵਾਲ਼ੀਆਂ ਨਸਲਾਂ ਆਪਣੇ ਪੁਰਖਿਆਂ ਦੀਆਂ ਘਾਲਣਾਵਾਂ ਤੋਂ ਸੇਧ ਲੈ ਕੇ ਆਪਣਾ ਭਵਿੱਖ ਸਵਾਰ ਸਕਣ । ਪਰੰਤੂ ਸਾਡੀ ਬਦਕਿਸਮਤੀ ਹੈ ਕਿ ਨਾ ਤਾਂ ਅਸੀ ਆਪਣਾ ਇਤਿਹਾਸ ਸਾਂਭ ਸਕੇ ਨਾ ਆਪਣੀਆਂ ਇਤਿਹਾਸਿਕ ਵਿਰਾਸਤਾਂ !ਸਿੱਖਾਂ ਦੀ ਸਰਬ ਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਆਪਣੀ ਬਣਦੀ ਜ਼ੁੰਮੇਵਾਰੀ ਨਿਭਾਉਣ ਤੋਂ ਸਮੇ ਸਮੇ ਤੇ ਕਿਨਾਰਾ ਕਰਦੇ ਰਹੇ ਜਿਸ ਨਾਲ ਦੇਸ਼ ਅਤੇ ਵਿਦੇਸ਼ ਵਿੱਚ ਇਹਨਾ ਸੰਸਥਾਵਾਂ ਦਾ ਸਤਿਕਾਰ ਦਿਨ ਪ੍ਰਤੀ ਦਿਨ ਘਟਿਆਂ । ਅੱਜ ਵੀ ਕਾਰ ਸੇਵਾ ਦੇ ਨਾਂ ਤੇ ਸਿੱਖ ਵਿਰਾਸਤਾਂ ਨੂੰ ਖਤਮ ਕੀਤਾ ਜਾ ਰਿਹਾ ਹੈ ।

ਆਪਣੇ ਵੱਡ ਵਡੇਰਿਆਂ ਦੀਆਂ ਕੁਰਬਾਨੀਆਂ ਅਤੇ ਸੇਵਾ ਸੰਭਾਲ਼ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ ।

ਗੁਰਦੁਆਰਾ ਸਾਹਿਬ ਫਰੀਮੋਂਟ ਅਤੇ ਸਿੱਖ ਪੰਚਾਇਤ ਵੱਲੋਂ ਕੌਮ ਦੀਆਂ ਸਿਰਮੌਰ ਸੰਸਥਾਵਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਕੌਮੀ ਵਿਰਾਸਤਾਂ ਦੀ ਸੇਵਾ ਸੰਭਾਲ਼ ਅਤੇ ਸਾਂਭਣ ਵੱਲ ਯਤਨ ਕਰੀਏ ਨਾ ਕਿ ਆਪਣੇ ਵਿਰਸੇ ਦੀਆਂ ਨਿਸ਼ਾਨੀਆਂ ਨੂੰ ਖਤਮ ਕਰਨ ਵੱਲ ।ਦੇਸ਼ ਅਤੇ ਬਦੇਸ਼ ਵਿੱਚ ਬੈਠੀਆਂ ਸਿੱਖ ਸੰਗਤਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਆਪੋ ਆਪਣੇ ਪੱਧਰ ਤੇ ਜਿੰਨਾ ਵੀ ਹੋ ਸਕੇ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਆਪਣੀਆਂ ਕੌਮੀ ਵਿਰਾਸਤਾਂ ਨੂੰ ਸਹੀ ਤਰੀਕੇ ਨਾਲ ਸਾਂਭਿਆ ਜਾ ਸਕੇ ।



FREMONT
GURDWARA SAHIB
SIKH TEMPLE - SAN FRANCISCO BAY AREA

ੴ ਸਤਿਗੁਰ ਪ੍ਰਸਾਦਿ - ਅਕਾਲ ਸਹਾਇ

No. A1224

ਸੇਵਾ ਵਿਖੇ,

ਜਥੇਦਾਰ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੀਓ।

ਵਿਸ਼ਾ: ਗੁਰੂ ਰਾਮਦਾਸ ਸਰਾਂ ਦੀ ਨੂੰ ਸੰਭਾਲ਼ਣ ਦੀ ਅਪੀਲ

ਜਥੇਦਾਰ ਜੀਓ/ ਪ੍ਰਧਾਨ ਜੀਓ,

ਖ਼ਬਰਾਂ ਰਾਹੀਂ ਪੁੱਜੀ ਜਾਣਕਾਰੀ ਮੁਤਾਬਕ ਕੌਮ ਦੇ ਇਤਿਹਾਸਿਕ ਖ਼ਜ਼ਾਨੇ ਗੁਰੂ ਰਾਮਦਾਸ ਸਰਾਂ ਦੀ ਇਤਿਹਾਸਿਕ ਇਮਾਰਤ ਨਵ-ਉਸਾਰੀ ਦੀ ਭੇਟ ਚੜ੍ਹ ਰਹੀ ਹੈ। ਇਹ ਖ਼ਬਰ ਕਿਸੇ ਸਦਮੇ ਤੋਂ ਵੱਧ ਕੇ ਹੈ। ਜਦੋਂ ਇੱਕ ਪਾਸੇ ਦੁਨੀਆ ਭਰ ਦੀਆਂ ਕੌਮਾਂ ਆਪਣੀਆਂ ਵਿਰਾਸਤੀ ਇਮਾਰਤਾਂ ਸਾਂਭਣ ਲਈ ਅਰਬਾਂ ਰੁਪਏ ਖਰਚ ਰਹੀਆਂ ਹਨ, ਉਸ ਦੌਰ 'ਚ ਅਸੀਂ ਇੱਕ-ਇੱਕ ਕਰਕੇ ਆਪਣੀਆਂ ਸਭ ਵਿਰਾਸਤਾਂ ਖ਼ੁਦ ਤਬਾਹ ਕਰ ਰਹੇ ਹਾਂ।

ਗੁਰਦੁਆਰਾ ਸਾਹਿਬ ਫਰੀਮਾਂਟ ਕੈਲੇਫੋਰਨੀਆ ਦੇ ਸੇਵਾਦਾਰ ਤੇ ਸਮੁੱਚੀ ਇਲਾਕਾ ਨਿਵਾਸੀ ਸੰਗਤ ਇਹ ਸਮਝਣ ਤੋਂ ਅਸਮਰੱਥ ਹੈ ਕਿ ਅਸੀਂ ਆਪਣੀ ਨਿਵੇਕਲੀ ਭਵਨ ਨਿਰਮਾਣ ਕਲਾ ਨੂੰ ਖ਼ੁਦ ਬਰਬਾਦ ਕਰਕੇ ਪੱਛਮੀ ਤਰਜ਼ 'ਤੇ ਇਮਾਰਤਾਂ ਕਿਓਂ ਬਣਾ ਰਹੇ ਹਾਂ ਤੇ ਗ਼ਰੀਬਾਂ-ਲੋੜਵੰਦਾਂ ਲਈ ਬਣਾਈਆਂ ਗਈਆਂ ਸਰਾਵਾਂ ਨੂੰ ਹੋਟਲਾਂ ਵਰਗਾ ਕਿਓਂ ਬਣਾ ਰਹੇ ਹਾਂ!

ਪਹਿਲਾਂ ਹੀ ਜਾਣੇ-ਅਨਜਾਣੇ ਵਿੱਚ ਅਸੀਂ ਬਹੁਤ ਵੱਡਾ ਵਿਰਾਸਤੀ ਨੁਕਸਾਨ ਕਰ ਚੁੱਕੇ ਹਾਂ ਤੇ ਹੁਣ ਹੀ ਰੁਕ ਕੇ ਗਲਤੀਆਂ ਦਰੁਸਤ ਕਰ ਸਕਦੇ ਹਾਂ। ਬੇਨਤੀ ਹੈ ਕਿ ਗੁਰੂ ਰਾਮਦਾਸ ਸਰਾਂ ਦੀ ਇਮਾਰਤ ਨਾਲ ਕੌਮ ਦਾ ਇਤਿਹਾਸ ਅਤੇ ਭਾਵਨਾਵਾਂ ਜੁੜੀਆਂ ਹਨ, ਇਸ ਨੂੰ ਢਾਹੁਣ ਦੀ ਬਜਾਏ ਇਸੇ ਦੀ ਮੁਰੰਮਤ ਕਰਵਾ ਕੇ ਇਸ ਨੂੰ ਸਾਂਭਿਆ ਜਾਵੇ ਤਾਂ ਕਿ ਦੇਸ਼ ਵਿਦੇਸ਼ ਵਿੱਚ ਵਸਦੀ ਅਗਲੀ ਪੀੜ੍ਹੀ ਜਦ ਇਤਿਹਾਸ 'ਚ ਗੁਰੂ ਰਾਮਦਾਸ ਸਰਾਂ ਬਾਰੇ ਪੜ੍ਹੇ ਤਾਂ ਉਸ ਕੋਲ ਕੇਵਲ ਤਸਵੀਰਾਂ ਦੀ ਬਜਾਏ ਦੇਖਣ ਲਈ ਅਸਲ ਇਮਾਰਤ ਮੌਜੂਦ ਹੋਵੇ।

ਵਰਨਾ ਇਤਿਹਾਸ ਸਾਨੂੰ ਕਦੇ ਵੀ ਮਾਫ਼ ਨਹੀਂ ਕਰੇਗਾ ਤੇ ਗੁਰੂ ਦੀਆਂ ਖੁਸ਼ੀਆਂ ਵੀ ਮੁੱਖ ਮੋੜ ਲੈਣਗੀਆਂ।

ਸੁਪਰੀਮ ਕਾਉਂਸਲ
ਫਰੀਮਾਂਟ ਗੁਰਦਵਾਰਾ ਸਾਹਿਬ

ਜਸਵਿੰਦਰ ਸਿੰਘ ਜੰਡੀ
ਹਰਪ੍ਰੀਤ ਸਿੰਘ ਬੈਂਸ
ਰਜਿੰਦਰ ਸਿੰਘ
ਗੁਰਵਿੰਦਰ ਸਿੰਘ
ਜਸਪ੍ਰੀਤ ਸਿੰਘ ਅੱਟਵਾਲ

August 4, 2021

300 Gurdwara Road, Fremont, CA 94536 • Ph: 510.790.0177 • 510.790.3755
www.gurdwarasahibfremont.org • email: info@gurdwarasahibfremont.org
Fremont Gurdwara Sahib is a 501 (c)-3 organization. Tax ID 94-2462332

# ਅੱਤ ਸੁਰੱਖਿਆ ਵਾਲੀ ਪੈਂਟਾਗਨ ਇਮਰਾਤ ਦੇ ਬਾਹਰਵਾਰ ਸ਼ੱਕੀ ਹਮਲਾਵਰ ਵੱਲੋਂ ਕੀਤੇ ਘਾਤ ਲਾ ਕੇ ਹਮਲੇ ਵਿਚ ਪੁਲਿਸ ਅਫਸਰ ਦੀ ਮੌਤ

## ਜਵਾਬੀ ਕਾਰਵਾਈ ਵਿਚ ਹਮਲਾਵਰ ਵੀ ਮਾਰਿਆ ਗਿਆ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅੱਤ ਸੁਰੱਖਿਆ ਵਾਲੀ ਪੈਂਟਾਗਨ ਇਮਾਰਤ ਦੇ ਬਾਹਰ ਇਕ ਸ਼ੱਕੀ ਹਮਲਵਾਰ ਨੇ ਇਕ ਪੁਲਿਸ ਅਧਿਕਾਰੀ ਦੀ ਹੱਤਿਆ ਕਰ ਦਿੱਤੀ ਹੈ। ਇਹ ਘਟਨਾ ਅਮਰੀਕੀ ਫੌਜ ਦੇ ਹੈੱਡਕੁਆਰਟਰ ਪੈਂਟਾਗਨ ਦੀ ਇਮਾਰਤ ਦੇ ਪ੍ਰਵੇਸ਼ ਦਰਵਾਜੇ ਦੇ ਬਿਲਕੁਲ ਨੇੜੇ ਵਾਪਰੀ ਜਿਸ ਤੋਂ ਬਾਅਦ ਪੈਂਟਾਗਨ ਇਮਾਰਤ ਨੂੰ ਆਰਜੀ ਤੌਰ ’ਤੇ ਬੰਦ ਕਰ ਦਿੱਤਾ ਗਿਆ ਹੈ। ਸੰਘੀ ਅਧਿਕਾਰੀਆਂ ਨੇ ਕਿਹਾ ਹੈ ਕਿ ਪੈਂਟਾਗਨ ਫੋਰਸ ਪ੍ਰੋਟੈਕਸ਼ਨ ਏਜੰਸੀ ਇਮਾਰਤ ਦੀ ਰਖਿਆ ਦੀ ਜਿੰਮੇਵਾਰੀ ਸੰਭਾਲ ਰਹੀ ਹੈ। ਬੀਤੇ ਦਿਨ ਸਵੇਰ ਵੇਲੇ ਵਾਪਰੀ ਇਕ ਮੰਦਭਾਗੀ ਘਟਨਾ ਵਿੱਚ ਇਕ ਪੁਲਿਸ ਅਧਿਕਾਰੀ ਦੀ ਮੌਤ ਹੋ ਗਈ। ਏਜੰਸੀ ਨੇ ਮਾਰੇ ਗਏ ਅਫਸਰ ਦਾ ਨਾਂ ਨਸ਼ਰ ਨਹੀਂ ਕੀਤਾ ਹੈ ਤੇ ਕਿਹਾ ਹੈ ਕਿ ਉਹ ਹੋਰ ਜਾਣਕਾਰੀ ਬਾਅਦ ਵਿਚ ਜਾਰੀ ਕਰੇਗੀ। ਅਧਿਕਾਰੀਆਂ ਅਨੁਸਾਰ ਸ਼ੱਕੀ ਜਿਸ ਨੇ ਪੁਲਿਸ ਅਫਸਰ ਉਪਰ ਘਾਤ ਲਾ ਕੇ ਛੁਰੇ ਨਾਲ ਹਮਲਾ ਕੀਤਾ, ਵੀ ਸੁਰੱਖਿਆ ਜਵਾਨਾਂ ਦੀ ਜਵਾਬੀ ਕਾਰਵਾਈ ਵਿਚ ਮਾਰਿਆ ਗਿਆ। ਸ਼ੱਕੀ ਹਮਲਾਵਰ ਦੀ ਪਛਾਣ 27 ਸਾਲਾ ਆਸਟਿਨ ਵਿਲੀਅਮ ਲਾਂਜ ਵਜੋਂ ਹੋਈ ਹੈ । ਉਹ ਜਾਰਜੀਆ ਦਾ ਰਹਿਣ ਵਾਲਾ ਹੈ। ਸ਼ੱਕੀ ਵੱਲੋਂ ਕੀਤੇ ਹਮਲੇ ਦਾ ਮਕਸਦ ਸਪੱਸ਼ਟ ਨਹੀਂ ਹੋ ਸਕਿਆ। ਪੁਲਿਸ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਤੇ ਸੁਰੱਖਿਆ ਜਵਾਨਾਂ ਨੂੰ ਚੌਕਸ ਰਹਿਣ ਲਈ ਕਿਹਾ ਗਿਆ ਹੈ।

# ਅ਼ਫਗਾਨਿਸਤਾਨ ਦੇ ਕਈ ਸੂਬਿਆਂ ਵਿਚ ਜੰਗ ਹੋਈ ਤੇਜ਼

## ✪ ਫ਼ੌਜ ਨੇ ਮਾਰੇ 254 ਤਾਲਿਬਾਨੀ ✪ ਤਾਲਿਬਾਨ ਦਾ ਛੇ ਸਰਹੱਦੀ ਚੌਕੀਆਂ ’ਤੇ ਕਬਜ਼ਾ ✪ ਪਾਕਿਸਤਾਨ ਵਲੋਂ ਸਰਹੱਦ ‘ਚ ਭੱਜ ਕੇ ਆਉਣ ਵਾਲੇ ਅਫਗਾਨੀਆਂ ਨੂੰ ਪਨਾਹ ਦੇਣ ਤੋਂ ਇਨਕਾਰ



**ਕਾਬੁਲ/ਏ.ਟੀ.ਨਿਊਜ਼:** ਅ਼ਫਗਾਨਿਸਤਾਨ ਦੇ ਕਈ ਸੂਬਿਆਂ ਵਿਚ ਜੰਗ ਤੇਜ਼ ਹੋ ਗਈ ਹੈ। ਜਿਹਾਦੀ ਹਮਲਿਆਂ ਦੌਰਾਨ ਅ਼ਫਗਾਨ ਫ਼ੌਜ ਨੇ ਪਿਛਲੇ ਦਿਨੀਂ ਕਈ ਸੂਬਿਆਂ ਵਿਚ ਤਾਲਿਬਾਨੀ ਟਿਕਾਣਿਆਂ ’ਤੇ ਹਮਲੇ ਕੀਤੇ ਤੇ 254 ਜਿਹਾਦੀਆਂ ਨੂੰ ਢੇਰ ਕਰ ਦਿੱਤਾ। 97 ਜਿਹਾਦੀ ਜ਼ਖ਼ਮੀ ਹੋਏ ਹਨ। ਜਿਹਾਦੀਆਂ ਦਾ ਗੋਲ਼ਾ-ਬਾਰੂਦ ਨਸ਼ਟ ਕਰ ਦਿੱਤਾ ਹੈ। ਏਧਰ ਜਿਹਾਦੀਆਂ ਨੇ ਕੰਧਾਰ ਏਅਰਪੋਰਟ ’ਤੇ ਰਾਕੇਟ ਨਾਲ ਹਮਲਾ ਕੀਤਾ। ਜਿੱਥੇ ਤਿੰਨ ਰਾਕੇਟ ਦਾਗੇ ਗਏ। ਏਅਰਪੋਰਟ ’ਤੇ ਹਮਲੇ ਤੋਂ ਬਾਅਦ ਇੱਥੇ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ। ਅ਼ਫਗਾਨ ਰੱਖਿਆ ਮੰਤਰਾਲੇ ਮੁਤਾਬਕ ਫ਼ੌਜ ਨੇ ਜੰਗ ਤੇਜ਼ ਕਰਦੇ ਹੋਏ ਗਜ਼ਨੀ, ਕੰਧਾਰ, ਹੇਰਾਤ, ਕਾਬੁਲ, ਬਲਖ ਤੇ ਕਪਿਸਾ ਆਦਿ ਸੂਬਿਆਂ ਵਿਚ ਜਿਹਾਦੀਆਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਸ਼ੁਰੂ ਕਰ ਦਿੱਤੀ ਹੈ।

ਤਾਲਿਬਾਨ ਦੇ ਬੁਲਾਰੇ ਜਬੀਉੱਲਾ ਮੁਜਾਹਿਦ ਨੇ ਦੱਸਿਆ ਕਿ ਅ਼ਫਗਾਨ ਫ਼ੌਜ ਦੇ ਜਹਾਜ਼ ਤਾਲਿਬਾਨ ’ਤੇ ਹਮਲੇ ਲਈ ਲਗਾਤਾਰ ਕੰਧਾਰ ਤੋਂ ਹੀ ਉਡਾਣਾਂ ਭਰ ਰਹੇ ਸਨ, ਇਸੇ ਲਈ ਏਅਰਪੋਰਟ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਅ਼ਫਗਾਨ ਸਰਕਾਰ ਦੇ ਅਧਿਕਾਰੀ ਨੇ ਦੱਸਿਆ ਕਿ ਹਮਲੇ ਵਿਚ ਰਨਵੇ ਦਾ ਕੁਝ ਹਿੱਸਾ ਨੁਕਸਾਨਿਆ ਗਿਆ ਹੈ। ਇਨਾਂ ਹਮਲਿਆਂ ’ਚ ਕਿਸੇ ਦੇ ਜਾਨੀ ਨੁਕਸਾਨ ਦੀ ਜਾਣਕਾਰੀ ਨਹੀਂ ਹੈ। ਜੌਜ਼ਾਨ ਸੂਬੇ ਵਿਚ ਹਵਾਈ ਹਮਲਿਆਂ ’ਚ 37 ਜਿਹਾਦੀ ਮਾਰੇ ਗਏ। ਕਪਿਸਾ ਸੂਬੇ ਵਿਚ ਨਿਜਰਬ ਜ਼ਿਲ੍ਹੇ ’ਚ ਤਾਲਿਬਾਨਾਂ ਨੇ ਚਾਰ ਨਾਗਰਿਕਾਂ ਦੀ ਹੱਤਿਆ ਕਰ ਦਿੱਤੀ।

ਤਾਲਿਬਾਨ ਨੇ ਛੇ ਸਰਹੱਦੀ ਚੌਕੀਆਂ ’ਤੇ ਕਬਜ਼ਾ ਕਰ ਲਿਆ ਹੈ, ਜਿਨਾਂ ਤੋਂ ਅ਼ਫਗਾਨ ਸਰਕਾਰ ਦਾ ਮਾਲੀਆ ਘਟ ਗਿਆ ਹੈ। ਅ਼ਫਗਾਨ ਸਰਕਾਰ ਦੇ ਵਿੱਤ ਮੰਤਰਾਲੇ ਨੇ ਕਿਹਾ ਹੈ ਕਿ ਪਿਛਲੇ ਦੋ ਮਹੀਨਿਆਂ ਤੋਂ ਟੈਕਸ ਵਸੂਲੀ ਕੀਤੇ ਜਾਣ ਵਾਲੀਆਂ ਸਰਹੱਦੀ ਚੌਕੀਆਂ ’ਤੇ ਤਾਲਿਬਾਨ ਦਾ ਕਬਜ਼ਾ ਹੈ। ਤਾਲਿਬਾਨ ਵੱਲੋਂ ਹੀ ਹੁਣ ਇੱਥੇ ਟੈਕਸ ਵਸੂਲਿਆ ਜਾ ਰਿਹਾ ਹੈ।

ਪਾਕਿਸਤਾਨ ਨੇ ਅ਼ਫਗਾਨ ਜੰਗ ਕਾਰਨ ਉਸ ਦੀ ਸਰਹੱਦ ਵਿਚ ਭੱਜ ਕੇ ਆਉਣ ਵਾਲੇ ਨਾਗਰਿਕਾਂ ਨੂੰ ਪਨਾਹ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਰਾਸ਼ਟਰੀ ਸੁਰੱਖਿਆ ਸਲਾਹਕਾਰ ਮੋਈਦ ਯੂਸੁਫ਼ ਨੇ ਕਿਹਾ ਹੈ ਕਿ ਪਾਕਿਸਤਾਨ ਹੁਣ ਵਧੇਰੇ ਅ਼ਫਗਾਨ ਨਾਗਰਿਕਾਂ ਨੂੰ ਪਨਾਹ ਨਹੀਂ ਦੇ ਸਕਦਾ। ਕੌਮਾਂਤਰੀ ਏਜੰਸੀਆਂ ਨੂੰ ਅ਼ਫਗਾਨਿਸਤਾਨ ਦੀ ਸਰਹੱਦ ’ਚ ਹੀ ਸ਼ਰਨਾਰਥੀ ਕੈਂਪ ਖੋਲਣੇ ਚਾਹੀਦੇ ਹਨ।

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਅਮਰੀਕੀ ਫ਼ੌਜਾਂ ਦੇ ਜਾਣ ਮਗਰੋਂ ਤਾਲਿਬਾਨ ਦੇ ਹੌਂਸਲੇ ਹਾਲੀਆਂ ਹਫ਼ਤਿਆਂ ਦੌਰਾਨ ਕਾਫ਼ੀ ਵਧੇ ਹਨ। 2001 ਵਿੱਚ ਸੱਤਾ ਤੋਂ ਲਾਂਭੇ ਕੀਤੇ ਜਾਣ ਤੋਂ ਬਾਅਦ ਮੁੜ ਉੱਭਰਦੇ ਤਾਲਿਬਾਨ ਨੇ ਪਿਛਲੇ ਦੋ ਮਹੀਨਿਆਂ ਵਿੱਚ ਅ਼ਫਗਾਨਿਸਤਾਨ ਵਿਚ ਪਹਿਲੇ ਕਿਸੇ ਵੀ ਸਮੇਂ ਨਾਲੋਂ ਜ਼ਿਆਦਾ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਹੈ।

ਲਗਭਗ ਡੇਢ ਕਰੋੜ ਲੋਕ-ਅੱਧੀ ਅਬਾਦੀ-ਜਾਂ ਤਾਂ ਤਾਲਿਬਾਨੀ ਕੰਟਰੋਲ ਵਾਲੇ ਵਿੱਚ ਰਹਿ ਰਹੇ ਸਨ ਜਾਂ ਫਿਰ ਤਾਲਿਬਾਨਾਂ ਦੀ ਖੁੱਲੀ ਮੌਜੂਦਗੀ ਵਾਲੇ ਖੇਤਰਾਂ ਵਿੱਚ ਰਹਿ ਰਹੇ ਸਨ। ਇਸ ਲੜਾਈ ਨੇ ਬਹੁਤ ਸਾਰੇ ਲੋਕਾਂ ਨੂੰ ਬੇਘਰੇ ਕੀਤਾ ਹੈ। ਸਾਲ ਦੀ ਸ਼ੁਰੂਆਤ ਤੋਂ ਲਗਭਗ 300,000 ਲੋਕ ਬੇਘਰ ਹੋ ਗਏ ਹਨ। ਤਾਲਿਬਾਨ ਦੇ ਹਮਲਿਆਂ ਨੇ ਅ਼ਫਗਾਨ ਸ਼ਰਨਾਰਥੀਆਂ ਅਤੇ ਸਰ✂✂ਕਾਰੀ ਫੌਜਾਂ ਨੂੰ ਵੀ ਤਜ਼ਾਕਿਸਤਾਨ ਵਿੱਚ ਸਰਹੱਦ ਪਾਰ ਦਾਖਲ ਹੋਣ ਲਈ ਮਜਬੂਰ ਕੀਤਾ ਹੈ।

# ਬੱਚਿਆਂ ਦੇ ਆਰਟ ਕੈਂਪ ਦੌਰਾਨ ਸਿੱਖ ਚਿੱਤਰਕਾਰ ਪਰਮ ਸਿੰਘ ਦੀਆਂ ਬਣਾਈਆਂ ਤਸਵੀਰਾਂ ਦੀ ਪ੍ਰਦਰਸ਼ਨੀ ਲੱਗੀ

## ਬੱਚਿਆਂ ਨੇ ਸਿੱਖੀ ਪੇਂਟਿੰਗ



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੱਚਿਆਂ ਨੂੰ ਆਪਣੇ ਧਰਮ ਅਤੇ ਸੱਭਿਆਚਾਰ ਨਾਲ ਜੋੜਨ ਲਈ ਵਿਦੇਸ਼ੀ ਭਾਈਚਾਰਾ ਹਮੇਸ਼ਾ ਕੋਸ਼ਿਸ਼ ਵਿੱਚ ਰਹਿੰਦਾ ਹੈ। ਇਸੇ ਲੜੀ ਤਹਿਤ ਸਮੇਂ-ਸਮੇਂ ’ਤੇ ਵੱਖ-ਵੱਖ ਸੰਸਥਾਵਾ ਵੱਲੋਂ ਉਪਰਾਲੇ ਕੀਤੇ ਜਾਂਦੇ ਰਹਿੰਦੇ ਹਨ। ਇਸੇ ਲੜੀ ਤਹਿਤ ਬੱਚਿਆਂ ਨੂੰ ਆਪਣੇ ਧਰਮ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਦੇ ਹੋਏ ‘ਪੰਜਾਬੀ ਰੇਡੀਓ ਯੂ.ਐਸ.ਏ.’ ਅਤੇ ‘ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ.’ ਵੱਲੋਂ 8 ਸਾਲ ਤੋਂ 18 ਸਾਲ ਤੱਕ ਦੇ ਬੱਚਿਆਂ ਲਈ ਆਰਟ ਕੈਂਪ ਲਗਾਇਆ ਗਿਆ। ਜਿਸ ਵਿੱਚ ਕੈਲਗਿਰੀ, ਕੈਨੇਡਾ ਤੋਂ ਚਿੱਤਰਕਾਰ ਪਰਮ ਸਿੰਘ ਆਪਣੀਆਂ ਅਠਾਰਵੀਂ ਸਦੀ ਦੇ ਇਤਿਹਾਸ ਨਾਲ ਸਬੰਧਤ ਤਸਵੀਰਾਂ ਸਮੇਤ ਵਿਸ਼ੇਸ਼ ਤੌਰ ’ਤੇ ਪਹੁੰਚੇ। ਇਸ ਕੈਂਪ ਵਿੱਚ ਬੱਚਿਆਂ ਨੂੰ ਸਿੱਖ ਧਰਮ ਦੀ ਇਤਿਹਾਸਕ ਜਾਣਕਾਰੀ ਦਿੱਤੀ ਗਈ ਅਤੇ ਇਤਿਹਾਸ ਨਾਲ ਸਬੰਧਤ ਤਸਵੀਰਾਂ ਦੀ ਪੇਂਟਿੰਗ ਕਰਨਾ ਸਿਖਾਇਆ ਗਿਆ। ਇਸ ਸਮੇਂ ਇਕ ਹਫ਼ਤੇ ਲਈ ਚਿੱਤਰਕਾਰ ਪਰਮ ਸਿੰਘ ਦੀਆਂ ਇਤਿਹਾਸਕ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਸਮੁੱਚੇ ਕੈਲੀਫੋਰਨੀਆ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਰਹੀ। ਜਿਸ ਨੂੰ ਦੇਖਣ ਲਈ ਲੋਕ ਆਪਣੇ ਬੱਚਿਆਂ ਅਤੇ ਪਰਿਵਾਰਾ ਸਮੇਤ ਪਹੁੰਚੇ। ਬੱਚਿਆਂ ਦੇ ਆਰਟ ਕੈਂਪ ਦੀ ਸਮਾਪਤੀ ’ਤੇ ਵਿਸ਼ੇਸ਼ ਪ੍ਰੋਗਰਾਮ ਵੀ ਹੋਇਆ। ਜਿਸ ਦਾ ਆਗਾਜ਼ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਰੇਡੀਓ ਹੋਸਟ ਰਾਜਕਰਨਵੀਰ ਸਿੰਘ ਨੇ ਕੀਤਾ। ਉਪਰੰਤ ਕੁਲਵੰਤ ਉੱਭੀ ਧਾਲੀਆਂ, ਡਾ. ਬਰਾੜ ਅਤੇ ਬਹੁਤ ਸਾਰੇ ਬੁਲਾਰਿਆਂ ਨੇ ਵਿਚਾਰਾਂ ਦੀ ਸਾਂਝ ਪਾਈ। ਖ਼ਾਸ ਤੌਰ ’ਤੇ ਚਿੱਤਰਕਾਰ ਪਰਮ ਸਿੰਘ ਨੇ ਹਾਜ਼ਰੀਨ ਅਤੇ ਬੱਚਿਆ ਨੂੰ ਸੰਬੋਧਤ ਹੋਏ। ਇਸੇ ਦੌਰਾਨ ਬੱਚਿਆਂ ਨੇ ਵੀ ਆਪਣੇ ਕੈਂਪ ਸਬੰਧੀ ਅਨੁਭਵ ਸਾਂਝੇ ਕੀਤੇ। ਅੰਤ ਇਸ ਆਰਟ ਕੈਂਪ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰਾਲੇ ਲਈ ਹਰਜੋਤ ਸਿੰਘ ਖਾਲਸਾ, ਬਲਵਿੰਦਰ ਕੌਰ ਖਾਲਸਾ, ਪੰਜਾਬੀ ਰੇਡੀਓ ਯੂ.ਐਸ.ਏ. ਅਤੇ ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਅੰਤ ਇਹ ਆਰਟ ਕੈਂਪ ਅਤੇ ਪ੍ਰਦਰਸ਼ਨੀ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਦੇ ਹੋਏ ਅਮਿੱਟ ਪੈੜਾਂ ਛੱਡ ਗਿਆ।

# ਦੋ ਵਿਅਕਤੀਆਂ ਵੱਲੋਂ ਕੀਤੀ ਗੋਲੀਬਾਰੀ ਵਿਚ 10 ਜ਼ਖਮੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਨਿਊਯਾਰਕ ਸ਼ਹਿਰ ਦੇ ਕੁਈਨਜ ਨਗਰ ਵਿਚ ਦੋ ਵਿਅਕਤੀਆਂ ਵੱਲੋਂ ਕੀਤੀ ਗੋਈ ਗੋਲੀਬਾਰੀ ਦੌਰਾਨ 10 ਵਿਅਕਤੀ ਜ਼ਖਮੀ ਹੋ ਗਏ। ਜ਼ਖਮੀਆਂ ਵਿਚ 8 ਪੁਰਸ਼ ਤੇ 2 ਔਰਤਾਂ ਸ਼ਾਮਿਲ ਹਨ ਜਿਨਾਂ ਦੀ ਉਮਰ 19 ਸਾਲ ਤੋਂ ਲੈ ਕੇ 72 ਸਾਲ ਦਰਮਿਆਨ ਹੈ। ਇਨਾਂ ਸਾਰਿਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਕ ਨੂੰ ਛੱਡ ਕੇ ਸਾਰੇ ਜ਼ਖਮੀ ਖਤਰੇ ਤੋਂ ਬਾਹਰ ਹਨ। ਗੰਭੀਰ ਜ਼ਖਮੀ ਵਿਅਕਤੀ ਦੇ ਢਿੱਡ ਵਿਚ ਗੋਲੀ ਵੱਜੀ ਹੈ। ਗੋਲੀਬਾਰੀ ਦੀ ਘਟਨਾ ਇਕ ਨਾਈ ਦੀ ਦੁਕਾਨ ਦੇ ਬਾਹਰ ਲੰਘੇ ਦਿਨ ਰਾਤ 11 ਵਜੇ ਤੋਂ ਪਹਿਲਾਂ ਵਾਪਰੀ। ਦੋਨੋਂ ਸ਼ੱਕੀ ਹਮਲਵਾਰ ਘਟਨਾ ਸਥਾਨ ਤੋਂ ਮੋਪਡਾਂ ਉਪਰ ਫਰਾਰ ਹੋ ਗਏ। ਪੁਲਿਸ ਅਨੁਸਾਰ ਦੋ ਬੰਦੂਕਧਾਰੀ ਪੈਦਲ ਹੀ ਘਟਨਾ ਸਥਾਨ ’ਤੇ ਆਏ, ਪ੍ਰੰਤੂ ਗੋਲੀਬਾਰੀ ਉਪਰੰਤ ਦੋ ਮੋਪਡਾਂ ਉਪਰ ਫਰਾਰ ਹੋ ਗਏ ਜਿਨਾਂ ਨੂੰ ਦੋ ਹੋਰ ਵਿਅਕਤੀ ਚਲਾ ਰਹੇ ਸਨ। ਇਨਾਂ ਚਾਰਾਂ ਨੇ ਪੂਰੀ ਬਾਂਹ ਵਾਲੀਆਂ ਗਰਮ ਟੀ ਸ਼ਰਟਾਂ ਪਾਈਆਂ ਹੋਈਆਂ ਸਨ। ਨਿਊਯਾਰਕ ਪੁਲਿਸ ਵਿਭਾਗ ਡਿਟੈਕਟਿਵਜ ਦੇ ਮੁਖੀ ਜੇਮਜ ਐਸਿਗ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੋਲੀਬਾਰੀ ਵਿਚ ਸ਼ਾਮਿਲ 3 ਵਿਅਕਤੀਆਂ ਦਾ ਸਬੰਧ ਡੋਮੀਨੀਕੈਨ ਸਟਰੀਟ ਗਰੋਹ ਨਾਲ ਹੈ ਤੇ ਉਹ ਗਿਣਮਿਥ ਕੇ ਗੋਲੀਬਾਰੀ ਕਰਨ ਆਏ ਸਨ। ਐਸਿਗ ਨੇ ਦਸਿਆ ਕਿ ਗੋਲੀਬਾਰੀ ਵਾਲੇ ਸਥਾਨ ਨੇੜੇ ਇਕ ਰੈਸਟੋਰੈਂਟ ਵਿਚ ਪਾਰਟੀ ਚੱਲ ਰਹੀ ਸੀ। ਉਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਹਿਣ ਨਹੀਂ ਕੀਤੀਆਂ ਜਾ ਸਕਦੀਆਂ ਤੇ ਇਨਾਂ ਨੂੰ ਹਰ ਹਾਲਤ ਵਿਚ ਰੋਕਣਾ ਪਵੇਗਾ। ਪੁਲਿਸ ਦੋਸ਼ੀਆਂ ਦਾ ਭਾਲ ਕਰ ਰਹੀ ਹੈ ਪਰ ਅਜੇ ਤੱਕ ਕੋਈ ਵੀ ਗ੍ਰਿਫਤਾਰੀ ਨਹੀਂ ਹੋਈ। ਪੁਲਿਸ ਨੇ ਕਿਹਾ ਹੈ ਕਿ ਉਹ ਘਟਨਾ ਸਬੰਧੀ ਤਸਵੀਰਾਂ ਤੇ ਵੀਡਓ ਛੇਤੀ ਜਾਰੀ ਕਰੇਗੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਖਜ਼ਾਨੇ 'ਤੇ ਭਾਰ : 93 ਵਿਧਾਇਕਾਂ ਦਾ ਟੈਕਸ ਭਰਦੀ ਹੈ ਪੰਜਾਬ ਸਰਕਾਰ

**ਬਲਾਚੌਰ/ਏ.ਟੀ.ਨਿਊਜ਼ :** ਪੰਜਾਬ ਦੇ ਵਿਧਾਇਕ ਜਨਤਾ ਦੇ ਟੈਕਸਾਂ ਦੇ ਪੈਸੇ ਦੀ ਦੁਰਵਰਤੋਂ ਕਰ ਰਹੇ ਹਨ। ਸੂਚਨਾ ਦਾ ਅਧਿਕਾਰ ਐਕਟ ਤਹਿਤ ਪੰਜਾਬ ਵਿਧਾਨ ਸਭਾ ਤੋਂ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਦੇ ਸਿਰਫ਼ 3 ਵਿਧਾਇਕ ਕੁਲਜੀਤ ਸਿੰਘ ਨਾਗਰਾ, ਸਿਮਰਨਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਹੀ ਅਜਿਹੇ ਵਿਧਾਇਕ ਹਨ, ਜਿਨਾਂ ਦੀ ਤਨਖਾਹ ਵਿੱਚੋਂ ਆਮਦਨ ਕਰ ਅਦਾ ਕੀਤਾ ਜਾਂਦਾ ਹੈ ਜਦਕਿ 93 ਵਿਧਾਇਕਾਂ ਦਾ ਆਮਦਨ ਕਰ ਪੰਜਾਬ ਸਰਕਾਰ ਵੱਲੋਂ ਅਦਾ ਕੀਤਾ ਜਾਂਦਾ ਹੈ। ਇਨਾਂ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਨਵਜੋਤ ਸਿੰਘ ਸਿੱਧੂ ਦੇ ਨਾਂ ਵੀ ਸ਼ਾਮਲ ਹਨ।

ਪੰਜਾਬ ਸਰਕਾਰ ਵੱਲੋਂ ਇਨਾਂ 93 ਵਿਧਾਇਕਾਂ ਦੇ 2017-18 ਵਿੱਚ 82,77,506 ਰੁਪਏ, 2018-19 ਵਿੱਚ 65,95,264 ਰੁਪਏ, 2019-20 ਵਿੱਚ 64,93,652 ਰੁਪਏ ਅਤੇ 2020-21 ਵਿੱਚ 62,54,952 ਰੁਪਏ ਆਮਦਨ ਕਰ ਵਜੋਂ ਅਦਾ ਕੀਤੇ ਗਏ। ਪੰਜਾਬ ਸਰਕਾਰ ਵੱਲੋਂ ਜਿਨਾਂ 93 ਵਿਧਾਇਕਾਂ ਦਾ ਆਮਦਨ ਕਰ ਅਦਾ ਕੀਤਾ ਜਾਂਦਾ ਹੈ, ਉਨਾਂ ਵਿੱਚ ਅਮਨ ਅਰੋੜਾ, ਅਮਰਜੀਤ ਸਿੰਘ ਸੰਦੋਆ, ਅਮਿਤ ਵਿੱਜ, ਅਮਰੀਕ ਸਿੰਘ ਢਿੱਲੋਂ, ਅਮਰਿੰਦਰ ਸਿੰਘ ਰਾਜਾ ਵੜਿੰਗ, ਅਰੁਣ ਡੋਗਰਾ, ਅਰੁਣ ਨਾਰੰਗ, ਅਵਤਾਰ ਸਿੰਘ ਜੂਨੀਅਰ, ਬਲਦੇਵ ਸਿੰਘ, ਬਲਦੇਵ ਸਿੰਘ ਖੈਰਾ, ਪ੍ਰੋ. ਬਲਜਿੰਦਰ ਕੌਰ, ਬਲਵਿੰਦਰ ਸਿੰਘ ਲਾਡੀ, ਬਰਿੰਦਰਮੀਤ ਸਿੰਘ ਪਾਹੜਾ, ਬਿਕਰਮ ਸਿੰਘ ਮਜੀਠੀਆ, ਬਲਵਿੰਦਰ ਸਿੰਘ ਧਾਲੀਵਾਲ, ਬੁੱਧ ਰਾਮ, ਦਲਵੀਰ ਸਿੰਘ ਗੋਲਡੀ, ਦਰਸ਼ਨ ਲਾਲ ਮੰਗੂਪੁਰ, ਦਰਸ਼ਨ ਸਿੰਘ ਬਰਾੜ, ਦਵਿੰਦਰ ਸਿੰਘ ਘੁਬਾਇਆ, ਦਿਲਰਾਜ ਸਿੰਘ, ਦਿਨੇਸ਼ ਸਿੰਘ, ਧਰਮਬੀਰ ਅਗਨੀਹੋਤਰੀ, ਫ਼ਤਹਿਜੰਗ ਸਿੰਘ ਬਾਜਵਾ, ਗੁਰਕੀਕਤ ਸਿੰਘ ਕੋਟਲੀ, ਗੁਰਮੀਤ ਸਿੰਘ ਮੀਤ ਹੇਅਰ, ਗੁਰਪ੍ਰਤਾਪ ਸਿੰਘ ਵਡਾਲਾ, ਗੁਰਪ੍ਰੀਤ ਸਿੰਘ, ਹਰਦਿਆਲ ਸਿੰਘ ਕੰਬੋਜ, ਹਰਦੇਵ ਸਿੰਘ ਖੈਰਾ, ਹਰਿੰਦਰ ਪਾਲ ਸਿੰਘ ਚੰਦੂਮਾਜਰਾ, ਹਰਜੋਤ ਕਮਲ ਸਿੰਘ, ਹਰਮਿੰਦਰ ਸਿੰਘ ਗਿੱਲ, ਹਰਪ੍ਰਤਾਪ ਸਿੰਘ, ਇੰਦਰਬੀਰ ਸਿੰਘ ਬੁਲਾਰੀਆ, ਇੰਦੂ ਬਾਲਾ, ਜਗਦੇਵ ਸਿੰਘ, ਜਗਤਾਰ ਸਿੰਘ ਜੱਗਾ ਹਿੱਸੋਵਾਲ, ਜੈ ਕਿਸ਼ਨ ਸਿੰਘ ਰੌੜੀ, ਜੋਗਿੰਦਰ ਪਾਲ, ਕੰਵਰ ਸੰਧੂ, ਕੰਵਰਜੀਤ ਸਿੰਘ, ਕੁਲਬੀਰ ਸਿੰਘ ਜ਼ੀਰਾ, ਕੁਲਦੀਪ ਸਿੰਘ ਵੈਦ, ਕੁਲਵੰਤ ਸਿੰਘ, ਕੁਲਤਾਰ ਸਿੰਘ ਸੰਧਵਾਂ, ਕੁਸ਼ਲਦੀਪ ਸਿੰਘ ਢਿੱਲੋਂ, ਲਖਬੀਰ ਸਿੰਘ, ਲਖਵੀਰ ਸਿੰਘ, ਮਦਨ ਲਾਲ, ਮਨਜੀਤ ਸਿੰਘ, ਮਨਪ੍ਰੀਤ ਸਿੰਘ ਇਆਲੀ, ਐੱਨ ਕੇ ਸ਼ਰਮਾ, ਨੱਥੂ ਰਾਮ, ਨਵਜੋਤ ਸਿੰਘ ਸਿੱਧੂ, ਨਵਤੇਜ ਸਿੰਘ ਚੀਮਾ, ਨਾਜਰ ਸਿੰਘ, ਨਿਰਮਲ ਸਿੰਘ, ਪਰਗਟ ਸਿੰਘ, ਪ੍ਰਕਾਸ਼ ਸਿੰਘ ਬਾਦਲ, ਪਰਮਿੰਦਰ ਸਿੰਘ ਢੀਂਡਸਾ, ਪਰਮਿੰਦਰ ਸਿੰਘ ਪਿੰਕੀ, ਪਵਨ ਕੁਮਾਰ ਆਦੀਆ, ਪਵਨ ਕੁਮਾਰ ਟੀਨੂੰ, ਪਿਰਮਲ ਸਿੰਘ, ਪ੍ਰੀਤਮ ਸਿੰਘ ਕੋਟਭਾਈ, ਰਾਕੇਸ਼ ਪਾਂਡੇ, ਡਾ. ਰਾਜ ਕੁਮਾਰ, ਰਾਜਿੰਦਰ ਬੇਰੀ, ਰਾਜਿੰਦਰ ਸਿੰਘ, ਰਮਨਜੀਤ ਸਿੰਘ ਸਿੱਕੀ, ਰਮਿੰਦਰ ਸਿੰਘ ਆਂਵਲਾ, ਰਾਣਾ ਗੁਰਜੀਤ ਸਿੰਘ, ਰਣਦੀਪ ਸਿੰਘ ਨਾਭਾ, ਰੁਪਿੰਦਰ ਕੌਰ ਰੂਬੀ, ਸੰਗਤ ਸਿੰਘ ਗਿਲਜੀਆਂ, ਸੰਜੀਵ ਤਲਵਾੜ, ਸੰਤੋਖ ਸਿੰਘ, ਸਰਵਜੀਤ ਕੌਰ, ਸਤਕਾਰ ਕੌਰ, ਸ਼ਰਨਜੀਤ ਸਿੰਘ ਢਿੱਲੋਂ, ਸੁਖਜੀਤ ਸਿੰਘ, ਸੁਖਪਾਲ ਸਿੰਘ ਭੁੱਲਰ, ਸੁਖਪਾਲ ਸਿੰਘ ਖਹਿਰਾ, ਡਾ. ਸੁਖਵਿੰਦਰ ਕੁਮਾਰ, ਸੁਖਵਿੰਦਰ ਸਿੰਘ ਡੈਨੀ, ਸੁਨੀਲ ਦੱਤੀ, ਸੁਰਿੰਦਰ ਕੁਮਾਰ ਡਾਵਰ, ਸੁਰਿੰਦਰ ਸਿੰਘ, ਸੁਰਜੀਤ ਸਿੰਘ ਧੀਮਾਨ, ਸੁਸ਼ੀਲ ਕੁਮਾਰ ਰਿੰਕੂ, ਤਰਸੇਮ ਸਿੰਘ ਅਤੇ ਅੰਗਦ ਸਿੰਘ ਦੇ ਨਾਂ ਸ਼ਾਮਲ ਹਨ।

*ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਬਾਦਲ ਸਰਕਾਰ ਵੱਲੋਂ 2015 ਵਿੱਚ ਪੰਜਾਬ ਦੇ ਵਿਧਾਇਕਾਂ ਦੀ ਤਨਖ਼ਾਹ ਉੱਪਰ ਆਮਦਨ ਕਰ ਲੋਕਾਂ ਕੋਲੋਂ ਇਕੱਠੇ ਕੀਤੇ ਟੈਕਸਾਂ ਵਿੱਚੋਂ ਭਰਨ ਦਾ ਬਣਾਇਆ ਕਾਨੂੰਨ ਤੁਰੰਤ ਰੱਦ ਕੀਤਾ ਜਾਵੇ। ਇਹ ਪੈਸਾ ਸਾਰੇ ਵਿਧਾਇਕਾਂ ਤੋਂ ਵਸੂਲ ਕੇ ਸਰਕਾਰੀ ਖ਼ਜ਼ਾਨੇ ਵਿੱਚ ਵਾਪਸ ਜਮਾਂ ਕਰਵਾਇਆ ਜਾਵੇ, ਸਾਰੇ ਵਿਧਾਇਕਾਂ ਦੀ ਪੈਨਸ਼ਨ/ਪੈਨਸ਼ਨਾਂ ਵਿੱਚੋਂ ਇਸ ਦੀ ਕਟੌਤੀ ਰਾਹੀਂ ਵਸੂਲੀ ਕਰਨ ਬਾਅਦ ਹੀ ਮੁੜ ਪੈਨਸ਼ਨ ਸ਼ੁਰੂ ਕੀਤੀ ਜਾਵੇ। ਹਰ ਵਿਧਾਇਕ ਨੂੰ ਸਿਰਫ ਇਕ ਪੈਨਸ਼ਨ ਹੀ ਦੇਣ ਸਬੰਧੀ ਕਾਨੂੰਨ ਬਣਾਇਆ ਜਾਵੇ। ਜਿਹੜੇ ਵਿਧਾਇਕ ਨਾਲ ਹੀ ਸੰਸਦ ਮੈਂਬਰ ਬਣਨ ਦੀ ਪੈਨਸ਼ਨ/ਪੈਨਸ਼ਨਾਂ ਲੈ ਰਹੇ ਹਨ ਉਨਾਂ ਨੂੰ ਸਿਰਫ ਇਕ ਪੈਨਸ਼ਨ ਹੀ ਲੈਣ ਦੀ ਤਰਜੀਹ ਦੀ ਚੋਣ ਕਰਨ ਲਈ ਪਾਬੰਦ ਕੀਤਾ ਜਾਵੇ ।*

# ਸੁਖਪਾਲ ਖਹਿਰਾ ਬਾਦਲਾਂ 'ਤੇ ਵਰੇ

## ਯੂਏਪੀਏ ਤਹਿਤ ਫਸੇ ਸਿੱਖ ਨੌਜਵਾਨਾਂ ਦੇ ਮੁੱਦੇ ਨੂੰ ਲੈ ਕੇ ਲਾਏ ਵੱਡੇ ਇਲਜ਼ਾਮ

**ਜਲੰਧਰ/ਏ.ਟੀ.ਨਿਊਜ਼ :** ਭੁਲੱਥ ਹਲਕੇ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਬਾਦਲਾਂ 'ਤੇ ਤਿੱਖੇ ਨਿਸ਼ਾਨੇ ਵਿੰਨਦਿਆਂ ਵੱਡੇ ਇਲਜ਼ਾਮ ਲਗਾਏ। ਉਨਾਂ ਕਿਹਾ ਕਿ ਬਾਦਲਾਂ ਦੀ ਸਰਕਾਰ ਵੇਲੇ ਨਵਾਂਸ਼ਹਿਰ ਦੀ ਪੁਲਿਸ ਨੇ ਯੂ. ਏ. ਪੀ. ਏ. ਦੇ ਤਹਿਤ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਦੇ ਬਾਅਦ ਦੇਸ਼ਧ੍ਰੋਹ ਦੇ ਕੇਸ 'ਚ ਉਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ। ਇਹ ਸਾਰਾ ਮਾਮਲਾ ਲਿਟਰੇਚਰ ਉਤੇ ਬਣਾਇਆ ਗਿਆ ਸੀ।

ਖਹਿਰਾ ਨੇ ਕਿਹਾ ਕਿ ਉਨਾਂ ਨੇ ਨਾ ਤਾਂ ਕੋਈ ਕਤਲੇਆਮ ਕੀਤਾ ਹੈ ਅਤੇ ਨਾ ਹੀ ਕੋਈ ਉਨਾਂ ਦੇ ਕੋਲੋਂ ਹਥਿਆਰ ਮਿਲੇ। ਇਸ ਦੇ ਬਾਵਜੂਦ ਵੀ ਉਨਾਂ ਦੀਆਂ ਜ਼ਮਾਨਤਾਂ ਨਹੀਂ ਹੋਈਆਂ। ਬਾਦਲਾਂ ਨੇ ਇਨਾਂ ਤਿੰਨੋਂ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਸਿਰਫ਼ ਲਿਟਰੇਚਰ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਅਤੇ ਕੁਝ ਪੋਸਟਰ ਤੇ ਕਿਤਾਬਾਂ ਕਰਕੇ ਇਨਾਂ ਨੂੰ ਸਜ਼ਾ ਸੁਣਾਈ ਗਈ। ਉਨਾਂ ਕਿਹਾ ਕਿ ਗ੍ਰਿਫ਼ਤਾਰ ਨੌਜਵਾਨਾਂ ਤੋਂ ਸਿਰਫ਼ 400 ਜਾਂ 460 ਰੁਪਏ ਹੀ ਬਰਾਮਦ ਹੋ ਸਕੇ ਸਨ। ਉਹ ਲਗਭਗ ਪਿਛਲੇ 5 ਸਾਲਾਂ ਤੋਂ ਮੈਕਸੀਮਮ ਸਕਿਓਰਿਟੀ ਜੇਲ ਨਾਭਾ 'ਚ ਬੰਦ ਹਨ। ਖਹਿਰਾ ਨੇ ਕਿਹਾ ਕਿ ਇਕ ਪਾਸੇ ਤਾਂ ਬਾਦਲ ਸਰਕਾਰ ਕਹਿੰਦੀ ਹੈ



ਕਿ ਉਹ ਪੰਥ ਹਿਤੈਸ਼ੀ ਹੈ ਅਤੇ ਦੂਜੇ ਪਾਸੇ ਉਨਾਂ ਨੇ ਧੱਕੇ ਨਾਲ ਇਨਾਂ ਨੌਜਵਾਨਾਂ 'ਤੇ ਯੂਆਪਾ ਲਗਾਇਆ, ਜੋ ਕਿ ਬੇਹੱਦ ਸ਼ਰਮਨਾਕ ਵਾਲੀ ਗੱਲ ਹੈ।

ਖਹਿਰਾ ਨੇ ਬਾਦਲਾਂ 'ਤੇ ਇਲਜ਼ਾਮ ਲਗਾਉਂਦੇ ਕਿਹਾ ਕਿ ਉਨਾਂ ਨੂੰ ਅਖੰਡ ਕੀਰਤਨੀ ਜਥੇ ਵਾਲੇ ਭਾਈ ਰਣਧੀਰ ਸਿੰਘ ਦੀ ਜੇਲ ਡਾਇਰੀ ਅਤੇ ਲਿਟਰੇਚਰ ਮਿਲਿਆ ਸੀ। ਭਾਈ ਰਣਧੀਰ ਸਿੰਘ ਨੇ 1915 ਤੋਂ ਲੈ ਕੇ 37 ਤੱਕ ਕਰੀਬ 15 ਸਾਲ ਦੇਸ਼ ਦੀ ਅਜ਼ਾਦੀ ਦੇ ਲਈ ਜੇਲ ਕੱਟੀ ਸੀ। ਉਨਾਂ ਦੀਆਂ ਚਿੱਠੀਆਂ ਨੂੰ ਆਧਾਰ ਬਣਾ ਕੇ ਨੌਜਵਾਨਾਂ ਨੂੰ ਉਮਰ ਕੈਦ ਦਿੱਤੀ ਗਈ ਜਦਕਿ ਭਾਈ ਰਣਧੀਰ ਸਿੰਘ ਦੇ ਨਾਮ 'ਤੇ ਲੁਧਿਆਣਾ ਵਿੱਚ ਬੀ. ਆਰ. ਐੱਸ. ਨਗਰ ਬਣਾਇਆ ਗਿਆ ਹੈ।

ਉਨਾਂ ਕਿਹਾ ਕਿ ਇਨਾਂ ਦੀ ਸਜ਼ਾ ਮੁਆਫ਼ੀ ਦੇਣ ਲਈ ਉਹ ਕੈਪਟਨ ਅਮਰਿੰਦਰ ਸਿੰਘ ਨੂੰ ਮਿਲੇ ਹਨ ਅਤੇ ਉਨਾਂ ਦੇ ਵੱਲੋਂ ਇਸ ਬਾਰੇ ਸਕਾਰਾਤਮਕ ਜਵਾਬ ਮਿਲਿਆ ਹੈ। ਇਸ ਸਬੰਧੀ ਫੇਸਬੁੱਕ ਜ਼ਰੀਏ ਵੀ ਖਹਿਰਾ ਨੇ ਦੱਸਦੇ ਕਿਹਾ ਕਿ ਅਜ਼ਾਦੀ ਘੁਲਾਟੀਏ ਭਾਈ ਰਣਧੀਰ ਸਿੰਘ ਦੀ ਜੇਲ ਡਾਇਰੀ ਅਤੇ ਹੋਰ ਲਿਟਰੇਚਰ ਰੱਖਣ ਦੇ ਆਧਾਰ 'ਤੇ ਬਾਦਲ ਸਰਕਾਰ ਵੱਲੋਂ ਨਵਾਂਸ਼ਹਿਰ ਦੇ ਅਰਵਿੰਦਰ ਸਿੰਘ ਅਤੇ ਦੋ ਹੋਰਨਾਂ ਨੂੰ ਦੇਸ਼ਧ੍ਰੋਹ ਅਤੇ ਯੂ. ਏ. ਪੀ. ਏ.ਵਰਗੇ ਕਾਲੇ ਕਾਨੂੰਨ ਤਹਿਤ ਉਮਰ ਕੈਦ ਦੀ ਸਜ਼ਾ ਕਰਵਾਏ ਜਾਣ ਬਾਰੇ ਮੁੱਖ ਮੰਤਰੀ ਪੰਜਾਬ ਨੂੰ ਦੱਸਿਆ ਹੈ ਅਤੇ ਉਨਾਂ ਦੀ ਸਜ਼ਾ ਮੁਆਫ਼ੀ ਲਈ ਮੈਮੋਰੰਡਮ ਦਿੱਤਾ ਗਿਆ ਹੈ।

## ਮਾਮਲਾ ਹੈਰੋਇਨ ਸਮਗਲਿੰਗ ਦਾ

# ਅਕਾਲੀ ਆਗੂ ਅਨਵਰ ਮਸੀਹ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਵਧੀਕ ਜ਼ਿਲਾ ਤੇ ਸੈਸ਼ਨ ਜੱਜ ਪੁਸ਼ਵਿੰਦਰ ਸਿੰਘ ਦੀ ਅਦਾਲਤ ਨੇ 197 ਕਿਲੋ ਹੈਰੋਇਨ ਸਮਗਲਿੰਗ ਦੇ ਮਾਮਲੇ ਵਿਚ ਅਕਾਲੀ ਆਗੂ ਅਨਵਰ ਮਸੀਹ ਦੀ ਜਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ। ਇਸ ਦੇ ਨਾਲ ਹੀ ਉਸ ਦੇ ਗ੍ਰਿਫਤਾਰੀ ਵਾਰੰਟ ਵੀ ਜਾਰੀ ਕੀਤੇ ਗਏ ਹਨ। ਉਧਰ ਪਤਾ ਲੱਗਾ ਹੈ ਕਿ ਮੁਲਜ਼ਮ ਚੰਡੀਗੜ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਹੈ ਤੇ ਉਕਤ ਹੁਕਮਾਂ ਬਾਰੇ ਪਤਾ ਲੱਗਦਿਆਂ ਹੀ ਉਹ ਫਰਾਰ ਹੋ ਗਿਆ।

ਦੱਸਣਯੋਗ ਹੈ ਕਿ ਮੁਲਜ਼ਮ ਪਿਛਲੇ ਕੁਝ ਮਹੀਨਿਆਂ ਤੋਂ ਮੈਡੀਕਲ ਗਰਾਊਂਡ 'ਤੇ ਮਿਲੀ ਜ਼ਮਾਨਤ 'ਤੇ ਜੇਲ 'ਚੋਂ ਬਾਹਰ ਆਇਆ ਸੀ ਪਰ ਦਸਤਾਵੇਜ਼ਾਂ ਵਿਚ ਖਾਮੀਆਂ ਵੇਖ ਕੇ ਐੱਸਟੀਐੱਫ ਨੇ ਮੁਲਜ਼ਮ ਦੀ ਜ਼ਮਾਨਤ ਨੂੰ ਚੁਣੌਤੀ ਦਿੱਤੀ ਸੀ। ਅਕਾਲੀ ਆਗੂ ਦੇ ਪਰਿਵਾਰ ਨੇ ਕੁਝ ਦਿਨ ਪਹਿਲਾਂ ਪ੍ਰੈੱਸ ਕਾਨਫੰਰਸ ਕਰ ਕੇ ਐੱਸਟੀਐੱਫ ਅਧਿਕਾਰੀਆਂ 'ਤੇ ਲੱਖਾਂ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਲਾਏ ਸਨ। ਦੱਸਣਯੋਗ ਹੈ ਕਿ ਅਨਵਰ ਦੀ ਕੋਠੀ 'ਚੋਂ ਐੱਸਟੀਐੱਫ ਨੇ



30 ਜਨਵਰੀ 2020 ਦੀ ਰਾਤ 194 ਕਿਲੋ ਹੈਰੋਇਨ, ਨਸ਼ੀਲਾ ਪਾਊਡਰ ਬਰਾਮਦ ਕਰ ਕੇ 10 ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ। ਬਾਅਦ ਵਿਚ 3 ਕਿਲੋ ਹੈਰੋਇਨ ਮਾਮਲੇ ਦੇ ਕਿੰਗਪਿੰਨ ਅੰਕੁਸ਼ ਕਪੂਰ ਦੀ ਕੋਠੀ 'ਚੋਂ ਬਰਾਮਦ ਕੀਤੀ ਗਈ ਸੀ। ਹੈਰੋਇਨ ਬਣਾਉਣ ਲਈ ਮੁਲਜ਼ਮਾਂ ਨੇ ਅਫਗਾਨੀ ਨਾਗਰਿਕ ਅਰਮਾਨ ਬਸ਼ਅਰ ਮਲ ਨੂੰ ਵੀ ਬੁਲਾਇਆ ਸੀ। ਉਸ ਨੂੰ ਵੀ ਪੁਲਿਸ ਨੇ ਦਬੋਚ ਲਿਆ ਸੀ।

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਪੰਜਾਬ ਵਿਚ ਨਸ਼ਿਆਂ ਦੀ ਸਮਗਲਿੰਗ ਦੇ ਜਿੰਮੇਵਾਰ ਅਪਰਾਧੀ ਕਿਸਮ ਦੇ ਲੋਕ ਉਮੀਦਵਾਰ ਹਨ ਜੋ ਕੁਝ ਭ੍ਰਿਸ਼ਟ ਅਫਸਰਾਂ ਨਾਲ ਮਿਲਕੇ ਇਹ ਧੰਦਾ ਚਲਾਉਂਦੇ ਹਨ। ਇਹ ਪ੍ਰਮੁੱਖ ਤੌਰ ਉਪਰ ਵੱਡੀਆਂ ਪਾਰਟੀਆਂ ਨਾਲ ਜੁੜੇ ਹੋਏ ਹਨ। ਇਸ ਤੋਂ ਸਪੱਸ਼ਟ ਹੈ ਕਿ ਸਭ ਵੱਡੀਆਂ ਸਿਆਸੀ ਪਾਰਟੀਆਂ ਇਸ ਕਾਲੇ ਧੰਦੇ ਦੀਆਂ ਜਿੰਮੇਵਾਰ ਹਨ ਨਹੀਂ ਤਾਂ ਅਜਿਹੇ ਅਪਰਾਧੀ ਲੋਕ ਵੱਡੀਆਂ ਪਾਰਟੀਆਂ ਵਿਚ ਦਾਖਲ ਨਾ ਹੋ ਸਕਦੇ। ਵੱਡੇ ਮਗਰਮਛ ਤਾਂ ਹਾਲੇ ਵੀ ਨਹੀਂ ਫੜੇ ਗਏ। ਇਹ ਆਗੂ ਤਾਂ ਇਸ ਕਾਲੇ ਧੰਦੇ ਦੀ ਛੋਟੀ ਜਿਹੀ ਮੱਛੀ ਹੈ।

# ਚੋਣਾਂ ਨੇੜੇ ਦੇਖਦਿਆਂ ਬਾਦਲ ਨੇ ਕੀਤੇ ਐਲਾਨ

## ✪ ਕਿਹਾ 400 ਯੂਨਿਟ ਬਿਜਲੀ ਮੁਫ਼ਤ ਦੇਵਾਂਗੇ ✪ ਅਕਾਲੀ-ਬਸਪਾ ਗੱਠਜੋੜ ਵੱਲੋਂ 13 ਨੁਕਾਤੀ ਚਾਰਟਰ ਜਾਰੀ ਕੀਤਾ

**ਚੰਡੀਗੜ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਗੱਠਜੋੜ ਨੇ ਸੂਬੇ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਦੇ ਲੋਕਾਂ ਲਈ ਲੋਕ ਲੁਭਾਊ ਵਾਅਦਿਆਂ ਦਾ ਪਿਟਾਰਾ ਖੋਲ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ-ਬਸਪਾ ਗੱਠਜੋੜ ਸਰਕਾਰ ਦੇ ਸੱਤਾ ਵਿੱਚ ਆਉਣ 'ਤੇ 13 ਨੁਕਾਤੀ ਏਜੰਡਾ ਲਾਗੂ ਕਰਨ ਦਾ ਐਲਾਨ ਕੀਤਾ। ਇਸ ਏਜੰਡੇ ਵਿੱਚ ਨੀਲਾ ਕਾਰਡ ਧਾਰਕ ਪਰਿਵਾਰਾਂ ਦੀਆਂ ਮੁਖੀ ਬਿਰਧ ਔਰਤਾਂ ਨੂੰ ਦੋ ਹਜ਼ਾਰ ਰੁਪਏ ਮਹੀਨਾ ਪੈਨਸ਼ਨ, ਖੇਤੀਬਾੜੀ ਖਪਤਕਾਰਾਂ ਨੂੰ ਡੀਜ਼ਲ ਰੇਟ ਵਿੱਚ 10 ਰੁਪਏ ਪ੍ਰਤੀ ਲਿਟਰ ਦੀ ਛੋਟ, ਸਨਅਤ ਲਈ 5 ਰੁਪਏ ਪ੍ਰਤੀ ਯੂਨਿਟ ਬਿਜਲੀ ਤੇ ਵਿਦਿਆਰਥੀਆਂ ਲਈ ਵਿਆਜ ਮੁਕਤ 10 ਲੱਖ ਰੁਪਏ ਦਾ ਕਰਜ਼ਾ ਦੇਣਾ ਸ਼ਾਮਲ ਹੈ। ਸੁਖਬੀਰ ਬਾਦਲ ਨੇ ਆਖਿਆ ਕਿ ਗੱਠਜੋੜ ਦੇ ਏਜੰਡੇ ਵਿੱਚ ਹਰ ਘਰ ਨੂੰ ਹਰ ਮਹੀਨੇ 400 ਯੂਨਿਟ ਮੁਫ਼ਤ ਬਿਜਲੀ ਦੇਣਾ ਅਤੇ ਸਾਰੇ ਨੀਲੇ ਕਾਰਡ ਧਾਰਕਾਂ ਦੇ ਬਕਾਇਆ ਬਿਜਲੀ ਬਿੱਲ ਮੁਆਫ਼ ਕਰਨਾ ਵੀ ਸ਼ਾਮਲ ਹੈ।



# ਰਾਮੂਵਾਲੀਆ ਦੀ ਧੀ ਅਮਨਜੋਤ ਭਾਜਪਾ 'ਚ ਸ਼ਾਮਲ

## ✪ ਅਕਾਲੀ ਦਲ ਦੇ ਕਈ ਹੋਰ ਸਾਬਕਾ ਆਗੂਆਂ ਨੇ ਵੀ ਫੜਿਆ ਭਾਜਪਾ ਦਾ ਪੱਲਾ ✪ ਰਾਮੂਵਾਲੀਆ ਔਖੇ, ਕਿਹਾ ਕਿ ਅਮਨਜੋਤ ਨੇ ਪੰਜਾਬ ਤੇ ਕਿਸਾਨਾਂ ਨਾਲ ਗ਼ੱਦਾਰੀ ਕੀਤੀ'

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਾਬਕਾ ਆਗੂ ਅਮਨਜੋਤ ਕੌਰ ਰਾਮੂਵਾਲੀਆ ਸਮੇਤ ਪਾਰਟੀ ਦੇ ਹੋਰ ਸਾਬਕਾ ਆਗੂ ਦਿੱਲੀ 'ਚ ਇੱਕ ਸਮਾਗਮ ਦੌਰਾਨ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਪੰਜਾਬ 'ਚ ਹੋਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਸਿੱਖ ਤੇ ਹੋਰ ਵਰਗਾਂ ਦੇ ਚਿਹਰੇ ਪਾਰਟੀ 'ਚ ਸ਼ਾਮਲ ਕਰਕੇ ਆਪਣੀ ਤਿਆਰੀ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਬਕਾ ਕੇਂਦਰੀ ਮੰਤਰੀ ਤੇ ਹੁਣ ਉੱਤਰ ਪ੍ਰਦੇਸ਼ ਦੇ ਸਮਾਜਵਾਦੀ ਪਾਰਟੀ ਦੇ ਐੱਮਐੱਲਸੀ ਬਲਵੰਤ ਸਿੰਘ ਰਾਮੂਵਾਲੀਆ ਦੀ ਧੀ ਅਮਨਜੋਤ ਕੌਰ ਭੁੱਲਰ ਅਕਾਲੀ ਦਲ ਦੀ ਮਹਿਲਾ ਵਿੰਗ ਦੀ ਮੈਂਬਰ ਵੀ ਰਹੀ ਹੈ ਤੇ ਉਨਾਂ ਦੇ ਭਾਜਪਾ ਵਿੱਚ ਜਾਣ ਦਾ ਕਦਮ ਹੈਰਾਨ ਕਰਨ ਵਾਲਾ ਮੰਨਿਆ ਜਾ ਰਿਹਾ ਹੈ। ਅਮਨਜੋਤ ਕੌਰ ਤੋਂ ਇਲਾਵਾ ਅਕਾਲੀ ਦਲ ਦੇ ਸਾਬਕਾ ਆਗੂ ਗੁਰਪ੍ਰੀਤ ਸਿੰਘ ਸ਼ਾਹਪੁਰ, ਚੰਦ ਸਿੰਘ ਚੱਠਾ ਤੇ ਬਲਜਿੰਦਰ ਸਿੰਘ ਡਕੋਹਾ ਨੇ ਵੀ ਕੈਬਨਿਟ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਹਾਜ਼ਰੀ 'ਚ ਭਾਜਪਾ ਦਾ ਪੱਲਾ ਫੜ ਲਿਆ। ਪ੍ਰੀਤਮ ਸਿੰਘ ਤੇ ਸਾਬਕਾ ਟੀਵੀ ਐਂਕਰ ਚੇਤਨ ਮੋਹਨ ਜੋਸ਼ੀ ਵੀ ਭਾਜਪਾ 'ਚ ਅੱਜ ਸ਼ਾਮਲ ਹੋ ਗਏ। ਇਸ ਮੌਕੇ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਅਜਿਹੇ ਆਗੂਆਂ ਦਾ ਭਾਜਪਾ 'ਚ ਸ਼ਾਮਲ ਹੋਣ ਤੋਂ ਸਾਫ਼ ਹੈ ਪੰਜਾਬ 'ਚ ਸਿਆਸੀ ਹਵਾ ਕਿਸ ਵੱਲ ਚੱਲ ਰਹੀ ਹੈ। ਉਨਾਂ ਕਿਸੇ ਧਿਰ ਦਾ ਨਾਂ ਲਏ ਬਿਨਾਂ ਕਿਹਾ ਕਿ ਦੇਸ਼ 'ਚ ਨਕਾਰੀਆਂ ਗਈਆਂ ਪਾਰਟੀਆਂ ਸੱਤਾ ਖ਼ਾਤਰ ਕਿਸਾਨਾਂ ਨੂੰ ਗੁੰਮਰਾਹ ਕਰ ਰਹੀਆਂ ਹਨ ਜਦਕਿ ਮੋਦੀ ਸਰਕਾਰ ਕੌਮੀ ਹਿੱਤਾਂ ਤੇ ਪੰਜਾਬ ਦੀ ਤਰੱਕੀ ਲਈ ਕੰਮ ਕਰ ਰਹੀ ਹੈ।



**ਰਾਮੂਵਾਲੀਆ ਧੀ ਤੋਂ ਔਖੇ :** ਜ਼ਿਲਾ ਯੋਜਨਾ ਕਮੇਟੀ ਮੁਹਾਲੀ ਦੀ ਸਾਬਕਾ ਚੇਅਰਪਰਸਨ ਅਮਨਜੋਤ ਕੌਰ ਰਾਮੂਵਾਲੀਆ ਦੇ ਅਚਾਨਕ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਉਨਾਂ ਦੇ ਪਿਤਾ ਬਲਵੰਤ ਸਿੰਘ ਰਾਮੂਵਾਲੀਆ ਅਤੇ ਉਨਾਂ ਦੇ ਸਮਰਥਕ ਕਾਫ਼ੀ ਦੁਖੀ ਨਜ਼ਰ ਆਏ। ਰਾਮੂਵਾਲੀਆ ਨੇ ਕਿਹਾ ਕਿ ਉਸ ਦੀ ਧੀ ਨੇ ਪੇਕੇ ਪਰਿਵਾਰ ਸਮੇਤ ਪੰਜਾਬ ਅਤੇ ਕਿਸਾਨਾਂ ਨਾਲ ਗ਼ੱਦਾਰੀ ਕੀਤੀ ਹੈ। ਇਸ ਗਲਤੀ ਲਈ ਉਹ ਉਸ (ਅਮਨਜੋਤ) ਨੂੰ ਕਦੇ ਵੀ ਮੁਆਫ਼ ਨਹੀਂ ਕਰਨਗੇ। ਉਨਾਂ ਨੇ ਆਪਣੀ ਧੀ ਨਾਲ ਸਾਰੇ ਸਬੰਧ ਤੋੜਨ ਦੀ ਗੱਲ ਵੀ ਆਖੀ। ਉਨਾਂ ਕਿਹਾ ਕਿ ਉਹ ਵੀ ਸਾਰੀ ਉਮਰ ਆਰਐੱਸਐੱਸ ਅਤੇ ਜਨਸੰਘ ਦੇ ਸਖ਼ਤ ਵਿਰੋਧੀ ਰਹੇ ਪਰ ਉਨਾਂ ਦੀ ਬੇਟੀ ਅਮਨਜੋਤ ਕੌਰ ਨੇ ਭਾਜਪਾ ਵਿੱਚ ਸ਼ਾਮਲ ਹੋ ਕੇ ਪਰਿਵਾਰ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ।

# ਸੁਮੇਧ ਸੈਣੀ ਦੀ ਰਿਹਾਇਸ਼ ’ਤੇ ਵਿਜੀਲੈਂਸ ਵਲੋਂ ਛਾਪਾ

**✪ ਕੋਠੀ ਵਿਚ ਨਹੀਂ ਮਿਲੇ ਸਾਬਕਾ ਡੀ. ਜੀ. ਪੀ. ✪ ਆਮਦਨ ਤੋਂ ਵੱਧ ਸੰਪਤੀ ਦਾ ਨਵਾਂ ਕੇਸ ਦਰਜ**

**✪ ਵਿਜੀਲੈਂਸ ਬਿਊਰੋ ਨੇ ਸਾਬਕਾ ਪੁਲੀਸ ਮੁਖੀ ਦੀ ਗ੍ਰਿਫ਼ਤਾਰੀ ਲਈ ਯਤਨ ਆਰੰਭੇ**



**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਦੇ ਸਾਬਕਾ ਡੀ.ਜੀ.ਪੀ ਰਹੇ ਸੁਮੇਧ ਸੈਣੀ ਦੀ ਚੰਡੀਗੜ ਦੇ ਸੈਕਟਰ 20 ਵਿਚ ਪੈਂਦੀ ਰਿਹਾਇਸ਼ ’ਤੇ ਪੰਜਾਬ ਵਿਜੀਲੈਂਸ ਬਿਊਰੋ ਦੀ ਟੀਮ ਵਲੋਂ ਬੀਤੇ ਦਿਨੀਂ ਛਾਪੇਮਾਰੀ ਕੀਤੀ ਗਈ। ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਸਮੇਤ ਪੁਲਿਸ ਕਰਮੀ ਸੁਮੇਧ ਸੈਣੀ ਦੀ ਰਿਹਾਇਸ਼ ’ਤੇ ਪਹੁੰਚੇ ਪਰ ਸੈਣੀ ਦੀ ਸੁਰੱਖਿਆ ਵਿਚ ਤਾਇਨਾਤ ਸੀ.ਆਰ.ਪੀ.ਐਫ ਦੇ ਜਵਾਨਾਂ ਵਲੋਂ ਵਿਜੀਲੈਂਸ ਦੇ ਅਧਿਕਾਰੀਆਂ ਨੂੰ ਕੋਠੀ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ ਗਿਆ। ਇਸ ਦੌਰਾਨ ਸੈਣੀ ਦੇ ਵਕੀਲ ਰਮਨਪ੍ਰੀਤ ਸਿੰਘ ਸੰਧੂ ਵੀ ਮੌਕੇ ’ਤੇ ਪਹੁੰਚ ਗਏ ਅਤੇ ਉਨਾਂ ਨੇ ਵਿਜੀਲੈਂਸ ਦੇ ਅਧਿਕਾਰੀਆਂ ਤੋਂ ਇਸ ਮਾਮਲੇ ਸਬੰਧੀ ਜਾਣਕਾਰੀ ਲੈਣ ਦੀ ਕੋਸ਼ਿਸ਼ ਵੀ ਕੀਤੀ। ਉਨਾਂ ਕਿਹਾ ਕਿ ਵਿਜੀਲੈਂਸ ਦੀ ਟੀਮ ਕੋਠੀ ਅੰਦਰ ਦਾਖ਼ਲ ਹੋਣਾ ਚਾਹੁੰਦੀ ਹੈ ਤਾਂ ਪਹਿਲਾਂ ਦਰਜ ਐਫ.ਆਈ.ਆਰ ਦੀ ਕਾਪੀ ਤੇ ਲੋਕਲ ਪੁਲਿਸ ਨੂੰ ਨਾਲ ਲਿਆਂਦਾ ਜਾਵੇ। ਵਿਜੀਲੈਂਸ ਦੀ ਟੀਮ ਕਰੀਬ ਡੇਢ ਘੰਟਾ ਕੋਠੀ ਦੇ ਸਾਹਮਣੇ ਖੜੀ ਇੰਤਜ਼ਾਰ ਕਰਦੀ ਰਹੀ, ਜਿਸ ਦੇ ਬਾਅਦ ਚੰਡੀਗੜ ਪੁਲਿਸ ਦੇ ਇਲਾਕਾ ਐਸ.ਐਚ.ਓ ਮਲਕੀਤ ਸਿੰਘ ਮੌਕੇ ’ਤੇ ਪਹੁੰਚੇ ਤੇ ਵਿਜੀਲੈਂਸ ਦੇ ਚਾਰ ਅਧਿਕਾਰੀ ਉਨਾਂ ਦੇ ਨਾਲ ਕੋਠੀ ਅੰਦਰ ਦਾਖ਼ਲ ਹੋ ਸਕੇ। ਵਿਜੀਲੈਂਸ ਟੀਮ ਵਲੋਂ ਕੋਠੀ ਦੇ ਵੱਖ-ਵੱਖ ਹਿੱਸਿਆਂ ਦੀ ਤਲਾਸ਼ੀ ਲਈ ਗਈ। ਇਸ ਮੌਕੇ ਵਕੀਲ ਰਮਨਪ੍ਰੀਤ ਸਿੰਘ ਨੇ ਇਹ ਵੀ ਕਿਹਾ ਕਿ ਸੁਮੇਧ ਸੈਣੀ ਮੌਜੂਦ ਨਹੀਂ ਹਨ।

**ਨਵਾਂ ਮਾਮਲਾ ਦਰਜ**

ਅੰਮ੍ਰਿਤਸਰ ਟਾਈਮਜ ਦੀ ਜਾਣਕਾਰੀ ਅਨੁਸਾਰ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਮੁਹਾਲੀ ਦੇ ਸਿੱਖ ਨੌਜਵਾਨ ਬਲਵੰਤ ਸਿੰਘ ਮੁਲਤਾਨੀ ਨੂੰ ਜ਼ਬਰਦਸਤੀ ਘਰੋਂ ਚੁੱਕ ਕੇ ਕਥਿਤ ਤੌਰ ’ਤੇ ਮੌਤ ਦੇ ਘਾਟ ਉਤਾਰਨ ਅਤੇ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਸਬੰਧੀ ਇਨਸਾਫ਼ ਮੰਗ ਰਹੇ ਸਿੱਖਾਂ ’ਤੇ ਪੁਲਿਸ ਵੱਲੋਂ ਗੋਲੀਆਂ ਚਲਾਉਣ ਦੇ ਗੰਭੀਰ ਦੋਸ਼ ਉਸ ਦਾ ਪਿੱਛਾ ਨਹੀਂ ਛੱਡ ਰਹੇ ਸੀ ਕਿ ਹੁਣ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸਾਬਕਾ ਡੀਜੀਪੀ ਖ਼ਿਲਾਫ਼ ਆਮਦਨ ਤੋਂ ਵੱਧ ਸੰਪਤੀ ਜੁਟਾਉਣ ਦਾ ਨਵਾਂ ਕੇਸ ਮੁਹਾਲੀ ਦੇ ਵਿਜੀਲੈਂਸ ਥਾਣੇ ’ਚ ਦਰਜ ਕੀਤਾ ਗਿਆ ਹੈ। ਇਹ ਪਤਾ ਲੱਗਾ ਹੈ ਕਿ ਵਿਜੀਲੈਂਸ ਬਿਊਰੋ ਵਲੋਂ ਸੁਮੇਧ ਸੈਣੀ ਖ਼ਿਲਾਫ਼ ਇਕ ਨਵਾਂ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਸਬੰਧਿਤ ਮਾਮਲਾ ਸੰਯੁਕਤ ਡਾਇਰੈਕਟਰ ਕ੍ਰਾਈਮ ਵਿਜੀਲੈਂਸ ਬਿਊਰੋ ਪੰਜਾਬ ਵਰਿੰਦਰ ਸਿੰਘ ਬਰਾੜ ਦੀ ਸ਼ਿਕਾਇਤ ’ਤੇ ਦਰਜ ਕੀਤਾ ਗਿਆ ਹੈ। ਮਾਮਲੇ ਵਿਚ ਪੀ. ਸੀ. ਐਕਟ 1988, ਪੀ. ਸੀ. (ਸੋਧ) ਐਕਟ 2018 ਦੀ ਧਾਰਾ 13 (1) (ਬੀ), 13 (2) ਦੇ ਇਲਾਵਾ ਆਈ. ਪੀ. ਸੀ. ਦੀ ਧਾਰਾ 109 ਅਤੇ 120 ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਮਾਮਲੇ ਵਿਚ 7 ਮੁਲਜ਼ਮਾਂ ਨੂੰ ਕਥਿਤ ਤੌਰ ’ਤੇ ਨਾਮਜ਼ਦ ਕੀਤਾ ਗਿਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਨਵੇਂ ਦਰਜ ਕੀਤੇ ਗਏ ਇਸ ਮਾਮਲੇ ਦੀ ਜਾਂਚ ਲਈ ਇਕ ਟੀਮ ਦਾ ਗਠਨ ਵੀ ਕੀਤਾ ਗਿਆ ਹੈ। ਵਿਜੀਲੈਂਸ ਨੇ ਅਪਰਾਧਿਕ ਕੇਸ ਦਰਜ ਕਰਨ ਮਗਰੋਂ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸੈਣੀ ਦੀ ਗ੍ਰਿਫ਼ਤਾਰੀ ਲਈ ਯਤਨ ਤੇਜ਼ ਕਰ ਦਿੱਤੇ ਹਨ।

ਇਸ ਸਬੰਧੀ ਕੋਈ ਵੀ ਸੀਨੀਅਰ ਜਾਂ ਜੂਨੀਅਰ ਅਧਿਕਾਰੀ ਮੂੰਹ ਖੋਲਣ ਲਈ ਤਿਆਰ ਨਹੀਂ ਹੈ।

# ਸ਼੍ਰੋਮਣੀ ਕਮੇਟੀ ਆਰਕਾਈਵਜ਼ ਪ੍ਰਾਜੈਕਟ ਕਰੇਗੀ ਸਥਾਪਤ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼੍ਰੋਮਣੀ ਕਮੇਟੀ ਨੇ ਸਿੱਖਾਂ ਅਤੇ ਪੰਜਾਬੀਆਂ ਨਾਲ ਸਬੰਧਤ ਪੁਰਾਤਨ ਤੇ ਇਤਿਹਾਸਕ ਦਸਤਾਵੇਜ਼ਾਂ ਨੂੰ ਸੰਭਾਲਣ ਲਈ ਸਿੱਖ ਆਰਕਾਈਵਜ਼ ਪ੍ਰਾਜੈਕਟ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਹੈ, ਜਿਸ ਨੂੰ ਪਟਿਆਲਾ ਵਿੱਚ ‘ਜਥੇਦਾਰ ਗੁਰਚਰਨ ਸਿੰਘ ਟੌਹੜਾ ਗੁਰਮਤਿ ਇੰਸਟੀਚਿਊਟ’ ਬਹਾਦਰਗੜ ਵਿੱਚ ਸਥਾਪਿਤ ਕੀਤਾ ਜਾਵੇਗਾ। ਇਸ ਦਾ ਖੁਲਾਸਾ ਇੱਥੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਧਰਮ ਪ੍ਰਚਾਰ ਕਮੇਟੀ ਅਤੇ ਐਜੂਕੇਸ਼ਨ ਕਮੇਟੀ ਦੀ ਮੀਟਿੰਗ ਮਗਰੋਂ ਕੀਤਾ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਸਿੱਖ ਵਿਰਾਸਤ ਦੀ ਸਾਂਭ-ਸੰਭਾਲ ਲਈ ਸਿੱਖ ਆਰਕਾਈਵਜ਼ ਪ੍ਰਾਜੈਕਟ ਦੀ ਰੂਪ-ਰੇਖਾ ਤਿਆਰ ਕੀਤੀ ਹੈ। ਇਸ ਵਿੱਚ ਇੰਗਲੈਂਡ ਵਾਸੀ ਮਰਹੂਮ ਸਿੱਖ ਵਿਦਵਾਨ ਡਾ. ਦਰਸ਼ਨ ਸਿੰਘ ਦਾ ਅਹਿਮ ਯੋਗਦਾਨ ਹੈ। ਡਾ. ਚਮਕੌਰ ਸਿੰਘ ਨੇ ਦੱਸਿਆ ਕਿ ਇਸ ਪ੍ਰਾਜੈਕਟ ਹੇਠ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਦਲੀਪ ਸਿੰਘ, ਪਹਿਲੀ ਤੇ ਦੂਜੀ ਵਿਸ਼ਵ ਜੰਗ, ਅਜ਼ਾਦੀ ਦੀ ਜੰਗ ਲਈ ਵਿਦੇਸ਼ ਵਿੱਚ ਚੱਲੀ ਲਹਿਰ, ਦੇਸ਼ ਵੰਡ, ਸਾਕਾ ਨੀਲਾ ਤਾਰਾ ਆਦਿ ਨਾਲ ਸਬੰਧਤ ਅਹਿਮ ਦਸਤਾਵੇਜ਼ ਸੰਭਾਲੇ ਜਾਣਗੇ। ਐਜੂਕੇਸ਼ਨ ਕਮੇਟੀ ਦੀ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਵਿੱਦਿਅਕ ਅਦਾਰਿਆਂ ਨੂੰ ਹੋਰ ਬਿਹਤਰ ਢੰਗ ਨਾਲ ਚਲਾਉਣ ਸਬੰਧੀ ਫ਼ੈਸਲੇ ਲਏ ਗਏ।

# ਕੈਬਨਿਟ ਵਜ਼ੀਰ ਮੁਤਵਾਜ਼ੀ ਜਥੇਦਾਰ ਮੰਡ ਅੱਗੇ ਪੇਸ਼ ਨਹੀਂ ਹੋਣਗੇ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਦੇ ਦੋ ਕੈਬਨਿਟ ਵਜ਼ੀਰਾਂ ਅਤੇ ਤਿੰਨ ਵਿਧਾਇਕਾਂ ਨੇ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਅੱਗੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਇਨਾਂ ਕੈਬਨਿਟ ਵਜ਼ੀਰਾਂ ਅਤੇ ਵਿਧਾਇਕਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਲੈ ਕੇ ਗੇਂਦ ਪੂਰੀ ਤਰਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਾਲੇ ਵਿਚ ਸੁੱਟ ਦਿੱਤੀ ਹੈ। ਚੇਤੇ ਰਹੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਬਰਗਾੜੀ ਮੋਰਚੇ ਨੂੰ ਸਮਾਪਤ ਕਰਨ ਲਈ ਮੰਗਾਂ ਮੰਨਣ ਦੇ ਦਿੱਤੇ ਭਰੋਸੇ ਉੱਤੇ ਪੰਜਾਬ ਸਰਕਾਰ ਵੱਲੋਂ ਕੋਈ ਅਮਲ ਨਾ ਕੀਤੇ ਜਾਣ ਨੂੰ ਲੈ ਕੇ ਕਾਂਗਰਸੀ ਵਜ਼ੀਰਾਂ ਤੇ ਵਿਧਾਇਕਾਂ ਨੂੰ ਤਲਬ ਕੀਤਾ ਸੀ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਪੰਜਾਬ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਕਾਂਗਰਸੀ ਵਿਧਾਇਕ ਕੁਸ਼ਲਦੀਪ ਸਿੰਘ ਤੋਂ ਇਲਾਵਾ ਹਰਿਮੰਦਰ ਸਿੰਘ ਗਿੱਲ ਤੇ ਕੁਲਬੀਰ ਸਿੰਘ ਜ਼ੀਰਾ ਨੇ ਮੰਡ ਨੂੰ ਪੱਤਰ ਭੇਜਿਆ ਹੈ, ਜਿਸ ’ਚ ਇਨਾਂ ਆਗੂਆਂ ਨੇ ਪੇਸ਼ ਹੋਣ ਤੋਂ ਇਨਕਾਰ ਕੀਤਾ ਹੈ। ਉਨਾਂ ਕਿਹਾ ਕਿ ਉਹ ਜਥੇਦਾਰ ਮੰਡ ਨੂੰ ਅਕਾਲ ਤਖਤ ਦਾ ਜਥੇਦਾਰ ਨਹੀਂ ਮੰਨਦੇ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375



## ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

# ਰਾਜਨੀਤੀ ਬੰਦ ਕਰਕੇ ਇਨਸਾਫ਼ ਦੇਣ ਵੱਲ ਵਧਣ ਨੇਤਾ : ਪੀੜਤ

**ਚੰਡੀਗੜ੍ਹ/ਏ.ਟੀ.ਨਿਊਜ਼** : ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਬਾਰੀ ਘਟਨਾਵਾਂ ਦੇ ਪੀੜਤਾਂ ਨੇ ਕਿਹਾ ਹੈ ਕਿ ਬੇਅਦਬੀ ਅਤੇ ਗੋਲੀਕਾਂਡ ਮਾਮਲੇ ਬਾਰੇ ਰਾਜਨੀਤਿਕ ਪਾਰਟੀਆਂ ਨੂੰ ਆਪਣੀਆਂ ਰੋਟੀਆਂ ਨਹੀਂ ਸੇਕਣੀਆਂ ਚਾਹੀਦੀਆਂ ਹਨ। ਲੋਕਾਂ ਨੂੰ ਇਨਸਾਫ਼ ਚਾਹੀਦਾ ਹੈ, ਨਾ ਕਿ ਰਾਜਨੀਤਿਕ ਪਾਰਟੀਆਂ ਅਤੇ ਨੇਤਾਵਾਂ ਵੱਲੋਂ ਕੀਤੀ ਜਾਣ ਵਾਲੀ ਵਾਰ-ਵਾਰ ਦੀ ਬਿਆਨਬਾਜ਼ੀ।

ਬਹਿਬਲ ਕਲਾਂ ਵਿਚ ਪ੍ਰਦਰਸ਼ਨ ਦੌਰਾਨ ਗੋਲੀ ਲੱਗਣ ਨਾਲ ਕਾਲ ਦਾ ਗ੍ਰਾਸ ਬਣੇ ਕ੍ਰਿਸ਼ਣ ਭਗਵਾਨ ਸਿੰਘ ਦੇ ਬੇਟੇ ਸੁਖਰਾਜ ਸਿੰਘ ਅਤੇ ਗੁਰਜੀਤ ਸਿੰਘ ਦੇ ਪਿਤਾ ਸਾਧੂ ਸਿੰਘ ਅਤੇ ਕੋਟਕਪੂਰਾ ਗੋਲੀਕਾਂਡ ਮਾਮਲਿਆਂ ਵਿਚ ਜ਼ਖਮੀ ਹੋਏ ਨੌਜਵਾਨ ਅਜੀਤ ਸਿੰਘ ਨੇ ਕਿਹਾ ਕਿ ਉਨਾਂ ਨੂੰ ਚਾਹੇ ਸਰਕਾਰ ਨੇ ਆਰਥਿਕ ਮੁਆਵਜ਼ਾ ਦੇ ਦਿੱਤਾ ਹੈ ਪਰ ਉਨਾਂ ਦੀ ਮੁੱਖ ਮੰਗ ਇਹ ਹੈ ਕਿ ਬੇਅਦਬੀ ਮਾਮਲਿਆਂ ਦੇ ਸਾਰੇ ਦੋਸ਼ੀ ਜੇਲਾਂ ਦੇ ਅੰਦਰ ਕੀਤੇ ਜਾਣ ਅਤੇ ਜਿਨਾਂ ਨੇ ਗੋਲੀਬਾਰੀ ਕੀਤੀ ਹੈ, ਉਨਾਂ ਖ਼ਿਲਾਫ਼ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇ।



ਉਨਾਂ ਨੇ ਰਾਜਨੀਤਿਕ ਨੇਤਾਵਾਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਮਾਮਲਿਆਂ ਦੇ ਹੀ ਕਾਰਣ ਪੰਜਾਬ ਦੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ 2017 ਦੀਆਂ ਚੋਣਾਂ ਵਿਚ ਤੀਸਰੇ ਨੰਬਰ 'ਤੇ ਪਹੁੰਚਾ ਦਿੱਤਾ ਸੀ, ਪਰ ਰਾਜ ਵਿਚ ਸੱਤਾ ਬਦਲੇ ਜਾਣ ਦੇ ਬਾਵਜੂਦ ਵੀ ਸਾਢੇ ਚਾਰ ਸਾਲ ਦਾ ਸਮਾਂ ਗੁਜ਼ਰ ਚੁੱਕਿਆ ਹੈ, ਪਰ ਨਾ ਬੇਅਦਬੀ ਦੇ ਮਾਮਲਿਆਂ ਵਿਚ ਇਨਸਾਫ਼ ਮਿਲ ਸਕਿਆ ਹੈ ਅਤੇ ਨਹੀਂ ਹੀ ਗੋਲੀਬਾਰੀ ਦੀਆਂ ਘਟਨਾਵਾਂ ਦੇ ਦੋਸ਼ੀ ਪੁਲਸ ਅਧਿਕਾਰੀਆਂ ਦੀ ਹੀ ਗ੍ਰਿਫ਼ਤਾਰੀ ਹੋ ਸਕੀ ਹੈ। ਸਬੂਤ ਮੌਜੂਦ ਹੋਣ ਦੇ ਬਾਵਜੂਦ ਵੀ ਵੱਡੇ ਪੁਲਸ ਅਧਿਕਾਰੀ ਕਨੂੰਨ ਦੇ ਸ਼ਿਕੰਜੇ ਤੋਂ ਬਚੇ ਹੋਏ ਹਨ ਅਤੇ ਖੁੱਲੇ ਘੁੰਮ ਰਹੇ ਹਨ। ਉਥੇ ਹੀ, ਨਵਜੋਤ ਸਿੰਘ ਸਿੱਧੂ ਬਾਰੇ ਪੁੱਛਣ 'ਤੇ ਉਨਾਂ ਕਿਹਾ ਕਿ ਸਿੱਧੂ ਵੀ ਪਿਛਲੇ ਹੀ ਕੁੱਝ ਸਮੇਂ ਤੋਂ ਟਵੀਟ ਕਰ ਰਹੇ ਹਨ, ਜਦੋਂ ਕਿ ਸਰਕਾਰ ਵਿਚ ਤਾਂ ਸਿੱਧੂ ਵੀ ਢਾਈ ਸਾਲ ਤੱਕ ਸ਼ਾਮਲ ਰਹੇ ਸਨ।

ਐੱਸ. ਆਈ. ਟੀ. ਦੇ ਮੈਂਬਰ ਰਹੇ ਸਾਬਕਾ ਆਈ. ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਬਾਰੇ ਬੋਲਦਿਆਂ ਉਨਾਂ ਕਿਹਾ ਕਿ ਜਾਂਚ ਨੂੰ ਕਿਸੇ ਸਿਰੇ ਲਗਾਏ ਬਿਨਾਂ ਕੁੰਵਰ ਵੱਲੋਂ ਆਮ ਆਦਮੀ ਪਾਰਟੀ ਜੁਆਇਨ ਕਰਨ ਨਾਲ ਉਹ ਵੀ ਉਥੇ ਹੀ ਖੜੇ ਹੋ ਗਏ ਹਨ, ਜਿੱਥੇ ਬਾਕੀ ਰਾਜਨੇਤਾ ਖੜੇ ਹਨ। ਉਨਾਂ ਮੰਗ ਕੀਤੀ ਕਿ ਇਨਾਂ ਮਾਮਲਿਆਂ ਵਿਚ ਛੇਤੀ ਤੋਂ ਛੇਤੀ ਇਨਸਾਫ਼ ਦਿੱਤਾ ਜਾਵੇ ਤਾਂ ਕਿ ਪੀੜਤ ਲੋਕਾਂ ਦੇ ਜ਼ਖਮਾਂ 'ਤੇ ਵਾਰ-ਵਾਰ ਸੁੱਟੇ ਜਾਂਦੇ ਲੂਣ ਤੋਂ ਨਿਜਾਤ ਹਾਸਲ ਹੋ ਸਕੇ।

# ਜਥੇਦਾਰ ਵੇਦਾਂਤੀ ਸਮੇਤ ਸਿੱਖ ਅਜਾਇਬ ਘਰ 'ਚ ਚਾਰ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਲਗੀਆਂ



**ਅੰਮ੍ਰਿਤਸਰ/ਏ.ਟੀ.ਨਿਊਜ਼** : ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਦਲੀਪ ਸਿੰਘ ਮੱਲੂਨੰਗਲ, ਸੰਤ ਗਿਆਨੀ ਮੋਹਨ ਸਿੰਘ ਭਿੰਡਰ ਕਲਾਂ ਟਕਸਾਲ ਵਾਲੇ ਅਤੇ ਪ੍ਰਸਿੱਧ ਸਿੱਖ ਵਿਦਵਾਨ ਸ਼ਮਸ਼ੇਰ ਸਿੰਘ ਅਸ਼ੋਕ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ।

ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ 'ਚ ਨਿਭਾਈ।

# ਡੇਰਾ ਪ੍ਰੇਮੀ ਪ੍ਰਦੀਪ ਤੇ ਨਿਸ਼ਾਨ ਦੀ ਜ਼ਮਾਨਤ ਮਨਜ਼ੂਰ, ਅਗਲੀ ਪੇਸ਼ੀ 17 ਨੂੰ

**ਫਰੀਦਕੋਟ/ਏ.ਟੀ.ਨਿਊਜ਼** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਗਲੀਆਂ ਵਿੱਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਵੱਲੋਂ ਗ੍ਰਿਫ਼ਤਾਰ ਕੀਤੇ ਛੇ ਡੇਰਾ ਪ੍ਰੇਮੀ ਸੁਖਜਿੰਦਰ ਸਿੰਘ ਉਰਫ ਸੰਨੀ ਕੰਡਾ, ਨਿਸ਼ਾਨ ਸਿੰਘ, ਰਣਜੀਤ ਸਿੰਘ ਭੋਲਾ, ਪ੍ਰਦੀਪ ਕੁਮਾਰ, ਬਲਜੀਤ ਸਿੰਘ ਅਤੇ ਸ਼ਕਤੀ ਸਿੰਘ ਨੂੰ ਇਲਾਕਾ ਮੈਜਿਸਟ੍ਰੇਟ ਮੈਡਮ ਤਰਜਨੀ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਸ 'ਤੇ ਅਦਾਲਤ ਨੇ ਅਗਲੀ ਸੁਣਵਾਈ ਦੋਸ਼ ਕਾਇਦ ਕਰਨ ਦੀ ਬਹਿਸ ਲਈ 17 ਅਗਸਤ ਲਈ ਮੁਲਤਵੀ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ, ਮਾਮਲਾ ਨੰਬਰ 117, 24 ਸਤੰਬਰ 2015 ਨੂੰ ਪਿੰਡ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਚੋਰੀ ਕਰਕੇ ਪਿੰਡ ਬਰਗਾੜੀ ਵਿੱਚ ਇਤਰਾਜ਼ਯੋਗ ਪੋਸਟਰ ਲਗਾਉਣ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇਤਰਾਜ਼ਯੋਗ ਭਾਸ਼ਾ ਵਰਤਣ ਦਾ ਮਾਮਲਾ ਥਾਣਾ ਬਾਜਾਖਾਨਾ ਵਿਖੇ ਡੇਰਾ ਪ੍ਰੇਮੀ ਸੁਖਜਿੰਦਰ ਸਿੰਘ ਉਰਫ ਸੰਨੀ, ਸ਼ਕਤੀ ਸਿੰਘ, ਰਣਜੀਤ ਸਿੰਘ, ਬਲਜੀਤ ਸਿੰਘ, ਹਰਸ਼ ਧੁਰੀ, ਪ੍ਰਦੀਪ ਕੁਮਾਰ, ਸੰਦੀਪ ਬਰੇਟਾ ਅਤੇ ਮਹਿੰਦਰ ਪਾਲ ਬਿੱਟੂ ਦੇ ਖਿਲਾਫ ਦਰਜ ਕੀਤਾ ਗਿਆ ਸੀ ਅਤੇ ਮਾਮਲਾ ਨੰਬਰ 128, 12 ਅਕਤੂਬਰ 2015 ਵਿੱਚ ਛੇ ਡੇਰਾ ਪ੍ਰੇਮੀ ਸੁਖਜਿੰਦਰ ਸਿੰਘ ਉਰਫ ਸੰਨੀ ਕੰਡਾ, ਨਿਸ਼ਾਨ ਸਿੰਘ, ਰਣਜੀਤ ਸਿੰਘ ਭੋਲਾ, ਪ੍ਰਦੀਪ ਕੁਮਾਰ, ਬਲਜੀਤ ਸਿੰਘ ਅਤੇ ਸ਼ਕਤੀ ਸਿੰਘ ਦੇ ਵਿਰੁਧ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਚਲਾਨ ਪੇਸ਼ ਕਰ ਦਿੱਤਾ ਸੀ । ਜਦੋਂਕਿ ਮਹਿੰਦਰ ਪਾਲ ਬਿੱਟੂ ਨੂੰ ਜੇਲ ਦੇ ਵਿੱਚ ਹੀ ਕਤਲ ਕਰ ਦਿੱਤਾ ਗਿਆ ਸੀ ਅਤੇ ਹਰਸ਼ ਧੁਰੀ, ਸੰਦੀਪ ਬਰੇਟਾ ,ਪ੍ਰਦੀਪ ਕਲੇਰ ਦੇ ਖਿਲਾਫ ਗ੍ਰਿਫਤਰੀ ਵਰੰਟ ਜਾਰੀ ਕੀਤੇ ਹੋਏ ਹਨ।

ਜਾਂਚ ਟੀਮ ਨੇ ਇਨਾਂ ਨੂੰ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਬੇਅਦਬੀ ਕਾਂਡ ਦੇ ਦੋਸ਼ਾਂ ਤਹਿਤ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 17 ਅਗਸਤ ਤੱਕ ਦੋਸ਼ ਕਾਇਦ ਤੇ ਬਹਿਸ ਲਈ ਮੁਲਤਵੀ ਕਰ ਦਿੱਤੀ ਹੈ ।

ਜ਼ਿਕਰਯੋਗ ਹੈ ਕਿ 12 ਅਕਤੂਬਰ 2015 ਨੂੰ ਬਰਗਾੜੀ ਵਿਖੇ ਪਾਵਨ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਗਲੀਆਂ ਵਿੱਚ ਖਿਲਾਰਨ ਵਾਲੇ ਮਾਮਲੇ ਵਿੱਚ ਐਸ ਆਈ ਟੀ ਵੱਲੋਂ ਗ੍ਰਿਫਤਾਰ ਕੀਤੇ ਡੇਰਾ ਪ੍ਰੇਮੀਆਂ ਪ੍ਰਦੀਪ ਕੁਮਾਰ ਅਤੇ ਨਿਸ਼ਾਨ ਸਿੰਘ ਵੱਲੋਂ ਇਲਾਕਾ ਮੈਜਿਸਟਰੇਟ ਮੈਡਮ ਤਰਜਨੀ ਦੀ ਅਦਾਲਤ ਵਿੱਚ ਚੱਲਦੇ ਮੁਕੱਦਮੇ ਤੱਕ ਜ਼ਮਾਨਤ 'ਤੇ ਰਿਹਾਅ ਕਰਨ ਦੀ ਮੰਗ ਕੀਤੀ ਹੈ ਜਿਸ 'ਤੇ ਅਦਾਲਤ ਨੇ ਦੋਨਾਂ ਵਕੀਲਾਂ ਦੀ ਆਪਸ ਵਿੱਚ ਬਹਿਸ ਸੁਣਨ ਉਪਰੰਤ ਪ੍ਰਦੀਪ ਸਿੰਘ ਅਤੇ ਨਿਸ਼ਾਨ ਸਿੰਘ ਨੂੰ ਜ਼ਮਾਨਤ ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਡੇਰਾ ਪ੍ਰੇਮੀ ਸੁਖਜਿੰਦਰ ਸਿੰਘ ਸੰਨੀ, ਰਣਜੀਤ ਸਿੰਘ ਭੋਲਾ, ਬਲਜੀਤ ਸਿੰਘ ਤੇ ਸ਼ਕਤੀ ਸਿੰਘ ਨੂੰ ਪਹਿਲਾਂ ਚਲਦੇ ਮੁਕੱਦਮੇ ਤੱਕ ਜ਼ਮਾਨਤ ਮਿਲ ਚੁੱਕੀ ਹੈ


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ

WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA

American Red Cross

Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਣਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ

(Download Sub Rang Radio station application)

Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਸ਼ਮਸ਼ਾਨ ਘਾਟ ਦੇ ਬਾਹਰ ਹੋਏ ਹਮਲੇ ਵਿੱਚ 4 ਸਾਲਾ ਬੱਚੀ ਸਮੇਤ 5 ਜ਼ਖਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :- ਇੰਡਿਆਨਾਪੋਲਿਸ, ਇੰਡਿਆਨਾ ਦੇ ਇਕ ਸ਼ਮਸ਼ਾਨਘਾਟ ਦੇ ਬਾਹਰਵਰ ਇਕ ਹਮਲਾਵਰ ਨੇ ਗੋਲੀਆਂ ਚਲਾ ਕੇ ਇਕ 4 ਸਾਲ ਦੀ ਲੜਕੀ ਸਮੇਤ 5 ਜਣਿਆਂ ਨੂੰ ਜ਼ਖਮੀ ਕਰ ਦਿੱਤਾ।

ਇੰਡਿਆਨਾਪੋਲਿਸ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਜਨ ਸੂਚਨਾ ਅਧਿਕਾਰੀ ਗੇਨੇ ਕੁੱਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਇਹ ਘਟਨਾ 30ਵੀਂ ਸਟਰੀਟ ਦੇ ਪੱਛਮੀ 1100 ਬਲਾਕ ਵਿਚ ਵਾਪਰੀ। 4 ਸਾਲ ਦੀ ਬੱਚੀ ਨੂੰ ਬੱਚਿਆਂ ਦੇ ਰੀਲੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਕ 16 ਸਾਲ ਦੀ ਲੜਕੀ ਨੂੰ ਐਸਕੇਨਾਜ਼ੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਸ ਦੀ ਹਾਲਤ ਸਥਿਰ ਹੈ। ਹਸਪਤਾਲ ਵਿਚ ਦਾਖਲ ਬਾਕੀ 3 ਦੀ ਹਾਲਤ ਵੀ ਸਥਿਰ ਦੱਸੀ ਜਾ ਰਹੀ ਹੈ। ਕੁੱਕ ਨੇ ਕਿਹਾ ਹੈ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਕ ਅਣਪਛਾਤਾ ਵਿਅਕਤੀ ਇਕ ਕਾਰ ਵਿਚੋਂ ਉਤਰ ਕੇ ਸ਼ਮਸ਼ਾਨਘਾਟ ਦੇ ਬਾਹਰ ਕਾਰ ਪਾਰਕਿੰਗ ਵਿਚ ਖੜੀ ਦੂਸਰੀ ਗੱਡੀ ਕੋਲ ਗਿਆ ਜਿਥੇ ਉਸ ਦੀ ਇਕ ਹੋਰ ਵਿਅਕਤੀ ਨਾਲ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋਈ। ਉਪਰੰਤ ਉਸ ਅਣਪਛਾਤੇ ਵਿਅਕਤੀ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ । ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਇਹ ਅਣਪਛਾਤਾ ਵਿਅਕਤੀ



ਘਟਨਾ ਸਥਾਨ ਤੋਂ ਫਰਾਰ ਹੋ ਗਿਆ ਜਿਸ ਦੀ ਪੁਲਿਸ ਭਾਲ ਕਰ ਰਹੀ ਹੈ। ਕੁੱਕ ਨੇ ਇਹ ਵੀ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਕ ਜਾਂ ਦੋ ਵਿਅਕਤੀ ਸ਼ਮਸ਼ਾਨਘਾਟ ਦੇ ਅੰਦਰ ਜ਼ਖਮੀ ਹੋਏ ਹਨ ਤੇ ਅਣਪਛਾਤੇ ਹਮਲਾਵਰ ਦੀ ਤਕਰਾਰ ਸ਼ਮਸ਼ਾਨਘਾਟ ਦੇ ਅੰਦਰ ਕਿਸੇ ਨਾਲ ਹੋਈ ਸੀ। ਉਨਾਂ ਕਿਹਾ ਕਿ ਇਨਾਂ ਵਿਅਕਤੀਆਂ ਦੀ ਘਟਨਾ ਵਿੱਚ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਇੰਡਿਆਨਾਪੋਲਿਸ ਦੇ ਮੇਅਰ ਜੋ ਹੋਗਸੈਟ ਨੇ ਇਕ ਬਿਆਨ ਵਿਚ ਘਟਨਾ ਉਪਰ ਦੁੱਖ ਪ੍ਰਗਟ ਕੀਤਾ ਹੈ। ਉਨਾਂ ਕਿਹਾ ਹੈ ਕਿ ਇਹ ਇਕ ਕਾਇਰਤਾ ਵਾਲੀ ਕਾਰਵਾਈ ਹੈ। ਇਸ ਵੇਲੇ ਅਸੀਂ ਜ਼ਖਮੀ ਵਿਅਕਤੀਆਂ ਤੇ ਉਨਾਂ ਦੇ ਪਰਿਵਾਰਾਂ ਨਾਲ ਖੜੇ ਹਾਂ।

# ਕੋਵਿਡ ਟੀਕਾਕਰਨ ਨਾ ਕਰਵਾਉਣ ਵਾਲੇ ਲੋਕਾਂ ਨਾਲ ਭਰ ਰਹੇ ਹਨ ਹਸਪਤਾਲ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :- ਅਮਰੀਕਾ ਦੇ ਲੁਸਿਆਨਾ ਤੇ ਜਾਰਜੀਆ ਰਾਜਾਂ ਵਿਚ ਕੋਵਿਡ ਵੈਕਸੀਨ ਲਵਾਉਣ ਦੀ ਦਰ ਘੱਟ ਹੈ ਜਿਸ ਕਾਰਨ ਦੇਸ਼ ਦੇ ਕੁਲ ਮਰੀਜ਼ਾਂ ਵਿਚੋਂ ਤਕਰੀਬਨ 40% ਮਰੀਜ਼ ਇਨਾਂ ਦੋ ਰਾਜਾਂ ਵਿਚ ਹਨ। ਡੈਲਟਾ ਵਾਇਰਸ ਜਿਆਦਾਤਰ ਉਨਾਂ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਜਿਨਾਂ ਨੇ ਟੀਕਾਕਰਨ ਨਹੀਂ ਕਰਵਾਇਆ ਹੈ। ਜਾਰਜੀਆ ਵਿਚ 25 ਮੈਡੀਕਲ ਸੈਂਟਰ ਅਜਿਹੇ ਹਨ ਜਿਥੇ ਮਰੀਜ਼ਾਂ ਨੂੰ ਦਾਖਲ ਕਰਨ ਲਈ ਜਗਾ ਨਹੀਂ ਬਚੀ ਹੈ ਬਾਵਜੂਦ ਇਸ ਦੇ ਕਿ ਕਾਨਫਰੰਸ ਕਮਰਿਆਂ ਤੇ ਆਡੀਟੋਰੀਅਮ ਵਿਚ ਵੀ ਬੈੱਡ ਲਵਾ ਦਿੱਤੇ ਗਏ ਹਨ। ਇਸ ਵੇਲੇ ਰਾਜ ਦੇ ਮੈਡੀਕਲ ਸੈਂਟਰਾਂ ਵਿਚ ਦਾਖਲ ਮਰੀਜ਼ਾਂ ਦੀ ਗਿਣਤੀ ਵਧ ਕੇ 2600 ਹੋ ਗਈ ਹੈ। ਲੁਸਿਆਨਾ ਦੇ ਹਸਪਤਾਲਾਂ ਵਿਚ 2350 ਕੋਵਿਡ ਮਰੀਜ਼ ਦਾਖਲ ਹਨ। ਫਲੋਰੀਡਾ ਵਿਚ ਕੁਲ 12000 ਤੋਂ ਵਧ ਮਰੀਜ਼ਾਂ ਵਿਚੋਂ ਤਕਰੀਬਨ 2500 ਇੰਟੈਨਸਿਵ ਕੇਅਰ ਯੁਨਿਟਾਂ ਵਿਚ ਰਖੇ ਗਏ ਹਨ। ਰਾਜ ਵਿਚ ਹੋਰ ਮਰੀਜ਼ਾਂ ਦੀਆਂ ਸਰਜਰੀਆਂ ਨੂੰ ਅੱਗੇ ਪਾ ਦਿੱਤਾ ਗਿਆ ਹੈ। ਲੁਸਿਆਨਾ ਤੇ ਜਾਰਜੀਆ ਵਿਚ ਵੈਕਸੀਨੇਸ਼ਨ ਦੀ ਦਰ 38% ਦੇ ਆਸ ਪਾਸ ਹੈ ਜਦ ਕਿ ਫਲੋਰੀਡਾ ਵਿਚ ਇਹ ਦਰ 49% ਹੈ। ਰਾਸ਼ਟਰਪਤੀ ਜੋ ਬਾਈਡਨ ਨੇ ਵਧ ਰਹੇ ਕੋਵਿਡ ਮਾਮਲਿਆਂ ਨੂੰ ਟੀਕਾਕਰਨ ਨਾ ਕਰਵਾਉਣ ਵਾਲੇ ਲੋਕਾਂ ਦੀ ਮਹਾਂਮਾਰੀ ਦਾ ਨਾਂ ਦਿੱਤਾ ਹੈ।

# ਅਮਰੀਕਾ ’ਚ ਸਟੋਰ ’ਤੇ ਕੰਮ ਕਰਦੇ ਪੰਜਾਬੀ ਨੂੰ ਗੋਲੀ ਮਾਰੀ

**ਬੇਗੋਵਾਲ/ਏ.ਟੀ.ਨਿਊਜ਼** : ਅਮਰੀਕਾ ਦੇ ਸੂਬੇ ਜੌਰਜੀਆ ’ਚ ਆਪਣੇ ਸਟੋਰ ’ਤੇ ਕੰਮ ਕਰ ਰਹੇ 37 ਸਾਲਾ ਪੰਜਾਬੀ ਨੌਜਵਾਨ ਨੂੰ ਉੱਥੇ ਆਏ ਵਿਅਕਤੀ ਵਲੋਂ ਗੋਲੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸ ਦੇਈਏ ਕਿ ਪੀੜਤ ਨੌਜਵਾਨ ਕਰਨਜੀਤ ਸਿੰਘ ਜ਼ਿਲਾ ਕਪੂਰਥਲਾ ’ਚ ਪੈਂਦੇ ਹਲਕਾ ਭੁਲੱਥ ਦੇ ਸ਼ਹਿਰ ਬੇਗੋਵਾਲ ਦਾ ਰਹਿਣ ਵਾਲਾ ਹੈ, ਜਿਸ ਦੇ ਪਿਤਾ ਬਲਵਿੰਦਰ ਸਿੰਘ ਪੰਜਾਬ ਪੁਲਿਸ ਤੋਂ ਇੰਸਪੈਕਟਰ ਰਿਟਾਇਰਡ ਹਨ, ਜਿਨਾਂ ਸੰਪਰਕ ਕਰਨ ’ਤੇ ਦੱਸਿਆ ਕਿ ਕਰਨਜੀਤ ਸਿੰਘ ਸਾਲ 2009 ’ਚ ਅਮਰੀਕਾ ਗਿਆ ਸੀ, ਜੋ 4 ਸਾਲ ਬਾਅਦ ਪੱਕਾ ਹੋ ਕੇ ਪੰਜਾਬ ਪਰਤ ਆਇਆ ਤੇ ਸਾਲ 2014 ’ਚ ਉਸ ਦਾ ਵਿਆਹ ਕਰ ਦਿੱਤਾ ਗਿਆ।

ਉਨਾਂ ਦੱਸਿਆ ਕਿ ਹੁਣ ਕਰਨਜੀਤ ਆਪਣੀ ਪਤਨੀ ਤੇ 2 ਛੋਟੇ ਬੱਚਿਆਂ ਨਾਲ ਅਮਰੀਕਾ ਵਿਖੇ ਹੀ ਰਹਿ ਰਿਹਾ ਹੈ। ਉਨਾਂ ਦੱਸਿਆ ਕਿ ਬੀਤੇ ਦਿਨੀਂ ਅਮਰੀਕਨ ਸਮੇਂ ਮੁਤਾਬਕ 1 ਅਗਸਤ ਨੂੰ ਸਟੋਰ ਖੋਲਣ ਤੋਂ ਬਾਅਦ ਕਰਨਜੀਤ ਉੱਥੇ ਮੌਜੂਦ ਸੀ ਕਿ ਅਚਾਨਕ ਅਮਰੀਕਨ ਬਸ਼ਿੰਦਾ ਕਾਲਾ ਆਇਆ ਜਿਸ ਨੇ ਕਰਨਜੀਤ ਦੇ ਗੋਲੀ ਮਾਰ ਦਿੱਤੀ, ਜਿਸ ਤੋਂ ਬਾਅਦ ਕਰਨਜੀਤ ਹੁਣ ਨਾਰਥ ਈਸਟ ਜੌਰਜੀਆ ਮੈਡੀਕਲ ਸੈਂਟਰ ’ਚ ਜ਼ੇਰੇ ਇਲਾਜ ਹੈ, ਜਿੱਥੇ ਡਾਕਟਰਾਂ ਅਨੁਸਾਰ ਗੋਲੀ ਕਰਨਜੀਤ ਦੇ ਢਿੱਡ ’ਚ ਲੱਗਣ ਤੋਂ ਬਾਅਦ ਸੱਜੇ ਪੱਟ ’ਚ ਚਲੀ ਗਈ। ਉਨਾਂ ਦੱਸਿਆ ਕਿ ਡਾਕਟਰਾਂ ਨੇ ਪੇਟ ਦਾ ਆਪ੍ਰੇਸ਼ਨ ਕਰ ਦਿੱਤਾ ਹੈ ਤੇ ਅਗਲੇਰਾ ਇਲਾਜ ਜਾਰੀ ਹੈ। ਉਨਾਂ ਹੋਰ ਦੱਸਿਆ ਕਿ ਗੋਲੀ ਮਾਰਨ ਵਾਲੇ ਨੂੰ ਅਮਰੀਕਨ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

# ਧੀ ਵੱਲੋਂ ਉਲੰਪਿਕ ਤਮਗਾ ਜਿੱਤਣ ਉਪਰੰਤ ਮਾਂ ਨੇ ਦੁਨੀਆ ਨੂੰ ਕਿਹਾ ਅਲਵਿਦਾ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :- ਟੋਕੀਓ ਉਲੰਪਿਕ ਦਾ ਗੋਲਾ ਸੁੱਟਣ ਦੇ ਮੁਕਾਬਲੇ ਦਾ ਸਿੱਧਾ ਪ੍ਰਸਾਰਣ ਵੇਖ ਰਹੀ ਕਲਾਰੀਸਾ ਸੈਂਡਰਜੋ ਨੂੰ ਆਪਣੀ ਧੀ ਦੇ ਪ੍ਰਦਰਸ਼ਨ ਤੋਂ ਏਨੀ ਖੁਸ਼ ਹੋਈ ਕਿ ਉਹ ਇਸ ਦੁਨੀਆ ਨੂੰ ਹੀ ਅਲਵਿਦਾ ਕਹਿ ਗਈ। ਉਸ ਦੀ ਧੀ ਰਾਵਨ ਸੈਂਡਰਜ ਨੇ ਗੋਲਾ ਸੁੱਟਣ ਵਿੱਚ ਦੂਸਰੇ ਸਥਾਨ ’ਤੇ ਰਹਿ ਕੇ ਚਾਂਦੀ ਦਾ ਤਮਗਾ ਜਿੱਤਿਆ। ਉਸ ਦੀ ਮਾਂ ਟੋਕਿਓ-2020 ਵੇਖਣ ਲਈ ਓਰਲੈਂਡੋ ਵਿਚ ਸੀ। ਇਥੇ ਅਮਰੀਕੀ ਅਥਲੀਟਾਂ ਦੇ ਪਰਿਵਾਰਾਂ ਲਈ ਉਲੰਪਿਕ ਮੁਕਾਬਲੇ ਵੇਖਣ ਵਾਸਤੇ ਵਿਸ਼ੇਸ਼ ਤੌਰ ’ਤੇ ਪ੍ਰਬੰਧ ਕੀਤਾ ਗਿਆ ਸੀ। ਕਲਾਰੀਸਾ ਸੈਂਡਰਜ ਆਪਣੀ ਧੀ ਦਾ ਪ੍ਰਦਰਸ਼ਨ ਵੇਖਣ ਲਈ ਬਹੁਤ ਉਤਾਵਲੀ ਸੀ। ਉਸ ਦੀ ਦੂਸਰੀ ਬੇਟੀ ਤਨਜ਼ਾਨੀਆ ਵੀ ਨਾਲ ਸੀ। ਧੀ ਨੂੰ ਤਮਗਾ ਜਿੱਤਦਿਆਂ ਵੇਖਕੇ ਉਹ ਬੇਹੱਦ ਖੁਸ਼ ਹੋਈ ਪ੍ਰੰਤੂ ਕੁਝ ਸਮੇ ਬਾਅਦ ਉਹ ਇਸ ਦੁਨੀਆ ਵਿਚ ਨਹੀਂ ਰਹੀ। ਹਾਲਾਂਕਿ ਅਜੇ ਤੱਕ ਉਸ ਦੀ ਮੌਤ ਦੇ ਕਾਰਨ ਦਾ ਪਤਾ ਨਹੀਂ ਲੱਗਾ, ਪ੍ਰੰਤੂ ਮੈਚ ਵੇਖਣ ਤੋਂ ਪਹਿਲਾਂ ਉਹ ਬਿਲਕੁਲ ਠੀਕ ਠਾਕ ਸੀ। ਮਾਨਸਿਕ ਸਿਹਤ ਨਾਲ ਜੁੜੇ ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਕਈ ਵਾਰ ਜਿਆਦਾ ਖੁਸ਼ੀ ਵੀ ਮੌਤ ਦਾ ਕਾਰਨ ਬਣ ਸਕਦੀ ਹੈ। ਆਪਣੀ ਮਾਂ ਦੀ ਮੌਤ ਉਪਰੰਤ ਰਾਵਨ ਸੈਂਡਰਜ ਨੇ ਟਵੀਟ ਕੀਤਾ ਹੈ ਕਿ ਉਹ ਸੋਸ਼ਲ ਮੀਡੀਆ ਤੋਂ ਹਟ ਰਹੀ ਹੈ ਤਾਂ ਕਿ ਉਹ ਆਪਣੀ ਤੇ ਆਪਣੇ ਪਰਿਵਾਰ ਦੀ ਮਾਨਸਿਕ ਸਿਹਤ ਉਪਰ ਧਿਆਨ ਕੇਂਦ੍ਰਿਤ ਕਰ ਸਕੇ। ਉਸ ਨੇ ਲਿਖਿਆ ਹੈ ਉਸ ਦੀ ਮਾਂ ਮਹਾਨ ਔਰਤ ਸੀ, ਉਹ ਜਿੰਦਗੀ ਭਰ ਹਮੇਸ਼ਾ ਮੇਰੇ ਅੰਗ ਸੰਗ ਰਹੇਗੀ। ਉਸ ਨੇ ਲਿਖਿਆ ਹੈ ‘ਮਾਂ ਮੈਂ ਹਮੇਸ਼ਾ ਤੈਨੂੰ ਪਿਆਰ ਕਰਦੀ ਰਹਾਂਗੀ ਤੂੰ ਮੇਰਾ ਆਹਲਾ ਦਰਜੇ ਦਾ ਪਾਲਣ ਪੋਸ਼ਣ ਕੀਤਾ।’



## ਸ੍ਰੀ ਅਕਾਲ ਤਖਤ ਸਾਹਿਬ ’ਤੇ ਹੋਈ ਪੰਥਕ ਇਕੱਤਰਤਾ ਦੇ ਸੰਦਰਭ ਵਿੱਚ

# ਸਰਬ ਉੱਚ ਸਿੱਖ ਸੰਸਥਾਵਾਂ ਦਾ ਦੁਰ-ਉਪਯੋਗ ਕਿਉਂ ?



**ਬਘੇਲ ਸਿੰਘ ਪੱਤਰਕਾਰ**

**99142-58142**

ਕੋਈ ਸਮਾਂ ਸੀ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਹੁਕਮਾਂ ਸਾਹਮਣੇ ਖਾਲਸਾ ਦਰਬਾਰ ਲਾਹੌਰ ਦਾ ਸਿੱਖ ਬਾਦਸ਼ਾਹ ਬੇਬੱਸ ਹੋ ਜਾਂਦਾ ਸੀ। ਉਹ ਵੀ ਸਮਾਂ ਸੀ ਜਦੋਂ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਬਾਦਸਾਹ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਤਨ ਦੇ ਕੱਪੜੇ ਉਤਾਰ ਕੇ ਦਰਖਤ ਨਾਲ ਨੂੜ ਦਿੱਤਾ ਸੀ ਤੇ ਕੋੜੇ ਮਾਰਨ ਦੀ ਸਖਤ ਸਜਾ ਸੁਣਾਈ ਸੀ ਅਤੇ ਉਹ ਵੀ ਸਮਾਂ ਸੀ ਜਦੋਂ ਸਿੱਖ ਬਾਦਸਾਹ ਨੂੰ ਨੂੜ ਕੇ ਪੰਥਕ ਰਹੁਰੀਤਾਂ ਅਨੁਸਾਰ ਸਜ਼ਾ ਦੇਣ ਵਾਲਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਬਾਬਾ ਫੂਲਾ ਸਿੰਘ ਅਕਾਲੀ ਅਪਣੀ ਕੌਮ ਦੇ ਰਾਜ ਭਾਗ ਨੂੰ ਬਚਾਉਣ ਲਈ ਸ਼ਹਾਦਤ ਦਾ ਅਮ੍ਰਿਤ ਪੀ ਗਿਆ। ਇਸ ਸਾਰੇ ਵਰਤਾਰੇ ਵਿਚ ਨਾ ਕਿਧਰੇ ਲਾਲਚ ਸੀ, ਨਾ ਰਾਜ ਸੱਤਾ ਦਾ ਡਰ ਸੀ ਅਤੇ ਨਾ ਹੀ ਖਾਲਸਾ ਰਾਜ ਨਾਲ ਕੋਈ ਨਿੱਜੀ ਰੰਜਿਸ਼, ਬਲਕਿ ਦੋਨੋਂ ਪਾਸੇ ਹੀ ਆਪੋ ਆਪਣੇ ਰੁਤਬਿਆਂ ਤੋਂ ਪਹਿਲਾਂ ਆਪਣੇ ਗੁਰੂ ਦਾ ਭੈਅ, ਸਿਧਾਂਤ ਅਤੇ ਕੌਮ ਦੀ ਚੜਦੀ ਕਲਾ ਦਾ ਸੰਕਲਪ ਹੀ ਜੀਵਨ ਜਾਚ ਦਾ ਹਿੱਸਾ ਸਨ, ਪਰ ਮੌਜੂਦਾ ਹਾਲਾਤਾਂ ਵਿੱਚ ਅਜਿਹਾ ਕੁੱਝ ਵੀ ਨਹੀਂ। ਅੱਜ ਦੇ ਪੰਥਕ ਹਲਾਤ ਬਾਬਾ ਫੂਲਾ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਬਿਲਕੁਲ ਉਲਟ ਹੋ ਚੁੱਕੇ ਹਨ। ਨਾ ਹੀ ਅੱਜ ਹਾਕਮ ਨੂੰ ਗੁਰੂ ਦਾ ਭੈਅ ਰਿਹਾ ਹੈ ਅਤੇ ਨਾ ਹੀ ਜਥੇਦਾਰ ਮੀਰੀ ਪੀਰੀ ਦੇ ਸਿਧਾਂਤ ’ਤੇ ਪਹਿਰਾ ਦੇਣ ਦੇ ਕਾਬਲ ਰਹੇ ਹਨ। ਹਰ ਪਾਸੇ ਲੋਭ ਲਾਲਸਾ ਦਾ ਬੋਲਬਾਲਾ ਹੈ। ਪਿਛਲੇ ਦਿਨੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪੰਥਕ ਧਿਰਾਂ ਦੀ ਬੁਲਾਈ ਗਈ ਬੈਠਕ ਨੇ ਬਹੁਤ ਸਾਰੇ ਸਵਾਲ ਖੜੇ ਕਰ ਦਿੱਤੇ ਹਨ। ਬਹੁਤ ਸਾਰੇ ਨਵੇਂ ਭਰਮ ਭੁਲੇਖੇ ਪੈਦਾ ਹੋਏ ਹਨ ਅਤੇ ਬਹੁਤ ਕੁੱਝ ਸਪੱਸ਼ਟ ਵੀ ਹੋਇਆ ਹੈ। ਇੱਕੋ ਪਰਿਵਾਰ ਅਤੇ ਇੱਕੋ ਪਾਰਟੀ ਦੇ ਏਜੰਡੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਮੋਹਰ ਨਾਲ ਸਰਬ ਪਰਵਾਨਿਤ ਹੋਣ ਦਾ ਸਰਟੀਫਿਕੇਟ ਦੇ ਕੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬੇਅਦਬੀ ਦੇ ਲੱਗੇ ਦਾਗ ਇਧਰੋਂ ਧੋ ਕੇ ਦੂਜੇ ਪਾਸੇ ਲਾਉਣ ਦਾ ਯਤਨ ਪੰਥਕ ਰਹੁਰੀਤਾਂ ਨਾਲ ਕੀਤਾ ਗਿਆ ਖਿਲਵਾੜ ਹੈ, ਜੋ ਇਸ ਇੱਕਤਰਫਾ ਬੈਠਕ ਵਿੱਚ ਜੱਗ ਜਾਹਰ ਹੋਇਆ ਹੈ। ਪੰਥਕ ਮਸਲਿਆਂ ’ਤੇ ਵਿਚਾਰਾਂ ਕਰਨ ਲਈ ਬੁਲਾਈ ਗਈ ਇਸ ਪੰਥਕ ਇਕੱਤਰਤਾ ਵਿੱਚੋਂ ਪੰਥਕ ਧਿਰਾਂ ਅਤੇ ਸਿੱਖ ਸੋਚ ਵਾਲੇ ਬੁੱਧੀਜੀਵੀਆਂ ਦਾ ਗਾਇਬ ਹੋਣਾ ਸਾਫ ਦਰਸਾਉਂਦਾ ਹੈ ਕਿ ਇੱਥੇ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਾਹਿਬ ਨੇ ਇੱਕ ਵਾਰ ਫਿਰ ਅਪਣਾ ਰੁਤਬਾ ਬਣਾਈ ਰੱਖਣ ਦੇ ਲਾਲਚ ਵਿੱਚ ਇੱਕ ਪਰਿਵਾਰ ਨੂੰ ਖੁਸ਼ ਕਰਨ ਲਈ ਇਸ ਮਹਾਨ ਸੰਸਥਾ ਦੇ ਅਸੂਲਾਂ ਨਾਲ ਅਨਿਆਂ ਕੀਤਾ ਹੈ। ਇਸ ਇਕੱਤਰਤਾ ਵਿੱਚ ਹੋਈਆਂ ਵਿਵਾਦਤ ਤਕਰੀਰਾਂ ਨੂੰ ਸਿੰਘ ਸਾਹਿਬ ਵੱਲੋਂ ਕੰਡ ਨੀਵੀਂ ਕਰਕੇ ਸੁਣਦੇ ਰਹਿਣਾ, ਇਸ ਮਹਾਨ ਰੁਤਬੇ ਦਾ ਅਪਮਾਨ ਕਰਨ ਦੇ ਤੁੱਲ ਹੈ।ਉਹ ਇੱਕ ਵਾਰ ਫਿਰ ਸਮੁੱਚੇ ਪੰਥ ਦੀ ਅਗਵਾਈ ਕਰਨ ਵਿੱਚ ਅਸਫਲ ਸਿੱਧ ਹੋਏ ਹਨ। ਸਿੱਖਾਂ ਦੀ ਸਰਬ ਉੱਚ ਸੰਸਥਾ ਦੀ ਰਹਿਨੁਮਾਈ ਹੇਠ ਬੁਲਾਈ ਗਈ ਇਸ ਬੈਠਕ ਵਿੱਚ ਸਭ ਤੋਂ ਵੱਧ ਚਰਚਿਤ ਰਹੇ ਦੋ ਬੁਲਾਰਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਸਾਬਕਾ ਡੀ ਆਈ ਜੀ ਰਣਵੀਰ ਸਿੰਘ ਖਟੜਾ ਦਾ ਹੀ ਜ਼ਿਕਰ ਇਸ ਲਿਖਤ ਵਿੱਚ ਕੀਤਾ ਜਾਵੇਗਾ। ਇਸ ਬੈਠਕ ਦਾ ਮੁੱਖ ਮਨੋਰਥ ਬੇਅਦਬੀਆਂ ਦੇ ਮੁੱਖ ਦੋਸ਼ੀ ਮੰਨੇ ਜਾਂਦੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਨਵੀਂ ਬਣਾਈ ਗਈ ਸਿਟ ਦੇ ਮੁਖੀ ਏ ਆਈ ਜੀ ਸੁਰਿੰਦਰਪਾਲ ਸਿੰਘ ਪਰਮਾਰ ਵੱਲੋਂ ਦੋਸ਼ ਮੁਕਤ ਕਰ ਦਿੱਤੇ ਜਾਣ ਦੇ ਸੰਦੇਹ ਨੂੰ ਲੈ ਕੇ ਬੁਲਾਈ ਗਈ ਦੱਸਿਆ ਜਾ ਰਿਹਾ ਹੈ, ਜਿਸ ਸਬੰਧੀ ਏ ਆਈ ਜੀ ਪਰਮਾਰ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ, ਕਿ ਡੇਰਾ ਮੁਖੀ ਦਾ ਨਾਮ ਨਹੀਂ ਕੱਢਿਆ ਗਿਆ। ਪ੍ਰੰਤੂ ਫਿਰ ਵੀ ਸਿੰਘ ਸਾਹਿਬ ਵੱਲੋਂ ਤਤਕਾਲੀ ਜਾਂਚ ਅਧਿਕਾਰੀ ਅਤੇ ਸਾਬਕਾ ਡੀ ਆਈ ਜੀ ਰਣਵੀਰ ਸਿੰਘ ਖਟੜਾ ਨੂੰ ਵਿਸ਼ੇਸ਼ ਤੌਰ ’ਤੇ ਬੁਲਾਇਆ ਗਿਆ ਸੀ। ਇਸ ਬੈਠਕ ਦੌਰਾਨ ਖਟੜਾ ਵੱਲੋਂ ਜੋ ਕੁਝ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਹੋਈ ਬੈਠਕ ਵਿੱਚ ਬੋਲਿਆ ਗਿਆ, ਉਹਦੇ ਨਾਲ ਭਰਮ ਭੁਲੇਖੇ ਦੂਰ ਹੋਣ ਦੀ ਬਜਾਏ ਹੋਰ ਵਧ ਗਏ ਹਨ। ਸ੍. ਖਟੜਾ ਵੱਲੋਂ ਜਿੱਥੇ ਡੇਰਾ ਮੁਖੀ ਨੂੰ ਬਾਹਰ ਕਰ ਦਿੱਤੇ ਜਾਣ ਬਾਰੇ ਕਿਹਾ ਗਿਆ ਹੈ,ਓਥੇ ਕੋਟਕਪੂਰਾ ਦੇ ਨਜਦੀਕੀ ਪਿੰਡ ਪੰਜ ਗਰਾਈਆਂ ਦੇ ਉਨਾਂ ਦੋ ਸਿੱਖ ਨੌਜਵਾਨ ਭਰਾਵਾਂ ਤੇ ਵੀ ਗੰਭੀਰ ਦੋਸ਼ ਲਾਏ ਗਏ ਹਨ, ਜਿਹੜੇ ਬੇਅਦਬੀ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਸਨ। ਇਨਾਂ ਨੌਜਵਾਨਾਂ ਨੂੰ ਖੁਦ ਰਣਵੀਰ ਖਟੜਾ ਨੇ ਬਤੌਰ ਜਾਂਚ ਅਧਿਕਾਰੀ ਅਣ ਮਨੁੱਖੀ ਤਸੀਹੇ ਦਿੱਤੇ ਸਨ, ਜਿਸ ਕਾਰਨ ਉਨਾਂ ਵਿਚੋਂ ਇੱਕ ਨੌਜਵਾਨ ਰੁਪਿੰਦਰ ਸਿੰਘ ਦੀ ਰੀੜ ਦੀ ਹੱਡੀ ਦੇ ਮਣਕੇ ਹਿੱਲ ਗਏ ਸਨ। ਇਨਾਂ ਨੌਜਵਾਨਾਂ ਤੇ ਪੁਲਿਸ ਕਾਰਵਾਈ ਅਤੇ ਅੱਤਿਆਚਾਰ ਦੇ ਖਿਲਾਫ ਸਿੱਖਾਂ ਵਿੱਚ ਭਾਰੀ ਰੋਹ ਫੈਲ ਗਿਆ ਸੀ, ਜਿਸ ਕਰਕੇ ਉਪਰੋਕਤ ਨੌਜਵਾਨਾਂ ਨੂੰ ਰਿਹਾਅ ਕਰਨਾ ਪਿਆ ਸੀ। ਖਟੜਾ ਦੇ ਭਾਸ਼ਨ ਵਿੱਚ ਜਿੱਥੇ ਉਪਰੋਕਤ ਦੋ ਨੌਜਵਾਨਾਂ ਤੇ ਦੋਸ਼ ਲਾਏ ਗਏ, ਓਥੇ ਵਾਰ ਵਾਰ ਡੇਰਾ ਪ੍ਰੇਮੀਆਂ ਨੂੰ ਵੀ ਦੋਸ਼ੀ ਠਹਿਰਾਇਆ ਜਾਂਦਾ ਰਿਹਾ, ਜਿਸ ਕਾਰਨ ਉਨਾਂ ਦੇ ਭਾਸ਼ਣ ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਸਾਬਕਾ ਡੀ ਆਈ ਜੀ ਖਟੜਾ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਖੜੇ ਹੋਕੇ ਪੈਦਾ ਕੀਤੇ ਨਵੇਂ ਭਰਮ ਭੁਲੇਖੇ ਇਹ ਸਪੱਸ਼ਟ ਇਸ਼ਾਰਾ ਕਰਦੇ ਹਨ ਕਿ ਡੀ ਆਈ ਜੀ ਖਟੜਾ ਵੱਲੋਂ ਇਹ ਕੁਫਰ ਦਾ ਤਾਣਾ ਬਾਣਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਖਾਸ ਧਿਰ ਨੂੰ ਫਾਇਦਾ ਪਹੁੰਚਾਉਣ ਅਤੇ ਖੁਦ ਸਿਆਸੀ ਲਾਭ ਲੈਣ ਲਈ ਬੁਣਿਆ ਜਾ ਰਿਹਾ ਹੈ, ਜਦੋਂਕਿ ਖਟੜਾ ਦੇ ਭਾਸ਼ਣ ’ਤੇ ਇਹ ਵੀ ਸਵਾਲ ਉੱਠ ਰਹੇ ਹਨ ਕਿ ਜੇਕਰ ਪੰਜਗਰਾਈਆਂ ਵਾਲੇ ਦੋ ਗੁਰ ਸਿੱਖ ਭਰਾ ਦੋਸ਼ੀ ਸਨ ਤਾਂ ਉਨਾਂ ਨੂੰ ਛੱਡਿਆ ਕਿਉਂ ਗਿਆ, ਜਿਹੜੀ ਉਹ ਨਾਰਕੋ ਟੈਸਟਾਂ ਦੀ ਅੱਜ ਗੱਲ ਕਰ ਰਹੇ ਹਨ, ਇਹ ਟੈਸਟ ਉਨਾਂ ਵੱਲੋਂ ਕਿਉਂ ਨਹੀਂ ਕਰਵਾਏ ਗਏ ? ਉਨਾਂ ਵੱਲੋਂ ਭਾਵੇਂ ਦੋਵਾਂ ਨੌਜਵਾਨਾਂ ਨੂੰ ਦੋਸ਼ੀ ਠਹਿਰਾਉਣ ਸਬੰਧੀ ਪੂਰਾ ਜ਼ੋਰ ਦਿੱਤਾ ਗਿਆ, ਪ੍ਰੰਤੂ ਉਹ ਇਹ ਵੀਜ਼ਜੋਰ ਦੇ ਕੇ ਕਹਿੰਦੇ ਸੁਣੇ ਗਏ ਕਿ ਅਸਲ ਦੋਸ਼ੀ ਡੇਰਾ ਪ੍ਰੇਮੀ ਅਤੇ ਡੇਰਾ ਮੁਖੀ ਹੀ ਹੈ, ਕਿਉਂਕਿ ਡੇਰਾ ਪ੍ਰੇਮੀ ਉਨਾਂ ਕੋਲ ਖੁਦ ਮੰਨੇ ਸਨ ਕਿ ਉਨਾਂ ਨੂੰ ਅਜਿਹਾ ਕਰਨ ਲਈ ਡੇਰਾ ਮੁਖੀ ਵੱਲੋਂ ਹੀ ਕਿਹਾ ਗਿਆ ਸੀ। ਇੱਥੇ ਫਿਰ ਸਵਾਲ ਉੱਠਦਾ ਹੈ ਕਿ ਜਦੋਂ ਡੇਰਾ ਪ੍ਰੇਮੀਆਂ ਨੇ ਇਹ ਸਵੀਕਾਰ ਕਰ ਲਿਆ ਸੀ, ਫਿਰ ਉਸ ਮੌਕੇ ਸ੍. ਖਟੜਾ ਨੇ ਡੇਰਾ ਮੁਖੀ ’ਤੇ ਕਾਰਵਾਈ ਕਿਉਂ ਨਾ ਕੀਤੀ ? ਡੀ ਆਈ ਜੀ ਖਟੜਾ ਨੇ ਉਸ ਮੌਕੇ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਦੋ ਸਿੱਖ ਨੌਜਵਾਨਾਂ ਸਬੰਧੀ ਕੁੱਝ ਵੀ ਬੋਲਣ ਤੋਂ ਮੁਕੰਮਲ ਪਾਸਾ ਵੱਟੀ ਰੱਖਿਆ। ਸੋ ਖਟੜਾ ਨੇ ਇਸ ਮਸਲੇ ਨੂੰ ਇੱਕ ਖਾਸ ਧਿਰ ਨੂੰ ਬਚਾਉਣ ਖਾਤਰ ਮਸਲੇ ਨੂੰ ਸੁਲਝਾਉਣ ਦੀ ਬਜਾਏ ਹੋਰ ਉਲਝਾ ਦਿੱਤਾ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸ੍. ਖਟੜਾ ਦਾ ਸਪੁੱਤਰ ਸਤਵੀਰ ਸਿੰਘ ਖਟੜਾ ਅਕਾਲੀ ਦਲ (ਬਾਦਲ) ਨਾਲ ਸਬੰਧਤ ਹੈ ਅਤੇ ਉਹ ਅਕਾਲੀ ਦਲ (ਬਾਦਲ) ਦੀ ਟਿਕਟ ਤੋਂ ਵਿਧਾਨ ਸਭਾ ਦੀ ਚੋਣ ਵੀ ਲੜ ਚੁੱਕੇ ਹਨ। ਉੱਧਰ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਜਿਸ ਤਰਾਂ ਦੀ ਭਾਸ਼ਾ ਦਾ ਉਪਯੋਗ ਉੱਘੇ ਸਿੱਖ ਪ੍ਰਚਾਰਕ ਭਾਈ ਹਰਜਿੰਦਰ ਸਿੰਘ ਮਾਝੀ ਦੇ ਖਿਲਾਫ ਕੀਤਾ ਗਿਆ ਹੈ, ਉਹ ਜਿੱਥੇ ਬੇਹੱਦ ਹੀ ਨਿੰਦਣਯੋਗ ਹੈ, ਓਥੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਹਾਜ਼ਰੀ ਵਿੱਚ ਇੱਕ ਗੁਰਮਤਿ ਦੇ ਪ੍ਰਚਾਰਕ ਖਿਲਾਫ ਬੋਲੇ ਗਏ ਅਪਸ਼ਬਦਾਂ ਬਦਲੇ ਬੀਬੀ ਜਗੀਰ ਕੌਰ ਨੂੰ ਨਾ ਵਰਜਣਾ ਉਨਾਂ ਦੀ ਬੇਬਸੀ ਨੂੰ ਜਾਹਰ ਕਰਦਾ ਹੈ।ਬੇਸ਼ੱਕ ਗਿਆਨੀ ਹਰਪ੍ਰੀਤ ਸਿੰਘ ਪੜੇ ਲਿਖੇ ਹਨ, ਪਰ ਜਿੰਨੀ ਦੇਰ ਉਨਾਂ ਅੰਦਰ ਗਲਤ ਨੂੰ ਗਲਤ ਕਹਿਣ ਦਾ ਸਦਗੁਣ ਪੈਦਾ ਨਹੀਂ ਹੁੰਦਾ, ਸਭ ਕੁਝ ਵਿਅਰਥ ਸਮਝਿਆ ਜਾਂਦਾ ਰਹੇਗਾ। ਚਾਹੀਦਾ ਤਾਂ ਇਹ ਸੀ ਕਿ ਬੇਹੱਦ ਸੰਵੇਦਨਸ਼ੀਲ ਮਸਲੇ ’ਤੇ ਬੁਲਾਈ ਗਈ ਇਸ ਬੈਠਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਅਤੇ ਦੋ ਨੌਜਵਾਨਾਂ ਦੀ ਸ਼ਹਾਦਤ ਲਈ ਮੁੱਖ ਜਿੰਮੇਵਾਰ ਤਤਕਾਲੀ ਮੁੱਖ ਮੰਤਰੀ ਅਤੇ ਉੱਪ ਮੁੱਖ ਮੰਤਰੀ ਨੂੰ ਤਲਬ ਕੀਤਾ ਜਾਂਦਾ, ਪਰ ਜਿਹੜੇ ਜਥੇਦਾਰ ਸਾਹਿਬ ਰਣਵੀਰ ਖਟੜੇ ਨੂੰ ਇਹ ਸਵਾਲ ਨਾ ਕਰ ਸਕੇ, ਕਿ ਤੁਸੀਂ ਡੇਰਾ ਮੁਖੀ ’ਤੇ ਕਾਰਵਾਈ ਕਿਉਂ ਨਾ ਕੀਤੀ, ਉਨਾਂ ਤੋਂ ਹੋਰ ਕੀ ਉਮੀਦ ਰੱਖੀ ਜਾ ਸਕਦੀ ਹੈ। ਸੋ ਉਪਰੋਕਤ ਵਰਤਾਰੇ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਿੰਨੀ ਦੇਰ ਨਿੱਜੀ ਲੋਭ ਲਾਲਸਾ ਭਾਰੂ ਰਹੇਗੀ, ਪੰਥਕ ਸੋਚ ਦਾ ਉਭਾਰ ਸੰਭਵ ਨਹੀਂ ਹੈ।ਪੰਥਕ ਸੰਸਥਾਵਾਂ ਦਾ ਦੁਰ-ਉਪਯੋਗ ਵੀ ਇਸੇ ਤਰਾਂ ਹੁੰਦਾ ਰਹੇਗਾ।

**ਪੰਥਕ ਮੁੱਦਾ**

# ਭਾਰਤ ਵਿਚ ਵੱਧ ਰਹੀ ਭਿਖਾਰੀਆਂ ਦੀ ਗਿਣਤੀ

## ਸੁਪਰੀਮ ਕੋਰਟ ਵੱਲੋਂ ਚਿੰਤਾ ਪ੍ਰਗਟਾਈ , ਨੋਟਿਸ ਜਾਰੀ

**ਅੱਬਾਸ ਧਾਲੀਵਾਲ, ਮਲੇਰਕੋਟਲਾ**

**9855259650**

ਪਿਛਲੇ ਕੁਝ ਸਾਲਾਂ ਤੋਂ ਦੇਸ਼ ਅੰਦਰ ਭਿਖਾਰੀਆਂ ਦੀ ਗਿਣਤੀ ਵਿੱਚ ਅਥਾਹ ਵਾਧਾ ਵੇਖਣ ਨੂੰ ਮਿਲਿਆ ਹੈ। ਇਨਾਂ ਭਿਖਾਰੀਆਂ ’ਚੋਂ ਭਾਵੇਂ ਕਈ ਲੋਕ ਸਰੀਰਕ ਪੱਖੋਂ ਅਪਾਹਜ ਹੋਣ ਕਾਰਨ ਜਾਂ ਕੰਮ ਨਹੀਂ ਕਰ ਸਕਣ ਦੇ ਚੱਲਦਿਆਂ ਭੀਖ ਮੰਗ ਕੇ ਗੁਜ਼ਾਰਾ ਕਰਨ ਲਈ ਮਜਬੂਰ ਨੇ ਪਰ ਇਸ ਦੇ ਨਾਲ ਨਾਲ ਬਹੁਤ ਸਾਰੇ ਅਜਿਹੇ ਵੀ ਹਨ ਜੋ ਪੇਸ਼ੇਵਰ ਕਿਸਮ ਦੇ ਭਿਖਾਰੀ ਹਨ। ਪਿਛਲੇ ਦਿਨੀਂ ਭੀਖ ਮੰਗਣ ਦਾ ਮਾਮਲਾ ਸੁਪਰੀਮ ਕੋਰਟ ਵਿੱਚ ਪੁੱਜਾ। ਇਸ ਸੰਦਰਭ ਵਿੱਚ ਐਡਵੋਕੇਟ ਕੁਸ਼ ਕਾਲੜਾ ਨੇ ਇਕ ਲੋਕ ਹਿੱਤ ਪਟੀਸ਼ਨ ਦਾਇਰ ਕਰਦਿਆਂ ਮੰਗ ਕੀਤੀ ਹੈ ਕਿ ਕੋਰੋਨਾ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ ਟ੍ਰੈਫਿਕ ਜੰਕਸ਼ਨਾਂ, ਮਾਰਕਿਟ ਤੇ ਜਨਤਕ ਥਾਵਾਂ ’ਤੇ ਭੀਖ ਮੰਗਣ ’ਤੇ ਰੋਕ ਲਾਈ ਜਾਵੇ ਅਤੇ ਮੰਗਤਿਆਂ ਦਾ ਮੁੜ-ਵਸੇਬਾ ਕੀਤਾ ਜਾਵੇ। ਉਧਰ ਇਸ ਮਾਮਲੇ ’ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਭੀਖ ਮੰਗਣ ਨੂੰ ਸਮਾਜੀ-ਆਰਥਕ ਮੁੱਦਾ ਕਰਾਰ ਦਿੱਤਾ।

ਇਸ ਦੇ ਨਾਲ ਹੀ ਜਸਟਿਸ ਡੀ ਵਾਈ ਚੰਦਰਚੂੜ ਤੇ ਜਸਟਿਸ ਐੱਮ ਆਰ ਸ਼ਾਹ ਦੀ ਬੈਂਚ ਨੇ ਉਕਤ ਪਟੀਸ਼ਨ ‘ਤੇ ਸੁਣਵਾਈ ਕਰਦਿਆਂ ਕਿਹਾ ਤੁਹਾਡੀ ਪਹਿਲੀ ਬੇਨਤੀ ਗਲੀਆਂ ਵਿਚ ਮੰਗਣ ਵਾਲਿਆਂ ’ਤੇ ਰੋਕ ਲਾਉਣ ਦੀ ਹੈ। ਲੋਕ ਗਲੀਆਂ ਵਿਚ ਕਿਉਂ ਮੰਗਦੇ ਹਨ ? ਗ਼ਰੀਬੀ ਕਾਰਨ। ਸੁਪਰੀਮ ਕੋਰਟ ਇਲੀਟ (ਕੁਲੀਨ) ਵਰਗ ਦੇ ਨਜ਼ਰੀਏ ਨੂੰ ਨਹੀਂ ਅਪਣਾ ਸਕਦੀ। ਉਨਾਂ ਕੋਲ ਕੋਈ ਹੋਰ ਰਾਹ ਨਹੀਂ, ਮੰਗਣ ਨੂੰ ਕਿਸੇ ਦਾ ਮਨ ਨਹੀਂ ਕਰਦਾ। ਜਦੋਂ ਕੁਸ਼ ਕਾਲੜਾ ਵੱਲੋਂ ਪੇਸ਼ ਸੀਨੀਅਰ ਵਕੀਲ ਚਿਨਮਯ ਸ਼ਰਮਾ ਨੇ ਕਿਹਾ ਕਿ ਅਸਲ ਬੇਨਤੀ ਮੰਗਤਿਆਂ ਦੇ ਮੁੜ-ਵਸੇਬੇ ਤੇ ਉਨਾਂ ਨੂੰ ਕੋਰੋਨਾ ਤੋਂ ਬਚਾਉਣ ਲਈ ਤੇ ਉਨਾਂ ਦੇ ਟੀਕਾਕਰਨ ਦੀ ਹੈ, ਤਦ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੇ ਦਿੱਲੀ ਸਰਕਾਰ ਨੂੰ ਮੰਗਤਿਆਂ ਨੂੰ ਮੰਗਣ ਤੋਂ ਰੋਕਣ ਤੋਂ ਬਾਅਦ ਵਾਲੀ ਮੁੜ-ਵਸੇਬੇ ਤੇ ਟੀਕਾਕਰਨ ਦੀ ਬੇਨਤੀ ‘ਤੇ ਨੋਟਿਸ ਜਾਰੀ ਕਰਕੇ ਪੁੱਛਿਆ ਕਿ ਉਹ ਦੱਸਣ ਕਿ ਇਨਾਂ ਦੇ ਮੁੜ-ਵਸੇਬੇ ਤੇ ਟੀਕਾਕਰਨ ਲਈ ਉਹ ਕੀ ਕਰ ਰਹੀਆਂ ਹਨ। ਇਸ ਦੌਰਾਨ ਬੈਂਚ ਨੇ ਕਿਹਾ ਕਿ ਉਹ ਸੜਕਾਂ ਤੇ ਜਨਤਕ ਥਾਵਾਂ ਤੋਂ ਮੰਗਤਿਆਂ ਨੂੰ ਹਟਾਉਣ ਦਾ ਹੁਕਮ ਨਹੀਂ ਦੇ ਸਕਦੇ, ਕਿਉਂਕਿ ਸਿੱਖਿਆ ਤੇ ਰੁਜ਼ਗਾਰ ਦੀ ਘਾਟ ਕਰਕੇ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਲੋਕ ਆਮ ਤੌਰ ’ਤੇ ਸੜਕਾਂ ’ਤੇ ਭੀਖ ਮੰਗਣ ਲਈ ਮਜਬੂਰ ਹੁੰਦੇ ਹਨ ਤੇ ਇਸ ਤਰਾਂ ਨਾਲ ਉਸ ਦਾ ਹੱਲ ਨਹੀਂ ਕੀਤਾ ਜਾ ਸਕਦਾ।

ਬੈਂਚ ਨੇ ਕੇਂਦਰ ਤੇ ਦਿੱਲੀ ਸਰਕਾਰ ਤੋਂ ਦੋ ਹਫ਼ਤਿਆਂ ਵਿਚ ਜਵਾਬ ਮੰਗਿਆ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਵੀ ਸਹਾਇਤਾ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਇਹ ਸਰਕਾਰ ਦੀ ਸਮਾਜੀ ਕਲਿਆਣ ਨੀਤੀ ਦਾ ਇਕ ਵਿਆਪਕ ਮੁੱਦਾ ਹੈ, ਅਸੀਂ ਇਹ ਨਹੀਂ ਕਹਿ ਸਕਦੇ ਕਿ ਇਨਾਂ ਨੂੰ ਸਾਡੀਆਂ ਨਜ਼ਰਾਂ ਤੋਂ ਦੂਰ ਰੱਖੋ।



ਕੋਰਟ ਨੇ ਕਿਹਾ ਕਿ ਇਹ ਮੁੱਦਾ ਇਕ ਸਮਾਜੀ-ਆਰਥਕ ਸਮੱਸਿਆ ਹੈ ਤੇ ਕੌਮੀ ਰਾਜਧਾਨੀ ਵਿਚ ਮੰਗਤਿਆਂ ਤੇ ਬੇਘਰਿਆਂ ਦੇ ਟੀਕਾਕਰਨ ਵੱਲ ਕੇਂਦਰ ਤੇ ਦਿੱਲੀ ਸਰਕਾਰ ਨੂੰ ਫੌਰੀ ਧਿਆਨ ਦੇਣਾ ਚਾਹੀਦਾ ਹੈ। ਮੰਗਤੇ ਤੇ ਬੇਘਰੇ ਵੀ ਕੋਰੋਨਾ ਦੇ ਸੰਬੰਧ ‘ਚ ਹੋਰਨਾਂ ਲੋਕਾਂ ਦੀ ਤਰਾਂ ਡਾਕਟਰੀ ਸਹੂਲਤਾਂ ਦੇ ਹੱਕਦਾਰ ਹਨ।

**ਸਕੂਲਾਂ ’ਚ ਪੜਨ ਵਾਲਾ ਬਚਪਨ ਮੰਗ ਰਿਹਾ ਭੀਖ**

ਜੇਕਰ ਵੇਖਿਆ ਜਾਵੇ ਤਾਂ ਦੇਸ਼ ਵਿੱਚ ਭੀਖ ਮੰਗਣ ਦਾ ਰਿਵਾਜ ਆਮ ਹੁੰਦਾ ਜਾ ਰਿਹਾ ਹੈ। ਅਸੀਂ ਵੇਖਦੇ ਹਾਂ ਕਈ ਲੋਕ ਹੱਟੇ-ਕੱਟੇ ਅਤੇ ਤੰਦਰੁਸਤ ਹੁੰਦਿਆਂ ਹੋਇਆਂ ਵੀ ਗਲੀਆਂ ਮੁਹੱਲਿਆਂ ਵਿੱਚ ਭੀਖ ਮੰਗਦੇ ਫਿਰਦੇ ਹਨ। ਇਸ ਦੇ ਇਲਾਵਾ ਬਸ ਸਟੈਂਡ ਅਤੇ ਰੇਲਵੇ ਸਟੇਸ਼ਨਾਂ ਅਤੇ ਰੇਲ ਗੱਡੀਆਂ ਵਿੱਚ ਬੱਚੇ ਬੱਚੀਆਂ ਜਿਨਾਂ ਨੂੰ ਇਸ ਉਮਰ ਵਿਚ ਸਕੂਲਾਂ ਵਿੱਚ ਪੜਨ ਲਈ ਜਾਣਾ ਚਾਹੀਦਾ ਸੀ ਉਹ ਵੀ ਕਿਸੇ ਦੇ ਕਹਿਣ ਤੇ ਜਾਂ ਆਪ ਮੁਹਾਰੇ ਭੀਖ ਮੰਗਦੇ ਵੇਖੇ ਜਾ ਸਕਦੇ ਹਨ।

# ਜਦੋਂ ਪੰਜਾਬ ਹੋਇਆ ਲਾਚਾਰ, ਸੁੱਤੀ ਉੱਠੀ ਪੰਜਾਬ ਸਰਕਾਰ



ਗੁਰਮੀਤ ਸਿੰਘ ਪਲਾਹੀ
9815802070

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੂੰ ਉਨਾਂ ਸਾਰੀਆਂ ਨਿੱਜੀ ਕੰਪਨੀਆਂ ਨਾਲ ਕੀਤੇ ਸਾਰੇ ਬਿਜਲੀ ਖਰੀਦ ਸਮਝੌਤੇ (ਪੀ ਪੀ ਏਜ) ਰੱਦ ਕਰਨ ਜਾਂ ਦੁਬਾਰਾ ਘੋਖਣ ਲਈ ਕਿਹਾ ਹੈ, ਜੋ ਝੋਨੇ ਦੀ ਬਿਜਾਈ 'ਤੇ ਗਰਮੀ ਦੇ ਸੀਜਨ ਵਿੱਚ ਬਿਜਲੀ ਮੰਗ ਨੂੰ ਪੂਰੀ ਕਰਨ ਲਈ ਤਸੱਲੀਬਖ਼ਸ਼ ਸਪਲਾਈ ਦੇਣ ਲਈ ਕੀਤੇ ਸਮਝੌਤਿਆਂ 'ਤੇ ਖਰੀਆਂ ਨਹੀਂ ਉੱਤਰੀਆਂ। ਇਸ ਸਬੰਧੀ ਵਿਰੋਧੀ ਨੇਤਾ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਸਮਝੌਤੇ ਰੱਦ ਕਰ ਦਿੱਤੇ ਤਾਂ ਪੰਜਾਬ ਨੂੰ ਬਿਜਲੀ ਕਿੱਥੋਂ ਮਿਲੇਗੀ?

ਪੰਜਾਬ ਦੇ ਇੱਕ ਪ੍ਰਸਿੱਧ ਵਕੀਲ ਐਡਵੋਕੈਟ ਐੱਸ ਸੀ ਅਰੋੜਾ ਨੇ ਇੱਕ ਭਾਵਪੂਰਤ ਟਿੱਪਣੀ ਅਤੇ ਸੁਝਾਅ ਪੰਜਾਬ ਦੀ ਮੌਜੂਦਾ ਕੈਪਟਨ ਸਰਕਾਰ ਨੂੰ ਇਸ ਸਬੰਧੀ ਦਿੱਤਾ ਹੈ, 'ਜੇਕਰ ਅਜੋਕੀ ਸਰਕਾਰ ਬਿਜਲੀ ਕੰਪਨੀਆਂ ਨਾਲ ਕੀਤੇ ਸਮਝੌਤੇ ਤੋੜਦੀ ਹੈ ਤਾਂ ਆਉਣ ਵਾਲੀ ਸਰਕਾਰ ਨੂੰ ਅਰਬਾਂ-ਖਰਬਾਂ ਦੇ ਹਰਜਾਨੇ ਦੇ ਕੇਸਾਂ ਦਾ ਸਾਹਮਣਾ ਕਰਨਾ ਪਵੇਗਾ, ਕਰਾਰ ਤੋੜਨੇ ਅਸਾਨ ਨਹੀਂ ਹੁੰਦੇ। ਅਜਿਹਾ ਕਰਨ ਲਈ ਬਹੁਤ ਹੀ ਹਿੰਮਤ ਦੀ ਲੋੜ ਹੈ। ਇਹ ਬੱਚਿਆਂ ਦਾ ਖੇਲ ਨਹੀਂ ਕਿ ਜਦੋਂ ਮਰਜ਼ੀ 'ਜਾਹ ਕੱਟੀ' ਕਹਿ ਕੇ ਯਾਰੀ ਤੋੜ ਦਿਉਗੇ। ਹਾਂ, ਇੱਕ ਇਮਾਨਦਾਰੀ ਵਾਲਾ ਤਰੀਕਾ ਹੈ ਕਿ ਪੁਰਾਣੇ ਬਿਜਲੀ ਮੰਤਰੀ, ਮੁੱਖ ਮੰਤਰੀ ਅਤੇ ਬਿਜਲੀ ਕੰਪਨੀਆਂ ਦੇ ਵਿਰੁੱਧ ਪ੍ਰਦੇਸ਼ ਨਾਲ ਧੋਖਾ-ਧੜੀ ਅਤੇ ਰਿਸ਼ਵਤਖੋਰੀ ਦੇ ਦੋਸ਼ ਲਾ ਕੇ ਐਫ਼. ਆਈ. ਆਰਾਂ. ਦਰਜ ਕਰਾ ਕੇ ਉਸਦੇ ਅਧਾਰ 'ਤੇ ਕਰਾਰ ਰੱਦ ਕਰ ਦਿੱਤੇ ਜਾਣ। ਫਿਰ ਚਾਹੇ ਨਤੀਜਾ ਕੁਝ ਵੀ ਹੋਵੇ, ਅਜਿਹਾ ਕਦਮ ਮਰਦਾਂ ਵਾਲਾ ਕਦਮ ਹੋਵੇਗਾ।'

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੋ ਅਗਲੇ 5 ਜਾਂ 6 ਮਹੀਨਿਆਂ ਵਾਲੇ ਮੁੱਖ ਮੰਤਰੀ ਹਨ, ਕੀ ਇਹੋ ਜਿਹਾ ਜੋਖ਼ਮ ਭਰਿਆ ਕਦਮ ਚੁੱਕਣਗੇ? ਬਿਨਾਂ ਸ਼ੱਕ ਬਿਜਲੀ ਨੇ ਝੋਨੇ ਦੇ ਸੀਜ਼ਨ ਵਿੱਚ ਕਿਸਾਨਾਂ ਅਤੇ ਆਮ ਲੋਕਾਂ ਨੂੰ ਗਰਮੀ ਦੇ ਮੌਸਮ ਵਿੱਚ ਬੁਰੀ ਤਰਾਂ ਪ੍ਰੇਸ਼ਾਨ ਕੀਤਾ। ਸਨਅਤਾਂ ਨੂੰ ਵੀ ਬਿਜਲੀ ਕੱਟਾਂ ਕਾਰਨ ਭਾਰੀ ਕੀਮਤ ਚੁਕਾਉਣੀ ਪਈ। ਅਕਾਲੀ-ਭਾਜਪਾ ਸਰਕਾਰ ਵੇਲੇ ਅੱਖਾਂ ਮੀਟੀ ਕੀਤੇ ਸਮਝੌਤਿਆਂ ਨੂੰ ਕੈਪਟਨ ਸਰਕਾਰ ਵੇਲੇ ਦੇ ਚਾਰ ਸਾਲਾਂ ਵਿੱਚ ਕਦੇ ਵੀ ਸੰਜੀਦਗੀ ਨਾਲ ਰਵੀਊ ਨਹੀਂ ਕੀਤਾ ਗਿਆ ਅਤੇ ਕਰੋੜਾਂ ਰੁਪਏ ਦੀ ਸਾਲ ਦਰ ਸਾਲ ਅਦਾਇਗੀ ਇਨਾਂ ਕੰਪਨੀਆਂ ਨੂੰ ਸਮਝੌਤਿਆਂ ਕਾਰਨ ਕੀਤੀ ਗਈ ਅਤੇ ਕਥਿਤ 'ਖਾਲੀ ਸਰਕਾਰੀ ਖ਼ਜ਼ਾਨੇ' ਨੂੰ ਵੱਡਾ ਚੂਨਾ ਲਗਾਇਆ ਗਿਆ। ਇਹ ਪੰਜਾਬ ਦੀ ਪ੍ਰੇਸ਼ਾਨੀ ਤੇ ਲਾਚਾਰੀ ਦਾ ਵੱਡਾ ਮੁੱਦਾ ਹੈ।

ਪੰਜਾਬ ਨੂੰ ਇਕੱਲਾ ਬਿਜਲੀ ਦੇ ਮਸਲੇ ਨੇ ਹੀ ਪ੍ਰੇਸ਼ਾਨ ਨਹੀਂ ਕੀਤਾ, ਕੋਰੋਨਾ ਮਹਾਂਮਾਰੀ ਦੇ ਦੌਰ ਵਿੱਚ ਪੰਜਾਬੀਆਂ ਦਾ ਸਾਹ ਸੂਤਿਆ ਰਿਹਾ। ਸਰਕਾਰੀ ਦਫਤਰ ਬੰਦ ਰਹੇ। ਸਰਕਾਰੀ ਕੰਮਕਾਰ ਸੁਸਤ ਰਹੇ। ਰਤਾ ਕੁ ਦਫਤਰਾਂ ਦੇ ਕੰਮ ਨੇ ਰਫ਼ਤਾਰ ਫੜੀ ਤਾਂ ਛੇਵੇਂ ਵਿੱਤ ਕਮਿਸ਼ਨ ਦੀ ਆਈ ਅੱਧੀ-ਅਧੂਰੀ ਲਾਗੂ ਕੀਤੀ ਰਿਪੋਰਟ ਨੇ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਨੂੰ ਪ੍ਰੇਸ਼ਾਨ ਕੀਤਾ, ਜਿਨਾਂ ਦਾ ਖਦਸ਼ਾ ਸੀ ਕਿ ਉਨਾਂ ਦੀਆਂ ਤਨਖਾਹਾਂ ਰਿਪੋਰਟ ਦੇ ਲਾਗੂ ਹੋਣ ਨਾਲ ਵਧਣਗੀਆਂ ਨਹੀਂ, ਸਗੋਂ ਘੱਟਣਗੀਆਂ। ਡਾਕਟਰਾਂ ਦਾ ਨਾਨ-ਪ੍ਰੈਕਟਿਸ ਅਲਾਊਂਸ ਬੰਦ ਕਰ ਦਿੱਤਾ ਗਿਆ। ਵਿਕਾਸ ਕਰਮਚਾਰੀ, ਇੰਜੀਨੀਅਰ ਹੜਤਾਲ 'ਤੇ ਚਲੇ ਗਏ, ਜੋ ਹੁਣ ਵੀ ਹੜਤਾਲ 'ਤੇ ਹਨ। ਪਿੰਡਾਂ ਵਿੱਚ ਵਿਕਾਸ ਦੇ ਕੰਮ ਰੁਕ ਗਏ। ਸਰਕਾਰੀ ਦਫਤਰਾਂ ਦੇ ਬਾਹਰ ਦਰੀਆਂ ਵਿਛ ਗਈਆਂ। ਸੜਕਾਂ ਮੁਲਾਜ਼ਮਾਂ ਨਾਲ ਭਰ ਗਈਆਂ। ਬੇਰੁਜ਼ਗਾਰ ਸੜਕਾਂ 'ਤੇ ਆ ਗਏ। ਕਿਉਂਕਿ ਉਹ ਸਮਝਦੇ ਹਨ ਕਿ ਜੇਕਰ ਹੁਣ ਕੈਪਟਨ ਸਰਕਾਰ ਦੇ ਰਹਿੰਦੇ 5 ਜਾਂ 6 ਮਹੀਨਿਆਂ ਵਿੱਚ ਅਸੀਂ ਦਬਾਅ ਪਾ ਕੇ ਆਪਣੇ ਹੱਕ ਨਹੀਂ ਲੈ ਸਕੇ ਤਾਂ ਅਗਲੇ ਪੰਜ ਸਾਲ ਮੰਗਾਂ ਦੀ ਪੂਰਤੀ ਲਈ ਸੰਘਰਸ਼ ਕਰਨਾ ਪਵੇਗਾ।

ਕੈਪਟਨ ਦੀ ਸਰਕਾਰ ਜਿਹੜੀ ਪਹਿਲਾਂ ਹੀ ਕਾਂਗਰਸੀ ਕਾਟੋ-ਕਲੇਸ਼ ਕਾਰਨ ਪ੍ਰੇਸ਼ਾਨ ਹੋਈ ਪਈ ਹੈ, ਉਸ ਨੂੰ ਇੱਧਰ ਧਿਆਨ ਦੇਣ ਦਾ ਮੌਕਾ ਹੀ ਨਹੀਂ ਮਿਲਿਆ ਜਾਂ ਇਉਂ ਕਹਿ ਲਵੋ ਕਿ ਉਸਦੀ ਤਰਜੀਹ ਸਰਕਾਰੀ ਕੰਮਕਾਰ ਸਾਵੇਂ ਢੰਗ ਨਾਲ ਚਲਾਉਣ ਦੀ ਬਜਾਏ ਆਪਣੀ ਕੁਰਸੀ ਬਚਾਉਣ ਦੀ ਹੈ। ਕੈਪਟਨ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਸੁਣਨ ਲਈ ਤਿੰਨ ਮੈਂਬਰੀ 'ਸਕੱਤਰੀ ਕਮੇਟੀ' ਬਣਾਈ, ਜਿਸਨੇ ਮੁਲਾਜ਼ਮ ਦੀਆਂ ਮੰਗਾਂ ਸੁਣੀਆਂ ਪਰ ਤਿੰਨ ਮੈਂਬਰੀ ਕੈਬਨਿਟੀ ਕਮੇਟੀ ਮੰਗਾਂ ਸੁਣਨ ਲਈ ਬੈਠ ਨਹੀਂ ਸਕੀ, ਕਿਉਂਕਿ ਕੈਪਟਨ ਦੀ ਕੈਬਨਿਟ ਦੋ-ਫਾੜ ਹੈ ਅਤੇ ਇਸਦੇ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਗੁਰਮੀਤ ਸਿੰਘ ਰਾਣਾ ਸੋਢੀ ਵੱਡੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਕੈਬਨਿਟ ਦੇ ਦੋਵੇਂ ਧਿਰਾਂ ਦੇ ਮੰਤਰੀ ਇੱਕ-ਦੂਜੇ ਨੂੰ ਅੱਖੀਂ ਦੇਖ ਵੀ ਨਹੀਂ ਸੁਖਾਉਂਦੇ। ਸਿੱਟਾ ਕਾਂਗਰਸੀ ਹਾਈਕਮਾਂਡ ਵੱਲ ਝਾਕਣ ਵਿੱਚ ਨਿਕਲ ਰਿਹਾ ਹੈ, ਜਿਸਨੇ ਕੈਪਟਨ ਅਮਰਿੰਦਰ ਸਿੰਘ ਦੀ ਕੈਬਨਿਟ ਵਿੱਚ ਫੇਰ-ਬਦਲ ਨੂੰ ਹਰੀ ਝੰਡੀ ਦੇਣੀ ਹੈ। ਪਰ ਤਦੋਂ ਤਕ ਲੋਕਾਂ ਦੇ ਕੰਮ ਕੌਣ ਕਰੇ? ਵਿਕਾਸ ਦੇ ਕੰਮਾਂ ਨੂੰ ਅੱਗੋਂ ਕੌਣ ਤੋਰੇ?

ਕਾਂਗਰਸੀ ਕਾਟੋ-ਕਲੇਸ਼ ਉਪਰੰਤ ਪੰਜਾਬ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਨਵਜੋਤ ਸਿੰਘ ਸਿੱਧੂ 18 ਸੂਤਰੀ ਪ੍ਰੋਗਰਾਮ ਲਾਗੂ ਕਰਵਾਉਣ ਲਈ ਤਾਬੜਤੋੜ ਬਿਆਨਬਾਜ਼ੀ ਕਰ ਰਹੇ ਹਨ। ਰੇਤਾ ਖਨਣ, ਨਸ਼ਾ ਤਸਕਰੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਮਹਿੰਗੀ ਬਿਜਲੀ ਆਦਿ ਮੁੱਦਿਆਂ ਨੂੰ ਉਸ ਵੱਲੋਂ ਉਭਾਰਿਆ ਜਾ ਰਿਹਾ ਹੈ। ਪ੍ਰੈੱਸ ਵਿੱਚ ਵਾਹ-ਵਾਹ ਖੱਟੀ ਜਾ ਰਹੀ ਹੈ। ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਜਾ ਰਿਹਾ ਹੈ। ਦੋਬਾਰਾ ਕਾਂਗਰਸ ਦੀ ਸਰਕਾਰ ਬਣਾਉਣ ਲਈ ਢੰਗ ਤਰੀਕੇ ਵਰਤੇ ਜਾ ਰਹੇ ਹਨ। ਪਰ ਕੈਪਟਨ-ਸਿੱਧੂ ਦਾ ਆਪਸੀ ਛੱਤੀ ਦਾ ਅੰਕੜਾ ਕੀ ਇਸ ਸਭ ਕੁਝ ਦੇ ਆੜੇ ਨਹੀਂ ਆਏਗਾ? ਰੇਤਾ-ਖਨਣ ਤੇ ਰੇਤ ਬਜ਼ਰੀ ਦੇ ਮਹਿੰਗੇ ਭਾਅ, ਇਸਦੀ ਖ਼ਰੀਦ ਵੇਚ ਤਾਂ ਉਵੇਂ ਹੀ ਜਾਰੀ ਹੈ। ਨਸ਼ਿਆਂ ਦਾ ਕਾਰੋਬਾਰ ਕੀ ਖ਼ਤਮ ਹੋ ਗਿਆ ਹੈ ਜਾਂ ਖ਼ਤਮ ਹੋ ਜਾਏਗਾ? ਚੋਣ ਦੇ ਦੌਰ ਵਿੱਚ ਤਾਂ ਇਸ ਨੇ ਹੋਰ ਰੰਗ ਲਾਉਣੇ ਹਨ। ਕਿਸੇ ਪਾਰਟੀ, ਧੜੇ ਜਾਂ ਸ਼ਖਸ ਦੀ ਹਿੰਮਤ ਨਹੀਂ ਪੈਣੀ ਕਿ ਉਹ ਸਿਆਸੀ ਲੋਕਾਂ, ਮਾਫੀਆ ਤੇ ਅਫਸਰਸ਼ਾਹੀ ਦੀ ਤਿਕੜੀ ਨੂੰ ਤੋੜਨ ਦੀ ਹਿੰਮਤ ਦਿਖਾ ਸਕੇ। ਹਾਂ, ਪੰਜਾਬ ਵਿੱਚ ਕਾਂਗਰਸ ਦੇ ਕਾਟੋ-ਕਲੇਸ਼ ਦੇ ਸਿੱਟੇ ਵਜੋਂ ਜੂੰ ਦੀ ਤੋਰੇ ਤੁਰ ਰਹੀ ਕੈਪਟਨ ਸਰਕਾਰ ਨੇ ਸਰਕਾਰ ਦੀ ਗੱਡੀ ਚੌਥੇ ਗੇਅਰ ਵਿੱਚ ਪਾ ਦਿੱਤੀ ਹੈ ਅਤੇ ਨਿੱਤ ਨਵੇਂ ਫ਼ੈਸਲੇ ਲੈ ਕੇ ਪੰਜਾਬ ਦੇ ਲੋਕਾਂ ਨੂੰ ਖੁਸ਼ ਕਰਨ ਦੇ ਰਾਹ ਤੁਰੀ ਹੈ। ਕੁਝ ਦਿਨ ਪਹਿਲਾਂ ਸਰਕਾਰ ਨੇ 250 ਕਿਸਾਨ ਪਰਿਵਾਰਾਂ ਨੂੰ ਰਾਹਤ ਦੇ ਕੇ ਉਨਾਂ ਦੇ ਇੱਕ-ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਲਈ ਕਾਰਵਾਈ ਆਰੰਭ ਦਿੱਤੀ ਹੈ। ਬੇਜ਼ਮੀਨੇ ਮਜ਼ਦੂਰਾਂ, ਖੇਤ ਮਜ਼ਦੂਰਾਂ, ਛੋਟੇ ਕਿਸਾਨਾਂ ਦੇ ਕਰੋੜਾਂ ਦੇ ਕਰਜ਼ੇ ਮੁਆਫ਼ ਕਰਨ ਲਈ ਅਮਰਿੰਦਰ ਸਿੰਘ ਸਰਕਾਰ ਨੇ ਬਿਆਨ ਦਾਗ ਦਿੱਤਾ ਹੈ। ਇੱਥੇ ਹੀ ਬੱਸ ਨਹੀਂ, ਪੰਜਾਬ ਵਿੱਚ ਐਫ਼ ਸੀ. ਵੈੱਲਫੇਅਰ ਬੋਰਡ ਦੀ ਸਥਾਪਨਾ ਦਾ ਬਿੱਲ ਲਿਆਉਣ ਦਾ ਪੰਜਾਬ ਸਰਕਾਰ ਨੇ ਫ਼ੈਸਲਾ ਕਰ ਲਿਆ ਹੈ।

ਪਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਇੱਕ ਮੰਤਰੀ ਐੱਸ ਸੀ ਵਜੀਫ਼ਿਆਂ ਦੇ ਘਪਲੇ ਵਿੱਚ ਸੀ.ਬੀ.ਆਈ. ਜਾਂਚ ਦਾ ਸਾਹਮਣਾ ਕਰੇਗਾ, ਜਿਸ ਉੱਤੇ 64.11 ਕਰੋੜ ਵਜੀਫ਼ੇ ਇੱਧਰ-ਉੱਧਰ ਕਰਨ ਦਾ ਦੋਸ਼ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇੱਕ ਪਾਸੇ ਕਾਂਗਰਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਐੱਸ. ਸੀ. ਕਾਂਗਰਸੀ ਵਿਧਾਇਕਾਂ ਨਾਲ ਮੀਟਿੰਗਾਂ ਕਰਕੇ ਉਨਾਂ ਦੀ ਹਮਾਇਤ ਲੈਣ ਦੇ ਚੱਕਰਾਂ ਵਿੱਚ ਪਿਆ ਹੈ ਅਤੇ ਮੁੱਦਿਆਂ ਨੂੰ ਉਭਾਰਨ ਵਿੱਚ ਲੱਗਿਆ ਹੈ, ਕੈਪਟਨ ਅਮਰਿੰਦਰ ਸਿੰਘ ਮੁੱਦਿਆਂ ਨੂੰ ਉਨਾਂ ਤੋਂ ਖੋਹਣ ਦਾ ਕੰਮ ਕਰ ਰਹੇ ਹਨ। ਪੰਜਾਬ ਕਾਂਗਰਸ ਵਿੱਚ 23 ਐੱਸ ਸੀ ਵਿਧਾਇਕ ਹਨ। ਉਨਾਂ ਨੂੰ ਪੰਜਾਬ ਕੈਬਨਿਟ ਵਿੱਚ ਬਣਦਾ ਹੱਕ ਨਹੀਂ ਮਿਲਿਆ। ਉਹ ਬੋਰਡਾਂ ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਨਹੀਂ ਬਣ ਸਕੇ। ਹੁਣ ਉਨਾਂ ਵਿੱਚੋਂ ਕਿਸੇ ਨੂੰ ਸੂਬੇ ਦੇ ਉਪ ਮੁੱਖ ਮੰਤਰੀ ਬਣਾਉਣ ਲਈ ਵੀ ਦੋਵੇਂ ਕਾਂਗਰਸੀ ਧਿਰਾਂ ਹਾਈਕਮਾਂਡ ਕੋਲ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਪਰ ਇਸ ਨਾਲ ਕੀ ਬਣੇਗਾ? ਕੀ ਨੌਜਵਾਨਾਂ ਨੂੰ ਨੌਕਰੀਆਂ ਮਿਲਣਗੀਆਂ, ਜਿਸਦਾ ਵਾਇਦਾ ਚੋਣ ਮੈਨੀਫੈਸਟੋ ਵਿੱਚ ਕਾਂਗਰਸ ਨੇ ਕੀਤਾ ਸੀ? ਕੀ ਲੋਕਾਂ ਨੂੰ ਤੇਜ਼ ਤਰਾਰ ਪ੍ਰਸ਼ਾਸਨ ਮਿਲੇਗਾ, ਜਿਸ ਸਬੰਧੀ ਫੌਜੀ ਅਫਸਰ ਤੇ ਵੱਡੇ ਕੱਦ ਬੁੱਤ ਵਾਲੇ ਸਿਆਸਤਦਾਨ ਕੈਪਟਨ ਅਮਰਿੰਦਰ ਸਿੰਘ ਤੋਂ ਪੰਜਾਬੀ ਤਵੱਕੋ ਕਰੀ ਬੈਠਾ ਹਨ?

ਪੰਜਾਬ ਦੇ ਮਸਲੇ ਵੱਡੇ ਹਨ। ਪੰਜਾਬ ਦੇ ਮੁੱਦਿਆਂ ਨੂੰ 18 ਨੁਕਤੀ ਪ੍ਰੋਗਰਾਮ, ਜੋ ਕਾਂਗਰਸ ਹਾਈਕਮਾਂਡ ਨੇ ਦਿੱਤਾ ਹੈ, ਕੀ ਉਨਾਂ ਵਿੱਚ ਸਮੇਟਿਆ ਜਾ ਸਕਦਾ ਹੈ? ਪੰਜਾਬ ਦਾ ਕਿਸਾਨ ਪ੍ਰੇਸ਼ਾਨ ਹੈ। ਦਿੱਲੀ ਦੀਆਂ ਬਰੂਹਾਂ 'ਤੇ ਹੈ। ਜੰਤਰ-ਮੰਤਰ 'ਤੇ ਸਮਾਨੰਤਰ ਪਾਰਲੀਮੈਂਟ ਲਾਈ ਬੈਠਾ ਹੈ। ਉਹ ਕਿਸਾਨੀ ਦੀ ਨਹੀਂ, ਪੰਜਾਬ ਦੀ ਹੋਂਦ ਦੀ ਲੜਾਈ ਲੜ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਵਿਰੋਧੀ ਤਿੰਨੋ ਕਾਲੇ ਕਾਨੂੰਨਾਂ ਵਿਰੁੱਧ ਆਪਣੀ ਸਰਕਾਰ ਵੱਲੋਂ ਪੇਸ਼, ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਹੈ। ਇਸ ਤੋਂ ਪਹਿਲਾ ਪੰਜਾਬ ਦੇ ਪਾਣੀਆਂ ਦੇ ਸਬੰਧ ਵਿੱਚ ਸਤਲੁਜ-ਯਮੁਨਾ ਲਿੰਕ ਨਹਿਰ ਦਾ ਸਮਝੌਤਾ ਵਿਧਾਨ ਸਭਾ ਵਿੱਚ ਉਸਦੀ ਸਰਕਾਰ ਵੱਲੋਂ ਰੱਦ ਕੀਤਾ ਗਿਆ ਸੀ। ਹੁਣ ਮੰਗ ਉੱਠ ਰਹੀ ਹੈ ਕਿ ਖੇਤੀ ਕਾਨੂੰਨ ਵੀ ਵਿਧਾਨ ਸਭਾ ਵਿੱਚ ਰੱਦ ਕੀਤੇ ਜਾਣ ਦਾ ਮਤਾ ਪਾਸ ਕੀਤਾ ਜਾਵੇ।

ਕੈਪਟਨ ਅਮਰਿੰਦਰ ਵੱਲੋਂ ਬਿਨਾਂ ਸ਼ੱਕ ਕਿਸਾਨ ਵਿਰੋਧੀ ਕਾਨੂੰਨ ਅਤੇ ਪੰਜਾਬ ਦੇ ਪਾਣੀਆਂ ਸਬੰਧੀ ਸਪਸ਼ਟ ਸਟੈਂਡ ਲਿਆ ਗਿਆ ਹੈ, ਪਰ ਉਹ ਵਾਇਦੇ, ਜਿਨਾਂ ਦੀ ਪੂਰਤੀ ਦਾ ਉਹ ਦਾਅਵਾ ਕਰ ਰਹੇ ਹਨ, ਉਨਾਂ ਸਬੰਧੀ ਉਹ ਲੋਕਾਂ ਵਿੱਚ ਆਪਣਾ ਬਿੰਬ ਨਹੀਂ ਬਣਾ ਸਕੇ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿੱਚ ਉਨਾਂ ਦੀ ਵੱਡੀ ਕਿਰਕਿਰੀ ਹੋਈ ਹੈ। ਭਾਵੇਂ ਉਹ ਕਹਿੰਦੇ ਹਨ ਕਿ ਇਹ ਅਦਾਲਤੀ ਮਾਮਲਾ ਹੈ, ਪਰ ਜਿਸ ਢੰਗ ਨਾਲ ਬਣਾਈ ਗਈ 'ਸਿੱਟ' ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠੇ ਅਤੇ ਉਹਨਾਂ ਦੇ ਐਡਵੋਕੇਟ ਜਨਰਲ ਆਫ ਪੰਜਾਬ ਵੱਲੋਂ ਇਸ ਮਸਲੇ ਅਤੇ ਹੋਰ ਮਸਲਿਆਂ ਨਾਲ ਨਿਪਟਿਆ ਗਿਆ, ਉਸ ਨਾਲ ਵੱਡੇ ਸਵਾਲ ਖੜੇ ਹੋਏ। ਇਲਜ਼ਾਮ ਲੱਗੇ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਉਸ ਪਰਿਵਾਰ ਨਾਲ ਰਲੀ ਹੋਈ ਹੈ। ਇਹ ਇਲਜ਼ਾਮ ਤਾਂ ਪ੍ਰਤੱਖ ਲੱਗਿਆ ਕਿ ਪੰਜਾਬ ਵਿੱਚ ਸਿਆਸੀ ਲੋਕ ਨਹੀਂ ਸਗੋਂ ਅਫਸਰਸ਼ਾਹੀ ਰਾਜ ਕਰਦੀ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਕਿਸੇ ਸਿਆਸੀ ਕਾਰਕੁਨ ਜਾਂ ਵਿਧਾਇਕਾਂ ਨੂੰ ਨਹੀਂ ਮਿਲਦੇ ਅਤੇ ਲੋਕਾਂ ਵਿੱਚ ਨਹੀਂ ਵਿਚਰਦੇ। ਇਹ ਵੀ ਇਲਜ਼ਾਮ ਲੱਗਿਆ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਜੋ ਮਾਫੀਆ ਸਰਗਰਮ ਸੀ, ਉਹਨੇ 75:25 ਦਾ ਫਾਰਮੂਲਾ ਅਪਣਾ ਕੇ ਆਪਣੇ 'ਬੌਸ' ਅਕਾਲੀਆਂ ਤੋਂ ਕਾਂਗਰਸੀਆਂ ਵੱਲ ਬਦਲ ਲਏ ਹਨ। ਦੋਸ਼ ਇਹ ਵੀ ਲੱਗਿਆ ਕਿ ਪ੍ਰਾਈਵੇਟ ਬੱਸ ਕੰਪਨੀਆਂ ਬਿਨਾਂ ਪਰਮਿਟ ਪੰਜਾਬ ਵਿੱਚ ਸਵਾਰੀਆਂ ਢੋਂਦੀਆਂ ਹਨ ਅਤੇ ਇਹਨਾਂ ਵਿੱਚ ਵੱਡੀ ਗਿਣਤੀ ਬਾਦਲ ਪਰਿਵਾਰ ਦੀਆਂ ਬੱਸਾਂ ਦੀ ਹੈ।

ਇਹੋ ਸਾਰੇ ਮੁੱਦੇ ਭਾਵੇਂ ਪਹਿਲਾਂ ਪੰਜਾਬ ਦੀ ਵਿਰੋਧੀ ਧਿਰ ਵਿੱਚ ਬੈਠੀ ਆਮ ਆਦਮੀ ਪਾਰਟੀ ਉਠਾਉਂਦੀ ਰਹੀ ਪਰ ਬਾਅਦ ਵਿੱਚ ਨਵਜੋਤ ਸਿੰਘ ਸਿੱਧੂ, ਜੋ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵਿੱਚ ਸਥਾਨਕ ਸਰਕਾਰਾਂ ਮੰਤਰੀ ਬਣਿਆ, ਫਿਰ ਅਸਤੀਫਾ ਦੇ ਗਿਆ, ਵੱਲੋਂ ਵੀ ਚੁੱਕੇ ਗਏ। ਉਸ ਨਾਲ ਕਾਂਗਰਸ ਹਾਈ ਕਮਾਂਡ ਦੇ ਆਖਣ 'ਤੇ ਪੰਜਾਬ ਕੈਬਨਿਟ ਦੇ ਮੰਤਰੀ ਅਤੇ ਵਿਧਾਇਕ ਉਦੋਂ ਜੁੜ ਗਏ ਜਦੋਂ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ 'ਸਿੱਟ' ਦੀ ਕੋਟਕਪੂਰਾ ਗੋਲੀਕਾਂਡ ਬਾਰੇ ਰਿਪੋਰਟ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਮਾਮਲਾ ਵਧਿਆ। ਕਾਂਗਰਸ ਹਾਈ ਕਾਂਡ ਤਕ ਪੁੱਜਿਆ। ਕਾਂਗਰਸੀਆਂ ਵਿੱਚ ਖੋਹ-ਖਿੱਚ ਹੋਈ। ਕਲੇਸ਼ ਵਧਿਆ, ਜੋ ਹੁਣ ਤਕ ਵੀ ਜਾਰੀ ਹੈ। ਪਰ ਇਸ ਸਭ ਕੁਝ ਨਾਲ ਪੰਜਾਬ ਦੇ ਮਸਲੇ ਹੱਲ ਕਰਨ ਵੱਲ ਕਿੰਨੇ ਕੁ ਸਾਰਥਕ ਯਤਨ ਹੋਣਗੇ? ਕੀ ਇਸ ਨਾਲ ਪੰਜਾਬੀਆਂ ਨੂੰ ਕੋਈ ਰਾਹਤ ਮਿਲੇਗੀ ਜਾਂ ਕਾਰਪੋਰੇਟੀ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਕਾਂਗਰਸੀਆਂ ਨੂੰ ਪੰਜਾਬ ਵਿੱਚੋਂ ਇੱਕ ਵੇਰ ਫਿਰ ਜਿਤਾਉਣ ਦੀ ਨੀਤੀ ਦੇ ਭੁਲੇਖਿਆਂ ਵਿੱਚ ਪੰਜਾਬੀ ਫਸ ਜਾਣਗੇ। ਰਾਜ ਭਾਗ ਉਨਾਂ ਲੋਕਾਂ ਦੇ ਹੱਥ ਵਿੱਚ ਮੁੜ ਫਿਰ ਆ ਜਾਏਗਾ, ਜਿਨਾਂ ਦੇ ਹੱਥਾਂ ਵਿੱਚ ਪੰਜਾਬ ਸੁਰੱਖਿਅਤ ਨਹੀਂ ਹੈ।

ਪੰਜਾਬ ਵਿੱਚ ਮਾਫੀਏ ਦਾ ਰੰਗ ਤਾਂ ਹਰ ਪਾਰਟੀ ਵਿੱਚ ਦਿਖਾਈ ਦਿੰਦਾ ਹੀ ਹੈ, ਇੱਥੋਂ ਦੇ ਸਿਆਤਸਤਦਾਨਾਂ ਦੇ ਅਕਸ ਵੀ ਸਾਫ਼-ਸੁਥਰੇ ਨਹੀਂ ਹਨ। ਜਿਵੇਂ ਦੇਸ਼ ਭਾਰਤ ਉਸ ਪਾਰਟੀ ਦੇ ਹੱਥਾਂ ਵਿੱਚ ਸੁਰੱਖਿਅਤ ਨਹੀਂ, ਜਿਸਦੀ ਕੇਂਦਰੀ ਵਜ਼ਾਰਤ ਦੇ 42 ਫ਼ੀਸਦੀ ਮੰਤਰੀਆਂ ਉੱਤੇ ਅਪਰਾਧਿਕ ਮਾਮਲੇ ਦਰਜ਼ ਹਨ, ਉਵੇਂ ਹੀ ਪੰਜਾਬ ਉਹਨਾਂ ਸਿਆਸਤਾਨਾਂ ਹੱਥ ਸੁਰੱਖਿਅਤ ਨਹੀਂ, ਜਿੱਥੋਂ ਦੇ 117 ਪੰਜਾਬ ਵਿਧਾਨ ਸਭਾ ਵਿਧਾਇਕਾਂ ਵਿੱਚੋਂ 27 ਵਿਧਾਇਕਾਂ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਇਨਾਂ ਵਿੱਚੋਂ ਗਿਆਰਾਂ ਉੱਤੇ ਅਤਿ ਗੰਭੀਰ ਅਪਰਾਧਿਕ ਮਾਮਲੇ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪੰਜਾਬ, ਹਰਿਆਣਾ ਨਾਲ ਸਬੰਧਤ 96 ਵਿਧਾਇਕਾਂ, ਸਾਂਸਦਾਂ ਉੱਤੇ 163 ਮਾਮਲੇ ਦਰਜ਼ ਹਨ। ਇਹਨਾਂ ਵਿੱਚ ਸੁਖਬੀਰ ਸਿੰਘ ਬਾਦਲ (ਅਕਾਲੀ), ਰਵਨੀਤ ਸਿੰਘ ਬਿੱਟੂ(ਕਾਂਗਰਸ), ਸੁਖਪਾਲ ਖਹਿਰਾ (ਕਾਂਗਰਸ), ਸੁੱਚਾ ਸਿੰਘ ਲੰਗਾਹ, ਸਿਕੰਦਰ ਸਿੰਘ ਮਲੂਕਾ, ਮੋਹਨ ਲਾਲ, ਗੁਲਜ਼ਾਰ ਸਿੰਘ ਰਣੀਕੇ, ਬਿਕਰਮਜੀਤ ਸਿੰਘ ਮਜੀਠੀਆ, ਰਵਿੰਦਰ ਸਿੰਘ ਬ੍ਰਹਮਪੁਰਾ, ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਸ਼ਾਮਲ ਹਨ। ਨਵਜੋਤ ਸਿੰਘ ਸਿੱਧੂ ਉੱਤੇ ਇੱਕ ਕੇਸ ਹੈ ਜੋ ਸੁਪਰੀਮ ਕੋਰਟ ਵਿੱਚ ਰਵੀਊ ਅਧੀਨ ਲੰਬਿਤ ਹੈ। ਸਭ ਤੋਂ ਵੱਧ ਅਪਰਾਧਿਕ 15 ਮਾਮਲੇ ਸਿਮਰਨਜੀਤ ਸਿੰਘ ਬੈਂਸ ਵਿਧਾਇਕ ਉੱਤੇ ਹਨ। ਜਾਪਦਾ ਹੈ ਪੰਜਾਬ ਦੀ ਸਰਕਾਰ ਉਨੀਂਦਰੇ ਤੋਂ ਉੱਠੀ ਹੈ। ਭਲਾ ਹੋਵੇ, ਚਲੋ ਕੁੰਭਕਰਨੀ ਨੀਂਦ ਤਾਂ ਸਰਕਾਰ ਦੀ ਖੁੱਲੀ ਹੈ। ਜਿੰਨਾ ਚਿਰ ਬਚਿਆ ਹੈ, ਪੰਜਾਬ ਹਿਤੈਸ਼ੀ ਫ਼ੈਸਲੇ ਜੇਕਰ ਅਮਰਿੰਦਰ ਸਿੰਘ ਕਰ ਸਕਣ, ਬਿਜਲੀ ਦਾ ਬੋਝ ਪੰਜਾਬੀਆਂ ਸਿਰੋਂ ਲਾਹ ਸਕਣ, ਪੈਟਰੋਲ-ਡੀਜ਼ਲ ਤੋਂ ਐਕਸਾਈਜ਼ ਡਿਊਟੀ ਘਟਾ ਸਕਣ, ਮੁਲਾਜ਼ਮਾਂ, ਬੇਰੁਜ਼ਗਾਰਾਂ ਦੇ ਮਸਲੇ ਹੱਲ ਕਰ ਸਕਣ, ਰੇਤ ਮਾਫੀਏ ਨੂੰ ਠੱਲ ਪਾ ਸਕਣ, ਕਿਸਾਨਾਂ ਦੇ ਹੱਕ ਵਿੱਚ ਅਵਾਜ਼ ਉਠਾ ਸਕਣ ਤਾਂ ਸ਼ਾਇਦ ਪੰਜਾਬ ਦੇ ਲੋਕ ਉਹਨਾਂ ਨੂੰ ਵੀ, ਅੱਠ-ਨੌਂ ਮਹੀਨੇ ਪੰਜਾਬ ਦੇ ਮੁੱਖ ਮੰਤਰੀ ਰਹੇ ਲਛਮਣ ਸਿੰਘ ਗਿੱਲ ਵਾਂਗ ਯਾਦ ਰੱਖਣਗੇ, ਜਿਨਾਂ ਨੇ ਪੰਜਾਬ ਦੇ ਪਿੰਡਾਂ ਵਿੱਚ ਸੜਕਾਂ ਦਾ ਜਾਲ ਵਿਛਾ ਦਿੱਤਾ ਸੀ ਅਤੇ ਪੰਜਾਬੀ ਬੋਲੀ ਨੂੰ ਪੰਜਾਬ ਦੇ ਦਫਤਰਾਂ ਵਿੱਚ ਲਾਜ਼ਮੀ ਲਾਗੂ ਕਰਕੇ ਵੱਡਾ ਨਾਮਣਾ ਖੱਟਿਆ ਸੀ।



# ਪੰਜਾਬ ਨੂੰ ਆਪਣੀਆਂ ਅਰਦਾਸਾਂ ਵਿਚ ਸ਼ਾਮਿਲ ਕਰੋ

**ਡਾ. ਸਿਮਰਨਜੋਤ ਕੌਰ**
**ਮੋਬਾਇਲ : 78883-52450**

‘ਪੰਜਾਬ’ ਕਿਸੇ ਸੂਬੇ ਜਾਂ ਥਾਂ ਦਾ ਨਾਮ ਹੀ ਨਹੀਂ, ਇਹ ਇਕ ਅਹਿਸਾਸ ਹੈ, ਇਕ ਜਜ਼ਬਾ ਹੈ। ਪੰਜਾਬ ਸਾਡੀ ਪਛਾਣ ਹੈ। ਬਾਹਰ ਵਸਦੇ ਪੰਜਾਬੀਆਂ ਦੇ ਦਿਲਾਂ ਵਿਚ ਪੰਜਾਬ ਲਈ ਫ਼ਿਕਰ ਆਮ ਹੀ ਦੇਖਣ ਨੂੰ ਮਿਲਦਾ ਹੈ। ਪੰਜਾਬ ਵਿਚ ਅੱਜ ਜਿਸ ਤਰਾਂ ਦੇ ਹਾਲਾਤ ਹਨ, ਉਨਾਂ ਨੂੰ ਦੇਖ ਕੇ ਵਿਦੇਸ਼ ਰਹਿੰਦੇ ਬਹੁਤੇ ਪੰਜਾਬੀ ਫ਼ਿਕਰਮੰਦ ਹਨ ਅਤੇ ਆਪਣੀ ਨੇਕ ਕਮਾਈ ਵਿੱਚੋਂ ਕਿਸੇ ਲੋੜਵੰਦ ਦੀ ਮਦਦ ਵੀ ਕਰਦੇ ਹਨ। ਜਦੋਂ ਵੀ ਕੋਈ ਬਿਪਤਾ ਆਣ ਪੈਂਦੀ ਹੈ, ਤਾਂ ਦੇਸ਼-ਵਿਦੇਸ਼ ਵਿਚ ਵਸਦੇ ਸਾਰੇ ਪੰਜਾਬੀ ਇਕ-ਦੂਜੇ ਦਾ ਸਾਥ ਵੀ ਦਿੰਦੇ ਹਨ। ਕਿਸਾਨ ਅੰਦੋਲਨ ਦੀ ਹੀ ਜੇ ਗੱਲ ਕਰੀਏ ਤਾਂ ਵਿਦੇਸ਼ ਵਿਚ ਰਹਿ ਕੇ ਵੀ ਪੰਜਾਬੀ ਹਰ ਸੰਭਵ ਮਦਦ ਕਰ ਰਹੇ ਹਨ। ਦੂਜੇ ਪਾਸੇ ਪਿਛਲੇ ਕੁਝ ਸਮੇਂ ਤੋਂ ਸੋਸ਼ਲ ਮੀਡੀਆ ਉੱਪਰ ਕੁਝ ਨੌਜਵਾਨਾਂ ਦੀਆਂ ਵੀਡੀਓ ਦੇਖੀਆਂ ਜਾ ਰਹੀਆਂ ਹਨ ਜਿਨਾਂ ਦੇ ਵਿਦੇਸ਼ ਵਿਚ ਅਜੇ ਪੈਰ ਵੀ ਚੰਗੀ ਤਰਾਂ ਨਹੀਂ ਲੱਗੇ, ਉਹ ਬਾਹਰ ਜਾਂਦੇ ਹੀ ਪੰਜਾਬ ਨੂੰ ਨਿੰਦਣ ਲੱਗਦੇ ਹਨ।

**ਨਸ਼ਿਆਂ ਨੇ ਕੈਨੇਡਾ ’ਚ ਪੰਜਾਬੀ ਕੀਤੇ ਬਦਨਾਮ**

ਉਹ ਵੀਹ-ਪੱਚੀ ਸਾਲ ਇੱਥੇ ਬਤੀਤ ਕਰ ਕੇ ਬਾਹਰਲੇ ਮੁਲਕਾਂ ਵਿਚ ਜਾਂਦੇ ਹੀ ਪੰਜਾਬ ਨੂੰ ਚੰਗਾ-ਮੰਦਾ ਬੋਲਣ ਲੱਗਦੇ ਹਨ। ਉਹੀ ਪੰਜਾਬ ਜਿੱਥੇ ਉਹ ਜੰਮੇ-ਪਲੇ, ਆਪਣਾ ਬਚਪਨ ਮਾਣਿਆ, ਮਾਂ-ਪਿਓ ਦੇ ਸਿਰ ਉੱਤੇ ਐਸ਼ਾਂ ਕੀਤੀਆਂ, ਹੁਣ ਉਹੀ ਪੰਜਾਬ ਰਹਿਣਯੋਗ ਨਹੀਂ ਰਿਹਾ। ਇੱਥੇ ਰਹਿ ਕੇ ਘਰ ਵਿਚ ਭਾਵੇਂ ਕਦੇ ਡੱਕਾ ਨਾ ਤੋੜਿਆ ਹੋਵੇ ਪਰ ਬਾਹਰ ਜਾਂਦੇ ਹੀ ਹੋਰ ਮੁਲਕਾਂ ਨਾਲੋਂ ਪੰਜਾਬ ਨੂੰ ਨੀਵਾਂ ਦੱਸਦੇ ਨੇ। ਹੁਣ ਤਾਂ ਇਹ ਹਾਲਤ ਹੈ ਕਿ ਜੇ ਪੰਜਾਬ ਵਿਚ ਕੁਝ ਚੰਗਾ ਵੀ ਹੁੰਦਾ ਹੈ ਤਾਂ ਵੀ ਕੁਝ ਲੋਕ ਗ਼ਲਤ ਹੀ ਬੋਲਦੇ ਹਨ।

ਜੇ ਮਾੜਾ ਬੋਲਣਾ ਹੀ ਹੈ ਤਾਂ ਕਿਰਪਾ ਕਰ ਕੇ ਇੱਥੋਂ ਦੇ ਮਾੜੇ ਸਿਸਟਮ ਨੂੰ ਬੋਲੋ। ਇੱਥੋਂ ਦੀਆਂ ਸਰਕਾਰਾਂ ਦੀਆਂ ਘਟੀਆ ਨੀਤੀਆਂ ਨੂੰ ਨਿੰਦੋ। ਜੋ ਲੋਕ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਦੇ ਨੇ, ਉਨਾਂ ਨੂੰ ਨਿੰਦੋ। ਸਾਡੇ ਗੁਰੂਆਂ ਨੇ, ਸਾਡੇ ਸੂਰਬੀਰਾਂ ਨੇ ਕੋਈ ਹੋਰ ਪੰਜਾਬ ਸਿਰਜਿਆ ਸੀ ਜਿੱਥੇ ਲਹਿਰਾਂ-ਬਹਿਰਾਂ ਸਨ। ਇਸ ਧਰਤੀ ਨੇ ਬਹੁਤ ਯੋਧਿਆਂ ਨੂੰ ਜਨਮ ਦਿੱਤਾ ਜੋ ਹਮੇਸ਼ਾ ਹੱਕ-ਸੱਚ ਲਈ ਲੜ ਕੇ ਸ਼ਹੀਦ ਹੁੰਦੇ ਰਹੇ। ਲਾਸਾਨੀ ਸ਼ਹੀਦਾਂ ਦੇ ਖ਼ੂਨ ਨਾਲ ਰੱਤੀ ਪੰਜ ਦਰਿਆਵਾਂ ਦੇ ਨਿਰਮਲ ਪਾਣੀਆਂ ਨਾਲ ਗੁੰਨੀ ਮਿੱਟੀ ਦੀ ਮਹਿਕ ’ਤੇ ਹਰ ਪੰਜਾਬੀ ਨੂੰ ਮਾਣ ਕਰਨਾ ਚਾਹੀਦਾ ਹੈ। ਇਸ ਲਈ ਇਹ ਧਰਤੀ ਨਿੰਦਣਯੋਗ ਨਹੀਂ।

ਪੰਜਾਬ ਦੀ ਬਦਕਿਸਮਤੀ ਹੈ ਕਿ ਇਸ ਦੇ ਕੁਝ ਪੁੱਤ ਹੀ ਕਪੁੱਤ ਨਿਕਲੇ। ਇਸ ਦੇ ਆਪਣੇ ਹੀ ਬੇਈਮਾਨ ਨਿਕਲੇ, ਫਿਰ ਭਾਵੇਂ ਉਹ ਪੰਜਾਬ ਦੀ ਵੰਡ ਦੀ ਗੱਲ ਹੋਵੇ ਜਾਂ ਪੰਜਾਬ ਦੇ ਪਾਣੀਆਂ ਦੀ। ਕਿਉਂ ਸਾਡੀ ਹਾਲਤ ਇਹ ਬਣ ਗਈ ਹੈ ਜਾਂ ਕਹਿ ਲਓ ਕਿ ਬਣਾ ਦਿੱਤੀ ਗਈ ਹੈ? ਇਸ ਸਭ ਕੁਝ ਲਈ ਇਸ ਸਿਸਟਮ ਦੇ ਨਾਲ-ਨਾਲ, ਦੇਸ਼-ਵਿਦੇਸ਼ ਵਿਚ ਰਹਿੰਦੇ ਪੰਜਾਬੀ ਵੀ ਜ਼ਿੰਮੇਵਾਰ ਹਨ। ਅਸੀਂ ਖ਼ੁਦ ਆਪਣੀ ਹੋਂਦ, ਆਪਣੀ ਅਮੀਰ ਵਿਰਾਸਤ ਨੂੰ ਖ਼ਤਮ ਕਰਨ ਦੇ ਰਾਹੇ ਪੈ ਗਏ ਹਾਂ।

‘ਮੇਰਾ ਦਾਗਿਸਤਾਨ’ ਵਿਚ ਰਸੂਲ ਹਮਜ਼ਾਤੋਵ ਨੇ ਕਿਹਾ ਹੈ ਕਿ ਜੇ ਕਿਸੇ ਕੌਮ ਨੂੰ ਖ਼ਤਮ ਕਰਨਾ ਹੋਵੇ ਤਾਂ ਉਸ ਦੇ ਵਾਰਿਸਾਂ ਨੂੰ ਉਨਾਂ ਦੀ ਮਾਂ-ਬੋਲੀ ਅਤੇ ਇਤਿਹਾਸ ਨਾਲੋਂ ਤੋੜ ਦਿਓ। ਸਾਡੇ ਪੰਜਾਬ ਦੇ ਕੁਝ ਸਕੂਲਾਂ ਵਿਚ ਹੀ ਪੰਜਾਬੀ ਬੋਲਣ ਦੀ ਮਨਾਹੀ ਹੈ ਜਦਕਿ ਮਾਂ-ਬੋਲੀ ਕਿਸੇ ਇਨਸਾਨ ਦੀ ਸੱਭਿਆਚਾਰਕ ਅਤੇ ਸਮਾਜਿਕ ਪਛਾਣ ਹੁੰਦੀ ਹੈ। ਸਕੂਲ ਜਾ ਕੇ ਮਾਪੇ ਬੱਚਿਆਂ ਦੀਆਂ ਸ਼ਿਕਾਇਤਾਂ ਲਗਾਉਂਦੇ



ਹਨ ਕਿ ਸਾਡਾ ਬੱਚਾ ਬਹੁਤ ‘ਰਫ’ ਬੋਲਦਾ ਹੈ (ਭਾਵ ਠੇਠ ਪੰਜਾਬੀ ਵਿਚ ਗੱਲਾਂ ਕਰਦਾ ਹੈ)।

ਉਨਾਂ ਦਾ ਗਿਲਾ ਹੁੰਦਾ ਹੈ ਕਿ ਉਹ ਘਰੇ ਅੰਗਰੇਜ਼ੀ ਨਹੀਂ ਬੋਲਦਾ। ਰਿਸ਼ਤੇਦਾਰਾਂ ਸਾਹਮਣੇ ਵੀ ਜੇ ਬੱਚਾ ਪੰਜਾਬੀ ਭਾਸ਼ਾ ਵਿਚ ਗੱਲ ਕਰਦਾ ਹੈ ਤਾਂ ਉਸ ਦੇ ਮਾਂ-ਪਿਓ ਸ਼ਰਮ ਮਹਿਸੂਸ ਕਰਦੇ ਹਨ। ਅੰਗਰੇਜ਼ ਤਾਂ ਚਲੇ ਗਏ ਪਰ ਆਪਣੀ ਭਾਸ਼ਾ ਦੀ ਗ਼ੁਲਾਮੀ ਇੱਥੇ ਹੀ ਛੱਡ ਗਏ। ਬੱਚਿਆਂ ਦੀ ਗੱਲ ਛੱਡੋ, ਜੇ ਕਿਸੇ ਸਿਆਣੇ ਬੰਦੇ ਨੂੰ ਹੀ 35 ਅੱਖਰੀ ਸੁਣਾਉਣ ਲਈ ਕਹਿ ਦਿੱਤਾ ਜਾਵੇ ਤਾਂ 10 ’ਚੋਂ 6 ਜਣਿਆਂ ਨੂੰ ਤਾਂ ਉਹ ਆਉਂਦੀ ਹੀ ਨਹੀਂ ਪਰ ਏਬੀਸੀ ਨਹੀਂ ਭੁੱਲਦੀ।

ਕੁਝ ਸਰਕਾਰੀ ਅਦਾਰਿਆਂ ਵਿਚ ਵੀ ਪੰਜਾਬੀ ਭਾਸ਼ਾ ਦੀ ਥਾਂ ਅੰਗਰੇਜ਼ੀ ਨੇ ਲੈ ਲਈ ਹੈ। ਇੱਥੋਂ ਤਕ ਕਿ ਸ਼ਹਿਰਾਂ ਦੇ ਨਾਮ ਵਾਲੇ ਬੋਰਡਾਂ ਵਿਚ ਵੀ ਪੰਜਾਬੀ ਭਾਸ਼ਾ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ। ਕਿਸੇ ਹੋਰ ਭਾਸ਼ਾ ਦਾ ਗਿਆਨ ਹੋਣਾ ਕੋਈ ਮਾੜੀ ਗੱਲ ਨਹੀਂ। ਹਰ ਭਾਸ਼ਾ ਸਿੱਖਣ ਦਾ ਸ਼ੌਕ ਪੈਦਾ ਕਰੋ ਪਰ ਮਾਂ-ਬੋਲੀ ਨੂੰ ਭੁੱਲਣਾ ਠੀਕ ਨਹੀਂ।

ਜੇ ਮਕਾਨ ਦੀ ਨੀਂਹ ਕੱਚੀ ਹੈ ਤਾਂ ਸ਼ਰਤੀਆ ਇਮਾਰਤ ਕਦੇ ਨਾ ਕਦੇ ਡਿੱਗ ਜਾਂਦੀ ਹੈ।

ਜਿਸ ਪੌਦੇ ਦੀਆਂ ਜੜਾਂ ਕਮਜ਼ੋਰ ਹੋਣ ਉਹ ਕਦੇ ਦਰੱਖ਼ਤ ਨਹੀਂ ਬਣ ਸਕਦਾ। ਸਮਾਜ ਦੇ ਨਾਲ ਚੱਲਣਾ ਸਮੇਂ ਦੀ ਲੋੜ ਹੈ ਪਰ ਆਪਣੀਆਂ ਜੜਾਂ ਨੂੰ ਭੁੱਲਣਾ ਸਾਡੀ ਸਭ ਤੋਂ ਵੱਡੀ ਮੂਰਖ਼ਤਾ ਹੈ। ਮੇਰੇ ਪਾਪਾ ਦੇ ਕਰੀਬੀ ਦੋਸਤ ਸਾਡੇ ਘਰ ਆਏ। ਮੈਨੂੰ ਉਨਾਂ ਨੇ ਸੁਝਾਅ ਦਿੱਤਾ ਕਿ ਤੂੰ ਵੈਟਰਨਰੀ ਦੀ ਡਿਗਰੀ ਹਾਸਲ ਕੀਤੀ ਹੈ, ਫਿਰ ਵਿਦੇਸ਼ ਜਾਣ ਦਾ ਫ਼ੈਸਲਾ ਕਿਉਂ ਨਹੀਂ ਕੀਤਾ?

ਓਥੇ ਤਾਂ ਡਾਕਟਰਾਂ ਦੀ ਕਮਾਈ ਬਹੁਤ ਹੈ। ਫਿਰ ਉਨਾਂ ਦੀ ਗੱਲ ਨੇ ਹੈਰਾਨ ਕਰ ਦਿੱਤਾ ਜਦੋਂ ਉਨਾਂ ਕਿਹਾ ਕਿ ਮੇਰੀ ਵਿਦੇਸ਼ ਵਿਚ ਰਹਿੰਦੀ ਧੀ ਦਾ ਫ਼ੋਨ ਆਇਆ ਅਤੇ ਉਸ ਨੇ ਖ਼ੁਸ਼ੀ ਪ੍ਰਗਟ ਕੀਤੀ ਕਿ ਪਾਪਾ ਡਾਲਰ ਦਾ ਰੇਟ ਵਧ ਗਿਆ ਹੈ ਅਤੇ ਰੁਪਈਏ ਦਾ ਰੇਟ ਹੋਰ ਘੱਟ ਹੋ ਗਿਆ ਹੈ। ਮੈਂ ਆਪਣੀ ਧੀ ਨੂੰ ਕਿਹਾ ਕਿ ਇਹ ਤਾਂ ਬਹੁਤ ਵਧੀਆ ਗੱਲ ਹੈ- ਕਰੋ ਮੌਜਾਂ! ਮੈਨੂੰ ਅਜੇ ਤਕ ਸਮਝ ਨਹੀਂ ਆਇਆ ਕਿ ਇਸ ਵਿਚ ‘ਵਧੀਆ’ ਗੱਲ ਕੀ ਹੈ?

ਡਾਲਰ ਦਾ ਰੇਟ ਵਧਣਾ ਜਾਂ ਰੁਪਈਏ ਦਾ ਰੇਟ ਘਟਣਾ! ਉਨਾਂ ਦੀ ਇੱਕੋ ਬੇਟੀ ਹੈ ਜੋ ਬਾਹਰ ਹੈ ਅਤੇ ਨੂੰਹ-ਮੁੰਡਾ ਇੱਥੇ ਸਰਕਾਰੀ ਮੁਲਾਜ਼ਮ ਹਨ

**ਬਾਕੀ ਸਫ਼ਾ 31 ’ਤੇ**

# ਕੋਰੋਨਾ ਮਹਾਂਮਾਰੀ: ਤੀਜੀ ਲਹਿਰ ਦਾ ਖ਼ਤਰਾ



**ਇਕਵਾਕ ਸਿੰਘ ਪੱਟੀ**

ਕੋਰੋਨਾ ਵਾਇਰਸ ਨੇ ਜਿਸ ਤਰਾਂ ਦੇਸ਼ ਦੁਨੀਆਂ ’ਤੇ ਵੱਡਾ ਕਹਿਰ ਢਾਹਿਆ ਹੈ, ਸਾਡੇ ਸੱਭ ਦੇ ਸਾਹਮਣੇ ਹੈ। ਅਜਿਹੇ ਦਿਨ ਵੀ ਦੇਖੇ ਕਿ ਆਪਣਿਆਂ ਨੇ ਆਪਣਿਆਂ ਦੀਆਂ ਮ੍ਰਿਤਕ ਦੇਹਾਂ ਲੈਣ ਤੋਂ ਮਨਾਂ ਕਰ ਦਿੱਤਾ ਸੀ। ਰੋਜ਼ਾਨਾ ਮੌਤਾਂ ਦੇ ਵੱਧ ਰਹੇ ਅੰਕੜੇ ਦਿਲ ਨੂੰ ਧੂਹ ਪਾਉਂਦੇ ਸਨ। ਕਦੋਂ ਅਤੇ ਕਿਵੇਂ ਸੱਭ ਠੀਕ ਹੋਵੇਗਾ, ਕੁੱਝ ਨਜ਼ਰੀਂ ਨਹੀਂ ਸੀ ਪੈਂਦਾ ਸਿਵਾਏ ਇਸਦੇ ਕਿ ਇੱਕ ਦਿਨ ਸੱਭ ਠੀਕ ਹੋ ਜਾਵੇਗਾ। ਹਰ ਇੱਕ ਮੁਲਕ ਨੇ ਤਾਲਾਬੰਦੀ ਐਲਾਨ ਦਿੱਤੀ। ਸਾਡੇ ਦੇਸ਼ ਵਿੱਚ ਵੀ ਕਾਹਲੀ ਨਾਲ ਇੱਕ ਦਿਨ ਦਾ ਜਨਤਾ ਕਰਫਿਊ ਐਲਾਨਿਆ ਗਿਆ ਜੋ ਬਾਅਦ ਵਿੱਚ ਅਣਮਿੱਥੀ ਤਾਲਾਬੰਦੀ ਅਤੇ ਕਰਫਿਊ ਵਿੱਚ ਤਬਦੀਲ ਹੋਇਆ ਰਿਹਾ।

ਜਦ ਹਾਲਤ ਕੁੱਝ ਸਥਿਰ ਹੋਏ ਤਾਂ ਹੌਲੀ-ਹੌਲੀ ਤਾਲਾਬੰਦੀ ਖੁਲਦੀ ਰਹੀ ਅਤੇ ਹਾਲਾਤ ਆਮ ਵਰਗੇ ਹੋਣ ਲੱਗੇ। ਅਜੇ ਸਾਰੇ ਕੰਮਕਾਰ ਮੁੜ ਤੋਂ ਸੂਤਰ ਜਿਹੇ ਹੋਣ ਹੀ ਲੱਗੇ ਸੀ ਕਿ ਕੋਰੋਨਾ ਦੀ ਦੂਜੀ ਲਹਿਰ ਨੇ ਮੁੜ ਉਹੀ ਡਰ ਲੋਕ ਮਨਾਂ ਅੰਦਰ ਪੈਦਾ ਕਰ ਦਿੱਤਾ ਅਤੇ ਹੌਲੀ-ਹੌਲੀ ਸਮਾਂਬੱਧ ਤਾਲਾਬੰਦੀ ਦੇਸ਼ ਭਰ ਵਿੱਚ ਮੁੜ ਤੋਂ ਲੱਗ ਗਈ। ਪੰਜਾਬ ਵਿੱਚ ਭਾਵੇਂ ਮੁਕੰਮਲ ਤਾਲਾਬੰਦੀ ਨਾ ਲੱਗੀ, ਪਰ ਰਾਤ ਦੇ ਕਰਫਿਊ ਅਤੇ ਕੰਮ ਕਾਰਾਂ ਦੀ ਸਮਾਂ-ਬੱਧ ਨਵੀਂ ਸਾਰਣੀ ਨਾਲ ਕਾਰੋਬਾਰ ਨੂੰ ਮੁੜ ਤੋਂ ਵੱਡਾ ਧੱਕਾ ਲੱਗਿਆ। ਸਕੂਲ/ਕਾਲਜ ਆਦਿ ਮੁੜ ਤੋਂ ਮੁਕੰਮਲ ਤੌਰ ’ਤੇ ਬੰਦ ਕਰ ਦਿੱਤਾ ਗਿਆ। ਖ਼ੈਰ, ਦੋ ਅਗਸਤ ਤੋਂ ਪੰਜਾਬ ਵਿੱਚ ਮੁੜ ਤੋਂ ਸਾਰੀਆਂ ਜਮਾਤਾਂ ਲਈ ਸਕੂਲ ਖੋਲ ਦਿੱਤੇ ਗਏ ਹਨ, ਭਾਵੇਂ ਕਿ ਕਿਸੇ ਤਰਾਂ ਦੀ ਅਣਸੁਖਾਵੀਂ ਸਥਿਤੀ ਦੀ ਜ਼ਿੰਮੇਵਾਰੀ, ਲਿਖਤੀ ਤੌਰ ’ਤੇ ਮਾਪਿਆਂ ਦੇ ਸਿਰ ਉੱਤੇ ਹੀ ਪਾਈ ਗਈ, ਪਰ ਮਾਪੇ ਵਿਚਾਰੇ ਵੀ ਕੀ ਕਰਨ? ਘਰ ਬੈਠੇ-ਬੈਠੇ ਬੱਚਿਆਂ ਦੇ ਵਿਕਾਸ ਵਿੱਚ ਵੱਡੀ ਰੋਕ ਪੈਦਾ ਹੋ ਚੁੱਕੀ ਹੈ। ਸਕੂਲਾਂ ਦੇ ਖਰਚੇ ਵੀ ਪੂਰੇ ਭਰਨੇ ਪੈ ਰਹੇ ਹਨ। ਖ਼ਾਸਕਰ ਪ੍ਰਾਈਮਰੀ ਵਿਦਿਆਰਥੀਆਂ ਦੀਆਂ ਆਨਲਾਈਨ ਕਲਾਸਾਂ ਕੋਈ ਵੱਡੀ ਭੂਮਿਕਾ ਨਹੀਂ ਨਿਭਾ ਪਾ ਰਹੀਆਂ।

ਇਸਦੇ ਨਾਲ ਹੀ ਕੋਰੋਨਾ ਦੀ ਤੀਜੀ ਲਹਿਰ ਦੇ ਖ਼ਤਰਾ ਮੁੜ ਤੋਂ ਸਿਰ ’ਤੇ ਮੰਡਰਾਉਣ ਲੱਗ ਪਿਆ ਹੈ। ਮਾਹਿਰਾਂ ਅਨੁਸਾਰ ਤੀਜੀ ਲਹਿਰ ਆਉਣ ਨਾਲ ਰੋਜ਼ਾਨਾ ਇੱਕ ਲੱਖ ਕੋਰੋਨਾ ਪਾਜ਼ੇਟਿਵ ਮਾਮਲੇ ਸਾਹਮਣੇ ਆਉਣ ਦਾ ਖ਼ਦਸ਼ਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਤੀਜੀ ਲਹਿਰ ਅਗਸਤ ਮਹੀਨੇ ਸ਼ੁਰੂ ਹੋਵੇਗੀ ਅਤੇ ਅਕਤੂਬਰ ਦੇ ਮਹੀਨੇ ਪੂਰੇ ਸਿਖ਼ਰ ’ਤੇ ਹੋਵੇਗੀ। ਕੇਰਲਾ ਵਿੱਚ ਇਸ ਤੀਜੀ ਲਹਿਰ ਨਾਲ ਸਬੰਧਿਤ ਕੋਰੋਨਾ ਦੇ ਡੈਲਟਾ ਰੂਪ ਦੇ ਮਾਮਲੇ ਵੀ ਸਾਹਮਣੇ ਆਉਣ ਲੱਗ ਪਏ ਹਨ ਅਤੇ ਉੱਥੇ ਤਾਲਾਬੰਦੀ ਵੀ ਐਲਾਨੀ ਜਾ ਚੁੱਕੀ ਹੈ। ਇਸ ਸੱਭ ਦੇ ਦੌਰਾਨ ਦੇਸ਼ ਦੇ ਲਗਭਗ 10 ਸੂਬਿਆਂ ਵਿੱਚ ਸਕੂਲ ਖੋਲ ਦਿੱਤੇ ਗਏ ਹਨ ਅਤੇ ਆਫਲਾਈਨ ਇਮਤਿਹਾਨ ਲੈਣ ਦਾ ਐਲਾਨ ਵੀ ਕੀਤਾ ਜਾ ਚੁੱਕਿਆ ਹੈ। ਦੂਜੀ ਲਹਿਰ ਤੋਂ ਬਾਅਦ ਮਹਾਰਾਸ਼ਟਰ ਵਿੱਚ ਖੋਲੇ ਗਏ ਸਕੂਲਾਂ ਵਿੱਚ ਪਹਿਲੇ ਦਿਨ ਹੀ 613 ਬੱਚੇ ਕੋਰੋਨਾ ਪਾਜ਼ੇਟਿਵ ਆ ਗਏ ਹਨ। ਦੂਜੀ ਲਹਿਰ ਦੇ ਪ੍ਰਭਾਵ ਘੱਟਣ ਅਤੇ ਟੀਕਾਕਰਨ ਹੋ ਜਾਣ ਦੇ ਦਾਅਵਿਆਂ ਕਾਰਨ ਕਿਤੇ ਨਾ ਕਿਤੇ ਲੋਕ ਬੇ-ਪਰਵਾਹ ਹੋਏ ਨਜ਼ਰ ਆ ਰਹੇ ਹਨ। ਜਦਕਿ ਤੀਜੀ ਲਹਿਰ ਦੇ ਕੋਰੋਨਾ ਦੇ ਡੈਲਟਾ ਰੂਪ ਨੇ ਅਮਰੀਕਾ ਵਰਗੇ ਵਿਕਾਸਸ਼ੀਲ ਦੇਸ਼ ਨੂੰ ਵੀ ਚਿੰਤਾ ਵਿੱਚ ਪਾਇਆ ਹੋਇਆ ਹੈ, ਕਿਉਂਕਿ ਉੱਥੇ ਵੀ ਡੈਲਟਾ ਦੇ ਮਰੀਜ਼ ਆਏ ਦਿਨ ਸਾਹਮਣੇ ਆ ਰਹੇ ਹਨ।

ਉੱਥੇ ਆਬਾਦੀ ਵੀ ਘੱਟ ਹੈ ਅਤੇ ਸਿਹਤ ਸਬੰਧੀ ਹਰ ਤਰਾਂ ਦੇ ਪ੍ਰਬੰਧ ਮੌਜੂਦ ਹਨ, ਪਰ ਸਾਡੇ ਦੇਸ਼ ਵਿੱਚ ਅਜੇ ਅੱਧੀ ਆਬਾਦੀ ਦਾ ਵੀ ਟੀਕਾਕਰਨ ਨਹੀਂ ਹੋ ਸਕਿਆ ਹੈ। ਇਸ ਸੱਭ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਸੂਬਿਆਂ ਨੂੰ ਚੇਤੰਨ ਕਰ ਦਿੱਤਾ ਹੋਇਆ ਹੈ। ਟੀਕਾਕਰਨ ਵਿੱਚ ਵੀ ਤੇਜ਼ੀ ਵਰਤੀ ਜਾ ਰਹੀ ਹੈ। ਇਸ ਸੱਭ ਦੇ ਨਾਲ ਖ਼ਾਸ ਤੌਰ ’ਤੇ ਆਮ ਜਨਤਾ ਨੂੰ ਵਿਸ਼ੇਸ਼ ਜਤਨ ਅਰੰਭਣੇ ਪੈਣਗੇ ਅਤੇ ਸਰਕਾਰੀ ਹਦਾਇਤਾਂ ਨੂੰ ਮੰਨਣ ਦੇ ਨਾਲ ਨਾਲ ਆਪਣਾ ਆਪ ਅਤੇ ਆਪਣੇ ਪਰਵਾਰਾਂ ਨੂੰ ਸੰਭਾਲਣ ਲਈ ਸੁਚੇਤ ਹੋਣਾ ਪਵੇਗਾ। ਬਹੁਤ ਦਰਦਨਾਕ ਮੰਜ਼ਰ ਦੂਜਿਆਂ ਦੇ ਘਰਾਂ ਵਿੱਚ ਦੇਖ ਚੁੱਕੇ ਹਾਂ, ਇਹ ਸਭ ਕੁੱਝ ਸਾਡੇ ਨਾਲ ਜਾਂ ਸਾਡੇ ਆਪਣਿਆਂ ਨਾਲ ਨਾ ਵਾਪਰੇ ਇਸ ਲਈ ਅੱਜ ਤੋਂ ਹੀ ਸਾਵਧਾਨੀਆਂ ਵਰਤਣੀਆਂ ਸ਼ੁਰੂ ਕਰ ਦੇਈਏ। ਬੇਲੋੜਾ ਬਾਹਰ ਜਾਣਾ ਅਤੇ ਕਿਸੇ ਵੀ ਤਰਾਂ ਦੀ ਅਣਗਿਹਲੀ ਕੀਮਤੀ ਜ਼ਿੰਦਗੀਆਂ ਨੂੰ ਮੌਤ ਦੇ ਮੂੰਹ ਵਿੱਚ ਪਾ ਸਕਦੀ ਹੈ। ਆਓ! ਤੀਜੀ ਲਹਿਰ ਪ੍ਰਤੀ ਸੁਚੇਤ ਹੋਈਏ। ਜ਼ਿੰਮੇਵਾਰ ਬਣੀਏ।

# ਸਰਕਾਰਾਂ ਦੇ ਕੀਤੇ ਹੋਏ ਵਾਅਦਿਆਂ ਨੂੰ ਕਦੋਂ ਪਏਗਾ ਬੂਰ ?



**ਸੰਜੀਵ ਸਿੰਘ ਸੈਣੀ, ਮੋਹਾਲੀ**

ਕਿਸੇ ਵੀ ਦੇਸ਼ ਦੀ ਤਰੱਕੀ ਤੇ ਖ਼ੁਸ਼ਹਾਲੀ ਉਸ ਦੇ ਸਾਧਨਾਂ ’ਤੇ ਨਿਰਭਰ ਕਰਦੀ ਹੈ। ਜਿਹੜੇ ਦੇਸ਼ ਵਿਚ ਵਪਾਰ ਤਰੱਕੀ ਤੇ ਤਕਨੀਕੀ ਸਾਧਨ ਜ਼ਿਆਦਾ ਹਨ, ਉਹ ਦੇਸ਼ ਵਿਕਾਸ ਦੀ ਲੀਹ ਤੇ ਤੇਜ਼ੀ ਨਾਲ ਅੱਗੇ ਵੱਧਦਾ ਹੈ। ਮਿਸਾਲ ਹਨ ਅਮਰੀਕਾ, ਕੈਨੇਡਾ ਅਤੇ ਹੋਰ ਵਿਕਸਤ ਮੁਲਕ। ਹਾਲ ਹੀ ਵਿੱਚ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਅਬਾਦੀ ਘਟਾਉਣ ਲਈ ਵਿਧਾਨ ਸਭਾ ਵਿਚ ਬਿੱਲ ਲਿਆਂਦਾ ਗਿਆ। ਉਸੇ ਸੂਬੇ ਦੇ 30 ਸਾਲਾ ਨੌਜਵਾਨ ਨੇ ਖ਼ੁਦਕੁਸ਼ੀ ਨੋਟ ਲਿਖ ਕੇ ਆਤਮ ਹੱਤਿਆ ਕਰ ਲਈ ਜਿਸ ਵਿਚ ਉਸ ਨੇ ਆਪਣੇ ਪਰਿਵਾਰਕ ਮੈਂਬਰਾਂ ਤੋਂ ਮੁਆਫ਼ੀ ਵੀ ਮੰਗੀ ਕਿ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਉਹ ਮਿਹਨਤ ਕਰਨ ਤੋਂ ਬਾਅਦ ਵੀ ਆਪਣੇ ਪੈਰਾਂ ’ਤੇ ਖੜਾ ਨਹੀਂ ਹੋ ਸਕਿਆ। ਭਾਵ ਉਸ ਨੂੰ ਨੌਕਰੀ ਨਹੀਂ ਮਿਲ ਸਕੀ। ਉਸ ਨੇ ਲਿਖਿਆ ਕਿ ਉਸ ਨੇ ਬਹੁਤ ਇੰਟਰਵਿਊ ਦਿੱਤੀਆਂ, ਪਰ ਉਸ ਨੂੰ ਸਮਾਂ ਰਹਿੰਦਿਆਂ ਰੁਜ਼ਗਾਰ ਨਾ ਮਿਲ ਸਕਿਆ।

ਚੇਤੇ ਕਰਵਾ ਦੇਈਏ ਕਿ ਮੌਜੂਦਾ ਕੇਂਦਰ ਸਰਕਾਰ ਨੇ 2014 ਵਿਚ ਸੱਤਾ ਵਿੱਚ ਆਉਣ ਤੋਂ ਪਹਿਲਾਂ ਨੌਜਵਾਨਾਂ ਨਾਲ ਵਾਅਦਾ ਵੀ ਕੀਤਾ ਸੀ ਕਿ ਉਹ ਹਰ ਸਾਲ ਨੌਜਵਾਨਾਂ ਨੂੰ 2 ਕਰੋੜ ਨੌਕਰੀਆਂ ਦੇਣਗੇ। ਪੰਜਾਬ ਸਰਕਾਰ ਵੱਲੋਂ ਵੀ ਘਰ ਘਰ ਨੌਕਰੀ ਦਾ ਵਾਅਦਾ ਕੀਤਾ ਗਿਆ ਸੀ। ਹਾਲ ਹੀ ਵਿੱਚ ਇਕ ਤਾਜ਼ਾ ਰਿਪੋਰਟ ਵੀ ਸਾਹਮਣੇ ਆਈ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਪੈਦਾ ਹੋਈ ਹੈ। ਕੋਰੋਨਾ ਮਹਾਂਮਾਰੀ ਕਾਰਨ ਦੇਸ਼ ਦੇ ਅਰਥਚਾਰੇ ਨੂੰ ਡੂੰਘੀ ਢਾਅ ਲੱਗੀ ਹੈ। ਲੋਕਾਂ ਦੀ ਨੌਕਰੀਆਂ ਚਲੀਆਂ ਗਈਆਂ। ਕੇਂਦਰ ਸਰਕਾਰ ਵੱਲੋਂ ਕਈ ਅਹਿਮ ਵਿਭਾਗਾਂ ਦਾ ਨਿੱਜੀਕਰਨ ਵੀ ਕਰ ਦਿੱਤਾ ਗਿਆ ਹੈ। ਜਿਸ ਕਾਰਨ ਹੋਰ ਬੇਰੁਜ਼ਗਾਰੀ ਵੱਧ ਗਈ ਹੈ। ਰੁਜ਼ਗਾਰ ਨਾ ਮਿਲਣ ਕਾਰਨ ਕਈ ਵਾਰ ਨੌਜਵਾਨ ਨਸ਼ਿਆਂ ਨੂੰ ਤਰਜੀਹ ਦੇਣ ਲੱਗ ਜਾਂਦੇ ਹਨ। ਨੌਜਵਾਨ ਚਿੱਟੇ ਦੇ ਆਦੀ ਹੋ ਗਏ ਹਨ। ਕੋਈ ਦਿਨ ਅਜਿਹਾ ਹੋਣਾ ਜਦੋਂ ਖ਼ਬਰ ਨਾ ਛਪੀ ਹੋਵੇ ਕਿ ਫ਼ਲਾਣੇ ਪਿੰਡ ਦੇ ਨੌਜਵਾਨ ਨਸ਼ੇ ਦੀ ਭੇਟ ਚੜਿਆ। ਹੁਣ ਤਾਂ ਕੁੜੀਆਂ ਵੀ ਨਸ਼ੇ ਦੀ ਆਦੀ ਹੋ ਗਈਆਂ ਹਨ। ਰੁਜ਼ਗਾਰ ਨਾ ਮਿਲਣ ਕਾਰਨ ਨੌਜਵਾਨ ਨਸ਼ੇ ਨੂੰ ਤਰਜੀਹ ਦੇਣ ਲੱਗ ਜਾਂਦੇ ਹਨ। ਮਾਂ ਬਾਪ ਤੰਗੀਆਂ ਕੱਟ ਕੇ ਆਪਣੇ ਬੱਚਿਆਂ ਨੂੰ ਪੜਾਉਂਦੇ ਹਨ ਤਾਂ ਕਿ ਉਨਾਂ ਦੇ ਬੱਚਿਆਂ ਦਾ ਭਵਿੱਖ ਵਧੀਆ ਹੋਵੇ। ਵਿਦੇਸ਼ ਜਾਣ ਦਾ ਰੁਝਾਨ ਦਿਨ ਪ੍ਰਤੀ ਦਿਨ ਵੱਧ ਰਿਹਾ ਹੈ। ਪਾਸਪੋਰਟ ਦਫ਼ਤਰਾਂ ਦੇ ਬਾਹਰ ਲੰਮੀਆਂ-ਲੰਮੀਆਂ ਕਤਾਰਾਂ ਦੇਖਣ ਨੂੰ ਮਿਲ ਰਹੀਆਂ ਹਨ। ਪੰਜਾਬ ਵਿਚੋਂ ਹਰ ਸਾਲ ਵਿਦੇਸ਼ਾਂ ਵਿੱਚ ਪੜਾਈ ਕਰਨ ਲਈ ਨੌਜਵਾਨ 27 ਹਜ਼ਾਰ ਕਰੋੜ ਰੁਪਏ ਖਰਚ ਰਹੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇੱਕ ਸਾਬਕਾ ਵੀ ਸੀ ਦਾ ਕਹਿਣਾ ਹੈ ਕਿ ਪੰਜਾਬ ਵਿਚੋਂ ਸਭ ਤੋਂ ਜ਼ਿਆਦਾ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੇ ਹਨ। ਹਰ ਸਾਲ ਲੱਖਾਂ ਨੌਜਵਾਨਾਂ ਦਾ ਵਿਦੇਸ਼ ਜਾਣਾ ਖ਼ਤਰੇ ਦੀ ਘੰਟੀ ਹੈ। ਮਾਂ-ਬਾਪ ਕਰਜ਼ਈ ਹੋ ਕੇ ਨੌਜਵਾਨ ਪੀੜੀ ਨੂੰ ਵਿਦੇਸ਼ ਭੇਜ ਰਹੇ ਹਨ। ਕੋਈ ਸਮਾਂ ਹੁੰਦਾ ਸੀ ਜਦੋਂ ਸਰਕਾਰੀ ਮੁਲਾਜ਼ਮ ਆਪਣੇ ਬੱਚਿਆਂ ਨੂੰ ਵਿਦੇਸ਼ ਵਿੱਚ ਪੜਾਈ ਲਈ ਭੇਜਿਆ ਕਰਦੇ ਸਨ ਅਤੇ ਵਿਦੇਸ਼ੀ ਪੜਾਈ ਕਰਕੇ ਫਿਰ ਉਹ ਵਾਪਸ ਪੰਜਾਬ ਆ ਕੇ ਆਪਣੀ ਧਰਤੀ ’ਤੇ ਹੀ ਨੌਕਰੀ ਪੇਸ਼ਾ ਕਰਦੇ ਸਨ। ਅੱਜ ਸਮਾਂ ਇਹ ਹੈ ਕਿ ਜੋ ਇੱਕ ਵਾਰ ਵਿਦੇਸ਼ ਚਲਾ ਗਿਆ ਉਹ ਵਾਪਸ ਮੁੜ ਕੇ ਨਹੀਂ ਆਉਂਦਾ। ਹੁਣ ਤਾਂ ਪਿੰਡਾਂ ਦੇ ਲੋਕ ਵੀ ਕਰਜ਼ਾ ਚੁੱਕ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਪੜਾਈ ਲਈ ਭੇਜਦੇ ਹਨ। ਫਿਰ ਪਿੱਛੋਂ ਮਾਂ ਬਾਪ ਬੈਂਕ ਦਾ ਕਰਜ਼ਾ ਲਾਹੁੰਦੇ ਹਨ। ਸਮੇਂ ਸਿਰ ਕਰਜ਼ਾ ਨਾ ਉਤਰਨ ਕਾਰਨ ਫਿਰ ਉਹ ਪਿਉ ਖ਼ੁਦਕੁਸ਼ੀ ਕਰ ਲੈਂਦਾ ਹੈ। ਨੌਜਵਾਨਾਂ ਦਾ ਵਿਦੇਸ਼ਾਂ ਨੂੰ ਜਾਣ ਦਾ ਵੱਡਾ ਕਾਰਨ ਬੇਰੁਜ਼ਗਾਰੀ ਵੀ ਹੈ। ਹੱਥਾਂ ਵਿੱਚ ਡਿਗਰੀਆਂ ਲੈ ਕੇ ਨੌਜਵਾਨ ਦਫ਼ਤਰਾਂ ਦੇ ਬਾਹਰ ਧੱਕੇ ਖਾਂਦੇ ਹਨ। ਜਿੱਥੇ ਵੀ ਕੋਈ ਚਪੜਾਸੀ ਦੀ ਅਸਾਮੀ ਨਿਕਲਦੀ ਹੈ ਉਥੇ ਪੀ.ਐਚ.ਡੀ, ਐਮ.ਫਿਲ ਕਰ ਚੁੱਕੇ ਬੰਦੇ ਆਪਣੀ ਅਰਜ਼ੀ ਭਰਦੇ ਹਨ। ਇਹ ਬਹੁਤ ਹੀ ਸੋਚਣ ਦਾ ਸਮਾਂ ਹੈ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਪੰਜਾਬ ’ਚ ਹੀ ਵਧੀਆ ਸਨਅਤੀ ਨੀਤੀ ਬਣਾਉਣੀ ਚਾਹੀਦੀ ਹੈ ਤਾਂ ਜੋ ਨੌਜਵਾਨਾਂ ਨੂੰ ਆਪਣੀ ਯੋਗਤਾ ਮੁਤਾਬਕ ਰੋਜ਼ਗਾਰ ਮਿਲ ਸਕੇ। ਚੋਣਾਂ ਤੋਂ ਪਹਿਲੇ ਤਾਂ ਸਰਕਾਰਾਂ ਕਈ ਤਰਾਂ ਦੇ ਵਾਅਦੇ ਕਰਦੀਆਂ ਹਨ। ਪਰ ਸਮਝ ਨਹੀਂ ਆਉਂਦੀ ਕਿ ਸੱਤਾ ਵਿਚ ਆਉਣ ਤੋਂ ਬਾਅਦ ਸਰਕਾਰਾਂ ਆਪਣੇ ਵਾਅਦੇ ਕਿਉਂ ਭੁੱਲ ਜਾਂਦੀਆਂ ਹਨ?

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES

06 ਅਗਸਤ 2021 ਤੋਂ 12 ਅਗਸਤ 2021

# ਭਗਤ ਪੂਰਨ ਸਿੰਘ ਨੂੰ ਯਾਦ ਕਰਦਿਆਂ...

ਭਗਤ ਪੂਰਨ ਸਿੰਘ, ਜਿਨਾਂ ਦਾ ਬਚਪਨ ਦਾ ਨਾਮ ਰਾਮਜੀ ਦਾਸ ਸੀ, ਦਾ ਜਨਮ 4 ਜੂਨ 1904 ਨੂੰ ਲੁਧਿਆਣਾ ਜ਼ਿਲੇ ਦੇ ਪਿੰਡ ਰਾਜੇਵਾਲ (ਰੋਹਣੋ) ਨੇੜੇ ਖੰਨਾ ਵਿੱਚ ਮਾਤਾ ਮਹਿਤਾਬ ਕੌਰ ਅਤੇ ਪਿਤਾ ਛਿੱਬੂ ਮੱਲ ਦੇ ਘਰ ਹੋਇਆ। ਛਿੱਬੂ ਮੱਲ ਸ਼ਾਹੂਕਾਰਾ ਕਰਦੇ ਸਨ ਅਤੇ ਮਾਤਾ ਮਹਿਤਾਬ ਕੌਰ ਜੀ ਧਾਰਮਿਕ ਬਿਰਤੀ ਦੇ ਸਨ। ਜਦੋਂ ਰਾਮ ਜੀ ਦਾਸ ਦਸਵੀਂ ਜਮਾਤ ਵਿੱਚ ਸਨ ਤਾਂ ਉਨਾਂ ਦੇ ਪਿਤਾ ਦੀ ਮੌਤ ਹੋ ਗਈ। ਬਾਅਦ ਵਿੱਚ ਉਨਾਂ ਨੂੰ ਲਾਹੌਰ ਵਿਖੇ ਇੱਕ ਸਥਾਨਕ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਉੱਥੇ ਉਨਾਂ ਦੇ ਮਾਤਾ ਜੀ ਲੋਕਾਂ ਦੇ ਘਰਾਂ ਵਿੱਚ ਭਾਂਡੇ ਮਾਂਜਣ ਦਾ ਕੰਮ ਕਰਦੇ ਸਨ। ਉਨਾਂ ਨੂੰ ਆਪਣੇ ਸਕੂਲੀ ਕਿਤਾਬਾਂ ਵਿੱਚ ਦਿਲਚਸਪੀ ਨਹੀਂ ਸੀ, ਉਹ ਇੰਝ ਮਹਿਸੂਸ ਕਰਦੇ ਸਨ ਕਿ ਰੋਜ਼ਾਨਾ ਦੇ ਜੀਵਨ ਵਿੱਚ ਇਨਾਂ ਕਿਤਾਬਾਂ ਦੀ ਕੋਈ ਖਾਸ ਮਹੱਤਤਾ ਨਹੀਂ ਹੈ। 1923 ਵਿੱਚ ਲੁਧਿਆਣੇ ਤੋਂ ਦਸਵੀਂ ਦੀ ਪ੍ਰੀਖਿਆ ਦੇ ਕੇ ਵਾਪਸ ਪਰਤਣ ਸਮੇਂ ਉਹ ਮੱਥਾ ਟੇਕਣ ਲਈ ਇੱਕ ਮੰਦਰ ਵਿੱਚ ਰੁਕ ਗਏ। ਉੱਥੇ ਉਨਾਂ ਨੇ ਵੱਖ-ਵੱਖ ਹਿੰਦੂ ਦੇਵਤਿਆਂ ਦੀਆਂ ਮੂਰਤੀਆਂ ਨੂੰ ਧੋਤਾ ਅਤੇ ਉਨਾਂ ਨੂੰ ਆਪਣੇ ਸਹੀ ਸਥਾਨਾਂ ’ਤੇ ਵਾਪਸ ਰੱਖ ਦਿੱਤਾ। ਇਹ ਸਭ ਵੇਖ ਕੇ ਮੰਦਰ ਦਾ ਪੁਜਾਰੀ ਬਹੁਤ ਪ੍ਰਭਾਵਿਤ ਹੋਇਆ। ਇਸ ਦੌਰਾਨ, ਦੁਪਹਿਰ ਦੇ ਸਮੇਂ ਜਦੋਂ ਮੰਦਰ ਦਾ ਪੁਜਾਰੀ ਅਤੇ ਉੱਥੇ ਮੌਜੂਦ ਕੁਝ ਹੋਰ ਵਿਅਕਤੀ ਲੰਗਰ ਛਕਣ ਲੱਗੇ ਤਾਂ ਰਾਮਜੀ ਵੀ ਉਨਾਂ ਨਾਲ ਬੈਠ ਗਏ ਪਰ ਪੁਜਾਰੀ ਨੇ ਉਨਾਂ ਨੂੰ ਲੰਗਰ ਛਕਾਉਣ ਤੋਂ ਮਨਾ ਕਰ ਦਿੱਤਾ। ਅਗਲੀ ਵਾਰ ਉਹ ਇੱਕ ਗੁਰਦੁਆਰੇ ਵਿੱਚ ਰੁਕੇ ਅਤੇ ਗੁਰਦੁਆਰੇ ਦੇ ਭਾਈ ਜੀ ਨੇ ਉਸ ਨੂੰ ਬਿਨਾਂ ਕਿਸੇ ਵੀ ਮੰਗ ਤੋਂ ਨਾ ਸਿਰਫ ਲੰਗਰ ਛਕਾਇਆ ਸਗੋਂ ਇਕ ਮੰਜੀ ਅਤੇ ਇਕ ਗਲਾਸ ਦੁੱਧ ਵੀ ਦਿੱਤਾ। ਦੱਸਿਆ ਜਾਂਦਾ ਹੈ ਕਿ ਇਸ ਘਟਨਾ ਦਾ ਉਨਾਂ ’ਤੇ ਬਹੁਤ ਅਸਰ ਹੋਇਆ। ਲਾਹੌਰ ਵਿਚ ਉਹ ਅਕਸਰ ਗੁਰਦੁਆਰਾ ਡੇਹਰਾ ਸਾਹਿਬ ਜਾਂਦੇ ਹੁੰਦੇ ਸਨ ਅਤੇ ਵੱਧ ਤੋਂ ਵੱਧ ਸੇਵਾ ਕਰਦੇ। ਸੇਵਾ ਸਿਮਰਨ ਸਦਕਾ ਗੁਰੂ ਪਾਤਿਸਾਹ ਨੇ ਮਿਹਰ ਕਰ ਕੇ ਉਨਾਂ ਨੂੰ ਖੰਡੇ ਬਾਟੇ ਦੀ ਪਹੁਲ ਬਖਸ਼ਿਸ਼ ਕੀਤੀ ਅਤੇ ਉਹ ਰਾਮਜੀ ਦਾਸ ਤੋਂ ਪੂਰਨ ਸਿੰਘ ਬਣ ਗਏ।

ਉਹ ਦਿਆਲ ਸਿੰਘ ਲਾਇਬ੍ਰੇਰੀ ਵਿਚ ਕਈ-ਕਈ ਘੰਟੇ ਕਿਤਾਬਾਂ ਪੜਦੇ ਰਹਿੰਦੇ। ਭਾਵੇਂ ਉਨਾਂ ਨੇ ਆਪਣੀ ਬੁਨਿਆਦੀ ਪੜਾਈ ਪੂਰੀ ਨਹੀਂ ਕੀਤੀ ਸੀ ਪਰ ਉਹ ਇੱਕ ਲੇਖਕ, ਇੱਕ (ਸਵੈ) ਪ੍ਰਕਾਸ਼ਕ, ਵਾਤਾਵਰਣ ਪ੍ਰੇਮੀ ਅਤੇ ਇੱਕ ਸਮਾਜ ਸੇਵਕ ਬਣ ਗਏ ਸਨ। ਉਹ 1934 ਵਿੱਚ ਗੁਰੂ ਅਰਜਨ ਦੇਵ ਜੀ ਦੀ ਯਾਦਗਾਰ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਵਿੱਚ ਗਏ। ਇਕ ਰਾਤ ਕੋਈ ਚਾਰ ਸਾਲ ਦੇ ਅਪੰਗ ਬੱਚੇ ਨੂੰ ਗੁਰਦੁਆਰਾ ਸਾਹਿਬ ਦੀਆਂ ਪੌੜੀਆਂ ’ਤੇ ਛੱਡ ਗਿਆ। ਬੱਚੇ ਦੀ ਤੰਦਰੁਸਤੀ ਲਈ ਅਰਦਾਸ ਕਰਨ ਤੋਂ ਬਾਅਦ, ਗੁਰਦੁਆਰੇ ਦੇ ਮੁੱਖ ਗ੍ਰੰਥੀ, ਜਥੇਦਾਰ ਅੱਛਰ ਸਿੰਘ ਨੇ ਉਸ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰ ਦਿੱਤਾ, ਜਿਨਾਂ ਨੇ ਉਸ ਲੜਕੇ ਦਾ ਨਾਮ ਪਿਆਰਾ ਸਿੰਘ ਰੱਖਿਆ। ਬੱਚੇ ਨੂੰ ਕੋੜੀਆਂ ਦੇ ਕਿਸੇ ਕੇਂਦਰ ਵਿਚ ਸੌਂਪਣ ਦੀ ਬਜਾਏ, ਭਗਤ ਜੀ ਨੇ ਉਸ ਦੀ ਦੇਖਭਾਲ ਅਤੇ ਉਸ ਨੂੰ ਪਾਲਣ ਦਾ ਫੈਸਲਾ ਕੀਤਾ। ‘ਪਿੰਗਲਵਾੜਾ’ ਸੰਸਥਾ ਦੀ ਨੀਂਹ ਵੀ ਸ਼ਾਇਦ ਓਦੋਂ ਹੀ ਰੱਖੀ ਗਈ ਜਦੋਂ ਭਗਤ ਜੀ ਨੇ ਪਿਆਰਾ ਸਿੰਘ ਨੂੰ ਆਪਣੀ ਦੇਖ-ਰੇਖ ਵਿੱਚ ਲਿਆਂਦਾ।

ਦੇਸ਼ ਦੀ ਵੰਡ ਸਮੇਂ ਭਗਤ ਪੂਰਨ ਸਿੰਘ ਜੀ ਸ਼ਰਨਾਰਥੀਆਂ ਦੇ ਨਾਲ ਅੰਮ੍ਰਿਤਸਰ ਆ ਗਏ। ਵੱਡੀ ਗਿਣਤੀ ਵਿੱਚ ਸ਼ਰਨਾਰਥੀ ਗੰਭੀਰ ਰੂਪ ਵਿਚ ਜ਼ਖ਼ਮੀ ਸਨ ਅਤੇ ਆਪਣੇ ਆਪ ਦੀ ਦੇਖਭਾਲ ਕਰਨ ਤੋਂ ਅਸਮਰਥ ਸਨ। ਉਨਾਂ ਨੂੰ ਇਹ ਵੇਖ ਕੇ ਬੜਾ ਦੁੱਖ ਹੋਇਆ ਅਤੇ ਉਨਾਂ ਨੇ ਖਾਲਸਾ ਕਾਲਜ ਦੇ ਸਾਹਮਣੇ ਤੰਬੂ ਗੱਡ ਕੇ ਅਪਾਹਜਾਂ ਅਤੇ ਬੇ-ਸਹਾਰਾ ਲੋਕਾਂ ਨੂੰ ਸੰਭਾਲਿਆ। ਭਗਤ ਜੀ ਅਪਾਹਜਾਂ ਦੀ ਸੇਵਾ-ਸੰਭਾਲ ਕਰਦੇ, ਕੱਪੜੇ ਧੋਂਦੇ ਅਤੇ ਉਨਾਂ ਲਈ ਪ੍ਰਸ਼ਾਦੇ ਮੰਗ ਕੇ ਲਿਆਉਂਦੇ ਤੇ ਸਭ ਨੂੰ ਵਰਤਾਉਂਦੇ। 1947 ਤੋਂ ਲੈ ਕੇ 1958 ਤੱਕ ਭਗਤ ਪੂਰਨ ਸਿੰਘ ਨੂੰ ਰਹਿਣ ਲਈ ਕੋਈ ਸਥਾਈ ਨਿਵਾਸ ਨਹੀਂ ਮਿਲਿਆ ਸੀ। ਉਹ ਲੋੜਵੰਦਾਂ ਦੀ ਮਦਦ ਕਰਨ ਲਈ ਦਾਨ ਮੰਗਦੇ ਹੋਏ ਗਲੀਆਂ ਵਿਚ ਭਟਕਦੇ ਰਹਿੰਦੇ ਸਨ। ਸੰਨ 1958 ਨੂੰ ਅੰਮ੍ਰਿਤਸਰ ਵਿੱਚ ਪਿੰਗਲਵਾੜਾ ਸੰਸਥਾ ਦੀ ਸ਼ੁਰੂਆਤ ਹੋਈ।

ਭਗਤ ਜੀ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੀ ਮੁਹਾਰਤ ਰੱਖਣ ਵਾਲੇ ਸਨ। ਵਾਤਾਵਰਨ, ਪ੍ਰਦੂਸ਼ਣ, ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਅਨਪੜਤਾ ਆਦਿ ਮੁੱਦਿਆਂ ਦੀ ਸ਼ੁਰੂਆਤ ਭਗਤ ਪੂਰਨ ਸਿੰਘ ਨੇ ਕੀਤੀ। ਉਹ ਸਵੇਰੇ ਦਰਬਾਰ ਸਾਹਿਬ ਵਿੱਚ ਪਿਆਰਾ ਸਿੰਘ ਨੂੰ ਰੇਹੜੀ ਵਿੱਚ ਪਾ ਕੇ ਆਪਣੇ ਨਾਲ ਲੈ ਕੇ ਆਉਂਦੇ ਅਤੇ ਸਾਰਾ ਦਿਨ ਸੰਗਤ ਨੂੰ ਕਈ ਅਹਿਮ ਸਮੱਸਿਆਵਾਂ ਬਾਰੇ ਇਸ਼ਤਿਹਾਰ ਅਤੇ ਕਿਤਾਬਚੇ ਵੰਡਦੇ ਅਤੇ ਵਿਚਾਰਾਂ ਕਰਦੇ। ਰਾਤ ਨੂੰ ਪਿਆਰਾ ਸਿੰਘ ਨਾਲ ਵਾਪਿਸ ਪਿੰਗਲਵਾੜੇ ਚਲੇ ਜਾਂਦੇ। ਭਗਤ ਪੂਰਨ ਸਿੰਘ ਦੇ 23 ਦੇ ਕਰੀਬ ਪੁਸਤਕਾਂ ਤੇ ਕਿਤਾਬਚੇ ਪ੍ਰਕਾਸ਼ਿਤ ਹੋਏ ਹਨ ਜਿਨਾਂ ਵਿੱਚ ਸਾਹਿਤ ਦੇ ਵੱਖ-ਵੱਖ ਰੂਪ ਮੌਜੂਦ ਹਨ। ਭਗਤ ਪੂਰਨ ਸਿੰਘ ਨੇ 6 ਮਾਰਚ 1957 ਨੂੰ ਪੂਰਨ ਪ੍ਰਿੰਟਿੰਗ ਪ੍ਰੈਸ ਦੀ ਸਥਾਪਨਾ ਕੀਤੀ। ਇੱਥੋਂ ਪ੍ਰਕਾਸ਼ਤ ਸਾਰਾ ਸਾਹਿਤ ਭੇਟਾ ਰਹਿਤ ਪਾਠਕਾਂ ਵਿੱਚ ਵੰਡਿਆਂ ਜਾਂਦਾ ਅਤੇ ਅੱਜ ਵੀ ਇਹ ਪਿਰਤ ਪਿੰਗਲਵਾੜਾ ਸੰਸਥਾ ਵਲੋਂ ਨਿਰੰਤਰ ਜਾਰੀ ਹੈ।

ਭਗਤ ਪੂਰਨ ਸਿੰਘ ਦਾ ਆਦਰਸ਼ ਸੀ ਕਿ ਹਰੇਕ ਬੰਦਾ ਹੱਥੀਂ ਕੰਮ ਕਰੇ, ਘਰੇਲੂ ਦਸਤਕਾਰੀਆਂ ਅਪਣਾਏ, ਦਰੱਖ਼ਤ ਲਾਏ ਅਤੇ ਅਪਾਹਜ ਲੋੜਵੰਦਾਂ ਦੀ ਸਹਾਇਤਾ ਕਰੇ। ਉਨਾਂ ਨੂੰ ਅਨੇਕਾਂ ਸੰਸਥਾਵਾਂ ਅਤੇ ਇੰਡੀਆ ਦੀ ਸਰਕਾਰ ਵੱਲੋਂ ਮਾਨ-ਸਨਮਾਨ ਪ੍ਰਾਪਤ ਹੋਇਆ। 1981 ਈ. ਵਿੱਚ ‘ਪਦਮਸ੍ਰੀ’ ਐਵਾਰਡ (ਜੋ ਤੀਜੇ ਘੱਲੂਘਾਰੇ (ਜੂਨ 1984) ਦੇ ਰੋਸ ਵਜੋਂ ਵਾਪਸ ਕਰ ਦਿੱਤਾ ਸੀ), 1990ਈ. ਵਿੱਚ ਹਾਰਮਨੀ ਐਵਾਰਡ, 1991 ਈ. ਵਿੱਚ ਰੋਗ ਰਤਨ ਐਵਾਰਡ ਅਤੇ 1991 ਵਿੱਚ ਭਾਈ ਘਨੱਈਆ ਐਵਾਰਡ ਮਿਲੇ।

ਭਗਤ ਪੂਰਨ ਸਿੰਘ ਨੇ ਆਪਣਾ ਅਖ਼ੀਰਲਾ ਸਮਾਂ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਅੱਗੇ ਬੈਠ ਕੇ ਸੰਗਤ ਨੂੰ ਮਨੁੱਖਤਾ ਦੀ ਸੇਵਾ, ਪਰਉਪਕਾਰ ਅਤੇ ਵਾਤਾਵਰਨ ਸੰਭਾਲ ਲਈ ਪ੍ਰੇਰਦਿਆਂ ਬਤੀਤ ਕੀਤਾ। ਅਖੀਰ ਭਗਤ ਪੂਰਨ ਸਿੰਘ ਜੀ 5 ਅਗਸਤ, 1992 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ। ਇਹ ਸਖਸ਼ੀਅਤਾਂ ਜੋ ਆਪਣੇ ਨਾਮ ਨੂੰ ਆਪਣੇ ਅਮਲਾਂ ਨਾਲ ਹੋਰ ਉੱਚਾ ਅਤੇ ਸੁੱਚਾ ਕਰ ਗਈਆਂ ਅਤੇ ਆਪਣੇ ਨਾਮ ਦੇ ਅਰਥਾਂ ਨੂੰ ਆਪਣੇ ਅਮਲਾਂ ਨਾਲ ਪ੍ਰਭਾਸ਼ਿਤ ਕਰ ਗਈਆਂ, ਸਦਾ ਇਨਾਂ ਹਵਾਵਾਂ ਵਿੱਚ ਵੱਸਦੀਆਂ ਰਹਿਣਗੀਆਂ ਅਤੇ ਸਦਾ ਜਿਉਂਦੀਆਂ ਰਹਿਣਗੀਆਂ। ਗੁਰੂ ਪਾਤਿਸ਼ਾਹ ਮਿਹਰ ਕਰਨ ਅਸੀਂ ਆਪਣੀਆਂ ਅਜਿਹੀਆਂ ਇਤਿਹਾਸਿਕ ਸ਼ਖਸੀਅਤਾਂ ਤੋਂ ਪ੍ਰੇਰਨਾ ਲੈ ਸਕੀਏ ਅਤੇ ਇਨਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣੇ ਅਮਲਾਂ ਵਿੱਚ ਸੁਧਾਰ ਕਰ ਸਕੀਏ।

# ਰੁਜਗਾਰ, ਵਿਦਿਆ ਤੇ ਸਿਹਤ ਸੰਭਾਲ



ਗੁਰਬਚਨ ਸਿੰਘ ਦੇਸ ਪੰਜਾਬ
9815698451

ਕੁਝ ਸੁਹਿਰਦ ਲੋਕ ਅੱਜ ਇਸ ਲੋੜ ਨੂੰ ਬੜਾ ਉਭਾਰ ਕੇ ਪੇਸ਼ ਕਰ ਰਹੇ ਹਨ ਕਿ ਆ ਰਹੀਆਂ ਪੰਜਾਬ ਚੋਣਾਂ ਲੀਡਰਾਂ ਦੀ ਬਜਾਏ ਮੁੱਦਿਆਂ ਉਤੇ ਕੇਂਦਰਿਤ ਕੀਤੀਆਂ ਜਾਣ। ਪੰਜਾਬ ਨਾਲ ਸਬੰਧਤ ਕੁਝ ਅਹਿਮ ਮੁੱਦੇ ਉਹ ਉਭਾਰ ਵੀ ਰਹੇ ਹਨ। ਮਸਲਨ ਪੰਜਾਬ ਦੇ ਪਾਣੀਆਂ ਦਾ ਮਸਲਾ, ਪੰਜਾਬ ਦੇ ਆਰਥਿਕ ਵਿਕਾਸ ਦਾ ਮਸਲਾ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਵਿਕਾਸ ਦਾ ਮਸਲਾ। ਬੀਤੇ ਵਿਚ ਪੰਜਾਬ ਨਾਲ ਹੋਇਆ ਬੇਇਨਸਾਫੀਆਂ ਦਾ ਮਸਲਾ। ਜਿਸਦੇ ਪਿਛੋਕੜ ਵਿਚ ਜੂਨ ’84 ਵਿਚ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ, ਨਵੰਬਰ ’84 ਦੇ ਸਿੱਖ ਕਤਲੇਆਮ, ਝੂਠੇ ਪੁਲਿਸ ਮੁਕਾਬਲਿਆਂ ਵਿਚ ਹੋਏ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਕਤਲ ਅਤੇ ਕਈ ਦਹਾਕਿਆਂ ਤੋਂ ਜੇਲਾਂ ਵਿਚ ਨਜ਼ਰਬੰਦ ਸਿੱਖ ਕੈਦੀਆਂ ਦਾ ਦਰਦ ਮੌਜੂਦ ਹੈ। ਇਥੇ ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਇਹ ਮੁੱਦੇ ਕਿਹੜੀ ਰਾਜਨੀਤੀ ਅਧੀਨ ਉਭਾਰੇ ਜਾ ਰਹੇ ਹਨ ਅਤੇ ਇਸ ਰਾਜਨੀਤੀ ਦਾ ਵਿਚਾਰਧਾਰਕ ਆਧਾਰ ਕੀ ਹੈ ?

ਮਿਸਾਲ ਦੇ ਤੌਰ ਉਤੇ ਅੱਜ ਰੁਜ਼ਗਾਰ, ਵਿਦਿਆ ਅਤੇ ਸਿਹਤ ਸੰਭਾਲ ਪੰਜਾਬੀ ਲੋਕਾਂ ਦੇ ਅਹਿਮ ਮੁੱਦੇ ਹਨ। ਇਨਾਂ ਮੁੱਦਿਆਂ ਬਾਰੇ ਬਣੇ ਕਲਪਿਤ ਮਾਇਆਧਾਰੀ ਸੰਕਲਪਾਂ ਨੇ ਸਮੁੱਚੀ ਮਨੁਖ ਜਾਤੀ ਨੂੰ ਉਲਝਾ ਦਿਤਾ ਹੈ। ਬਹੁਗਿਣਤੀ ਲੋਕ ਆਪਣੀ ਜਿੰਦਗੀ ਦੇ ਰਸ-ਕਸ ਮਾਣਨਾ ਭੁਲ ਕੇ ਰੁਜ਼ਗਾਰ, ਸਿਹਤ ਸੰਭਾਲ ਤੇ ਬੱਚਿਆਂ ਦੀ ਪੜਾਈ ਦੇ ਜੁਗਾੜ ਕਰਨ ਵਿਚ ਹੀ ਉਲਝ ਗਏ ਹਨ। ਰੁਜ਼ਗਾਰ ਦਾ ਮੰਤਵ ਹੱਥੀਂ ਕਿਰਤ ਕਰਕੇ ਪਦਾਰਥਕ ਲੋੜਾਂ ਦੀ ਪੂਰਤੀ ਲਈ ਲੋੜੀਂਦੇ ਸਾਧਨ ਜੁਟਾਉਣਾ ਹੈ। ਪਰ ਅੰਨੇ ਬੋਲੇ ਮਾਇਆਧਾਰੀ ਰਾਜ ਪ੍ਰਬੰਧ ਨੇ ਆਪਣੀ ਮਨੂੰਵਾਦੀ ਸੋਚ ਅਧੀਨ ਇਸ ਸੰਕਲਪ ਨੂੰ ਭ੍ਰਿਸ਼ਟ ਕਰ ਦਿਤਾ ਹੈ। ਆਪਣੀ ਕੁਦਰਤੀ ਹੋਂਦ ਤੋਂ ਅਣਜਾਣ ਅਤੇ ਸਮੂਹ ਤੋਂ ਟੁਟੇ ਹੋਏ ਲੋਕ ਰੁਜਗਾਰਵਾਦੀ ਤੇ ਖ਼ੁਦਗਰਜ ਬਿਰਤੀ ਅਧੀਨ ਸਾਰੀ ਉਮਰ ਇਸ ਜੁਗਾੜ ਦੀ ਫਿਕਰ ਕਰਦੇ ਹੀ ਮਰ ਜਾਂਦੇ ਹਨ। ਨਿੱਜ ਤੱਕ ਸਿਮਟੀ ਖ਼ੁਦਗਰਜ ਮਨੁੱਖ ਦੀ ਜੁਗਾੜੀ ਬਿਰਤੀ ਲਗਾਤਾਰ ਮਕਾਰ ਬਣਦੀ ਜਾਂਦੀ ਹੈ। ਸਮੂਹ ਤੋਂ ਟੁਟ ਕੇ ਨਿੱਜ ਤੱਕ ਸੁੰਗੜੀ ਹੋਈ ਉਸ ਦੀ ਸੋਚ ਇਕਲਾਪੇ ਦਾ ਸ਼ਿਕਾਰ ਹੋ ਜਾਂਦੀ ਹੈ। ਉਹ ਆਪਣੇ ਮਨੁੱਖੀ ਰਿਸ਼ਤਿਆਂ ਵਿਚੋਂ ਅਨੰਦ ਦਾ ਅਹਿਸਾਸ ਕਰਨ ਦੀ ਬਜਾਏ ਖਪਤਕਾਰੀ ਚਕਾਚੌਂਧ (ਵਸਤਾਂ ਦੀ ਬਹੁਤਾਤ) ਵਿਚੋਂ ਸੰਤੁਸ਼ਟੀ ਭਾਲਦਾ ਹੈ। ਪਰਾਈ ਕਿਰਤ ਉਤੇ ਪਲਣ ਦੀ ਲਾਲਸਾ ਇਸ ਵਰਗ ਦੇ ਮਨਾਂ ਵਿਚੋਂ ਮਨੁੱਖੀ ਤੇ ਸਮਾਜੀ ਤੱਤ ਖਤਮ ਕਰਦੀ ਜਾਂਦੀ ਹੈ। ਕਰਤੂਤਿ ਪਸੂ ਕੀ ਮਾਨਸੁ ਜਾਤਿ॥ ਲੋਕ ਪਚਾਰਾ ਕਰੈ ਦਿਨਿ ਰਾਤਿ॥ ਦਾ ਧਾਰਨੀ ਇਹ ਮਨੁੱਖ ਅਚੇਤ ਰੂਪ ਵਿਚ ਹੀ ਬੇਲੋੜੀ ਸਾਮਰਾਜੀ ਖਪਤਕਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੁੰਦਾ ਕਿ ਉਸ ਨੇ ਆਪਣੇ ਮਨੁਖੀ ਤੱਤ ਗੁਆ ਕੇ ਕਿੰਨੀ ਵੱਡੀ ਕੀਮਤ ਤਾਰੀ ਹੈ। ਜ਼ਿੰਦਗੀ ਦੇ ਸਾਰੇ ਰਸਾਂ-ਕਸਾਂ ਨੂੰ ਭਰਵੇਂ ਰੂਪ ਵਿਚ ਮਾਣਨ ਦੇ ਆਪਣੇ ਅਹਿਸਾਸ ਹੀ ਮਾਰ ਲਏ ਹਨ। ਉਹ ਆਪਣੀ ਜ਼ਿੰਦਗੀ ਕੌਡੀਆਂ ਬਦਲੇ ਭਾਵ ਮਾਇਆ (ਹੋਰ ਹੋਰ ਪੈਸੇ ਅਤੇ ਤ੍ਰਿਸਨਾ) ਦੇ ਭਰਮਜਾਲ ਵਿਚ ਫਸਿਆ ਹੀ ਗੁਆ ਦੇਂਦਾ ਹੈ। ਜਦੋਂ ਕਿ ਗੁਰਮਤਿ ਦਾ ਰੁਜ਼ਗਾਰ ਬਾਰੇ ਸੰਕਲਪ ਹੈ :

**ਘਾਲ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥**
(ਪੰਨਾ 1245)

ਕਾਰਲ ਮਾਰਕਸ ਦਾ ਰੁਜਗਾਰ ਬਾਰੇ ਕਥਨ ਹੈ, ‘ਜ਼ਿੰਦਗੀ ਵਿਚ ਜੇ ਅਸੀਂ ਕਿਸੇ ਅਜਿਹੇ ਰੁਜਗਾਰ ਦੀ ਚੋਣ ਕਰੀਏ, ਜਿਥੇ ਰਹਿ ਕੇ ਅਸੀਂ ਬਹੁਤਾ ਕੰਮ ਮਨੁੱਖਤਾ ਦੀ ਸੇਵਾ ਲਈ ਕਰ ਸਕੀਏ ਤਾਂ ਕੋਈ ਵੀ ਬੋਝ ਸਾਨੂੰ ਝੁਕਾਅ ਨਹੀਂ ਸਕੇਗਾ। ਕਿਉਂਕਿ ਉਹ ਸਾਰਿਆਂ ਦੇ ਭਲੇ ਲਈ ਕੀਤੀ ਕੁਰਬਾਨੀ ਹੋਵੇਗੀ। ਫਿਰ ਅਸੀਂ ਨਿਗੁਣਾ, ਸੀਮਤ, ਸੁਆਰਥੀ ਅਨੰਦ ਨਹੀਂ ਮਾਣਾਂਗੇ ਸਗੋਂ ਸਾਡੀ ਖੁਸ਼ੀ ਦਾ ਸੰਬੰਧ ਕਰੋੜਾਂ ਲੋਕਾਂ ਦੀ ਖੁਸ਼ੀ ਨਾਲ ਹੋਵੇਗਾ। ਸਾਡੇ ਕੀਤੇ ਕੰਮ ਚੁਪ-ਚੁਪੀਤੇ ਪਰ ਨਿਰੰਤਰ ਕਾਰਜਸ਼ੀਲ ਰਹਿਣਗੇ। ਸਾਡੇ ਮਰਨ ਤੋਂ ਬਾਅਦ ਸਾਡੀ ਰਾਖ ਉਤੇ ਨੇਕ ਲੋਕਾਂ ਦੇ ਗਰਮ-ਗਰਮ ਹੰਝੂ ਡਿਗਣਗੇ।’ ਇਹ ਰੁਜ਼ਗਾਰ ਦਾ ਸਿਖ ਅਤੇ ਕਮਿਊਨਿਸਟ ਸੰਕਲਪ ਹੈ। ਇਹੀ ਹਾਲਤ ਸਿਹਤ ਸੰਭਾਲ ਜਾਂ ਨਰੋਈ ਸਿਹਤ ਦੇ ਸੰਕਲਪ ਬਾਰੇ ਹੈ। ਦੁਨੀਆ ਭਰ ਦੇ ਦੇਸਾਂ ਅੰਦਰ ਜਿੰਨੀ ਮਨੁਖ ਜਾਤੀ ਅੱਜ ਬਿਮਾਰ ਨਜ਼ਰ ਆ ਰਹੀ ਹੈ, ਏਨੀ ਪਹਿਲਾਂ ਕਦੇ ਨਹੀਂ ਹੋਈ। ਅੱਜ ਪੰਜਾਬ ਅੰਦਰ ਸਿਹਤ ਸੰਭਾਲ ਦੀ ਹਾਲਤ ਇਹ ਹੈ ਕਿ ਜੋੜਾਂ ਦੀਆਂ ਦਰਦਾਂ, ਸ਼ੂਗਰ, ਬਲੱਡ ਪ੍ਰੈਸ਼ਰ ਵਧਣਾ ਘਟਣਾ, ਕੈਂਸਰ, ਗਿਲਟੀਆਂ ਬਣਨੀਆਂ, ਵਾਲ ਸਫੈਦ ਹੋਣੇ ਆਮ ਵਰਤਾਰਾ ਹੈ। ਜਿਹੜੀਆਂ ਬਿਮਾਰੀਆਂ ਪਹਿਲਾਂ ਸਿਰਫ ਵਡੇਰੀ ਉਮਰ ਵਿਚ ਹੀ ਹੁੰਦੀਆਂ ਸਨ, ਅੱਜ 10-12 ਸਾਲ ਦੇ ਬੱਚਿਆਂ ਵਿਚ ਵੀ ਆਮ ਪਾਈਆਂ ਜਾ ਰਹੀਆਂ ਹਨ। ਮਾਸੂਮ ਬਚਿਆਂ ਨੂੰ ਨਿਗਾ ਦੀਆਂ ਐਨਕਾਂ, ਨੱਕ ਦਾ ਮਾਸ ਵਧਣਾ, ਸਾਹ ਦੀ ਤਕਲੀਫ਼, ਮਾਈਗ੍ਰੇਨ ਆਦਿ ਰੋਗ ਅਕਸਰ ਵੇਖਣ ਨੂੰ ਮਿਲ ਰਹੇ ਹਨ। ਜਵਾਨ ਮੁੰਡੇ-ਕੁੜੀਆਂ ਦੇ ਚਿਹਰਿਆਂ ਉਤੇ ਜਵਾਨੀ ਦੀ ਕੋਈ ਰੌਣਕ ਨਹੀਂ। ਹੱਥੀਂ ਕਿਰਤ ਤੇ ਸੰਤੁਲਿਤ ਖ਼ੁਰਾਕ ਦੀ ਘਾਟ ਕਾਰਨ ਸੰਤਾਨ ਪੈਦਾ ਕਰਨ ਦੀ ਉਮਰ ਵਿਚ ਲੜਕਿਆਂ ਵਿਚ ਨਾਮਰਦੀ ਵਰਗੀਆਂ ਅਲਾਮਤਾਂ ਸਾਹਮਣੇ ਆ ਰਹੀਆਂ ਹਨ। ਕਿਸੇ ਵੀ ਗਰਭਵਤੀ ਔਰਤ ਦੇ ਚਿਹਰੇ ਉੱਤੇ ਮਾਂ ਬਣਨ ਦੀ ਕੁਦਰਤੀ ਖੁਸ਼ੀ ਨਜ਼ਰ ਨਹੀਂ ਆਉਂਦੀ। ਗਰਭਵਤੀ ਹੋਣ ਦੇ ਦਿਨ ਤੋਂ ਹੀ ਦਵਾਈਆਂ ਖਾਣ, ਵਾਰ-ਵਾਰ ਅਲਟਰਾ ਸਾਊਂਡ ਕਰਵਾਉਣ ਤੇ ਫਿਰ ਜਣੇਪਾ ਬਿਨਾਂ ਅਪ੍ਰੇਸ਼ਨ ਹੋਣਾ ਹੈ ਕਿ ਵੱਡੇ ਅਪ੍ਰੇਸ਼ਨ ਨਾਲ, ਉਹ ਇਨਾਂ ਉਲਝਣਾਂ ਵਿਚ ਹੀ ਫਸੀ ਰਹਿੰਦੀ ਹੈ। ਨਵਜੰਮੇ ਬੱਚੇ ਨੂੰ ਗੋਦੀ ਵਿਚ ਲੈ ਕੇ ਹਸਪਤਾਲਾਂ ਦੇ ਚੱਕਰ, ਕਦੀ ਉਸ ਦੀ ਛਾਤੀ ਰੁਕ ਗਈ, ਕਦੀ ਬੁਖਾਰ ਆ ਗਿਆ ਅਤੇ ਬਸ ਇਸੇ ਤਰਾਂ ਹਸਪਤਾਲਾਂ ਵਿਚ ਖਜਲ-ਖੁਆਰੀ। ਡਾਕਟਰੀ ਦੇ ਖੇਤਰ ਵਿਚ ਹੋਏ ਵਿਕਾਸ ਦੇ ਬਾਵਜੂਦ ਸਾਡਾ ਸਮਾਜ ਸਿਹਤਮੰਦ ਨਹੀਂ ਹੋ ਰਿਹਾ। ਕਾਰਨ ਹੈ ਕਿ ਮਨੁੱਖ ਕੁਦਰਤੀ ਕਾਰਨਾਂ ਕਰਕੇ ਓਨਾ ਬਿਮਾਰ ਨਹੀਂ ਹੁੰਦਾ, ਜਿੰਨਾ ਆਧੁਨਿਕ ਦਵਾਈਆਂ ਦੀ ਦੁਰਵਰਤੋਂ ਕਾਰਨ ਹੋ ਰਿਹਾ ਹੈ। ਕੁਦਰਤ ਨੇ ਜਿਸ ਢੰਗ ਨਾਲ ਮਨੁੱਖੀ ਸਰੀਰ ਦੀ ਸਿਰਜਣਾ ਕੀਤੀ ਹੈ ਜੇ ਉਸ ਨੂੰ ਚੰਗੀ ਤਰਾਂ ਸਮਝ ਲਿਆ ਜਾਵੇ ਤਾਂ ਉਸ ਸਿਰਜਣਹਾਰ ਅੱਗੇ ਵਾਰ-ਵਾਰ ਸਿਰ ਝੁਕਦਾ ਹੈ ਕਿ ਕਿਸ ਤਰਾਂ ਉਸ ਨੇ ਸਾਡੇ ਸਰੀਰ ਅੰਦਰ ਇਕ ਐਸੀ ਸ਼ਕਤੀ ਮੌਜੂਦ ਰੱਖੀ ਹੋਈ ਹੈ, ਜੋ ਕਿਸੇ ਵੀ ਬਿਮਾਰੀ ਪੈਦਾ ਕਰਨ ਵਾਲੇ ਜੀਵਾਣੂ ਦਾ ਮੁਕਾਬਲਾ ਕਰਨ ਲਈ ਸਦਾ ਕਾਰਜਸ਼ੀਲ ਰਹਿੰਦੀ ਹੈ। ਕੁਦਰਤੀ ਨੇਮਾਂ ਅਨੁਸਾਰ ਜੀਵਨ ਜਿਉਣ ਨਾਲ ਇਨਸਾਨ ਤੰਦਰੁਸਤ ਤੇ ਖ਼ੁਸ਼ਹਾਲ ਜੀਵਨ ਦਾ ਅਨੰਦ ਮਾਣ ਸਕਦਾ ਹੈ। ਮੁਨਾਫੇਖੋਰ ਦਵਾਈ ਕੰਪਨੀਆਂ ਅਤੇ ਪੈਸੇ ਦੇ ਭੁੱਖੇ ਡਾਕਟਰਾਂ ਦਾ ਰਚਿਆ ਅਡੰਬਰ ਮਨੁੱਖ ਜਾਤੀ ਨੂੰ ਕੁਦਰਤ ਤੋਂ ਬਹੁਤ ਦੂਰ ਲੈ ਆਇਆ ਹੈ। ਦੁਨੀਆ ਭਰ ਵਿਚ ਵੱਧ ਰਿਹਾ ਮੋਟਾਪਾ ਤੇ ਇਸ ਨਾਲ ਜੁੜੀਆਂ ਅਣਗਿਣਤ ਬਿਮਾਰੀਆਂ, ਮਾਨਸਿਕ ਰੋਗ, ਉਨੀਂਦਰਾ, ਦਿਲ ਦੇ ਰੋਗ ਤੇ ਅਜਿਹੀਆਂ ਹਜ਼ਾਰਾਂ ਅਲਾਮਤਾਂ, ਸਿਰਫ ਇਸ ਅਡੰਬਰ ਨੂੰ ਤਿਆਗਣ ਨਾਲ ਹੀ ਖਤਮ ਹੋ ਸਕਦੀਆਂ ਹਨ। ਪੰਜਾਬ ਅੰਦਰ ਬੜੀ ਤੇਜ਼ੀ ਨਾਲ ਫੈਲ ਰਿਹਾ ਕੈਂਸਰ ਦਾ ਰੋਗ ਇਸੇ ਅਲਾਮਤ ਦੀ ਦੇਣ ਹੈ। ਅਜੋਕੀ ਵਿਦਿਆ ਦਾ ਵੀ ਇਹੀ ਹਾਲ ਹੈ। ਹੱਥੀਂ ਕਿਰਤ ਪ੍ਰਤੀ ਨਫਰਤ ਪੈਦਾ ਕਰ ਕੇ ਇਹ ਵਿਦਿਆ ਬੱਚਿਆਂ ਨੂੰ ਘੋਰ ਸੁਆਰਥੀ, ਕੰਮ ਚੋਰ, ਲਾਲਚੀ ਅਤੇ ਨਿੱਜ ਤੱਕ ਸੀਮਤ ਕਰ ਰਹੀ ਹੈ। ਇਸ ਵਿਦਿਆ ਵਿਚ ਪੜੇ ਗੁੜੇ ਬੱਚੇ ਖਾਣ ਪੀਣ ਤੇ ਲਿੰਗ ਰਿਸ਼ਤਿਆਂ ਤੱਕ ਸੀਮਤ ਪਸ਼ੂ ਦੀ ਪੱਧਰ ਉਤੇ ਜਿਉਂਦੇ ਹਨ। ਗੁਰੂ ਨਾਨਕ ਸਾਹਿਬ ਪੁਛਦੇ ਹਨ ਕਿ ਗਿਆਨੀ ਮਨੁਖ ਕੌਣ ਹੈ ? ਫਿਰ ਆਪ ਹੀ ਸਪੱਸ਼ਟ ਕਰਦੇ ਹਨ ਕਿ ਜਿਹੜਾ ਮਨੁੱਖ ਚੇਤੰਨ ਹੈ ਭਾਵ ਜਿਸ ਨੇ ਆਪਣੀ ਕੁਦਰਤੀ ਹੋਂਦ ਨੂੰ ਪਛਾਣ ਲਿਆ ਹੈ।

**ਗਿਆਨੀ ਹੋਇ ਜੋ ਚੇਤੰਨ ਹੋਇ**
**ਅਗਿਆਨੀ ਅੰਧ ਕਮਾਇ॥** (ਪੰਨਾ 556)

ਇਹੀ ਗੱਲ ਮਾਰਕਸ ਨੇ ਕਹੀ ਹੈ, ‘ਚੇਤਨਾ ਹੋਰ ਕੁਝ ਨਹੀਂ ਸਗੋਂ ਚੇਤੰਨ ਮਨੁਖੀ ਹੋਂਦ ਹੈ।’
**(ਜਰਮਨ ਵਿਚਾਰਧਾਰਾ, ਸਫਾ 42)**

ਗਿਆਨ ਦਾ ਸਬੰਧ ਕਿਸੇ ਸਕੂਲੀ ਵਿਦਿਆ ਭਾਵ ਕਾਲਜਾਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਨਾਲ ਨਹੀਂ ਸਗੋਂ ਚੇਤੰਨ ਮਨੁਖੀ ਹੋਂਦ ਨਾਲ ਹੈ। ਮਨੁੱਖ ਦੀ ਚੇਤੰਨ ਹੋਂਦ ਦਾ ਪ੍ਰਗਟ ਰੂਪ ਉਸਦੀ ਜੀਵਨ ਜੁਗਤ ਭਾਵ ਸਦਾਚਾਰ ਹੈ। ਕਿਸੇ ਮਨੁਖ ਦੀ ਚੇਤਨਾ ਦਾ ਪੈਮਾਨਾ ਉਸ ਦੀ ਕਹਿਣੀ ਨਹੀਂ ਸਗੋਂ ਉਸ ਦੀ ਕਰਨੀ ਹੈ। ਇਸ ਦਾ ਦੂਜਾ ਪੱਖ ਅਗਿਆਨੀ ਮਨੁੱਖ ਹੈ, ਜਿਹੜਾ ਸਾਰੀ ਉਮਰ ਅਗਿਆਨ ਦੇ ਹਨੇਰੇ ਵਿਚ ਭਟਕਦਾ, ਕਲਪਿਤ ਜਮਾਂ ਦੇ ਡਰ ਦਾ ਦੁਖ ਭੋਗਦਾ ਹੀ ਮਰ ਜਾਂਦਾ ਹੈ। ਅਗਿਆਨੀ ਮਨੁੱਖ ਆਪਣੀਆਂ ਕੁਦਰਤੀ ਲੋੜਾਂ ਦੀ ਸੁਚੇਤ ਪਛਾਣ ਨਹੀਂ ਕਰ ਸਕਦਾ। ਇਸ ਲਈ ਉਹ ਆਪਣੇ ਤਨ ਅਤੇ ਮਨ ਦੇ ਰਿਸ਼ਤੇ ਨੂੰ ਭੁਲ ਕੇ ਤ੍ਰਿਸਨਾ ਭਾਵ ਆਪਣੀਆਂ ਗੈਰ-ਕੁਦਰਤੀ ਇਛਾਵਾਂ ਦੀ ਪੂਰਤੀ ਲਈ ਭਟਕਦਾ ਰਹਿੰਦਾ ਹੈ। ਆਪਣੀਆਂ ਗੈਰ-ਕੁਦਰਤੀ ਇਛਾਵਾਂ ਪੂਰੀਆਂ ਕਰਨ ਦੀ ਧੁਸ ਕਾਰਨ ਹੋਰ-ਹੋਰ ਪੈਸਾ ਕਮਾਉਣ ਦੀ ਦੌੜ ਵਿਚ ਭਟਕਦਾ ਉਹ ਨਿਰੰਤਰ ਤਣਾਅ ਦਾ ਸ਼ਿਕਾਰ ਰਹਿੰਦਾ ਹੈ। ਨਿੱਜੀ ਜਾਇਦਾਦ ਦੀ ਹੋਂਦ-ਸੋਚ ਅਤੇ ਇਸ ਦੇ ਪ੍ਰਗਟ ਰੂਪ ਪੈਸੇ ਦੁਆਲੇ ਬੁਣੇ ਸਾਰੇ ਸੁਆਰਥੀ ਮਨੁਖੀ ਰਿਸ਼ਤੇ ਤੇ ਆਪਣੇ ਆਪੇ ਪ੍ਰਤੀ ਅਗਿਆਨਤਾ ਇਸ ਦਾ ਆਧਾਰ ਹੈ। ਗਿਆਨੀ ਹੋਣ ਦਾ ਭਾਵ ਇਹੀ ਹੈ ਕਿ ਮਨੁਖ ਆਪਣੀਆਂ ਕੁਦਰਤੀ (ਭੌਤਿਕ ਤੇ ਜਜ਼ਬਾਤੀ) ਲੋੜਾਂ ਦੀ ਪਛਾਣ ਕਰਕੇ ਉਨਾਂ ਅਨੁਸਾਰ ਆਪਣਾ ਜੀਵਨ ਵਿਉਂਤੇ ਅਤੇ ਇਸ ਤਰਾਂ ਆਪਣੇ ਤਨ ਅਤੇ ਮਨ ਦੇ ਰਿਸ਼ਤੇ ਨੂੰ ਸੁਚੇਤ ਰੂਪ ਵਿਚ ਸੰਤੁਲਿਤ ਕਰੇ। ਇਸ ਦੇ ਉਲਟ ਮੌਜੂਦਾ ਵਿਦਿਆ ਵਿਦਿਆਰਥੀਆਂ ਨੂੰ ਖਪਤਕਾਰੀ ਸਭਿਆਚਾਰ ਦਾ ਸ਼ਿਕਾਰ ਬਣਾ ਕੇ ਉਨਾਂ ਦੇ ਅਚੇਤ ਮਨ ਨੂੰ ਭਟਕਾ ਰਹੀ ਹੈ। ਆਪਣੇ ਜਜ਼ਬਿਆਂ ਨੂੰ ਕਾਬੂ ਕਰਨ ਦੀ ਜਾਚ ਸਿਖਾਉਣ ਦੀ ਬਜਾਏ ਬੱਚਿਆਂ ਦੇ ਜਜ਼ਬਿਆਂ ਨੂੰ ਬੇਲਗਾਮ ਬਣਾ ਰਹੀ ਹੈ। ਮਨੁੱਖ ਨੂੰ ਪਰਉਪਕਾਰੀ ਬਣਾਉਣ ਦੀ ਬਜਾਏ ਸੁਆਰਥੀ ਬਣਾ ਰਹੀ ਹੈ। ਮੌਜੂਦਾ ਵਿਦਿਅਕ ਪ੍ਰਬੰਧ ਸਿਰਫ ਜਜ਼ਬਾਤ ਵਿਹੂਣੀਆਂ ਤੇ ਰੂਹਾਨੀਅਤ ਤੋਂ ਸਖਣੀਆਂ ਮੁਰਦਾ ਰੂਹਾਂ ਜਾਂ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਦੌੜ ਵਿਚ ਸ਼ਾਮਿਲ ਮਸ਼ੀਨਾਂ ਪੈਦਾ ਕਰ ਰਿਹਾ ਹੈ। ਸਾਂਝੀਵਾਲਤਾ ਦੇ ਪੈਰੋਕਾਰ ਨੌਜਵਾਨ ਨਹੀਂ। ਗੁਰਮਤਿ ਦਾ ਫੁਰਮਾਨ ਹੈ : ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਵਿਦਿਆ ਦਾ ਮੰਤਵ ਸਿਰਫ ਪੜਨਾ ਨਹੀਂ ਬਲਕਿ ਸਚਾਈ ਨੂੰ ਬੁਝਣਾ ਅਤੇ ਉਸ ਅਨੁਸਾਰ ਜਿੰਦਗੀ ਜਿਉਣਾ ਹੈ। ਇਸੇ ਤਰਾਂ ਜਦੋਂ ਅਸੀਂ ਪੰਜਾਬ ਦੀਆਂ ਬਾਕੀ ਮੰਗਾਂ ਜਾਂ ਮਸਲਿਆਂ ਦੀ ਚਰਚਾ ਕਰਾਂਗੇ ਤਾਂ ਸਾਨੂੰ ਸਪੱਸ਼ਟ ਕਰਨਾ ਪਵੇਗਾ ਕਿ ਅਸੀਂ ਕਿਸ ਵਿਚਾਰਧਾਰਾ ਤੋਂ ਅਗਵਾਈ ਜਾਂ ਪ੍ਰੇਰਨਾ ਲੈ ਕੇ ਇਨਾਂ ਮਸਲਿਆਂ ਦਾ ਹੱਲ ਕਰਨਾ ਚਾਹੁੰਦੇ ਹਾਂ। ਮਸਲਨ ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਮਸਲਾ ਇਸ ਦੇਸ਼ ਦੇ ਕੁਦਰਤੀ ਵਿਕਾਸ ਨਾਲ ਜੁੜਿਆ ਹੋਇਆ ਹੈ, ਜਿਹੜਾ ਦੇਸ਼ ਨੂੰ ਸਹੀ ਅਰਥਾਂ ਵਿਚ ਜਮਹੂਰੀ ਫੈਡਰਲ ਢਾਂਚੇ ਵਿਚ ਜਥੇਬੰਦ ਕਰ ਕੇ ਹੀ ਹੋ ਸਕੇਗਾ। ਪੰਜਾਬ ਦੇ ਖਰੇ ਆਰਥਿਕ ਵਿਕਾਸ ਦਾ ਮਸਲਾ ਨਵੇਂ ਵਿਕਾਸ ਮਾਡਲ ਨਾਲ ਜੁੜਿਆ ਹੋਇਆ ਹੈ, ਕਿ ਕੀ ਅਸੀਂ ਇਹ ਵਿਕਾਸ ਮੌਜੂਦਾ ਸਾਮਰਾਜੀ ਆਰਥਿਕ ਰਿਸ਼ਤਿਆਂ ਅਨੁਸਾਰ ਜਾਂ ਸਮੁੱਚੇ ਸਮਾਜ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਵਾਲੇ ਆਰਥਿਕ ਰਿਸ਼ਤਿਆਂ ਅਨੁਸਾਰ ਕਰਨਾ ਚਾਹੁੰਦੇ ਹਾਂ, ਜਿਸ ਦੀ ਜਾਣਕਾਰੀ ਗੁਰਮਤਿ ਅਤੇ ਮਾਰਕਸਵਾਦ ਨੇ ਦਿਤੀ ਹੈ। ਪੰਜਾਬੀ ਬੋਲੀ ਅਤੇ ਸਭਿਆਚਾਰ ਦਾ ਵਿਕਾਸ ਵੀ ਵਿਚਾਰਧਾਰਾ ਨਾਲ ਜੁੜ ਕੇ ਹੀ ਹੋਣਾ ਹੈ। ਬੀਤੇ ਵਿਚ ਪੰਜਾਬ ਨਾਲ ਹੋਈਆਂ ਬੇਇਨਸਾਫੀਆਂ ਵੀ ਸਾਮਰਾਜੀ ਵਿਕਾਸ ਮਾਡਲ ਦੀ ਦੇਣ ਹਨ। ਇਸ ਸਾਮਰਾਜੀ ਵਿਕਾਸ ਮਾਡਲ ਦਾ ਖਾਤਮਾ ਹੀ ਸਿੱਖ ਹਿਰਦਿਆਂ ਨੂੰ ਸ਼ਾਂਤ ਕਰ ਸਕਦਾ ਹੈ।

# ਓਲੰਪਿਕ : ਜਜ਼ਬੇ ਨੂੰ ਸਲਾਮ



ਅੰਮ੍ਰਿਤਪਾਲ ਸਿੰਘ
95921-74901

ਸੰਨ 1896 ਵਿਚ ਏਥਨਜ਼, ਗਰੀਸ਼ ਵਿਚ ਪਹਿਲੀਆਂ ਓਲੰਪਿਕ ਖੇਡਾਂ ਹੋਈਆਂ। ਭਾਰਤ ਨੇ 1900 ਸੰਨ ਵਿਚ ਪੈਰਿਸ ਵਿਚ ਹੋਈਆਂ ਓਲੰਪਿਕ ਖੇਡਾਂ ਵਿਚ ਪਹਿਲੀ ਵਾਰ ਹਿੱਸਾ ਲਿਆ। 1904, 1908, 1912, 1916 ਦੀਆਂ ਬਰਲਿਨ ਜਰਮਨੀ ਦੀਆਂ ਓਲੰਪਿਕ ਖੇਡਾਂ ਕੈਂਸਲ ਹੋ ਗਈਆਂ ਸਨ। 1920, 1924, 1928, 1932, 1936, 1940 ਤੋਂ 1944 ਤੱਕ ਸੰਸਾਰ ਜੰਗ ਕਾਰਨ ਇਹ ਖੇਡਾਂ ਰੱਦ ਰਹੀਆਂ। 1940 ਤੋਂ ਲੈ ਕੇ 2020 ਤੱਕ ਦੀਆਂ ਓਲੰਪਿਕ ਖੇਡਾਂ ਵਿਚ ਭਾਰਤੀ ਖਿਡਾਰੀਆਂ ਨੇ ਵੱਖ ਵੱਖ ਖੇਡ ਵਰਗਾਂ ਵਿਚ ਹਿੱਸਾ ਲਿਆ ਅਤੇ ਤਗਮੇ ਜਿੱਤ ਕੇ ਦੁਨੀਆ ਭਰ ਵਿਚ ਭਾਰਤ ਦਾ ਨਾਂ ਚਮਕਾਇਆ। ਉਦੋਂ ਦੀਆਂ ਖੇਡ ਨੀਤੀਆਂ ਅਤੇ ਹੁਣ ਦੀਆਂ ਖੇਡ ਨੀਤੀਆਂ ਵਿਚ ਜਮੀਨ ਅਸਮਾਨ ਦਾ ਫਰਕ ਆਉਣ ਕਾਰਨ ਖੇਡ ਤਕਨੀਕ ਵਿਚ ਕਾਫ਼ੀ ਤਬਦੀਲੀ ਆ ਗਈ। ਇਸ ਤਬਦੀਲੀ ਕਾਰਨ ਅੱਜ ਦੇ ਸਮੇਂ ਵਿਚ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਉੱਚ ਤਕਨੀਕਾਂ ਦਾ ਸਹਾਰਾ ਲੈਣਾ ਪੈਂਦਾ ਹੈ। ਸਮੇਂ ਦੀ ਤਬਦੀਲੀ ਨਾਲ ਖਿਡਾਰੀਆਂ ਦੀ ਖਾਧ ਖੁਰਾਕ ਅਤੇ ਖੇਡ ਸਿਖਲਾਈ ਵਿਚ ਕਾਫ਼ੀ ਤਬਦੀਲੀ ਆਈ ਹੈ। ਸਰਕਾਰ ਦੇ ਨਾਲ ਨਾਲ ਸਪੋਰਟਸ ਕਲੱਬਾਂ, ਸਮਾਜ ਸੇਵੀ ਸੰਸਥਾਵਾਂ ਆਦਿ ਵਲੋਂ ਇਸ ਖੇਤਰ ਵਿਚ ਨਿਭਾਏ ਜਾਂਦੇ ਸ਼ਲਾਘਾਯੋਗ ਰੋਲ ਖੇਡਾਂ ਪ੍ਰਫੁੱਲਤ ਕਰਨ ਲਈ ਕਾਫ਼ੀ ਸਹਾਈ ਹੋ ਰਹੇ ਹਨ। ਕਿਉਂਕਿ ਪੁਰਾਣੇ ਸਮਿਆਂ ਤੋਂ ਹੀ ਆਪਣੇ ਤਕੜੇ ਜੁੱਸੇ ਦਾ ਪ੍ਰਗਟਾਵਾ ਕਰਨ ਲਈ ਜੋਰ ਅਜਮਾਇਸ਼ੀ ਵਜੋਂ ਖੇਡਾਂ ਕਰਵਾਈਆਂ ਜਾਂਦੀਆਂ ਰਹੀਆਂ ਹਨ। ਬਹੁ-ਭਾਸ਼ਾਈ ਸੂਬੇ ਹੋਣ ਦੇ ਨਾਲ ਭਾਰਤ ਵਿਚ ਹਰ ਸੂਬੇ ਦੀਆਂ ਆਪਣੀਆਂ ਸੂਬਾਈ ਖੇਡਾਂ ਹਨ। ਸੂਬਾਈ ਖਿੱਤੇ ਦੇ ਆਧਾਰ 'ਤੇ ਖੇਡ ਦੇ ਹਰ ਖੇਤਰ ਵਿਚ ਆਪਣਾ ਆਪਣਾ ਹੁਨਰ ਦਿਖਾਉਣ ਲਈ ਸਿਖਲਾਈ ਪ੍ਰਾਪਤ ਕਰਦੇ ਹਨ। ਇਸ ਵਾਰ ਟੋਕੀਓ ਵਿਚ ਹੋਈਆਂ ਓਲੰਪਿਕ ਖੇਡਾਂ ਦੌਰਾਨ ਭਾਰਤ ਵਲੋਂ 127 ਖਿਡਾਰੀਆਂ ਨੇ ਹਿੱਸਾ ਲਿਆ। ਪਿਛਲੇ ਸਮੇਂ ਹੋਈਆਂ ਓਲੰਪਿਕ ਖੇਡਾਂ ਵਾਂਗ ਇਸ ਵਾਰ ਦੀਆਂ ਓਲੰਪਿਕ ਖੇਡਾਂ ਵਿਚ ਭਾਰਤੀ ਖਿਡਾਰੀਆਂ ਨੇ ਆਪਣੇ ਦੇਸ਼ ਦਾ ਨਾਂ ਚਮਕਾਉਣ ਲਈ ਹੱਡਭੰਨਵੀਂ ਮਿਹਨਤ ਕੀਤੀ। ਵੇਟਲਿਫ਼ਟਿੰਗ, ਕੁਸ਼ਤੀ, ਪੁਰਸ਼-ਮਹਿਲਾ ਹਾਕੀ, ਜੈਵਲਿਨ ਥਰੋ, ਤੀਰਅੰਦਾਜ਼ੀ, ਰੋਇੰਗ, ਦੌੜਾਂ, ਡਿਸਕਸ ਥਰੋ, ਬਾਕਸਿੰਗ ਅਤੇ ਹੋਰ ਖੇਡਾਂ ਵਿਚ ਖਿਡਾਰੀਆਂ ਨੇ ਆਪਣਾ ਪੂਰਾ ਤਾਣ ਲਾਇਆ। ਕੁਝ ਨਵੇਂ ਅਤੇ ਕੁਝ ਪੁਰਾਣੇ ਖਿਡਾਰੀਆਂ ਦੀ ਸ਼ਮੂਲੀਅਤ ਨਾਲ ਇਨਾਂ ਓਲੰਪਿਕ ਖੇਡਾਂ ਵਿਚ ਭਾਰਤੀ ਖਿਡਾਰੀਆਂ ਦਾ ਪ੍ਰਦਰਸ਼ਨ ਕਾਫ਼ੀ ਚੰਗਾ ਰਿਹਾ ਜਿਸ ਨਾਲ ਭਾਰਤ ਦੀ ਝੋਲੀ ਵਿਚ ਚਾਰ ਤਮਗੇ ਪਏ। ਇਨਾਂ ਖੇਡਾਂ ਵਿਚ ਖਿਡਾਰੀਆਂ ਵਲੋਂ ਕੀਤੇ ਪ੍ਰਦਰਸ਼ਨ ਤੋਂ ਸਾਫ਼ ਝਲਕਦਾ ਹੈ ਕਿ ਉਨਾਂ ਵਿਚ ਦੇਸ਼ ਲਈ ਕੁਝ ਕਰਨ ਦਾ ਜਜ਼ਬਾ ਠਾਠਾਂ ਮਾਰਦਾ ਸੀ। ਚਾਹੇ ਉਹ ਕਿਸੇ ਵੀ ਖੇਡ ਵਿਚ ਹੋਵੇ। ਜਿੱਤਣਾ ਹਾਰਨਾ ਖੇਡ ਦੇ ਦੋ ਪਹਿਲੂ ਹਨ। ਖਿਡਾਰੀ ਜਿੱਤ ਪ੍ਰਾਪਤ ਕਰਦਾ ਹੈ ਤਾਂ ਸਭਨਾਂ ਦੀਆਂ ਅੱਖਾਂ ਦਾ ਤਾਰਾ ਬਣ ਜਾਂਦਾ ਹੈ। ਖਿਡਾਰੀ ਦੁਆਰਾ ਕੀਤੀ ਗਈ ਮਿਹਨਤ ਮੁਸ਼ੱਕਤ ਉਦੋਂ ਹੀ ਸਾਹਮਣੇ ਆਉਂਦੀ ਹੈ ਜਦੋਂ ਉਹ ਦੇਸ਼ ਦੇ ਲਈ ਕੁਝ ਕਰਦਾ ਹੈ। ਜੇਕਰ ਗੱਲ ਭਾਰਤੀ ਖਿਡਾਰੀਆਂ ਦੀ ਕੀਤੀ ਜਾਵੇ ਤਾਂ ਇੱਕ ਗੱਲ ਸਾਫ਼ ਨਜ਼ਰ ਆ ਜਾਂਦੀ ਹੈ ਕਿ ਇਨਾਂ ਖਿਡਾਰੀਆਂ ਨੂੰ ਤੁਛ-ਮਾਤਰ ਹੀ ਬਣਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਭਾਰਤੀ ਖਿਡਾਰੀਆਂ ਲਈ ਓਲੰਪਿਕ ਖੇਡਾਂ ਉਨਾਂ ਦੇ ਰਹਿਣ ਸਹਿਣ ਦੇ ਨਾਲ ਨਾਲ ਉਨਾਂ ਦੇ ਭਵਿੱਖੀ ਸੁਪਨੇ ਵੀ ਪੂਰੇ ਕਰਦੀਆਂ ਹਨ। ਤਮਗਾ ਜਿੱਤਣ ਤੋਂ ਬਾਅਦ ਸਰਕਾਰਾਂ ਵਲੋਂ ਕੀਤੇ




ਜਾਂਦੇ ਐਲਾਨਾਂ ਨਾਲ ਜਿੱਥੇ ਖਿਡਾਰੀਆਂ ਦਾ ਉਤਸ਼ਾਹ ਵਧਦਾ ਹੈ, ਉਥੇ ਆਪਣੇ ਆਪ ਨੂੰ ਓਲੰਪਿਕ ਲਈ ਤਿਆਰ ਕਰਨ ਲਈ ਸਰਕਾਰਾਂ ਵਲੋਂ ਦਿੱਤੀ ਜਾਂਦੀ ਤੁੱਛ ਸਹਾਇਤਾ ਅਤੇ ਸਹੂਲਤਾਂ ਦੀ ਘਾਟ ਵੀ ਰੜਕਦੀ ਹੈ।
ਵੇਟਲਿਫ਼ਟਿੰਗ, ਪੁਰਸ਼ ਹਾਕੀ, ਕੁਸ਼ਤੀ, ਬਾਕਸਿੰਗ ਵਿਚ ਤਮਗਾ ਜੇਤੂ ਖਿਡਾਰੀਆਂ ਦਾ ਪਿਛੋਕੜ ਦਰਸਾਉਂਦਾ ਹੈ ਕਿ ਉਨਾਂ ਨੇ ਕਿਨਾਂ ਹਾਲਤਾਂ ਵਿਚ ਇਹ ਮੁਕਾਮ ਹਾਸਲ ਕੀਤਾ। ਇਨਾਂ ਖਿਡਾਰੀਆਂ ਦੇ ਘਰਾਂ ਦੀਆਂ ਤੰਗੀਆਂ ਤਰੁਸ਼ੀਆਂ ਨੂੰ ਬਿਆਨਦੀਆਂ ਖ਼ਬਰਾਂ ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਦੀਆਂ ਸੁਰਖੀਆਂ ਆਮ ਬਣਦੀਆਂ ਰਹਿੰਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਯਤਨਾਂ ਨੂੰ ਆਪਣੇ ਸ਼ਬਦਾਂ ਵਿਚ ਨਾ ਬਿਆਨਦੇ ਹੋਏ ਇਹ ਖਿਡਾਰੀ ਹਰ ਔਖੀ ਘੜੀ ਦਾ ਸਾਹਮਣਾ ਕਰਨ ਲਈ ਕੁਝ ਆਪਣੇ ਪਿਛੋਕੜ ਅਤੇ ਕੁਝ ਆਪਣੇ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾਲ ਇਸ ਮੁਕਾਮ ਤੇ ਪਹੁੰਚਣ ਲਈ ਸਿਰਤੋੜ ਕੋਸ਼ਿਸ਼ ਕਰਦੇ ਹਨ। ਤਮਗਾ ਚਾਹੇ ਉਹ ਕਿਸੇ ਵੀ ਰੰਗ ਦਾ ਹੋਵੇ, ਤਮਗਾ ਜਿੱਤਣਾ ਉਨਾਂ ਦਾ ਜਨੂੰਨ ਬਣ ਜਾਂਦਾ ਹੈ, ਇਹੋ ਉਮੀਦ ਉਨਾਂ ਤੋਂ ਆਮ ਜਨ ਨੂੰ ਹੁੰਦੀਆਂ ਹਨ।
ਭਾਰਤੀ ਹਾਕੀ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਪੂਰੇ 41 ਸਾਲ ਬਾਅਦ ਭਾਰਤੀ ਪੁਰਸ਼ ਹਾਕੀ ਦੀ ਟੀਮ ਨੇ ਭਾਰਤ ਦੀ ਝੋਲੀ ਕਾਂਸੀ ਦਾ ਤਮਗਾ ਪਾਇਆ। ਮਹਿਲਾ ਹਾਕੀ ਖਿਡਾਰੀਆਂ ਨੇ ਸ਼ੁਰੂਆਤੀ ਦੌਰ ਵਿਚ ਲੱਗੇ ਝਟਕਿਆਂ ਤੋਂ ਬਾਅਦ ਤਕੜੇ ਹੌਸਲੇ ਨਾਲ ਉਭਰ ਕੇ ਸੈਮੀਫਾਈਨਲ ਵਿਚ ਥਾਂ ਬਣਾਈ ਇਹ ਵੀ ਕਾਬਿਲੇ ਤਾਰੀਫ਼ ਹੈ। ਤਮਗੇ ਜਿੱਤਣ ਤੋਂ ਬਾਅਦ ਸਰਕਾਰ ਵਲੋਂ ਕੀਤੇ ਜਾਂਦੇ ਵੱਖ ਵੱਖ ਐਲਾਨ ਇਨਾਂ ਖਿਡਾਰੀਆਂ ਦੀਆਂ ਪ੍ਰਾਪਤੀਆਂ ਅੱਗੇ ਉਦੋਂ ਬੌਣੇ ਜਾਪਦੇ ਹਨ ਜਦੋਂ ਉਨਾਂ ਦਾ ਤਮਗਾ ਜਿੱਤਣ ਦਾ ਜਜ਼ਬਾ ਸਰਕਾਰੀ ਪੱਧਰ 'ਤੇ ਕੀਤੇ ਜਾਂਦੇ ਇੰਤਜਾਮਾਂ ਅੱਗੇ ਸਿਰਜੋੜ ਕੇ ਖੜਦਾ ਹੈ। ਸਰਕਾਰਾਂ ਵਲੋਂ ਤਮਗਾ ਜਿੱਤਣ ਤੋਂ ਬਾਅਦ ਕੀਤੇ ਜਾਂਦੇ ਇਹ ਐਲਾਨ ਭਾਵੇਂ ਖਿਡਾਰੀਆਂ ਦਾ ਹੌਂਸਲਾ ਵਧਾਉਂਦੇ ਹਨ ਜੇ ਇਹ ਐਲਾਨ ਅਤੇ ਇੰਤਜਾਮ ਪਹਿਲਾਂ ਖਿਡਾਰੀਆਂ ਨੂੰ ਮੁਹੱਈਆ ਕਰਵਾਏ ਜਾਣ ਤਾਂ ਓਲੰਪਿਕ ਵਿਚ ਤਮਗਿਆਂ ਦੀ ਗਿਣਤੀ ਵਧ ਸਕਦੀ ਹੈ। ਇਨਾਂ ਓਲੰਪਿਕ ਖੇਡਾਂ ਵਿਚ ਜਿਸ ਤਰਾਂ ਖਿਡਾਰੀਆਂ ਨੇ ਖੇਡ ਭਾਵਨਾ ਨਾਲ ਦੇਸ਼ ਲਈ ਕੁਝ ਕਰਨ ਦਾ ਜਜ਼ਬਾ ਦਿਖਾਇਆ, ਉਸ ਤੋਂ ਖਿਡਾਰੀਆਂ ਦੇ ਜਜ਼ਬੇ ਨੂੰ ਸਲਾਮ ਕਰਨਾ ਬਣਦਾ ਹੈ। ਆਓ ਇਨਾਂ ਓਲੰਪਿਕ ਖੇਡਾਂ ਦੇ ਕੌੜੇ-ਮਿੱਠੇ ਤਜ਼ਰਬਿਆਂ ਤੋਂ ਸਬਕ ਲੈਂਦਿਆਂ ਭਵਿੱਖੀ ਦੀ ਰਣਨੀਤੀ ਤਿਆਰ ਕਰਦੇ ਆਪਣੇ ਖਿਡਾਰੀਆਂ ਨੂੰ ਓਲੰਪਿਕ ਦੇ ਹਾਣ ਦਾ ਬਣਾਈਏ।

# ਦੇਸ਼ਧ੍ਰੋਹ ਦਾ ਕਾਨੂੰਨ ਤੇ ਲੋਕਤੰਤਰ

ਰਾਕੇਸ਼ ਦਿਵੇਦੀ

ਇਹ ਬਹੁਤ ਹੈਰਾਨਕੁਨ ਤੇ ਵਿਰੋਧਾਭਾਸੀ ਹੈ ਕਿ ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ ਅੱਵਲ ਦੇ ਦੌਰ ਦਾ ਦੇਸ਼ ਧਰੋਹ ਦਾ ਕਾਨੂੰਨ **(1593) (Elizabethan law of sedition)**, ਜਿਸ ਨੂੰ ਵੱਖੋ-ਵੱਖ ਮੁਲਕਾਂ ਵੱਲੋਂ ਬਾਅਦ ਵਿਚ ਸੋਧ ਕੇ ਲਾਗੂ ਕੀਤਾ ਗਿਆ, ਨੂੰ ਬਰਤਾਨਵੀ ਸੰਸਦ ਦੇ ਕਾਨੂੰਨ ਕੋਰੋਨਰਜ਼ ਐਂਡ ਜਸਟਿਸ ਐਕਟ, 2009 ਤਹਿਤ ਬਰਤਾਨੀਆ ਵਿਚੋਂ ਖ਼ਤਮ ਕਰ ਦਿੱਤਾ ਗਿਆ। ਇਸ ਦੇ ਬਾਵਜੂਦ ਅਸੀਂ ਭਾਰਤ ਵਿਚ ਅੱਜ ਵੀ ਭਾਰਤੀ ਦੰਡਾਵਲੀ/ਤਾਜ਼ੀਰਾਤੇ-ਹਿੰਦ (ਆਈਪੀਸੀ) ਦੀ ਦਫ਼ਾ 124ਏ ਤਹਿਤ ਇਸ ਨੂੰ ਜਾਰੀ ਰੱਖਿਆ ਹੋਇਆ ਹੈ।
ਭਾਰਤ ਦੀ ਬਰਤਾਨਵੀ ਬਸਤੀਵਾਦੀ ਹਕੂਮਤ ਨੇ ਇਸ ਧਾਰਾ ਨੂੰ 1870 ਵਿਚ ਆਈਪੀਸੀ 'ਚ ਸ਼ਾਮਲ ਕੀਤਾ। ਇਹ ਕਾਰਵਾਈ 1857 ਦੀ ਬਗ਼ਾਵਤ ਦੇ ਪਿਛੋਕੜ ਵਿਚ ਕੀਤੀ ਗਈ ਸੀ। ਇਸ ਦੇ ਬਾਵਜੂਦ ਬਾਅਦ ਵਿਚ ਅੰਗਰੇਜ਼ ਹਕੂਮਤ ਇਸ ਐਕਟ ਨੂੰ ਖੁੱਲੇਆਮ ਅਹਿੰਸਕ ਆਜ਼ਾਦੀ ਘੁਲਾਟੀਆਂ ਅਤੇ ਸਰਕਾਰ ਦੀਆਂ ਕਾਰਵਾਈਆਂ ਤੇ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਹੋਰ ਆਮ ਲੋਕਾਂ ਖ਼ਿਲਾਫ਼ ਇਸਤੇਮਾਲ ਕਰਦੀ ਰਹੀ। ਬਾਲ ਗੰਗਾਧਰ ਤਿਲਕ, ਮਹਾਤਮਾ ਗਾਂਧੀ ਅਤੇ ਸ਼ਹੀਦ ਭਗਤ ਸਿੰਘ ਆਦਿ ਸਣੇ ਵੱਡੀ ਗਿਣਤੀ ਭਾਰਤੀਆਂ ਖ਼ਿਲਾਫ਼ ਅੰਗਰੇਜ਼ ਹਕੂਮਤ ਨੇ ਦੇਸ਼ ਧਰੋਹ ਦੇ ਮੁਕੱਦਮੇ ਚਲਾਏ। ਇਸ ਤੋਂ ਇਲਾਵਾ ਪ੍ਰਿੰਟ ਮੀਡੀਆ ਵਿਚ ਵੀ ਬੋਲਣ ਅਤੇ ਪ੍ਰਗਟਾਵੇ ਦੀ ਅਜ਼ਾਦੀ ਦੇ ਖ਼ਿਲਾਫ਼ ਇਸ ਕਾਨੂੰਨ ਦੀ ਵਰਤੋਂ ਕੀਤੀ ਗਈ।
ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਵੇਂ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਸਾਡਾ ਬੁਨਿਆਦੀ ਹੱਕ ਸੰਵਿਧਾਨ ਵਿਚ ਵਧੀਆ ਢੰਗ ਨਾਲ ਸਥਾਪਿਤ ਕਰ ਦਿੱਤਾ ਗਿਆ ਪਰ ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਸੰਵਿਧਾਨ ਦੀ ਧਾਰਾ 19(2) ਵਿਚ ਤਰਮੀਮ ਕਰਨੀ ਜ਼ਰੂਰੀ ਸਮਝੀ ਤਾਂ ਕਿ ਇਸ ਸਬੰਧੀ ਲੋੜੀਂਦੀਆਂ ਪਾਬੰਦੀਆਂ ਤੇ ਬੰਦਸ਼ਾਂ ਲਾਉਣ ਲਈ ਵਿਧਾਨ ਪਾਲਿਕਾ ਦੇ ਅਖ਼ਤਿਆਰ ਵਧਾਏ ਜਾ ਸਕਣ। ਸੰਵਿਧਾਨ ਸਭਾ ਨੇ ਭਾਵੇਂ ਦੇਸ਼ ਧਰੋਹ ਦੇ ਕਾਨੂੰਨ ਨੂੰ ਹਟਾ ਦਿੱਤਾ ਸੀ, ਪਰ ਤਾਂ ਵੀ ਧਾਰਾ ੧੨੪ਏ ਨੂੰ ਰੱਖ ਲਿਆ ਗਿਆ। ਇਸ ਨੂੰ ਸੰਵਿਧਾਨਿਕ ਤੌਰ 'ਤੇ ਜਾਇਜ਼ ਠਹਿਰਾਉਣ ਲਈ ਸ਼ਾਇਦ ਦੇਸ਼ ਦੀ ਵੰਡ ਤੋਂ ਬਾਅਦ, ਅਜਿਹੇ ਸੂਬੇ ਜਿਹੜੇ ਉਦੋਂ ਤੱਕ ਵੀ ਦੇਸ਼ ਤੋਂ ਬਾਹਰ ਹੀ ਸਨ ਅਤੇ ਨਾਲ ਹੀ ਪਾਕਿਸਤਾਨ ਨਾਲ ਕਸ਼ਮੀਰ ਦਾ ਮਸਲਾ ਖੜਾ ਹੋਣ ਜਾਂ ਦੂਜੇ ਲਫ਼ਜ਼ਾਂ ਵਿਚ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਦਲੀਲ ਨੂੰ ਆਧਾਰ ਬਣਾਇਆ ਗਿਆ।
ਇਸ ਦੇ ਬਾਵਜੂਦ, ਇਸ ਕਾਨੂੰਨ ਦੀ ਦੁਰਵਰਤੋਂ ਦੇ ਜਿਹੜੇ ਖ਼ਦਸ਼ੇ ਸੰਵਿਧਾਨ ਦੇ ਸਿਰਜਕਾਂ ਨੇ ਜ਼ਾਹਰ ਕੀਤੇ ਸਨ, ਉਹ ਅੱਜ ਸੱਚ ਸਾਬਤ ਹੋ ਰਹੇ ਹਨ, ਕਿਉਂਕਿ ਵੱਖੋ-ਵੱਖ ਸਰਕਾਰਾਂ ਜਮਹੂਰੀ ਵਿਰੋਧ ਨੂੰ ਦਬਾਉਣ ਲਈ ਵੀ ਇਸ ਦੀ ਖੁੱਲੇਆਮ ਵਰਤੋਂ ਕਰ ਰਹੀਆਂ ਹਨ। ਹਾਲੀਆ ਦੌਰ ਵਿਚ ਕਿਸਾਨਾਂ, ਵਿਦਿਆਰਥੀਆਂ, ਲੇਖਕਾਂ ਅਤੇ ਸਿਆਸੀ ਮੁਖ਼ਾਲਿਫ਼ਾਂ ਆਦਿ ਨੂੰ ਦੇਸ਼ ਧਰੋਹ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਇਸ ਕਾਰਨ ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਅਦਾਲਤੀ ਨਿਰਖ-ਪਰਖ ਲਈ ਮਨਜ਼ੂਰ ਕਰ ਕੇ ਬਿਲਕੁਲ ਸਹੀ ਕਦਮ ਚੁੱਕਿਆ ਹੈ।
ਅਹਿਮ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ ਬੋਲਣ ਅਤੇ ਪ੍ਰਗਟਾਵੇ ਦੀ ਅਜ਼ਾਦੀ, ਜੀਣ ਤੇ ਅਜ਼ਾਦੀ ਦੇ ਅਧਿਕਾਰਾਂ ਅਤੇ ਨਾਲ ਹੀ ਜਮਹੂਰੀਅਤ ਨੂੰ ਸੰਵਿਧਾਨ ਦੀਆਂ ਬੁਨਿਆਦੀ ਖ਼ੂਬੀਆਂ ਕਰਾਰ ਦਿੱਤਾ ਹੈ। ਦੇਸ਼ ਦੇ ਨਾਗਰਿਕਾਂ ਦੇ ਇਹ ਹੱਕ ਬੁਨਿਆਦੀ ਹਨ, ਨਾ ਕਿ ਬੰਦਸ਼ਾਂ। ਪਰ ਅੱਜ ਜਮਹੂਰੀਅਤ ਅਤੇ ਇਨਾਂ ਹੱਕਾਂ ਦਾ ਮਤਲਬ ਲਾਜ਼ਮੀ ਤੌਰ 'ਤੇ ਸਮੇਂ ਦੀ ਸਰਕਾਰ ਦੇ ਵਿਰੋਧੀ ਹੋਣ ਵਜੋਂ ਕੱਢਿਆ ਜਾ ਰਿਹਾ ਹੈ। ਉਨਾਂ ਦਾ ਭਾਵ ਸਰਕਾਰ ਦੀ ਕਾਰਵਾਈ ਜਾਂ ਕਾਰਵਾਈ ਨਾ ਕਰਨ **(inaction)** ਦੀ ਆਲੋਚਨਾ ਵਜੋਂ ਲਿਆ ਜਾ ਰਿਹਾ ਹੈ। ਇਸ ਲਈ, ਦੇਸ਼ ਧਰੋਹ ਦੇ ਕਾਨੂੰਨ ਨੂੰ ਅਸੰਤੋਸ਼ ਨੂੰ ਰੋਕਣ ਜਾਂ ਅਸੰਤੁਸ਼ਟਾਂ ਨੂੰ ਦਬਾਉਣ ਲਈ ਨਹੀਂ ਵਰਤਿਆ ਜਾ ਸਕਦਾ। ਨਾਲ ਹੀ ਅਸੀਂ ਇਹ ਵੀ ਨਹੀਂ ਭੁੱਲ ਸਕਦੇ ਕਿ ਸਾਡੇ ਮੁਲਕ ਨੂੰ ਦਹਿਸ਼ਤਗਰਦੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੌਮੀ ਏਕਤਾ ਦੀ ਹਿਫ਼ਾਜ਼ਤ ਜ਼ਰੂਰੀ ਹੈ - ਇਹ ਸੰਵਿਧਾਨ ਦੀ ਧਾਰਾ 51ਏ ਤਹਿਤ ਮੁਲਕ ਦੇ ਸਾਰੇ ਵਾਸ਼ਿੰਦਿਆਂ ਦਾ ਬੁਨਿਆਦੀ ਫ਼ਰਜ਼ ਹੈ। ਅਸੀਂ ਇਹ ਵੀ ਦੇਖ ਚੁੱਕੇ ਹਾਂ ਕਿ ਦੇਸ਼ ਦੀ ਏਕਤਾ ਲਈ ਖ਼ਤਰਾ ਦੋਵੇਂ ਪਾਸਿਆਂ ਤੋਂ ਹੈ - ਅੰਦਰੂਨੀ ਵੀ, ਬਹਿਰੂਨੀ ਵੀ। ਇਸ ਲਈ ਸਾਨੂੰ ਇਸ ਮਾਮਲੇ ਵਿਚ ਨਿਤਾਰਾ ਕਰਨ ਤੇ ਲਕੀਰ ਖਿੱਚ ਲੈਣ ਦੀ ਲੋੜ ਹੈ। ਇਹ ਵੀ ਸਾਫ਼ ਹੈ ਕਿ ਸਮੇਂ ਦੀ ਸਰਕਾਰ ਹੀ ਰਾਸ਼ਟਰ ਜਾਂ ਦੇਸ਼ ਨਹੀਂ ਹੈ, ਭਾਵੇਂ ਕਿ ਪ੍ਰਧਾਨ ਮੰਤਰੀ ਦੇ ਕੁਝ ਹਮਾਇਤੀਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਰਾਸ਼ਟਰ ਦੇ ਹੀ ਰੂਪ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।
ਸਾਡੇ ਦੇਸ਼ ਵਿਚ ਪ੍ਰਧਾਨ ਮੰਤਰੀ (ਸੰਸਦੀ) ਤਰਜ਼ ਵਾਲੀ ਸਰਕਾਰ ਹੈ, ਪਰ ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਕਿ ਪ੍ਰਧਾਨ ਮੰਤਰੀ ਹੀ ਦੇਸ਼ ਹੈ। ਇਸ ਦੇ ਬਾਵਜੂਦ ਅਸੀਂ ਦੇਖ ਰਹੇ ਹਾਂ ਕਿ ਜੇ ਕੋਈ ਵਿਅਕਤੀ ਸਰਕਾਰ ਬਾਰੇ ਗ਼ਲਤ ਬੋਲਦਾ ਹੈ ਤਾਂ ਉਸ ਉਤੇ ਦੇਸ਼ ਧਰੋਹ ਦੇ ਦੋਸ਼ ਮੜ ਦਿੱਤੇ ਜਾਂਦੇ ਹਨ; ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਦੇਸ਼ ਧਰੋਹ ਦੇ ਮੁਕੱਦਮਿਆਂ ਵਿਚ ਫਸਾ ਕੇ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਸ ਦੇ ਸਿੱਟੇ ਵਜੋਂ, ਕੇਦਾਰਨਾਥ ਕੇਸ (1962), ਜਿਸ ਦਾ ਫ਼ੈਸਲਾ ਸੁਣਾਉਂਦਿਆਂ ਸੁਪਰੀਮ ਕੋਰਟ ਨੇ ਧਾਰਾ 124ਏ ਦੀ ਸੰਵਿਧਾਨਿਕਤਾ ਬਰਕਰਾਰ ਰੱਖੀ ਸੀ, ਉਤੇ ਮੁੜ ਤੋਂ ਨਜ਼ਰ ਮਾਰੇ ਜਾਣ ਦੀ ਲੋੜ ਹੈ। ਅੱਜ ਇਹ ਸੋਚਣ-ਵਿਚਾਰਨ ਦੀ ਲੋੜ ਹੈ ਕਿ ਕੀ ਇਸ ਧਾਰਾ ਨੂੰ ਖ਼ਾਰਜ ਕਰ ਦਿੱਤਾ ਜਾਣਾ ਚਾਹੀਦਾ ਹੈ ਜਾਂ ਫਿਰ ਇਸ ਨੂੰ ਇਸ ਤਰਾਂ ਸੀਮਤ ਕਰ ਦਿੱਤਾ ਜਾਵੇ ਅਤੇ ਇਸ ਦੀ ਦੁਰਵਰਤੋਂ ਰੋਕਣ ਲਈ ਇਸ ਉਤੇ ਹੋਰ ਬੰਦਸ਼ਾਂ ਲਾ ਦਿੱਤੀਆਂ ਜਾਣ, ਤਾਂ ਕਿ ਅਸੰਤੋਸ਼, ਆਲੋਚਨਾ ਤੇ ਵਿਰੋਧ ਜ਼ਾਹਰ ਕਰਨ ਨੂੰ ਵਧੇਰੇ ਖੁੱਲ ਮਿਲ ਸਕੇ। ਸੰਖੇਪ ਵਿਚ ਆਖਿਆ ਜਾਵੇ ਤਾਂ ਜਮਹੂਰੀਅਤ ਕਿਵੇਂ ਸਹੀ ਤੇ ਮੁਕੰਮਲ ਰੂਪ ਵਿਚ ਕੰਮ ਕਰੇ, ਇਹ ਅਸਲ ਮੁੱਦਾ ਹੈ।
ਆਸਟ੍ਰੇਲੀਆ ਵਿਚ ਦੇਸ਼ਧ੍ਰੋਹ ਦੇ ਕਾਨੂੰਨ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਉਥੇ 2011 ਤੋਂ 'ਹਿੰਸਾ ਲਈ ਉਕਸਾਉਣ' ਵਾਲੇ ਭਾਸ਼ਣ ਜਾਂ ਵਿਚਾਰ ਪ੍ਰਗਟਾਵੇ ਨੂੰ ਹੀ ਜੁਰਮ ਕਰਾਰ ਦੇ ਕੇ ਉਸ ਦੀ ਮਨਾਹੀ ਕੀਤੀ ਗਈ ਹੈ। ਆਇਰਲੈਂਡ ਵਿਚ ਵੀ 2009 ਤੋਂ ਕੋਈ ਦੇਸ਼ ਧਰੋਹ ਦਾ ਕਾਨੂੰਨ ਨਹੀਂ ਹੈ। ਨਿਊਜ਼ੀਲੈਂਡ ਵਿਚ 2007 'ਚ ਹੀ ਦੇਸ਼ਧ੍ਰੋਹ ਦੇ ਕਾਨੂੰਨ ਨੂੰ ਮਨਸੂਖ਼ ਕਰ ਦਿੱਤਾ ਗਿਆ ਸੀ। ਅਮਰੀਕਾ ਵਿਚ 1918 ਵਿਚ ਪਹਿਲੀ ਸੰਸਾਰ ਜੰਗ ਦੌਰਾਨ ਇਹ ਕਾਨੂੰਨ ਬਣਾਇਆ ਗਿਆ ਤੇ ਬਾਅਦ ਵਿਚ ਇਸ ਨੂੰ ਕਮਿਊਨਿਸਟਾਂ ਦੇ ਖ਼ਤਰੇ ਦੇ ਟਾਕਰੇ ਲਈ ਜਾਰੀ ਰੱਖਿਆ ਗਿਆ। ਅਮਰੀਕੀ ਸੁਪਰੀਮ ਕੋਰਟ ਨੇ ਇਸ ਕਾਨੂੰਨ ਦੀ ਸੰਵਿਧਾਨਿਕਤਾ ਬਰਕਰਾਰ ਰੱਖੀ ਹੈ। ਇਸ ਬਾਰੇ ਮੁਲਕ ਵਿਚ ਬਹਿਸ ਜਾਰੀ ਹੈ। ਇਸ ਵਕਤ, ਇਸ ਗੱਲ 'ਤੇ ਗ਼ੌਰ ਹੋ ਰਹੀ ਹੈ ਕਿ ਕੀ ਅਮਰੀਕੀ ਕੈਪੀਟਲ ਵਿਚ ਹੋਏ ਦੰਗਿਆਂ ਦੇ ਦੋਸ਼ੀਆਂ ਉਤੇ ਇਹ ਐਕਟ ਲਾਇਆ ਜਾਵੇ ਜਾਂ ਨਾ। ਅਮਰੀਕੀ ਸੁਪਰੀਮ ਕੋਰਟ ਨੇ 1969 ਵਿਚ ਬਰੈਂਡਨਬਰਗ ਬਨਾਮ ਓਹਾਈਓ ਕੇਸ ਵਿਚ ਕਿਹਾ ਸੀ ਕਿ ਸਰਕਾਰ 'ਤਾਕਤ ਦੀ ਵਰਤੋਂ ਜਾਂ ਕਾਨੂੰਨ ਦੇ ਉਲੰਘਣ ਦੀ ਵਕਾਲਤ ਤੋਂ ਨਹੀਂ ਰੋਕ ਸਕਦੀ, ਸਿਵਾ ਇਸ ਦੇ ਕਿ ਜਿਥੇ ਅਜਿਹੀ ਵਕਾਲਤ ਫ਼ੌਰੀ ਗ਼ੈਰਕਾਨੂੰਨੀ ਕਾਰਵਾਈ ਨੂੰ ਉਕਸਾਉਣ ਜਾਂ ਪੈਦਾ ਕਰਨ ਵੱਲ ਸੇਧਿਤ ਹੋਵੇ ਅਤੇ ਉਸ ਤੋਂ ਅਜਿਹੀ ਕਾਰਵਾਈ ਨੂੰ ਉਕਸਾਏ ਜਾਂ ਪੈਦਾ ਕੀਤੇ ਜਾਣ ਦੀ ਸੰਭਾਵਨਾ ਹੋਵੇ।' ਇਸ ਤਰਾਂ ਅਮਰੀਕੀ ਕਾਨੂੰਨ ਵਿਚ ਦੇਸ਼ ਧਰੋਹ ਲਈ ਤਾਕਤ ਅਤੇ ਹਿੰਸਾ ਦੀ ਵਰਤੋਂ ਨੂੰ ਜ਼ਰੂਰੀ ਅੰਸ਼ ਮੰਨਿਆ ਗਿਆ ਹੈ। ਕਾਨੂੰਨ ਦਾ ਘੇਰਾ ਸੀਮਤ ਤੇ ਸੌੜਾ ਹੈ ਅਤੇ ਇਸ ਦੀ ਵਿਆਖਿਆ ਵੀ ਸੀਮਤ ਹੀ ਕੀਤੀ ਗਈ ਹੈ।
ਸਾਫ਼ ਹੈ ਕਿ ਦੇਸ਼ਧ੍ਰੋਹ ਦੇ ਕਾਨੂੰਨ ਦੀ ਦੁਰਵਰਤੋਂ ਦੇ ਮੁਤੱਲਕ ਆਲਮੀ ਰੁਝਾਨ ਇਹੋ ਹੈ ਕਿ ਜਾਂ ਤਾਂ ਇਸ ਕਾਨੂੰਨ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਜਾਂ ਫਿਰ ਇਕ ਸੀਮਤ ਕਾਨੂੰਨ ਨਾਲ ਬਦਲ ਦਿੱਤਾ ਗਿਆ ਹੈ ਅਤੇ ਨਾਲ ਹੀ ਅਦਾਲਤਾਂ ਵੱਲੋਂ ਵੀ ਇਸ ਦੀ ਸੀਮਤ ਵਰਤੋਂ ਦੇ ਪੱਖ ਵਿਚ ਹੀ ਵਿਆਖਿਆ ਕੀਤੀ ਹੈ। ਧਾਰਾ 124ਏ ਵਿਚ ਉਹ ਵਿਅਕਤੀ ਸ਼ਾਮਲ ਹਨ, ਜੋ ਆਪਣੇ ਜ਼ੁਬਾਨੀ ਜਾਂ ਲਿਖਤੀ ਸ਼ਬਦਾਂ ਰਾਹੀਂ, ਜ਼ਾਹਿਰਾ ਪ੍ਰਗਟਾਵਿਆਂ ਜਾਂ ਹੋਰ ਕਿਸੇ ਢੰਗ ਨਾਲ ਨਫ਼ਰਤ ਜਾਂ ਅਪਮਾਨ ਪੈਦਾ ਕਰਦੇ ਜਾਂ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਾਂ ਕਾਨੂੰਨ ਰਾਹੀਂ ਕਾਇਮ ਸਰਕਾਰ ਪ੍ਰਤੀ ਨਾਰਾਜ਼ਗੀ ਪੈਦਾ ਕਰਦੇ ਜਾਂ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਤੇ ਨਾਰਾਜ਼ਗੀ ਵਿਚ ਬਗ਼ਾਵਤ ਅਤੇ ਦੁਸ਼ਮਣੀ ਦੀਆਂ ਸਾਰੀਆਂ ਭਾਵਨਾਵਾਂ ਸ਼ਾਮਲ ਹਨ (ਵਿਆਖਿਆ 1)।
ਵਿਆਖਿਆ 2 ਸਰਕਾਰੀ ਕਦਮਾਂ ਦੇ ਨਾਰਾਜ਼ਗੀ ਪੈਦਾ ਕੀਤੇ ਬਿਨਾਂ ਵਿਰੋਧ ਦੀ ਇਜਾਜ਼ਤ ਦਿੰਦੀ ਹੈ: 'ਸਰਕਾਰ ਦੇ ਕਦਮਾਂ ਪ੍ਰਤੀ ਨਾਪਸੰਦਗੀ ਜ਼ਾਹਰ ਕਰਨ ਵਾਲੀਆਂ ਅਜਿਹੀਆਂ ਟਿੱਪਣੀਆਂ, ਜਿਹੜੀਆਂ ਕਾਨੂੰਨੀ ਤਰੀਕਿਆਂ ਰਾਹੀਂ (ਉਨਾਂ ਵਿਚ) ਤਬਦੀਲੀ ਕਰਾਉਣ ਦੇ ਮਕਸਦ ਨਾਲ ਹੋਣ, ਨਫ਼ਰਤ, ਅਪਮਾਨ ਜਾਂ ਨਾਰਾਜ਼ਗੀ ਪੈਦਾ ਨਾ ਕਰਨ ਵਾਲੀਆਂ ਜਾਂ ਇਸ ਦੀ ਕੋਸ਼ਿਸ਼ ਨਾ ਕਰਨ ਵਾਲੀਆਂ ਹੋਣ, ਇਸ ਧਾਰਾ ਤਹਿਤ ਜੁਰਮ ਨਹੀਂ ਬਣਦੀਆਂ।'
ਇਹ ਕਾਨੂੰਨੀ ਪ੍ਰਬੰਧ ਸਾਫ਼ ਤੌਰ 'ਤੇ ਬੇਲੋੜਾ ਤੇ ਵਧੀਕੀ ਵਾਲਾ ਹੈ। ਇਹ ਜਮਹੂਰੀਅਤ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਦੇ ਖ਼ਿਲਾਫ਼ ਹੈ। ਇਹ ਸੰਵਿਧਾਨ ਦੀਆਂ ਧਾਰਾਵਾਂ 19(1)(ਜੀ) ਅਤੇ 21 ਦਾ ਉਲੰਘਣ ਕਰਦਾ ਹੈ। ਸਰਕਾਰ ਨੂੰ ਇਸ ਉਤੇ ਨਵੇਂ ਸਿਰਿਉਂ ਗ਼ੌਰ ਕਰਨੀ ਚਾਹੀਦੀ ਹੈ ਅਤੇ ਜੇ ਜ਼ਰੂਰੀ ਹੋਵੇ ਤਾਂ ਇਸ ਨੂੰ ਬਦਲ ਕੇ ਇਸ ਦੀ ਥਾਂ ਸੌੜੇ ਪ੍ਰਬੰਧਾਂ ਵਾਲਾ ਦੇਸ਼ਧ੍ਰੋਹ ਦਾ ਕਾਨੂੰਨ ਲਿਆਉਣਾ ਚਾਹੀਦਾ ਹੈ।

*ਲੇਖਕ ਸੁਪਰੀਮ ਕੋਰਟ ਦਾ ਸੀਨੀਅਰ ਐਡਵੋਕੇਟ ਹੈ

# ਭਾਰਤ ਦੇ ਉਦਯੋਗੀਕਰਨ ਬਿਨਾਂ ਆਰਥਿਕ ਵਿਕਾਸ ਅਸੰਭਵ

**ਪੂਰਨ ਚੰਦ**

ਖੇਤੀਬਾੜੀ ਤੋਂ ਬਾਅਦ ਉਦਯੋਗ ਨੂੰ ਆਰਥਿਕ ਵਿਕਾਸ ਦਾ ਦੂਜਾ ਥੰਮ ਕਿਹਾ ਜਾਂਦਾ ਹੈ ਪਰ ਉਸ ਦੀ ਹਾਲਤ ਅਜਿਹੀ ਹੈ ਕਿ ਸਬਸਿਡੀ ਅਤੇ ਛੋਟ 'ਤੇ ਨਿਰਭਰ ਰਹਿੰਦਾ ਹੈ ਅਤੇ ਹਮੇਸ਼ਾ ਅਜਿਹੇ ਸਰਕਾਰੀ ਐਲਾਨਾਂ ਤੇ ਯੋਜਨਾਵਾਂ ਦੀ ਉਡੀਕ ਵਿਚ ਰਹਿੰਦਾ ਹੈ, ਜਿਸ ਨਾਲ ਉਸ ਨੂੰ ਕੁਝ ਆਰਥਿਕ ਲਾਭ ਹੁੰਦਾ ਹੋਵੇ। ਇਹੀ ਕਾਰਨ ਹੈ ਕਿ ਜੋ ਦੇਸ਼ ਲਗਭਗ ਭਾਰਤ ਦੇ ਨਾਲ ਹੀ ਆਜ਼ਾਦ ਹੋਏ, ਉਹ ਅੱਜ ਸਾਡੇ ਤੋਂ ਬਹੁਤ ਜ਼ਿਆਦਾ ਸਮਰੱਥ ਅਤੇ ਉਦਯੋਗਿਕ ਦੇਸ਼ਾਂ ਦੀ ਪਹਿਲੀ ਕਤਾਰ ਵਿਚ ਖੜੇ ਦਿਖਾਈ ਦਿੰਦੇ ਹਨ।

**ਰੁਕਾਵਟ ਕਿੱਥੇ ਹੈ ?**

ਜੇਕਰ ਇਤਿਹਾਸ ਵੱਲ ਝਾਤ ਮਾਰੀਏ ਤਾਂ ਅਸੀਂ ਦੇਖਾਂਗੇ ਕਿ ਭਾਰਤ 'ਚ ਉਦਯੋਗਿਕ ਵਿਕਾਸ ਦਾ ਅਰਥ ਅਜਿਹੇ ਨਿਯਮ ਬਣਾਉਣਾ ਸੀ ਕਿ ਉਦਯੋਗਪਤੀ ਸਰਕਾਰ ਦੇ ਅਧੀਨ ਰਹਿ ਕੇ ਹੀ ਉਤਪਾਦਨ ਕਰ ਸਕਣ ਅਤੇ ਜ਼ਰਾ ਵੀ ਇਧਰ-ਉਧਰ ਹੋਣ 'ਤੇ ਕਾਨੂੰਨ ਦਾ ਸ਼ਿਕੰਜਾ ਉਨਾਂ 'ਤੇ ਕੱਸਿਆ ਜਾ ਸਕੇ। ਉਦਯੋਗਪਤੀ ਨੂੰ ਹਮੇਸ਼ਾ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ, ਉਸ 'ਤੇ ਸਖ਼ਤ ਪਾਬੰਦੀਆਂ ਲਗਦੀਆਂ ਰਹੀਆਂ ਹਨ। ਭਾਰਤ 'ਚ ਇੰਸਪੈਕਟਰੀ ਰਾਜ ਪੈਦਾ ਹੋਣ ਨਾਲ ਨੌਕਰਸ਼ਾਹਾਂ ਅਤੇ ਅਜਿਹੇ ਉਦਯੋਗਪਤੀਆਂ ਦਾ ਗੱਠਜੋੜ ਬਣ ਗਿਆ ਜੋ ਇਕ-ਦੂਜੇ ਨੂੰ ਆਰਥਿਕ ਲਾਭ ਪਹੁੰਚਾਉਂਦੇ ਰਹੇ ਅਤੇ ਇਸ ਤਰਾਂ ਸਮਾਂਨਤਰ ਅਰਥਵਿਵਸਥਾ ਦੀ ਸ਼ੁਰੂਆਤ ਹੋ ਗਈ, ਜਿਸ ਨੂੰ ਕਾਲਾ ਧਨ ਕਿਹਾ ਗਿਆ। ਭਾਰਤ ਦਾ ਰੁਪਿਆ, ਸਾਧਨ, ਕੁਦਰਤੀ ਸਰੋਤ ਸਭ ਕੁਝ ਮੁੱਠੀ ਭਰ ਲੋਕਾਂ ਦੇ ਗ਼ੈਰ-ਕਾਨੂੰਨੀ ਕਬਜ਼ੇ 'ਚ ਆਉਂਦਾ ਗਿਆ ਅਤੇ ਜ਼ਿਆਦਾਤਰ ਜਨਤਾ 'ਤੇ ਗ਼ਰੀਬੀ, ਬੇਰੁਜ਼ਗਾਰੀ ਹਾਵੀ ਹੁੰਦੀ ਗਈ, ਜੋ ਹੁਣ ਤੱਕ ਬਰਕਰਾਰ ਹੈ। ਜਦੋਂ ਭਾਰਤ ਦਾ ਸੋਨਾ ਗਹਿਣੇ ਰੱਖਣ ਦੀ ਨੌਬਤ ਆਈ ਤਾਂ ਪੀ.ਵੀ. ਨਰਸਿਮਾ ਰਾਓ ਦੀ ਸਰਕਾਰ ਨੇ ਆਪਣੇ ਵਿੱਤ ਮੰਤਰੀ ਮਨਮੋਹਨ ਸਿੰਘ ਰਾਹੀਂ ਦੇਸ਼ ਵਿਚ ਆਰਥਿਕ ਸੁਧਾਰ ਅਤੇ ਉਦਾਰੀਕਰਨ ਦੇ ਨਾਂ 'ਤੇ ਪਾਬੰਦੀਆਂ ਵਿਚ ਢਿੱਲ ਦੇਣੀ ਸ਼ੁਰੂ ਕੀਤੀ ਅਤੇ ਪਰਮਿਟ ਰਾਜ ਖ਼ਤਮ ਹੁੰਦਾ ਦਿਖਾਈ ਦਿੱਤਾ। ਪਰ ਸਰਕਾਰੀ ਅਫ਼ਸਰਾਂ ਦੇ ਮੂੰਹ ਖ਼ੂਨ ਲੱਗ ਚੁੱਕਾ ਸੀ ਇਸ ਲਈ ਉਨਾਂ ਨੇ ਅਜਿਹੇ ਨਿਯਮ ਬਣਾਉਣੇ ਸ਼ੁਰੂ ਕਰ ਦਿੱਤੇ, ਗ਼ੈਰ-ਜ਼ਰੂਰੀ ਫਾਰਮ ਜਮਾਂ ਕਰਨ ਅਤੇ ਬੇਤੁਕੀਆਂ ਮੰਗਾਂ ਪੂਰੀਆਂ ਕਰਨ ਦੇ ਫ਼ਰਮਾਨ ਜਾਰੀ ਕਰ ਦਿੱਤੇ ਅਤੇ ਉਦਯੋਗ ਲਗਾਉਣ ਦੀ ਇੱਛਾ ਰੱਖਣ ਵਾਲੇ ਉਦਯੋਗਪਤੀਆਂ ਦੇ ਸਾਹਮਣੇ ਏਨੀ ਔਖੀ ਪ੍ਰਕਿਰਿਆ ਰੱਖ ਦਿੱਤੀ, ਜਿਸ ਨੂੰ ਸਿਰਫ਼ ਅਫ਼ਸਰਸ਼ਾਹੀ ਹੀ ਸੁਲਝਾ ਸਕਦੀ ਸੀ। ਨਤੀਜਾ ਇਹ ਹੋਇਆ ਕਿ ਰਿਸ਼ਵਤਖ਼ੋਰੀ ਅਤੇ ਭਾਈ ਭਤੀਜਾਵਾਦ ਦਾ ਅਜਿਹਾ ਸਿਲਸਿਲਾ ਸ਼ੁਰੂ ਹੋਇਆ ਜੋ ਭ੍ਰਿਸ਼ਟ ਰਾਜਨੀਤਕਾਂ, ਉਦਯੋਗਪਤੀਆਂ ਅਤੇ ਨੌਕਰਸ਼ਾਹਾਂ ਲਈ ਬਹੁਤ ਸਾਰੀ ਜਾਇਦਾਦ/ਸੰਪਤੀ ਜਮਾਂ ਕਰਨ ਦਾ ਮੌਕਾ ਬਣ ਗਿਆ। ਮਿਸਾਲ ਦੇ ਤੌਰ 'ਤੇ ਮੰਨ ਲਓ ਤੁਸੀਂ ਸਰਕਾਰ ਜਾਂ ਨਿੱਜੀ ਮਾਲਕਾਂ ਤੋਂ ਜ਼ਮੀਨ ਖ਼ਰੀਦੀ ਤਾਂ ਉਦਯੋਗ ਲਗਾਉਣ ਤੋਂ ਪਹਿਲਾਂ ਤੁਹਾਨੂੰ ਆਪਣੀਆਂ ਪੁਸ਼ਤਾਂ ਤੱਕ ਦਾ ਵੇਰਵਾ ਦੇਣਾ, ਜ਼ਮੀਨ ਦੀ ਵਰਤੋਂ ਬਦਲਣ ਤੋਂ ਲੈ ਕੇ ਪਹਿਲਾਂ ਤੋਂ ਹੀ ਸਾਰੇ ਤਰਾਂ ਦੇ ਸਰਟੀਫਿਕੇਟ ਲਿਆਉਣਾ, ਕਿੰਨੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ, ਉਨਾਂ ਨੂੰ ਕਿੰਨੀ ਤਨਖ਼ਾਹ ਦਿੱਤੀ ਜਾਵੇਗੀ, ਕਿਹੜੀ ਮਸ਼ੀਨਰੀ ਲੱਗੇਗੀ ਤੇ ਉਹ ਕਿੱਥੋਂ ਆਏਗੀ, ਜੇਕਰ ਵਿਦੇਸ਼ ਤੋਂ ਆਉਣੀ ਹੈ ਤਾਂ ਦਰਾਮਦ ਕਰਨ ਦੀ ਮਨਜ਼ੂਰੀ, ਕੰਪਲੀਸ਼ਨ ਸਰਟੀਫਿਕੇਟ ਲੈਣ ਅਤੇ ਉਤਪਾਦਨ ਸ਼ੁਰੂ ਕਰਨ ਤੋਂ ਪਹਿਲਾਂ ਘੱਟੋ-ਘੱਟ ਕੰਸਟਰੱਕਸ਼ਨ, ਵਰਕ ਪਰਮਿਟ, ਪੂਰੀ ਇਮਾਰਤ ਬਣਾਉਣ ਅਤੇ ਭਵਿੱਖ ਦੀਆਂ ਜ਼ਰੂਰਤਾਂ ਦਾ ਕਾਲਪਨਿਕ ਅਨੁਮਾਨ ਲਗਾ ਕੇ ਅੱਜ ਹੀ ਪਾਰਕਿੰਗ ਦੀ ਵਿਵਸਥਾ ਕਰਨਾ ਅਤੇ ਬਹੁਤ ਸਾਰੀਆਂ ਗ਼ੈਰ-ਜ਼ਰੂਰੀ ਸ਼ਰਤਾਂ ਨੂੰ ਪੂਰਾ ਕਰਨਾ ਜ਼ਰੂਰੀ ਕਰ ਦਿੱਤਾ। ਇਹ ਸਿਲਸਿਲਾ ਰੁਕਿਆ ਨਹੀਂ ਸਗੋਂ ਅੱਜ ਵੀ ਲਗਾਤਾਰ ਵਧਦਾ ਜਾ ਰਿਹਾ ਹੈ, ਚਾਹੇ ਵਰਤਮਾਨ ਸਰਕਾਰ ਕਿੰਨੇ ਵੀ ਦਾਅਵੇ ਕਰ ਲਵੇ ਕਿ ਉਸ ਨੇ ਗਲੀ-ਸੜੀ ਵਿਵਸਥਾ ਨੂੰ ਬਦਲ ਦਿੱਤਾ ਹੈ, ਪਰ ਹਕੀਕਤ ਇਹੀ ਹੈ ਕਿ ਅੱਜ ਵੀ ਭਾਰਤ 'ਚ ਸਰਕਾਰੀ ਨਿਯਮਾਂ ਦੀ ਪਾਲਣਾ ਕਰਨਾ ਉਦੋਂ ਤੱਕ ਅਸੰਭਵ ਹੈ, ਜਦੋਂ ਤੱਕ ਕਿ ਨੇਤਾਵਾਂ ਦੀਆਂ ਸਿਫ਼ਾਰਸ਼ਾਂ ਅਤੇ ਅਫ਼ਸਰਾਂ ਦੀ ਮੁੱਠੀ ਗਰਮ ਕਰਨ ਲਈ ਬਹੁਤ ਸਾਰਾ ਪੈਸਾ ਨਾ ਦਿੱਤਾ ਜਾਵੇ। ਅਜਿਹੀ ਹਾਲਤ ਵਿਚ ਕੋਈ ਉਦਯੋਗ ਸਫਲ ਕਿਵੇਂ ਹੋਵੇਗਾ ?

**ਉਦਯੋਗਾਂ ਦੀ ਵੰਡ**

ਉਦਯੋਗਾਂ ਨੂੰ ਛੋਟੇ, ਮੱਧ, ਵੱਡੇ ਉਦਯੋਗਾਂ ਵਿਚ ਵੰਡ ਦਿੱਤਾ ਗਿਆ ਅਤੇ ਉਨਾਂ ਦੇ ਲਈ ਨਿਵੇਸ਼, ਸੰਚਾਲਨ, ਉਤਪਾਦਨ, ਮੁੱਲ ਤੈਅ ਕਰਨ ਆਦਿ 'ਤੇ ਕੰਟਰੋਲ ਰੱਖਣ ਲਈ ਏਨੇ ਨਿਯਮ ਬਣਾਏ ਗਏ ਕਿ ਉਦਯੋਗ ਸ਼ੁਰੂ ਕਰਨ ਤੋਂ ਪਹਿਲਾਂ ਹੀ ਉਦਯੋਗਪਤੀ ਨਿਰਾਸ਼ ਹੋ ਜਾਣ। ਇਸ ਦੇ ਨਾਲ ਹੀ ਉਦਯੋਗਾਂ ਲਈ ਵੱਖ-ਵੱਖ ਸੁਰੱਖਿਆ ਅਤੇ ਰਾਖਵਾਂਕਰਨ ਦੀ ਨੀਤੀ ਅਪਣਾਈ ਜਾਣ ਲੱਗੀ। ਅੱਜ ਜੇਕਰ ਕਿਸੇ ਸ਼੍ਰੇਣੀ ਨੂੰ ਛੋਟ ਮਿਲ ਰਹੀ ਹੈ ਤਾਂ ਦੂਜਾ ਉਦਯੋਗ ਵੀ ਉਸ ਦੀ ਮੰਗ ਕਰਨ ਲਗਦਾ ਹੈ, ਜਦ ਕਿ ਹੋਣਾ ਇਹ ਚਾਹੀਦਾ ਸੀ ਕਿ ਉਦਯੋਗਾਂ ਲਈ ਸਮਾਨ ਨਿਯਮ, ਸਹੂਲਤਾਂ ਅਤੇ



ਸੌਖੀਆਂ ਪ੍ਰਕਿਰਿਆਵਾਂ ਬਣਦੀਆਂ, ਜਿਸ ਨਾਲ ਸਾਰਿਆਂ ਦਾ ਧਿਆਨ ਸੁਤੰਤਰ ਹੋ ਕੇ ਕੇਵਲ ਉਤਪਾਦਨ ਵਧਾਉਣ 'ਤੇ ਹੁੰਦਾ ਹੈ ਨਾ ਕਿ ਭੇਦਭਾਵ ਹੋਣ ਨਾਲ ਛੋਟ ਹਾਸਲ ਕਰਨ ਦੀ ਮੁਕਾਬਲੇਬਾਜ਼ੀ ਕਰਨਾ।

**ਦਿਸ਼ਾਹੀਣ ਹੋਣ ਦੇ ਨਤੀਜੇ**

ਉਦਯੋਗਿਕ ਵਿਕਾਸ ਨੂੰ ਸਹੀ ਦਿਸ਼ਾ ਨਾ ਮਿਲਣ ਦਾ ਨਤੀਜਾ ਨੌਕਰੀਆਂ ਪੈਦਾ ਕਰਨ ਵਿਚ ਅਸਫਲਤਾ, ਵਿਕਾਸ ਦਰ 'ਚ ਗਿਰਾਵਟ, ਪ੍ਰਤੀ ਵਿਅਕਤੀ ਆਮਦਨ ਵਿਚ ਕਮੀ, ਦੇਸ਼ੀ ਅਤੇ ਵਿਦੇਸ਼ੀ ਨਿਵੇਸ਼ 'ਚ ਰੁਕਾਵਟ ਅਤੇ ਬੇਰੁਜ਼ਗਾਰੀ ਵਧਦੇ ਜਾਣ ਦੇ ਰੂਪ ਵਿਚ ਹੋਇਆ, ਜਿਸ ਦਾ ਭਵਿੱਖ 'ਚ ਭਾਰੀ ਮੁਸੀਬਤ ਦਾ ਕਾਰਨ ਬਣਨਾ ਤੈਅ ਹੈ, ਜੇਕਰ ਸਮੇਂ ਰਹਿੰਦਿਆਂ ਠੋਸ ਕਦਮ ਨਾ ਚੁੱਕੇ ਗਏ। ਇੱਥੇ ਇਹ ਵੀ ਦੱਸਣਯੋਗ ਹੈ ਕਿ ਖੋਜ ਅਤੇ ਜ਼ਮੀਨੀ ਹਾਲਾਤ ਨੂੰ ਅੱਖੋਂ-ਪਰੋਖੇ ਕਰ ਸਿਖਲਾਈ ਅਤੇ ਸਹੂਲਤਾਂ ਦਾ ਪ੍ਰਬੰਧ ਕੀਤੇ ਬਿਨਾਂ 'ਸਕਿੱਲ ਇੰਡੀਆ', 'ਮੇਕ ਇਨ ਇੰਡੀਆ', 'ਲੋਕਲ ਫ਼ਾਰ ਗਲੋਬਲ' ਵਰਗੇ ਐਲਾਨ ਕਰ ਦਿੱਤੇ ਗਏ ਜੋ ਸਿਰਫ਼ ਕਾਗ਼ਜ਼ੀ ਬਣ ਕੇ ਰਹਿ ਗਏ ਹਨ ਅਤੇ ਉਨਾਂ ਵਿਚ ਲੱਗਣ ਵਾਲਾ ਧਨ ਨਾਲੇ 'ਚ ਵਹਿ ਜਾਣ ਦੀ ਤਰਾਂ ਹੋ ਗਿਆ ਹੈ। ਇਕ ਅਨੁਮਾਨ ਅਨੁਸਾਰ ਅਗਲੇ ਦਸ ਸਾਲ ਵਿਚ ਜੇਕਰ ਆਰਥਿਕ ਵਿਕਾਸ ਦੀ ਦਰ ਛੇ ਫ਼ੀਸਦੀ ਰਹਿੰਦੀ ਹੈ ਤਾਂ 175 ਮਿਲੀਅਨ ਲੋਕ ਰੁਜ਼ਗਾਰ ਮੰਗਣ ਵਾਲਿਆਂ ਦੀ ਕਤਾਰ ਵਿਚ ਲੱਗੇ ਹੋਣਗੇ, ਜਦਕਿ ਸਿਰਫ਼ 125 ਮਿਲੀਅਨ ਨੂੰ ਹੀ ਰੁਜ਼ਗਾਰ ਮਿਲ ਸਕੇਗਾ ਅਤੇ ਬਾਕੀ 50 ਮਿਲੀਅਨ ਵਿਹਲੇ ਤੇ ਨਿਕੰਮੇ ਸਾਬਤ ਹੋਣ ਨਾਲ ਜਾਂ ਤਾਂ ਉਹ ਭੁੱਖ ਅਤੇ ਗ਼ਰੀਬੀ 'ਚ ਪਿਸਣਗੇ ਜਾਂ ਅਪਰਾਧਿਕ ਸਰਗਰਮੀਆਂ ਅਤੇ ਗ਼ੈਰ-ਕਾਨੂੰਨੀ ਕੰਮਾਂ ਵਿਚ ਸ਼ਾਮਿਲ ਹੋ ਜਾਣਗੇ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਾਲ 2015 'ਚ ਭਾਰਤ ਸਭ ਤੋਂ ਤੇਜ਼ ਵਿਕਸਿਤ ਹੋਣ ਵਾਲੀਆਂ ਅਰਥਵਿਵਸਥਾਵਾਂ ਵਿਚੋਂ ਇਕ ਸੀ ਅਤੇ 2020 ਤੱਕ ਉਹ ਸਭ ਤੋਂ ਧੀਮੀ ਗਤੀ ਨਾਲ ਵਧਣ ਵਾਲਿਆਂ ਵਿਚ ਸ਼ਾਮਿਲ ਹੋ ਗਿਆ।

**ਉਦਯੋਗ ਪ੍ਰਧਾਨ ਬਣਨ ਦਾ ਸੰਕਲਪ**

ਜੇਕਰ ਸਮਾਂ ਰਹਿੰਦਿਆਂ ਉਦਯੋਗਿਕ ਉਤਪਾਦਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਲਾਗੂ ਨਹੀਂ ਕੀਤੀਆਂ ਗਈਆਂ ਤਾਂ ਹਾਲਤ ਬਹੁਤ ਖ਼ਰਾਬ ਹੋ ਜਾਣਗੇ, ਇਸ ਸਬੰਧੀ ਕੋਈ ਸ਼ੰਕਾ ਨਹੀਂ ਹੈ। ਦੇਸ਼ ਨੂੰ ਉਦਯੋਗ ਪ੍ਰਧਾਨ ਬਣਾਉਣ ਲਈ ਨਿਯਮਾਂ ਵਿਚ ਕੁਝ ਬਦਲਾਅ, ਨਿਵੇਸ਼ 'ਚ ਤੇਜ਼ੀ, ਉਦਯੋਗ ਲਗਾਉਣ ਵਾਲਿਆਂ ਨੂੰ ਬੰਧਨਾਂ ਤੋਂ ਮੁਕਤ ਕਰ ਆਪਣਾ ਫ਼ੈਸਲਾ ਖ਼ੁਦ ਲੈਣ ਦੀ ਛੋਟ ਦੇਣੀ ਹੋਵੇਗੀ, ਖ਼ਾਸ ਕਰ ਉਨਾਂ ਉਦਯੋਗਾਂ ਨੂੰ ਜਿਨਾਂ ਵਿਚ ਕਾਰੀਗਰ, ਮਜ਼ਦੂਰ, ਦਿਹਾੜੀਦਾਰ ਅਤੇ ਹੁਨਰਮੰਦ ਲੋਕ ਚਾਹੀਦੇ ਹਨ। ਅਜਿਹੇ ਉਦਯੋਗ ਜਿਨਾਂ ਵਿਚ ਬਹੁਤ ਜ਼ਿਆਦਾ ਪੂੰਜੀ ਲਗਦੀ ਹੈ ਉਨਾਂ ਨੂੰ ਛੱਡ ਕੇ ਉਤਪਾਦਨ ਤੇ ਸੇਵਾਵਾਂ ਦੇ ਖੇਤਰ ਨੂੰ, ਨੌਜਵਾਨਾਂ ਅਤੇ ਕੁਝ ਨਵਾਂ ਕਰ ਦਿਖਾਉਣ ਦੀ ਚਾਹ ਰੱਖਣ ਵਾਲੇ ਉਦਯੋਗਪਤੀਆਂ ਦੇ ਹਵਾਲੇ ਕਰਨਾ ਹੋਵੇਗਾ। ਉਨਾਂ ਦੇ ਲਈ ਪੂੰਜੀ ਉਪਲਬਧ ਕਰਨ ਦੇ ਨਾਲ-ਨਾਲ ਮੁਢਲੀਆਂ ਸਹੂਲਤਾਂ ਦਾ ਪੂਰੇ ਦੇਸ਼ 'ਚ ਜਾਲ ਵਿਛਾਉਣਾ ਹੋਵੇਗਾ, ਜਿਸ ਵਿਚ ਢੋਆ-ਢੁਆਈ ਦੇ ਸਾਧਨ, ਜ਼ਮੀਨ ਦੀ ਉਪਲਬਧਤਾ, ਬਿਜਲੀ, ਪਾਣੀ ਸੀਵਰੇਜ, ਸੜਕ ਅਤੇ ਉਦਯੋਗਿਕ ਤੇ ਰਿਹਾਇਸ਼ੀ ਬਸਤੀਆਂ ਆਦਿ ਦਾ ਨਿਰਮਾਣ ਪ੍ਰਮੁੱਖ ਹਨ।

ਇਸ ਗੱਲ ਨੂੰ ਮੰਨਣਾ ਹੋਵੇਗਾ ਕਿ ਖੇਤੀ ਦੇ ਨਾਲ-ਨਾਲ ਉਦਯੋਗਾਂ 'ਚ ਵੀ ਆਰਥਿਕ ਵਿਕਾਸ ਕਰਨ ਦੀ ਵੱਡੀ ਸਮਰੱਥਾ ਅਤੇ ਸੰਭਾਵਨਾ ਹੈ। ਭਾਵੁਕਤਾ ਅਤੇ ਰਾਜਨੀਤਕ ਫ਼ਾਇਦਿਆਂ ਨੂੰ ਦਾਅ 'ਤੇ ਲਾ ਕੇ ਅਸਲੀਅਤ ਦਾ ਸਾਹਮਣਾ ਕਰਨ ਨਾਲ ਹੀ ਭਾਰਤ ਵਿਕਸਿਤ ਦੇਸ਼ਾਂ ਦੀ ਕਤਾਰ ਵਿਚ ਸਥਾਨ ਬਣਾ ਸਕਦਾ ਹੈ, ਇਹ ਗੱਲ ਜਿੰਨੀ ਜਲਦੀ ਸਮਝ ਲਈ ਜਾਵੇ, ਓਨਾ ਹੀ ਭਾਰਤ ਲਈ ਬਿਹਤਰ ਹੋਵੇਗਾ।

---

## ਪੈਗਾਸਸ ਦਾ ਮਸਲਾ

# ਵਿਰੋਧੀ ਧਿਰਾਂ ਬਨਾਮ ਮੋਦੀ ਸਰਕਾਰ

**ਅਭੈ ਕੁਮਾਰ**

ਅਜਿਹਾ ਲੱਗ ਰਿਹਾ ਹੈ ਕਿ ਸਾਡੀ ਵਿਰੋਧੀ ਧਿਰ ਨੂੰ ਪੈਗਾਸਸ ਦੇ ਜਾਸੂਸੀ ਕਾਂਡ ਤੋਂ ਬਹੁਤ ਉਮੀਦਾਂ ਹਨ, ਜੇਕਰ ਅਜਿਹਾ ਨਾ ਹੁੰਦਾ ਤਾਂ ਉਹ ਇਸ ਨੂੰ ਕੇਂਦਰ ਬਣਾ ਕੇ ਸੰਸਦ ਦੇ ਮੌਜੂਦਾ ਇਜਲਾਸ ਨੂੰ ਲਗਾਤਾਰ ਠੱਪ ਕਰਨ ਦੀ ਰਣਨੀਤੀ ਨਾ ਬਣਾਉਂਦੇ। ਇਹ ਉਮੀਦਾਂ ਕਿਸ ਤਰਾਂ ਦੀਆਂ ਹਨ ? ਇਸ ਸਵਾਲ ਦਾ ਜਵਾਬ ਸਾਨੂੰ ਮਿਲ ਸਕਦਾ ਹੈ ਜੇਕਰ ਅਸੀਂ ਵਿਰੋਧੀ ਧਿਰ ਦੇ ਸਾਹਮਣੇ ਮੌਜੂਦਾ ਮੁੱਦਿਆਂ ਤੋਂ ਹੋ ਸਕਣ ਵਾਲੇ ਲਾਭਾਂ ਅਤੇ ਪੈਗਾਸਸ ਦੇ ਰਾਜਨੀਤਕ ਕਿਰਦਾਰ ਦੀ ਤੁਲਨਾਤਮਿਕ ਸਮੀਖਿਆ ਕਰੀਏ। ਮਹਿੰਗਾਈ ਇਸ ਸਮੇਂ ਆਪਣੇ ਸਿਖਰ 'ਤੇ ਹੈ। ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ 100 ਰੁਪਏ ਤੋਂ ਪਾਰ ਚਲੀਆਂ ਗਈਆਂ ਹਨ, ਕੋਵਿਡ ਪ੍ਰਬੰਧਾਂ ਵਿਚ ਹੋਈਆਂ ਧਾਂਦਲੀਆਂ ਅਤੇ ਉਸ ਤੋਂ ਬਾਅਦ ਵੈਕਸੀਨ ਸਪਲਾਈ ਵਿਚ ਹੋਈਆਂ ਗ਼ਲਤੀਆਂ ਵੀ ਹਨ। ਅਰਥ-ਵਿਵਸਥਾ ਦੀ ਹਾਲਤ ਖ਼ਰਾਬ ਹੈ। ਬੇਰੁਜ਼ਗਾਰੀ ਦੀ ਕੋਈ ਹੱਦ ਹੀ ਨਹੀਂ ਰਹੀ। ਆਮ ਜਨਤਾ ਦੀ ਆਮਦਨ ਵਿਚ ਲਗਾਤਾਰ ਗਿਰਾਵਟ ਆ ਰਹੀ ਹੈ। ਸਰਕਾਰ ਦੇ ਕੋਲ ਉਨਾਂ ਨੂੰ ਦੇਣ ਲਈ ਕੋਈ ਆਰਥਿਕ ਪੈਕੇਜ ਨਹੀਂ ਹਨ। ਉਧਰ ਵਿਦੇਸ਼ ਨੀਤੀ 'ਤੇ ਚੀਨ ਦਾ ਗ੍ਰਹਿਣ ਅਜੇ ਤੱਕ ਲੱਗਿਆ ਹੋਇਆ ਹੈ। ਨੌਬਤ ਇਹ ਆ ਗਏ ਹੈ ਕਿ ਸਰਕਾਰ ਕੈਲਾਸ਼ 'ਤੇ ਫ਼ੌਜ ਤਾਇਨਾਤ ਕਰਨ ਬਾਰੇ ਸੋਚਣ ਲੱਗੀ ਹੈ। ਕਿਸਾਨ ਅੰਦੋਲਨ ਵੀ ਜਾਰੀ ਹੈ ਅਤੇ ਉਸ ਨੇ ਖੁੱਲ ਕੇ ਭਾਜਪਾ ਵਿਰੋਧੀ ਮੋੜ ਲੈ ਲਿਆ ਹੈ। ਇਹ ਕੋਈ ਛੋਟੀਆਂ-ਮੋਟੀਆਂ ਗੱਲਾਂ ਨਹੀਂ ਹਨ। ਫਿਰ ਇਨਾਂ ਨੂੰ ਦੂਜੇ ਦਰਜੇ 'ਤੇ ਰੱਖ ਕੇ ਵਿਰੋਧੀ ਧਿਰ ਪੈਗਾਸਸ ਨੂੰ ਪਹਿਲ ਕਿਉਂ ਦੇ ਰਹੀ ਹੈ ?

ਪਹਿਲੀ ਗੱਲ ਤਾਂ ਇਹ ਹੈ ਕਿ ਪੈਗਾਸਸ ਦਾ ਘਟਨਾਕ੍ਰਮ ਭਾਰਤੀ ਰਾਜਨੀਤੀ ਲਈ ਇਕਦਮ ਨਵੀਂ ਚੀਜ਼ ਹੈ। ਅਜਿਹੀ ਘਟਨਾ ਪਹਿਲਾਂ ਕਦੇ ਨਹੀਂ ਹੋਈ। ਦੂਜੀ ਗੱਲ ਇਹ ਹੈ ਕਿ ਇਸ ਦਾ ਸਬੰਧ ਕੇਵਲ ਕੇਂਦਰ ਸਰਕਾਰ ਨਾਲ ਹੀ ਹੈ। ਵਿਰੋਧੀ ਧਿਰ ਦੀਆਂ ਰਾਜ ਸਰਕਾਰਾਂ ਦੀ ਇਸ ਵਿਚ ਕੋਈ ਭੂਮਿਕਾ ਨਹੀਂ ਹੈ। ਬਾਕੀ ਸਾਰੇ ਮੁੱਦਿਆਂ 'ਤੇ ਵਿਰੋਧੀ ਧਿਰ ਨੂੰ ਭਾਜਪਾ ਵਲੋਂ ਇਹ ਆਲੋਚਨਾ ਸੁਣਨੀ ਪੈਂਦੀ ਹੈ ਕਿ ਤੁਹਾਡੀਆਂ ਰਾਜ ਸਰਕਾਰਾਂ ਦੀ ਸਥਿਤੀ ਵੀ ਇਨਾਂ ਮਸਲਿਆਂ 'ਤੇ ਕੇਂਦਰ ਸਰਕਾਰ ਤੋਂ ਵੱਖ ਨਹੀਂ ਹੈ ਭਾਵ ਪੈਟਰੋਲ-ਡੀਜ਼ਲ ਦੇ ਸਵਾਲ 'ਤੇ ਭਾਜਪਾ ਦੇ ਬੁਲਾਰੇ ਪੁੱਛਦੇ ਹਨ ਕਿ ਕਿਸ ਭਾਜਪਾ ਵਿਰੋਧੀ ਸਰਕਾਰ ਨੇ ਆਪਣੇ ਟੈਕਸਾਂ ਨੂੰ ਘਟਾ ਕੇ ਰਾਜ ਵਿਚ ਇਨਾਂ ਨੂੰ ਸਸਤਾ ਕੀਤਾ ਹੈ ? ਦਰਅਸਲ ਸਾਰੀਆਂ ਸਰਕਾਰਾਂ ਇਨਾਂ ਪਦਾਰਥਾਂ ਤੋਂ ਵੱਡੇ ਪੱਧਰ 'ਤੇ ਮਾਲੀਆ ਕਮਾ ਰਹੀਆਂ ਹਨ। ਕੇਂਦਰ ਜ਼ਿਆਦਾ ਕਮਾ ਰਿਹਾ ਹੈ ਪਰ ਰਾਜ ਸਰਕਾਰਾਂ ਵੀ ਜਿੰਨੀ ਹੋ ਸਕਦੀ ਹੈ, ਕਮਾਈ ਕਰ ਰਹੀਆਂ ਹਨ। ਇਨਾਂ ਪਦਾਰਥਾਂ ਨੂੰ ਜੀ.ਐਸ.ਟੀ. ਤਹਿਤ ਲਿਆਉਣ ਲਈ ਕੋਈ ਰਾਜ ਸਰਕਾਰ ਰਾਜ਼ੀ ਨਹੀਂ ਹੈ। ਸ਼ਰਾਬ ਤੇ ਤੇਲ ਇਹ ਦੋਵੇਂ ਸਰਕਾਰਾਂ ਦੇ ਲਈ ਸੋਨੇ ਦੀ ਖਾਣ ਹਨ। ਕੋਵਿਡ ਪ੍ਰਬੰਧਾਂ ਵਿਚ ਜੋ ਧਾਂਦਲੀਆਂ ਹੋਈਆਂ ਹਨ, ਉਨਾਂ ਵਿਚ ਵੀ ਸਰਕਾਰਾਂ ਦੀ ਭੂਮਿਕਾ ਰਹੀ ਹੈ। ਜੇਕਰ ਵੈਕਸੀਨ ਦੇ ਮਾੜੇ ਪ੍ਰਬੰਧਾਂ ਨੂੰ ਜੋੜ ਲਿਆ ਜਾਵੇ ਤਾਂ ਕੇਂਦਰ ਦੀ ਭੂਮਿਕਾ ਜ਼ਿਆਦਾ ਹੋ ਜਾਂਦੀ ਹੈ ਪਰ ਮੋਦੀ ਸਰਕਾਰ ਨੂੰ ਲੰਮੇ ਹੱਥੀਂ ਲੈਣ ਦਾ ਅਜਿਹਾ ਮੌਕਾ ਵਿਰੋਧੀ ਧਿਰ ਕੋਲ ਨਹੀਂ ਆ ਸਕਿਆ ਜਿਵੇਂ ਉਹ ਪੈਗਾਸਸ ਜਾਸੂਸੀ ਕਾਂਡ ਵਿਚ ਦੇਖ ਰਹੀ ਹੈ।

ਪਰ ਇਸੇ ਮੁਕਾਮ 'ਤੇ ਵਿਰੋਧੀ ਧਿਰ ਨੂੰ ਆਪਣੇ-ਆਪ ਤੋਂ ਇਕ ਸਵਾਲ ਪੁੱਛਣਾ ਚਾਹੀਦਾ ਹੈ ਕਿ, ਕੀ ਪੈਗਾਸਸ ਜਾਸੂਸੀ ਕਾਂਡ ਨਾਲ ਆਮ ਲੋਕ ਪ੍ਰਭਾਵਿਤ ਹੋਏ ਹਨ ? ਕੀ ਮੱਧ ਵਰਗ ਇਸ ਨੂੰ ਲੈ ਕੇ ਪ੍ਰੇਸ਼ਾਨ ਹੈ ਜਾਂ ਉਤਸ਼ਾਹਿਤ ਹੈ ਜਾਂ ਭਵਿੱਖ ਵਿਚ ਹੋ ਸਕਦਾ ਹੈ ? ਇਹ ਕਿੰਨਾ ਵੀ ਗੰਭੀਰ ਕਿਉਂ ਨਾ ਹੋਵੇ, ਇਹ ਸਿਰਫ਼ ਵੱਡੇ ਲੋਕਾਂ ਦਾ ਹੀ ਮਸਲਾ ਮਾਮਲਾ ਹੈ। ਵਿਰੋਧੀ ਧਿਰ ਨੂੰ ਇਹ ਵੀ ਮੁਲਾਂਕਣ ਕਰਨਾ ਚਾਹੀਦਾ ਹੈ ਕਿ, ਕੀ ਪੈਗਾਸਸ ਜਾਸੂਸੀ ਕਾਂਡ ਵਿਚ ਬੋਫੋਰਸ ਕਾਂਡ ਵਾਂਗ ਰਾਜਨੀਤਕ ਪ੍ਰਭਾਵ ਪਾਉਣ ਦੀ ਸਮਰੱਥਾ ਹੈ ? 80 ਦੇ ਦਹਾਕੇ ਦੀ ਰਾਜਨੀਤੀ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਧਿਆਨ ਆ ਸਕਦਾ ਹੈ ਕਿ ਬੋਫੋਰਸ ਸੌਦੇ ਵਿਚ ਦਲਾਲੀ ਖਾਣ ਵਾਲੇ ਮਾਮਲੇ ਨੇ ਵੋਟਰਾਂ ਦੇ ਮਨ ਨੂੰ ਛੂਹ ਲਿਆ ਸੀ। ਐਚ.ਡੀ.ਡਬਲਿਊ. ਪਣਡੁੱਬੀ ਕਾਂਡ ਵੀ ਇਸ ਦੇ ਨਾਲ ਜੁੜ ਗਿਆ ਸੀ। ਕਿਉਂਕਿ ਮਸਲਾ ਰੱਖਿਆ ਸੌਦਿਆਂ ਦਾ ਸੀ, ਇਸ ਲਈ ਵਿਸ਼ਵਨਾਥ ਪ੍ਰਤਾਪ ਸਿੰਘ ਅਤੇ ਐਨ.ਟੀ. ਰਾਮਾਰਾਓ ਦੀ ਅਗਵਾਈ ਵਿਚ ਵਿਰੋਧੀ ਪੱਖ ਰਾਸ਼ਟਰੀ ਸੁਰੱਖਿਆ ਦੇ ਮਸਲਿਆਂ ਨਾਲ ਉਸ ਨੂੰ ਜੋੜ ਸਕਿਆ ਸੀ। ਰਾਜੀਵ ਗਾਂਧੀ ਨੇ ਉਸ ਨਾਲ ਨਜਿੱਠਣ ਵਿਚ ਬਹੁਤ ਸਾਰੀਆਂ ਗ਼ਲਤੀਆਂ ਕੀਤੀਆਂ ਸਨ। ਵਿਰੋਧੀ ਧਿਰ ਨੂੰ ਇਹ ਵੀ ਯਾਦ ਕਰਨਾ ਚਾਹੀਦਾ ਹੈ ਕਿ ਉਸ ਸਮੇਂ ਬੋਫੋਰਸ ਮੁੱਦਾ ਇਕ ਵਾਰ ਉਛਲਣ ਤੋਂ ਬਾਅਦ ਠੰਢਾ ਪੈ ਗਿਆ ਸੀ ਅਤੇ ਫਿਰ ਵਿਰੋਧੀ ਧਿਰ ਨੇ ਉਸ ਵਿਚ ਦੁਬਾਰਾ ਜਾਨ ਪਾਉਣ ਲਈ ਸਫਲ ਰਣਨੀਤੀ ਬਣਾਈ ਅਤੇ ਉਸ ਨੂੰ ਲਾਗੂ ਕਰਕੇ ਦਿਖਾਇਆ। ਨਤੀਜੇ ਵਜੋਂ ਕਾਂਗਰਸ 200 ਤੋਂ ਜ਼ਿਆਦਾ ਸੀਟਾਂ ਤਾਂ ਹਾਸਲ ਕਰ ਸਕੀ ਪਰ ਪੂਰਨ ਬਹੁਮਤ ਪ੍ਰਾਪਤ ਨਾ ਕਰ ਸਕੀ। ਉਨੀਂ ਦਿਨੀਂ ਕਾਂਗਰਸ ਦਾ ਅਕਸ ਇਕੱਲਿਆਂ ਰਾਜ ਕਰਨ ਦਾ ਸੀ। ਉਹ ਗੱਠਜੋੜ ਦੀ ਅਗਵਾਈ ਕਰਨ ਬਾਰੇ ਸੋਚਣ ਲਈ ਵੀ ਤਿਆਰ ਨਹੀਂ ਸੀ, ਨਹੀਂ ਤਾਂ ਉਸ ਸਮੇਂ ਵੀ ਕਾਂਗਰਸ ਦੀ ਸਰਕਾਰ ਬਣ ਸਕਦੀ ਸੀ। 15 ਸਾਲ ਬਾਅਦ ਉਸੇ ਕਾਂਗਰਸ ਨੇ 200 ਤੋਂ ਕਾਫੀ ਘੱਟ ਸੀਟਾਂ ਨਾਲ ਹੀ ਸਰਕਾਰ ਬਣਾ ਲਈ ਸੀ।

ਸਮਝਣ ਵਾਲੀ ਗੱਲ ਇਹ ਹੈ ਕਿ ਬੋਫੋਰਸ ਦੇ ਮੁੱਦੇ ਨੇ 80 ਦੇ ਦਹਾਕੇ ਵਿਚ ਗ਼ੈਰ-ਕਾਂਗਰਸਵਾਦ ਦੇ ਦੂਜੇ ਅਧਿਆਏ ਦੀ ਜ਼ਮੀਨ ਤਿਆਰ ਕਰ ਦਿੱਤੀ ਸੀ। ਉਸ ਦੇ ਕੋਲ ਰਾਜੀਵ ਗਾਂਧੀ ਨੂੰ ਚੁਣੌਤੀ ਦੇਣ ਲਈ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਸ਼ਖ਼ਸੀਅਤ ਸੀ। ਵੀ.ਪੀ. ਸਿੰਘ ਰਾਜਨੀਤਕ ਤੌਰ 'ਤੇ ਕੁਸ਼ਲ ਅਤੇ ਲਚਕੀਲੇ ਸਨ, ਝੂਠੀ ਹੋਵੇ ਜਾਂ ਸੱਚੀ ਉਨਾਂ ਕੋਲ ਇਕ ਨੈਤਿਕ ਪ੍ਰਤਿਭਾ ਸੀ। ਰਾਜੀਵ ਸਰਕਾਰ ਦੀ ਕੈਬਨਿਟ ਵਿਚ ਕੰਮ ਕਰਦਿਆਂ ਉਨਾਂ ਨੇ ਆਪਣਾ ਅਕਸ ਭ੍ਰਿਸ਼ਟਾਚਾਰ ਵਿਰੋਧੀ ਰਾਜਨੇਤਾ ਦੇ ਰੂਪ ਵਿਚ ਬਣਾ ਲਿਆ ਸੀ। ਗ਼ੈਰ-ਕਾਂਗਰਸਵਾਦ ਦੇ 1967 ਵਾਲੇ ਦਹਾਕੇ ਵਿਚ ਜੋ ਕੰਮ ਡਾ. ਲੋਹੀਆ ਅਤੇ ਚਰਨ ਸਿੰਘ ਨੇ ਮਿਲ ਕੇ ਕੀਤੇ ਸਨ, ਉਹੀ ਕੰਮ 80 ਦੇ ਦਹਾਕੇ ਦੇ ਆਖਰੀ ਸਾਲਾਂ ਵਿਚ ਵੀ.ਪੀ. ਸਿੰਘ ਨੇ ਇਕੱਲਿਆਂ ਕਰ ਦਿਖਾਇਆ ਸੀ। ਅੱਜ ਦੀ ਵਿਰੋਧੀ ਧਿਰ ਕੋਲ ਨਾ ਤਾਂ ਲੋਹੀਆ ਤੇ ਚਰਨ ਸਿੰਘ ਵਰਗੇ ਨੇਤਾ ਹਨ ਅਤੇ ਨਾ ਹੀ ਉਸ ਕੋਲ ਵੀ.ਪੀ. ਸਿੰਘ ਹੈ।

ਤੀਜੀ ਗੱਲ ਇਹ ਹੈ ਕਿ ਇਹ ਸਮਾਂ ਗ਼ੈਰ-ਕਾਂਗਰਸਵਾਦ ਦਾ ਨਾ ਹੋ ਕੇ ਗ਼ੈਰ-ਭਾਜਪਾਵਾਦ ਦੀਆਂ ਸੰਭਾਵਨਾਵਾਂ ਤਲਾਸ਼ਣ ਦਾ ਹੈ। ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿਚ ਵਿਰੋਧੀ ਏਕਤਾ ਦਾ ਸੂਚਕ ਅੰਕ ਸਿਫ਼ਰ ਰਿਹਾ ਹੈ। ਇਸ ਲਈ ਸਿਰਫ਼ ਇਕੱਤੀ-ਅਠੱਤੀ ਵੋਟ ਹਾਸਲ ਕਰਕੇ ਨਰਿੰਦਰ ਮੋਦੀ ਪੂਰਨ ਬਹੁਮਤ ਦੀ ਸਰਕਾਰ ਚਲਾ ਰਹੇ ਹਨ। (ਕਾਂਗਰਸ ਪੂਰਨ ਬਹੁਮਤ ਦੀ ਸਰਕਾਰ ਬਣਾਉਂਦੀ ਸੀ ਤਾਂ ਉਸ ਨੂੰ ਹਮੇਸ਼ਾ 40 ਫ਼ੀਸਦੀ ਜਾਂ ਉਸ ਤੋਂ ਵੱਧ ਵੋਟ ਮਿਲਦੇ ਸਨ)। ਜ਼ਾਹਰ ਹੈ ਕਿ ਇਸ ਵਿਚ ਵਿਰੋਧੀ ਧਿਰ ਦੇ ਵੰਡੇ ਰਹਿਣ ਦੀ ਵੱਡੀ ਭੂਮਿਕਾ ਹੈ। ਕੀ ਕਾਂਗਰਸ ਗ਼ੈਰ-ਭਾਜਪਾਵਾਦ ਗੱਠਜੋੜ ਦੀ ਉਸੇ ਤਰਾਂ ਨਾਲ ਅਗਵਾਈ ਕਰ ਸਕੇਗੀ, ਜਿਸ ਤਰਾਂ ਨਾਲ ਕਦੇ ਲੋਹੀਆ ਅਤੇ ਵੀ.ਪੀ. ਸਿੰਘ ਨੇ ਗੈਰ-ਕਾਂਗਰਸਵਾਦ ਦੀ ਕੀਤੀ ਸੀ ? ਪਿਛਲੀਆਂ ਦੋ ਚੋਣਾਂ ਵਿਚ ਕਾਂਗਰਸ ਇਹ ਜ਼ਿੰਮੇਵਾਰੀ ਚੁੱਕਣ ਵਿਚ ਅਸਫਲ ਰਹੀ ਹੈ। ਹੁੰਦਾ ਇਹ ਹੈ ਕਿ ਜਿਵੇਂ ਹੀ ਕਾਂਗਰਸ ਵਿਰੋਧੀ ਧਿਰਾਂ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਕਰਦੀ ਹੈ ਉਦੋਂ ਹੀ ਖੇਤਰੀ ਸ਼ਕਤੀਆਂ ਨੂੰ ਮੁਸ਼ਕਿਲ ਹੋਣ ਲਗਦੀ ਹੈ। ਕਾਂਗਰਸ ਉਨਾਂ ਰਾਜਾਂ ਵਿਚ ਉਨਾਂ ਦੀ ਵਿਰੋਧੀ ਰਹੀ ਹੈ ਅਤੇ ਅੱਜ ਵੀ ਹੈ। ਦਰਅਸਲ ਕਾਂਗਰਸ ਨੂੰ ਹਰਾ ਕੇ ਹੀ ਜ਼ਿਆਦਾਤਰ ਖੇਤਰੀ ਸ਼ਕਤੀਆਂ ਖੜੀਆਂ ਹੋ ਸਕੀਆਂ ਹਨ। ਅਜਿਹੇ ਵਿਚ ਵਿਰੋਧੀ ਏਕਤਾ ਲਈ ਕਾਂਗਰਸ ਤੋਂ ਜ਼ਿਆਦਾ ਅਨੁਕੂਲ ਇਹ ਲਗਦਾ ਹੈ ਕਿ ਕੋਈ ਖੇਤਰੀ ਸ਼ਕਤੀ ਹੀ ਵਿਰੋਧੀ ਏਕਤਾ ਦੇ ਮੰਚ ਦੀ ਰਚਨਾ ਕਰਨ ਦੀ ਕੋਸ਼ਿਸ਼ ਕਰੇ। ਸ਼ਾਇਦ ਇਸੇ ਗੱਲ ਨੂੰ ਸਮਝਦੇ ਹੋਏ ਸ਼ਰਦ ਪਵਾਰ ਅਤੇ ਮਮਤਾ ਬੈਨਰਜੀ ਨੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ। ਇਹ ਸੌਖਾ ਤਾਂ ਨਹੀਂ ਹੈ ਪਰ ਵਿਰੋਧੀ ਧਿਰ ਵਿਚ ਜੇਕਰ ਕੋਈ ਇਸ ਨੂੰ ਚੰਗੀ ਤਰਾਂ ਨਾਲ ਕਰ ਸਕਦਾ ਹੈ ਤਾਂ ਇਹ ਦੋਵੇਂ ਨੇਤਾ ਹੀ ਕਰ ਸਕਦੇ ਹਨ। ਕਾਂਗਰਸ ਨੂੰ ਤਾਂ ਇਹ ਸੋਚਣਾ ਚਾਹੀਦਾ ਹੈ ਕਿ ਜਦੋਂ ਪਵਾਰ ਅਤੇ ਮਮਤਾ ਵਿਰੋਧੀਆਂ ਨੂੰ ਇਕ ਜਗਾ ਲੈ ਆਉਣਗੇ ਤਾਂ ਉਸ ਵਿਚ ਉਸ ਦੀ ਭੂਮਿਕਾ ਕੀ ਹੋਵੇਗੀ ? ਉਹ ਵਿਰੋਧੀਆਂ ਦੀ ਉਸ ਇਕਜੁਟਤਾ ਦੇ ਨਾਲ ਖ਼ੁਦ ਨੂੰ ਕਿਵੇਂ ਇਕਮਿਕ ਕਰੇਗੀ ?

# ਭਾਰਤ ’ਚ ਪੁਲਿਸ ਹਿਰਾਸਤ ਵਿਚ ਮੌਤਾਂ ਤੇ ਸੁਪਰੀਮ ਕੋਰਟ

**ਕਮਲਜੀਤ ਸਿੰਘ**

ਪੰਜਾਬ ਸਮੇਤ ਪੂਰੇ ਮੁਲਕ ਵਿਚ ਪੁਲਿਸ ਤੇ ਹੋਰ ਸੁਰੱਖਿਆ ਏਜੰਸੀਆਂ ਦੀ ਹਿਰਾਸਤ ਵਿਚ ਮੁਲਜ਼ਮਾਂ ਉੱਤੇ ਢਾਹੇ ਜਾ ਰਹੇ ਤਸ਼ੱਦਦ ਅਤੇ ਜੇਲਾਂ ਵਿਚ ਬੰਦ ਕੈਦੀਆਂ ਦੀਆਂ ਹੋ ਰਹੀਆਂ ਮੌਤਾਂ ਚਿੰਤਾ ਦਾ ਵਿਸ਼ਾ ਹਨ। ਪਿਛਲੇ ਸਮੇਂ ਦੌਰਾਨ ਕੈਦੀਆਂ ਦੀਆਂ ਕੁਦਰਤੀ ਤੌਰ ’ਤੇ ਮੌਤਾਂ ਘੱਟ ਅਤੇ ਆਤਮ-ਹੱਤਿਆਵਾਂ ਦੇ ਕੇਸ ਵਧੇਰੇ ਸਾਹਮਣੇ ਆਏ ਹਨ। ਪੁਲਿਸ ਤਸ਼ੱਦਦ ਅਤੇ ਹਿਰਾਸਤੀ ਮੌਤਾਂ ਰੋਕਣ ਲਈ ਆਮ ਜਨਤਾ ਦੀ ਆਵਾਜ਼ ਨੂੰ ਚਾਹੇ ਅਣਗੌਲਿਆਂ ਕੀਤਾ ਜਾ ਰਿਹਾ ਹੈ ਪਰ ਪਿਛਲੇ ਦਿਨੀਂ ਦੇਸ਼ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਵਲੋਂ ਪੁਲਿਸ ਮੁਲਜ਼ਮਾਂ ਦੀ ਕੀਤੀ ਝਾੜ-ਝੰਬ ਨੇ ਉੱਚ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜ਼ਰੂਰ ਕੱਖੋਂ ਹੌਲੇ ਕੀਤਾ ਹੈ। ਹਾਈ ਕੋਰਟ ਦੀ ਟਿੱਪਣੀ ਨੇ ਵੀ ਪੁਲਿਸ ਨੂੰ ਤਕੜਾ ਹਲੂਣਾ ਦਿੱਤਾ ਹੈ।

ਪੁਲਿਸ ਹਿਰਾਸਤ ਵਿਚ ਹੋ ਰਹੀ ਕੁੱਟਮਾਰ ਦੇ ਵਾਧੇ ਦੇ ਕੇਸਾਂ ਨੂੰ ਬੜੀ ਹੀ ਗੰਭੀਰਤਾ ਨਾਲ ਲੈਂਦਿਆਂ ਇਕ ਤਸ਼ੱਦਦ ਦੇ ਮਾਮਲੇ ਨੂੰ ਲੈ ਕੇ ਸੁਣਾਏ ਫ਼ੈਸਲੇ ਵਿਚ ਦਿੱਲੀ ਹਾਈ ਕੋਰਟ ਨੇ ਲਾਹਣਤ ਪਾਈ ਹੈ ਕਿ ‘ਆਪ ਕੈਦੀ ਕੋ ਪੀਟ ਰਹੇ ਹੋ। ਇਸ ਕਾ ਮਤਲਬ ਯਹ ਹੈ ਕਿ ਹਮ (ਜੱਜ) ਕੈਦੀ ਕੋ ਪੀਟ ਰਹੇ ਹੈਂ। ਜੇਲ ਪ੍ਰਸ਼ਾਸਨ ਮਾਨ ਹੀ ਨਹੀਂ ਰਹਾ ਕਿ ਯਹ ਸਭ ਗ਼ਲਤ ਕਰ ਰਹਾ ਹੈ। ਜਬ ਪੁਲਿਸ ਕੁੱਟਮਾਰ ਕਰਤੀ ਹੈ ਤੋ ਯਹ ਲਗਤਾ ਹੈ ਕਿ ਜੱਜ ਪੀਟ ਰਹੇ ਹੈਂ। ਐਸੇ ਲਗਤਾ ਹੈ ਕਿ ਜੈਸੇ ਜੇਲਾਂ ਕੋਰਟ ਦਾ ਬੈਕ ਰੂਮ ਹੋ।’

ਮਦਰਾਸ ਹਾਈ ਕੋਰਟ ਨੇ ਪੁਲਿਸ ਨੂੰ ਵੱਖਰੀ ਲਾਹਣਤ ਪਾਈ ਹੈ, ‘ਕਿਆ ਲੋਗੋਂ ਕੋ ਮਾਰ ਕਰ ਉਨਕੇ ਵਾਰਸੋਂ ਕੋ ਮੁਆਵਜ਼ਾ ਦੇਨੇ ਬਾਅਦ ਯਹ ਸਮਝੋ ਕਿ ਕਾਮ ਪੂਰਾ ਹੋ ਗਿਆ ਹੈ।’ ਦੋਵਾਂ ਅਦਾਲਤਾਂ ਨੇ ਇਹ ਟਿੱਪਣੀ ਦੋ ਵਾਰ ਵੱਖ-ਵੱਖ ਕੇਸਾਂ ਦੇ ਫ਼ੈਸਲੇ ਦੌਰਾਨ ਕੀਤੀ ਹੈ। ਦਿੱਲੀ ਜੇਲ ਵਿਚ ਬੰਦ ਕੈਦੀ ਨੇ ਪੁਲਿਸ ’ਤੇ ਹਿਰਾਸਤ ਦੌਰਾਨ ਤਸ਼ੱਦਦ ਢਾਹੁਣ ਦਾ ਦੋਸ਼ ਲਾਉਂਦਿਆਂ ਪੁਲਿਸ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਦੇਸ਼ ਵਿਚ ਚਾਲੂ ਸਾਲ ਦੌਰਾਨ ਹਿਰਾਸਤੀ ਮੌਤਾਂ ਦੇ 175 ਕੇਸ ਸੁਣਵਾਈ ਲਈ ਆਏ ਹਨ। ਇਸ ਸਮੇਂ ਦੌਰਾਨ 195 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਹੈ। ਹੋਰ 3695 ਕੇਸ ਸਾਲ ਤੋਂ ਲਮਕਦੇ ਆ ਰਹੇ ਹਨ। ਕੁਦਰਤੀ ਹੈ ਕਿ ਇਹ ਉਹ ਕੇਸ ਹਨ ਜਿਹੜੇ ਕਮਿਸ਼ਨ ਕੋਲ ਸੁਣਵਾਈ ਲਈ ਆਏ ਹਨ। ਮੁਲਕ ਦੀਆਂ ਦੂਜੀਆਂ ਅਦਾਲਤਾਂ ਵਿਚ ਦਾਇਰ ਕੇਸ ਦਰਜ ਕਰਨ ਤੋਂ ਰਹਿ ਗਏ ਮਾਮਲਿਆਂ ਦੀ ਗਿਣਤੀ ਵੱਖਰੀ ਹੈ।

ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਚਾਲੂ ਸਾਲ ਦੌਰਾਨ ਜੇਲਾਂ ਨਾਲ ਸਬੰਧਤ 87 ਕੇਸ ਦਾਇਰ ਹੋਏ ਹਨ। ਇਸੇ ਤਰਾਂ 199 ਦਾ ਨਿਪਟਾਰਾ ਹੋ ਚੁੱਕਾ ਹੈ ਅਤੇ 332 ਸੁਣਵਾਈ ਅਧੀਨ ਹਨ। ਸਭ ਤੋਂ ਵੱਧ ਜੇਲਾਂ ਨਾਲ ਸਬੰਧਤ 328 ਕੇਸ ਸਾਲ 2010 ਦੌਰਾਨ ਆਏ ਸਨ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦਾ ਗਠਨ ਜੁਲਾਈ 1997 ਨੂੰ ਹੋਇਆ ਸੀ ਤੇ ਪਹਿਲੇ ਸਾਲ ਹੀ ਇਸ ਵਰਗ ਦੇ 11 ਕੇਸ ਸੁਣਵਾਈ ਲਈ ਆਏ ਸਨ। ਕਮਿਸ਼ਨ ਦੇ ਅੰਕੜੇ ਦੱਸਦੇ ਹਨ ਕਿ ਸਭ ਤੋਂ ਵੱਧ ਸ਼ਿਕਾਇਤਾਂ ਪੁਲਿਸ ਦੇ ਵਿਰੁੱਧ ਹੀ ਆ ਰਹੀਆਂ ਹਨ। ਹਾਲਾਂਕਿ ਕੋਰੋਨਾ ਕਰਕੇ ਬੜਾ ਕੁਝ ਠੱਪ ਪਿਆ ਹੈ। ਇਸ ਦੇ ਬਾਵਜੂਦ ਚਾਲੂ ਸਾਲ ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਪੁਲਿਸ ਜ਼ਿਆਦਤੀਆਂ ਦੇ 2387 ਮਾਮਲੇ ਦਾਇਰ ਹੋ ਚੁੱਕੇ ਹਨ। ਸਾਲ 2020 ਦੌਰਾਨ ਇਹ ਗਿਣਤੀ 7350 ਸੀ। ਸਭ ਤੋਂ ਵੱਧ ਕੇਸ 2010 ਵਿਚ 10328 ਆਏ ਸਨ।

ਚੰਡੀਗੜ ਦਾ ਆਪਣਾ ਕੋਈ ਮਨੁੱਖੀ ਅਧਿਕਾਰ ਕਮਿਸ਼ਨ ਨਹੀਂ ਹੈ। ਗੁਆਂਢੀ ਰਾਜ ਹਰਿਆਣਾ ਵਿਚ ਮਨੁੱਖੀ ਅਧਿਕਾਰ ਕਮਿਸ਼ਨ ਛੇ ਸਾਲ ਪਹਿਲਾਂ ਹੋਂਦ ਵਿਚ ਆਇਆ ਸੀ। ਇੱਥੇ ਇਹ ਦੱਸਣਾ ਵੀ ਦਿਲਚਸਪ ਹੋਵੇਗਾ ਕਿ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸੀਮਤ ਅਧਿਕਾਰ ਹੋਣ ਕਰਕੇ ਪੁਲਿਸ ਸਮੇਤ ਦੂਜੇ ਮਹਿਕਮਿਆਂ ਵਿਚ ਡਰ ਨਹੀਂ ਹੈ। ਇਹ ਇਕ ਸਿਫ਼ਾਰਸ਼ ਕਰਨ ਵਾਲੀ ਸੰਸਥਾ ਹੀ ਹੈ। ਇਸ ਨੂੰ ਬਗ਼ੈਰ ਦੰਦਾਂ ਤੋਂ ਹਾਥੀ ਵੀ ਕਿਹਾ ਜਾ ਰਿਹਾ ਹੈ।




ਉਦਾਹਰਨਾਂ ਤਾਂ ਅਜਿਹੀਆਂ ਵੀ ਸਾਹਮਣੇ ਆ ਚੁੱਕੀਆਂ ਹਨ ਕਿ ਜਦੋਂ ਕਮਿਸ਼ਨ ਨੂੰ ਆਪਣੇ ਫ਼ੈਸਲੇ ਤਾਮੀਲ ਕਰਾਉਣ ਲਈ ਉੱਚ ਅਦਾਲਤ ਦਾ ਸਹਾਰਾ ਲੈਣਾ ਪਿਆ ਹੈ। ਇਹੋ ਵਜਾ ਕਹਿ ਲਈਏ ਕਿ ਪੁਲਿਸ ਵਿਭਾਗ ਬਹੁਤੇ ਕੇਸਾਂ ਵਿਚ ਤਰੀਕ ਲੈ ਕੇ ਬਚਦਾ ਆ ਰਿਹਾ ਹੈ ਜਾਂ ਫਿਰ ਜਾਂਚ ਦੌਰਾਨ ਉਸ ਦੀ ਆਪਣੀ ਮਨਮਰਜ਼ੀ ਵੀ ਚਲ ਜਾਂਦੀ ਰਹੀ ਹੈ। ਹਾਂ, ਇੱਥੇ ਦੇਸ਼ ਦੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਪੁਲਿਸ ਤਸ਼ੱਦਦ ਅਤੇ ਹਿਰਾਸਤੀ ਮੌਤਾਂ ਨਾਲ ਸਬੰਧਿਤ ਕੇਸਾਂ ਨੂੰ ਲੈ ਕੇ ਇਕ ਤੋਂ ਵੱਧ ਵਾਰ ਉਸ ਨੇ ਕਿਹਾ ਹੈ ਕਿ ‘ਮੁਲਜ਼ਮਾਂ ਨੂੰ ਮਨੁੱਖ ਸਮਝਣਾ ਚਾਹੀਦਾ ਹੈ। ਕੈਦੀਆਂ ਜਾਂ ਮੁਲਜ਼ਮਾਂ ਦੇ ਵੀ ਮਨੁੱਖੀ ਅਧਿਕਾਰ ਹਨ ਤੇ ਉਨਾਂ ਨਾਲ ਮਨੁੱਖਤਾ ਵਾਲਾ ਵਰਤਾਅ ਕਰਨ ਦੀ ਲੋੜ ਹੈ। ਪੁਲਿਸ ਦੀ ਕੌਂਸਲਿੰਗ ਕੀਤੀ ਜਾਵੇ।’

ਸੁਪਰੀਮ ਕੋਰਟ ਦੀਆਂ ਇਨਾਂ ਹਦਾਇਤਾਂ ਦਾ ਹਵਾਲਾ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਆਪਣੇ ਕਈ ਫ਼ੈਸਲਿਆਂ ਵਿਚ ਦੇ ਚੁੱਕਾ ਹੈ ਪਰ ਪੁਲਿਸ ਪ੍ਰਸ਼ਾਸਨ ਨੇ ਪਿੰਡੇ ’ਤੇ ਪਾਣੀ ਨਹੀਂ ਪੈਣ ਦਿੱਤਾ। ਕਮਿਸ਼ਨ ਕੋਲ ਵੀ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇ ਕੇ ਕੇਸ ਖ਼ਤਮ ਕਰਨ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਰਹਿ ਜਾਂਦਾ। ਵੱਧ ਤੋਂ ਵੱਧ ਮੁਆਵਜ਼ੇ ਦੀ ਰਕਮ ਦੋਸ਼ੀ ਅਧਿਕਾਰੀ ਦੀ ਤਨਖਾਹ ਵਿਚੋਂ ਕੱਟਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਸਭ ਤੋਂ ਵੱਡੇ ਕੇਸ ਦੀ ਮੁਆਵਜ਼ਾ ਰਕਮ 2 ਲੱਖ ਤੱਕ ਗਈ ਹੈ।

ਸਰਕਾਰ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਤਾਕਤਾਂ ਵਧਾਉਣ ਦੀ ਲੋੜ ਹੈ ਤਾਂ ਹੀ ਪ੍ਰਸ਼ਾਸਨ ਫ਼ੈਸਲਿਆਂ ਨੂੰ ਲਾਗੂ ਕਰਨ ਦਾ ਪਾਬੰਦ ਹੋਵੇਗਾ। ਕਮਿਸ਼ਨ ਦੇ ਚੇਅਰਮੈਨ ਜਾਂ ਦੂਜੇ ਮੈਂਬਰਾਂ ਦੀਆਂ ਮਹੀਨਿਆਂ ਬੱਧੀ ਖਾਲੀ ਰਹਿ ਗਈਆਂ ਅਸਾਮੀਆਂ ਇਨਸਾਫ਼ ਦੇਣ ਵਿਚ ਇਕ ਹੋਰ ਵੱਡਾ ਅੜਿੱਕਾ ਹੈ। ਕਮਿਸ਼ਨ ਦਾ ਸਾਲਾਨਾ ਬਜਟ ਕਈ ਕਰੋੜਾਂ ਦਾ ਹੈ। ਕਮਿਸ਼ਨ ਦੇ ਇਕ ਚੇਅਰਮੈਨ ਸਮੇਤ ਤਿੰਨ ਮੈਂਬਰ ਹੁੰਦੇ ਹਨ। ਇਨਾਂ ਨੂੰ ਉੱਚ ਅਦਾਲਤਾਂ ਦੇ ਜੱਜਾਂ ਬਰਾਬਰ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

# ਦੇਸ਼ਧ੍ਰੋਹ ਦੇ ਕਾਨੂੰਨ ਦੀ ਪ੍ਰਾਸੰਗਕਿਤਾ ਸਬੰਧੀ ਸੁਆਲ



**ਰਣਜੀਤ ਸਿੰਘ ਕੁਕੀ**

ਭਾਰਤੀ ਸਰਵ-ਉੱਚ ਅਦਾਲਤ ਦੇ ਸਾਹਮਣੇ ਸੈਕਸ਼ਨ 124-ਏ ਨਾਲ ਸਬੰਧਤ ਦੇਸ਼ ਧ੍ਰੋਹ ਦੇ ਕਾਨੂੰਨ ਦੀ ਸੰਵਿਧਾਨਿਕਤਾ ਨੂੰ ਚੁਣੌਤੀ ਦਿੰਦੀ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਹੈ। ਇਹ ਦੇਸ਼ ਧ੍ਰੋਹ ਦੇ ਕਾਨੂੰਨ ਨੂੰ ਚੁਣੌਤੀ ਦਿੰਦੀਆਂ ਚਾਰ ਹੋਰ ਪਟੀਸ਼ਨਾਂ ਦੀ ਰੂਪ-ਰੇਖਾ ਦੀ ਤਰਜ਼ ’ਤੇ ਹੀ ਹੈ। ਹਾਲੀਆ ਪਟੀਸ਼ਨ ਦੀ ਸੁਣਵਾਈ ਦੌਰਾਨ ਮੁੱਖ ਜੱਜ ਨੇ ਦੇਸ਼ ਧ੍ਰੋਹ ਦੇ ਕਾਨੂੰਨ ਸਬੰਧੀ ਮਹੱਤਵਪੂਰਨ ਸਵਾਲ ਖੜੇ ਕੀਤੇ, ‘ਕੀ ਇਸ ਨੂੰ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ, ਕੀ ਇਹ ਸੰਵਿਧਾਨਿਕ ਹੈ, ਕੀ ਇਹ ਸੰਵਿਧਾਨ ਦੀ ਧਾਰਾ 19(2) ਵਿਚ ਦਿੱਤੇ ਬੋਲਣ ਦੀ ਅਜ਼ਾਦੀ ਦੇ ਅਧਿਕਾਰ ਨੂੰ ਜ਼ੋਖਮ ਵਿਚ ਪਾਉਂਦਾ ਹੈ ? ਕੀ ਦੇਸ਼ਧ੍ਰੋਹ ਦਾ ਕਾਨੂੰਨ ਇਸ ਅਜ਼ਾਦੀ ਦੀ ਉਲੰਘਣਾ ਕਰਦਾ ਹੈ ? ਜਦੋਂ ਬਸਤੀਵਾਦੀ ਹਕੂਮਤ ਭਾਰਤ ਵਿਚੋਂ ਖਤਮ ਹੋ ਚੁੱਕੀ ਹੈ ਤਾਂ ‘ਅਜ਼ਾਦ’ ਹਕੂਮਤਾਂ ਉਨਾਂ ਦੇ ਹੀ ਪੁਰਾਣੇ ਕਾਨੂੰਨਾਂ ਅਤੇ ਪ੍ਰਸ਼ਾਸਨ ਦੀ ਨਕਲ ਕਿਉਂ ਕਰ ਰਹੀਆਂ ਹਨ ? ਦੇਸ਼ਧ੍ਰੋਹ ਦਾ ਕਾਨੂੰਨ ਅੰਗਰੇਜ਼ੀ ਰਾਜ ਦੀ ਦੇਣ ਅਤੇ ਬਸਤੀਵਾਦੀ ਰਾਜ ਦਾ ਚਿੰਨ ਹੈ ਜੋ ਕਿ ਸੰਵਿਧਾਨ ਦੁਆਰਾ ਸੁਨਿਸ਼ਚਿਤ ਕੀਤੇ ਬੋਲਣ ਦੀ ਅਜ਼ਾਦੀ ਦੇ ਅਧਿਕਾਰ ਨਾਲ ਸਿੱਧੇ ਰੂਪ ਵਿਚ ਟਕਰਾਅ ਵਿਚ ਹੈ।

ਦੇਸ਼ਧ੍ਰੋਹ ਦੇ ਕਾਨੂੰਨ ਤਹਿਤ ਦਰਜ ਕੀਤੇ ਅਪਰਾਧ ਗੰਭੀਰ ਅਤੇ ਗੈਰ-ਜਮਾਨਤੀ ਹੁੰਦੇ ਹਨ ਜਿਨਾਂ ਦੀ ਸੁਣਵਾਈ ਮਹਿਜ਼ ਸੈਸ਼ਨ ਅਦਾਲਤਾਂ ਵਿਚ ਹੀ ਹੋ ਸਕਦੀ ਹੈ।ਦੇਸ਼ ਧ੍ਰੋਹ ਦੇ ਮੁਕੱਦਮੇ ਦਾ ਸਾਹਮਣਾ ਕਰ ਰਹੇ ਦੋਸ਼ੀ ਲਈ ਜ਼ਮਾਨਤ ਲੈਣਾ ਬਹੁਤ ਹੀ ਮੁਸ਼ਕਿਲ ਹੁੰਦਾ ਹੈ। ਸਰਵ-ਉੱਚ ਅਦਾਲਤ ਦੇ ਸਾਬਕਾ ਜੱਜ ਜਸਟਿਸ ਗੁਪਤਾ ਟਿੱਪਣੀ ਕਰਦੇ ਹਨ ਕਿ ਸਰਕਾਰ ਦੇਸ਼ਧ੍ਰੋਹ ਦੇ ਕਾਨੂੰਨ ਦੀ ਵਰਤੋਂ ਆਮ ਲੋਕਾਂ ਵਿਚ ਡਰ ਪੈਦਾ ਕਰਨ ਲਈ ਕਰਦੀ ਹੈ। ਇਸ ਨੂੰ ਖਤਮ ਕਰਨ ਦੀ ਲੋੜ ਹੈ ਕਿਉਂ ਕਿ ਇਹ ਹਰ ਪ੍ਰਕਾਰ ਦੇ ਵਿਰੋਧ ਨੂੰ ਦਬਾਉਂਦਾ ਹੈ। ਉਹ ਅੱਗੇ ਕਹਿੰਦਾ ਹੈ ਕਿ ਦੇਸ਼ਧ੍ਰੋਹ ਦੇ ਕਾਨੂੰਨ ਦੀ ਵੱਡੇ ਪੱਧਰ ਤੇ ਦੁਰਵਰਤੋਂ ਕੀਤੀ ਜਾਂਦੀ ਹੈ ਅਤੇ ਇਸ ਦਾ ਦੁਰਪ੍ਰਯੋਗ ਦਿਨ-ਬ-ਦਿਨ ਵਧ ਰਿਹਾ ਹੈ।

ਡਾ. ਅੰਬੇਦਕਰ ਨੇ ਵੀ ਇਸ ਗੱਲ ਵੱਲ ਧਿਆਨ ਦੁਆਇਆ ਸੀ ਕਿ ਭਾਰਤੀ ਲੋਕਤੰਤਰ ਸੰਵਿਧਾਨਿਕ ਨੈਤਿਕਤਾ ਅਤੇ ਪ੍ਰਗਤੀਵਾਦੀ ਮਾਨਸਿਕਤਾ ਦੀ ਘਾਟ ਕਰਕੇ ਅਸਲ ਵਿਚ ਅਣਲੋਕਤੰਤਰੀ ਹੈ। ਦੇਸ਼ਧ੍ਰੋਹ ਦੇ ਕਾਨੂੰਨ ਦਾ ਉਦੇਸ਼ ਸਰਕਾਰ ਦੇ ਖਿਲਾਫ ਹਰ ਤਰਾਂ ਦੇ ਅਸੰਤੋਸ਼, ਬੇਚੈਨੀ ਅਤੇ ਵਿਦ੍ਰੋਹ ਨੂੰ ਦਬਾਉਣਾ ਹੈ ਅਤੇ ਇਹ ਨਿਆਂ ਪ੍ਰਣਾਲੀ ਨੂੰ ਵੀ ਸੁਆਲਾਂ ਦੇ ਘੇਰੇ ਵਿਚ ਲੈ ਆਉਂਦਾ ਹੈ। 1860 ਵਿਚ ਜਦੋਂ ਭਾਰਤੀ ਪੀਨਲ ਕੋਡ ਲਾਗੂ ਕੀਤਾ ਗਿਆ ਸੀ ਤਾਂ ਇਸ ਵਿਚ ਦੇਸ਼ਧ੍ਰੋਹ ਦੇ ਕਾਨੂੰਨ ਨੂੰ ਸ਼ਾਮਿਲ ਨਹੀਂ ਸੀ ਕੀਤਾ ਗਿਆ।ਇਹ ਬ੍ਰਿਟਿਸ਼ ਹਕੂਮਤ ਰਾਹੀਂ ਬਸਤੀਵਾਦੀ ਰਾਜ ਦੇ ਖਿਲਾਫ ਹਰ ਤਰਾਂ ਦੇ ਵਿਰੋਧ ਨੂੰ ਦਬਾਉਣ ਲਈ 1770 ਵਿਚ ਸ਼ਾਮਿਲ ਕੀਤਾ ਗਿਆ। ਬਹੁਤ ਸਾਰੇ ਪ੍ਰਸਿੱਧ ਪੱਤਰਕਾਰਾਂ ਅਤੇ ਰਾਸ਼ਟਰਵਾਦੀਆਂ ਜਿਵੇਂ ਗਾਂਧੀ ਅਤੇ ਤਿਲਕ ਉੱਪਰ ਦੇਸ਼ਧ੍ਰੋਹ ਦਾ ਮੁਕੱਦਮਾ ਚਲਾਇਆ ਗਿਆ ਅਤੇ ਉਨਾਂ ਨੂੰ ਇਸ ਦੇ ਤਹਿਤ ਸਜ਼ਾ ਸੁਣਾਈ ਗਈ।ਗਾਂਧੀ ਨੇ ਹੇਠਲੀ ਅਦਾਲਤ ਸਾਹਮਣੇ ਟਿੱਪਣੀ ਕੀਤੀ ਕਿ ਦੇਸ਼ਧ੍ਰੋਹ ਦੇ ਕਾਨੂੰਨ ਨੂੰ ਨਾਗਰਿਕਾਂ ਦੀ ਅਜ਼ਾਦੀ ਨੂੰ ਦਬਾਉਣ ਲਈ ਸ਼ਾਮਿਲ ਕੀਤਾ ਗਿਆ ਹੈ।

2018 ਵਿਚ ਭਾਰਤੀ ਕਾਨੂੰਨ ਕਮਿਸ਼ਨ ਨੇ ਨਿਰਦੇਸ਼ ਜਾਰੀ ਕੀਤੇ ਕਿ ਸਰਕਾਰੀ ਨੀਤੀਆਂ ਨਾਲ ਸਹਿਮਤੀ ਨਾ ਰੱਖਣ ਵਾਲੇ ਵਿਅਕਤੀਆਂ ਉੱਪਰ ਦੇਸ਼ਧ੍ਰੋਹ ਦਾ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਇਸ ਕਾਨੂੰਨ ਦੀ ਖੁੱਲਮ-ਖੁੱਲੇ ਤਰੀਕੇ ਨਾਲ ਦੁਰਵਰਤੋਂ ਹੋ ਰਹੀ ਹੈ। ਇਸ ਕਾਨੂੰਨ ਨੂੰ ਬਹੁਤ ਪਹਿਲਾਂ ਹੀ ਖਤਮ ਕਰ ਦਿੱਤਾ ਜਾਣਾ ਚਾਹੀਦਾ ਸੀ। ਹੁਣ ਵੀ ਸਰਵਉਚ ਅਦਾਲਤ ਦੇ ਪ੍ਰਮੁੱਖ ਜੱਜ ਨੇ ਇਹ ਕਿਹਾ ਹੈ ਕਿ ਉਹ ਦੇਸ਼ਧ੍ਰੋਹ ਦੇ ਕਾਨੂੰਨ ਦੀ ਵੈਧਤਾ ਉੱਪਰ ਵਿਚਾਰ ਕਰਨਗੇ ਅਤੇ ਇਸ ਬਾਰੇ ਸਰਕਾਰ ਦੇ ਰਾਇ ਵੀ ਜਾਣਨਗੇ। ਪ੍ਰਮੁੱਖ ਜੱਜ ਨੇ ਅੱਗੇ ਕਿਹਾ ਕਿ ਇਹ ਬਸਤੀਵਾਦੀ ਕਾਨੂੰਨ ਅਜ਼ਾਦੀ ਅੰਦੋਲਨ ਨੂੰ ਦਬਾਉਣ ਲਈ ਲਾਗੂ ਕੀਤਾ ਗਿਆ ਸੀ। ਭਾਰਤ ਦੀ ਅਜ਼ਾਦੀ ਦੇ ਪਚੱਤਰ ਸਾਲਾਂ ਬਾਅਦ ਵੀ ਕੀ ਇਹ ਜਰੂਰੀ ਹੈ ? ਉਸ ਨੇ ਆਪਣੀ ਗੱਲ ਦੀ ਪੁਸ਼ਟੀ ਕਰਨ ਲਈ ਤਰਖਾਣ ਦੀ ਉਦਾਹਰਣ ਦਿੱਤੀ ਜਿਸ ਨੂੰ ਇਕ ਦਰਖਤ ਕੱਟਣ ਲਈ ਕਿਹਾ ਗਿਆ ਪਰ ਉਸ ਨੇ ਸਾਰਾ ਜੰਗਲ ਹੀ ਕੱਟ ਮਾਰਿਆ। ਸੈਕਸ਼ਨ 124-ਏ ਦੇ ਤਹਿਤ ਦੇਸ਼ਧ੍ਰੋਹ ਦੇ ਕਾਨੂੰਨ ਦੀ ਸ਼ੁਰੂਆਤ ਤੋਂ ਹੀ ਇਹ ਸਰਕਾਰਾਂ ਅਤੇ ਸੁਰੱਖਿਆ ਏਜੰਸੀਆਂ ਲਈ ਇਕ ਆਸਾਨ ਹਥਿਆਰ ਹੈ ਜਿਸ ਦੇ ਜ਼ਰੀਏ ਉਹ ਹਰ ਤਰਾਂ ਦੇ ਵਿਰੋਧ ਅਤੇ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਦਬਾਉਂਦੇ ਹਨ। ਬਸਤੀਵਾਦੀ ਸਰਕਾਰ ਨੇ ਇਸ ਦੀ ਖੁੱਲ ਕੇ ਵਰਤੋਂ ਕੀਤੀ ਅਤੇ ਹੁਣ ਭਾਰਤੀ ਸੱਤਾਧਾਰੀ ਜਮਾਤ ਆਪਣੇ ਰਾਜਨੀਤਿਕ ਵਿਰੋਧੀਆਂ ਵਿਰੁੱਧ ਇਸ ਦਾ ਇਸਤੇਮਾਲ ਕਰ ਰਹੀ ਹੈ।

ਸਾਬਕਾ ਜੱਜ ਸ਼ਾਹ ਨੇ ਦੇਸ਼ਧ੍ਰੋਹ ਦੇ ਕਾਨੂੰਨ ਬਾਰੇ ਸਥਿਤੀ ਸਪੱਸ਼ਟ ਕਰਦੇ ਹੋਏ ਨਹਿਰੂ ਦਾ ਹਵਾਲਾ ਦਿੱਤਾ, ‘ਭਾਰਤੀ ਪੀਨਲ ਕੋਡ ਵਿਚ ਸੈਕਸ਼ਨ 124-ਏ ਦੇ ਤਹਿਤ ਦਰਜ ਦੇਸ਼ਧ੍ਰੋਹ ਦੇ ਕਾਨੂੰਨ ਦੀ ਗੱਲ ਕਰ ਲਈਏ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਸ ਦਾ ਇਕ ਖਾਸ ਹਿੱਸਾ ਬਹੁਤ ਹੀ ਇਤਰਾਜ਼ਯੋਗ ਅਤੇ ਨਿੰਦਣਯੋਗ ਹੈ ਅਤੇ ਵਿਵਹਾਰਿਕ ਅਤੇ ਇਤਿਹਾਸਿਕ ਦੋਨਾਂ ਕਾਰਨਾਂ ਕਰਕੇ ਹੀ ਇਸ ਨੂੰ ਕੋਈ ਜਗਾ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਜਿੰਨੀ ਜਲਦੀ ਅਸੀਂ ਇਸ ਤੋਂ ਖਹਿੜਾ ਛੁੜਵਾ ਲਈਏ, ਉਨਾਂ ਹੀ ਚੰਗਾ ਹੈ।’ ਪਰ ਨਹਿਰੂ ਦਾ ਪ੍ਰਸਤਾਵ ਠੁਕਰਾ ਦਿੱਤਾ ਗਿਆ ਅਤੇ ਇਸ ਨੂੰ ਭਾਰਤੀ ਪੀਨਲ ਕੋਡ ਵਿਚ ਸ਼ਾਮਿਲ ਕਰ ਲਿਆ ਗਿਆ। ਇਸ ਕਾਨੂੰਨਾਂ ਨੂੰ ਲਾਗੂ ਕਰਨ ਵਿਚ ਇਸ ਦੇ ਬੁਰੇ ਪ੍ਰਭਾਵਾਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਗਿਆ ਕਿਉਂ ਕਿ ਇਹ ਪ੍ਰਦਰਸ਼ਨ, ਵਿਰੋਧ ਅਤੇ ਸਰਕਾਰ ਦੀ ਆਲੋਚਨਾ ਕਰਨ ਦੇ ਵੈਧ ਅਤੇ ਸੰਵਿਧਾਨਿਕ ਅਧਿਕਾਰ ਨੂੰ ਦਬਾਉਂਦਾ ਹੈ।

ਕਿਸੇ ਵੀ ਪ੍ਰਗਤੀਵਾਦੀ ਲੋਕਤੰਤਰ ਵਿਚ ਲੋਕਾਂ ਦੇ ਸੋਚਣ, ਇਜ਼ਹਾਰ ਕਰਨ ਅਤੇ ਸਰਕਾਰ ਵਿਰੁੱਧ ਆਪਣੀ ਅਸਹਿਮਤੀ ਦਰਜ ਕਰਾਉਣ ਦੇ ਅਧਿਕਾਰ ਖਤਰੇ ਵਿਚ ਆ ਜਾਂਦੇ ਹਨ। ਪ੍ਰਸ਼ਾਸਨ ਜਾਂ ਸੱਤਾ ਪ੍ਰਤੀ ਸਹਿਮਤੀ ਨੂੰ ਕਾਨੂੰਨ ਦੁਆਰਾ ਨਿਯੰਤ੍ਰਿਤ ਨਹੀਂ ਕੀਤਾ ਜਾ ਸਕਦਾ। ਹਰ ਕਿਸੇ ਨੂੰ ਆਪਣਾ ਵਿਰੋਧ ਅਤੇ ਅਸਹਿਮਤੀ ਦਰਜ ਕਰਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ, ਹਾਂ, ਇਸ ਵਿਚ ਇਹ ਜਰੂਰੀ ਹੈ ਕਿ ਇਹ ਹਿੰਸਾ ਨੂੰ ਬੜਾਵਾ ਨਾ ਦੇਵੇ। ਇਹ ਸੰਵਿਧਾਨਿਕ ਅਤੇ ਰਾਜ ਦੇਸ਼ ਭਗਤੀ ਨਾਲ ਸਬੰਧਤ ਮਸਲਾ ਹੈ। ਅਜ਼ਾਦ ਭਾਰਤ ਵਿਚ ਸਰਕਾਰਾਂ ਨੇ ਲੋਕਾਂ ਦੇ ਵਿਚਾਰਾਂ ਦੀ ਇਕਰੂਪਤਾ ਅਤੇ ਦੇਸ਼ਭਗਤੀ ਦੇ ਜਨਤਕ ਇਜ਼ਹਾਰ ਰਾਹੀਂ ਦੇਸ਼ ਨੂੰ ਮਜਬੂਤ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਕਿਸੇ ਵੀ ਦੇਸ਼ ਦਾ ਅਸਲ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਇਹ ਆਪਣੇ ਹੀ ਨਾਗਰਿਕਾਂ ਦੁਆਰਾ ਅਸੁਰੱਖਿਅਤ ਮਹਿਸੂਸ ਨਹੀਂ ਕਰਦਾ ਅਤੇ ਉਨਾਂ ਨੂੰ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੀ ਪੂਰਨ ਅਜ਼ਾਦੀ ਹੁੰਦੀ ਹੈ, ਪ੍ਰੈੱਸ ਨੂੰ ਸਰਕਾਰ ਦੀਆਂ ਨੀਤੀਆਂ ਅਤੇ ਫੈਸਲਿਆਂ ਦੀ ਆਲੋਚਨਾ ਕਰਨ ਦਾ ਪੂਰਾ ਅਧਿਕਾਰ ਹੁੰਦਾ ਹੈ ਅਤੇ ਉਹ ਵਿਰੋਧੀ ਵਿਚਾਰਾਂ ਨੂੰ ਵੀ ਖੁੱਲ ਕੇ ਪੇਸ਼ ਕਰ ਸਕਦੇ ਹੋਣ।

2014 ਤੋਂ ਬਾਅਦ ਦੇਸ਼ਧ੍ਰੋਹ ਦੇ ਮੁਕੱਦਮਿਆਂ ਵਿਚ ਭਾਰੀ ਵਾਧਾ ਹੋਇਆ ਹੈ। ਜਿਸ ਕਿਸੇ ਨੇ ਵੀ ਸਰਕਾਰ ਦੀਆਂ ਨੀਤੀਆਂ ਪ੍ਰਤੀ ਆਲੋਚਨਾਤਮਕ ਰਵੱਈਆ ਜ਼ਾਹਿਰ ਕੀਤਾ ਹੈ, ਉਸ ਉੱਪਰ ਦੇਸ਼ਧ੍ਰੋਹ ਦਾ ਦੋਸ਼ ਮੜ ਦਿੱਤਾ ਗਿਆ। ਇਸ ਤਰਾਂ ਦੇ ਦੋਸ਼ਾਂ ਵਿਚ ਰਾਜਨੀਤਿਕ ਵਿਰੋਧੀ, ਲੇਖਕ, ਪੱਤਰਕਾਰ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨ, ਜੰਗਲੀ ਹੱਕਾਂ ਦੇ ਕਾਰਕੁੰਨ, ਘੱਟ ਗਿਣਤੀਆਂ ਜਿਵੇਂ ਸਿੱਖ, ਕਸ਼ਮੀਰੀ ਅਤੇ ਮੁਸਲਮਾਨ ਸ਼ਾਮਿਲ ਹਨ। ਸਭ ਤੋਂ ਵੱਧ ਵਿਡੰਬਨਾ ਇਹ ਹੈ ਕਿ ਜਿਸ ਬਸਤੀਵਾਦੀ ਰਾਜ ਤੋਂ ਅਸੀ ਇਹ ਕਾਨੂੰਨ ਲਿਆ, ਉਸ ਦੇਸ਼ ਨੇ ਆਪਣੇ ਸੰਵਿਧਾਨ ਵਿਚੋਂ ਇਸ ਨੂੰ ਖਤਮ ਕਰ ਦਿੱਤਾ ਹੈ, ਪਰ ਅਸੀਂ ਅਜੇ ਵੀ ਬਸਤੀਵਾਦੀ ਰਾਜ ਦਾ ਬੋਝ ਆਪਣੇ ਉੱਪਰ ਲੈ ਕੇ ਚੱਲ ਰਹੇ ਹਾਂ। ਅੱਜ ਭਾਰਤ ਇਕੋ ਇਕ ਅਜਿਹਾ ਮੁਲ਼ਕ ਹੈ ਜੋ ਬ੍ਰਿਟਿਸ਼ ਕਾਲ ਤੋਂ ਹੀ ਲਗਾਤਾਰ ਇਸ ਕਾਨੂੰਨ ਦੀ ਵਰਤੋਂ ਕਰ ਰਿਹਾ ਹੈ। ਦੂਜੇ ਮੁਲ਼ਕਾਂ ਨੇ ਜਾਂ ਤਾਂ ਇਸ ਕਾਨੂੰਨ ਨੂੰ ਖਤਮ ਕਰ ਦਿੱਤਾ ਹੈ ਜਾਂ ਇਸ ਦੀ ਵਰਤੋਂ ਨੂੰ ਬਹੁਤ ਸੀਮਿਤ ਕਰ ਦਿੱਤਾ ਹੈ। ਮਹਿਜ਼ 3.3 ਪ੍ਰਤੀਸ਼ਤ ਕੇਸਾਂ ਵਿਚ ਦੋਸ਼ ਸਾਬਿਤ ਹੋਣ ਅਤੇ ਮੁਕੱਦਮੇ ਚੱਲਣ ਦੀ ਬਹੁਤ ਹੀ ਖਰਾਬ ਸਥਿਤੀ ਦੇ ਬਾਵਜੂਦ ਸਰਕਾਰਾਂ ਨੇ ਹਰ ਤਰਾਂ ਦੇ ਵਿਰੋਧ ਨੂੰ ਅਪਰਾਧੀ ਘੋਸ਼ਿਤ ਕਰਕੇ ਦੇਸ਼ਧ੍ਰੋਹ ਦੇ ਕਾਨੂੰਨ ਦੀ ਲਗਾਤਾਰ ਦੁਰਵਰਤੋਂ ਕੀਤੀ ਹੈ।ਬਹੁਤ ਅਸਾਨੀ ਨਾਲ ਵਿਅਕਤੀਆਂ ਉੱਪਰ ਦੇਸ਼ ਧ੍ਰੋਹ ਦਾ ਦੋਸ਼ ਮੜ ਦਿੱਤਾ ਜਾਂਦਾ ਹੈ ਜੋ ਕਿ ਬਹੁਤੀ ਵਾਰ ਸਾਬਿਤ ਵੀ ਨਹੀਂ ਹੋ ਪਾਉਂਦਾ। ਪਰ ਇਸ ਸਾਰੀ ਪ੍ਰੀਕਿਰਿਆ ਵਿਚ ਵਿਅਕਤੀ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਕਿ ਆਪਣੇ ਆਪ ਵਿਚ ਸਜਾ ਤੋਂ ਘੱਟ ਨਹੀਂ ਹੈ। ਦੇਸ਼ਧ੍ਰੋਹ ਦਾ ਕਾਨੂੰਨ ਅਜਿਹਾ ਕਾਨੂੰਨ ਹੈ ਜੋ ਇਕ ਵਿਅਕਤੀ ਦੀ ਅਜ਼ਾਦੀ ਅਤੇ ਮਨੁੱਖੀ ਗਰਿਮਾ ਉੱਪਰ ਹਮਲਾ ਕਰਦਾ ਹੈ।

**ਬਾਕੀ ਸਫ਼ਾ 31 ’ਤੇ**



# ਸਿਹਤ ਸੰਭਾਲ




## ਬਹੁਤਾ ਖਾਣਾ ਮਾਨਸਿਕ ਬਿਮਾਰੀ ਦਾ ਨਤੀਜਾ

ਬਹੁਤਾ ਖਾਣਾ, ਖਾਣੇ ਨੂੰ ਦੇਖ ਕੇ ਆਪਣੇ ’ਤੇ ਕਾਬੂ ਨਾ ਰਹਿਣਾ, ਸੁਆਦੀ ਖਾਣੇ ਦੀ ਚਾਹਤ ਵਧ ਜਾਣਾ ਇਕ ਬਿਮਾਰੀ ਹੈ। ਅੱਜ ਦੇ ਨੌਜਵਾਨ ਵਰਗ ਵਿਚ ਅਜਿਹੀਆਂ ਆਦਤਾਂ ਵੱਡੀ ਹੱਦ ਤੱਕ ਦੇਖੀਆਂ ਜਾ ਸਕਦੀਆਂ ਹਨ। ਕੁਝ ਲੋਕ ਤਣਾਅ ਵਿਚ ਜ਼ਿਆਦਾ ਖਾਂਦੇ ਹਨ। ਪਰਿਵਾਰਕ ਸਮੱਸਿਆਵਾਂ ਦੇ ਚਲਦਿਆਂ ਪਰਿਵਾਰ ਟੁੱਟ ਜਾਣ ’ਤੇ, ਦਫ਼ਤਰ ਵਿਚ ਕੰਮ ਦਾ ਤਣਾਓ ਹੋਣ ’ਤੇ, ਅਫਸਰ ਨੂੰ ਜ਼ਿਆਦਾ ਉਮੀਦਾਂ ਹੋਣ ਕਰਕੇ ਇਹ ਸਾਰੀਆਂ ਗੱਲਾਂ ਉਨਾਂ ਨੂੰ ਤਣਾਅਗ੍ਰਸਤ ਰੱਖਦੀਆਂ ਹਨ ਤਾਂ ਉਨਾਂ ਨੂੰ ਚੰਗਾ ਖਾਣਾ ਜਾਂ ਜ਼ਿਆਦਾ ਖਾਣ ਦੀ ਚਾਹਤ ਮਹਿਸੂਸ ਹੁੰਦੀ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਚੰਗਾ ਖਾਣਾ-ਪੀਣਾ ਹੀ ਜੀਵਨ ਜਿਊਣ ਦਾ ਇਕ ਬਿਹਤਰ ਤਰੀਕਾ ਹੈ। ਇਸ ਲਈ ਉਹ ਖਾਣੇ ਦਾ ਪੂਰਾ ਅਨੰਦ ਲੈਂਦੇ ਹਨ।

**ਇਸ ਤੋਂ ਕਿਵੇਂ ਬਚੀਏ** : ਜੇਕਰ ਤੁਸੀਂ ਬਹੁਤਾ ਮਿੱਠਾ ਖਾਣ ਦੇ ਸ਼ੌਕੀਨ ਹੋ ਤਾਂ ਮਠਿਆਈ,



ਚਾਕਲੇਟ ਦੀ ਜਗਾ ’ਤੇ ਸੰਤਰਾ ਜਾਂ ਅੰਗੂਰ ਖਾ ਸਕਦੇ ਹੋ। ਕੁਝ ਲੋਕ ਆਪਣੀ ਪਸੰਦ ਦਾ ਖਾਣਾ ਦੇਖਦਿਆਂ ਹੀ ਬੇਕਾਬੂ ਹੋ ਜਾਂਦੇ ਹਨ ਤੇ ਕਿੰਨੀ ਚੀਜ਼ ਖਾਣੀ ਹੈ, ਉਸ ਵੱਲ ਧਿਆਨ ਨਹੀਂ ਦਿੰਦੇ। ਚਾਹ, ਕਾਫੀ, ਸ਼ਰਾਬ, ਮਠਿਆਈ, ਚਾਕਲੇਟ, ਕੇਕ, ਪੇਸਟ੍ਰੀ, ਜੰਕ ਫੂਡ ਦੇ ਸ਼ੌਕੀਨ ਲੋਕ ਇਸ ਦੀ ਗ੍ਰਿਫ਼ਤ ਵਿਚ ਬੱਝੇ ਰਹਿੰਦੇ ਹਨ।

ਇਸ ਤੋਂ ਕਿਵੇਂ ਬਚੀਏ : ਜੇਕਰ ਤੁਸੀਂ ਚਾਹ-ਕਾਫੀ ਦੇ ਸ਼ੌਕੀਨ ਹੋ ਤਾਂ ਪਹਿਲਾਂ ਇਸ ਦੀ ਮਾਤਰਾ ਘੱਟ ਕਰੋ, ਹੌਲੀ-ਹੌਲੀ ਜ਼ਿਆਦਾ ਦੁੱਧ ਵਾਲੀ ਚਾਹ-ਕਾਫੀ ਲਓ। ਕੁਝ ਲੋਕਾਂ ਨੂੰ ਦੇਰ ਰਾਤ ਤਕ ਜਾਗਣ ਦੇ ਕਾਰਨ ਉਨਾਂ ਨੂੰ ਭੁੱਖ ਲਗਦੀ ਰਹਿੰਦੀ ਹੈ। ਉਹ ਫਰਿੱਜ ਜਾਂ ਰਸੋਈ ਵਿਚੋਂ ਜੋ ਕੁਝ ਖਾਣ ਨੂੰ ਮਿਲਦਾ ਹੈ, ਉਹ ਹੀ ਖਾ ਲੈਂਦੇ ਹਨ।

**ਇਸ ਤੋਂ ਕਿਵੇਂ ਬਚੀਏ** : ਰਾਤ ਨੂੰ ਸਮੇਂ ਸਿਰ ਅਤੇ ਸਵੇਰੇ ਜਲਦੀ ਉੱਠਣ ਦੀ ਆਦਤ ਪਾਓ ਤਾਂ ਕਿ ਭੁੱਖ ਰਾਤ ਨੂੰ ਲੱਗੇ। ਜੇਕਰ ਕਦੀ ਨੀਂਦ ਖੁੱਲ ਵੀ ਜਾਵੇ ਤਾਂ ਸਲਾਦ ਅਤੇ ਫਲ ਹੀ ਖਾਓ।

## ਪੁਦੀਨਾ ਸਿਹਤ ਲਈ ਜਰੂਰੀ

ਪੁਦੀਨੇ ਵਿਚ ਐਂਟੀਆਕਸੀਡੈਂਟ ਸਮਰੱਥਾ ਬਹੁਤ ਜ਼ਿਆਦਾ ਹੁੰਦੀ ਹੈ। ਇਹ ਇਕ ਖੁਸ਼ਬੂਦਾਰ ਬਾਰਾਂਮਾਸੀ ਜੜੀ-ਬੂਟੀ ਹੈ, ਜਿਸ ਨੂੰ ਕਿ ਆਮ ਤੌਰ ’ਤੇ ਪੁਦੀਨਾ ਅਤੇ ਵਿਗਿਆਨਕ ਤੌਰ ’ਤੇ ਮੈਂਥਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਾਰੇ ਪੰਜਾਬ ਵਿਚ, ਜਿਥੇ ਵੀ ਸਿੰਚਾਈ ਕੀਤੀ ਜਾਂਦੀ ਹੈ, ਪੁਦੀਨਾ ਉਗਾਇਆ ਜਾ ਸਕਦਾ ਹੈ। ਪੁਦੀਨਾ ਕਿਸੇ ਵੀ ਪਕਵਾਨ ਵਿਚ ਵਾਧੂ ਖ਼ੁਸ਼ਬੂ ਮਿਲਾ ਦਿੰਦਾ ਹੈ।

ਪੁਦੀਨੇ ਵਿਚ ਚਰਬੀ ਅਤੇ ਕੋਲੇਸਟਰੋਲ ਬਹੁਤ ਘੱਟ ਹੁੰਦੇ ਹਨ। ਇਹ ਪ੍ਰੋਟੀਨ, ਥਾਇਆਮਿਨ, ਨਾਈਸੀਨ, ਵਿਟਾਮਿਨ ਏ, ਵਿਟਾਮਿਨ ਸੀ, ਵਿਟਾਮਿਨ 6, ਫਾਸਫੋਰਸ, ਜ਼ਿੰਕ, ਖ਼ੁਰਾਕੀ ਰੇਸ਼ੇ, ਰਾਇਬੋਫਲੇਵਿਨ, ਫੋਲੇਟ, ਕੈਲਸ਼ੀਅਮ, ਲੋਹਾ, ਮੈਗਨੀਸ਼ੀਅਮ, ਪੋਟਾਸ਼ੀਅਮ, ਤਾਂਬਾ ਅਤੇ ਮੈਗਨੀਜ਼ ਦਾ ਬਹੁਤ ਚੰਗਾ ਸੋਮਾ ਹੈ। ਇਹ ਜੜੀ-ਬੂਟੀ ਸੈਂਕੜੇ ਸਾਲਾਂ ਤੋਂ ਇਸ ਦੇ ਕਮਾਲ ਦੇ ਗੁਣਾਂ ਕਾਰਨ ਵਰਤੀ ਜਾ ਰਹੀ ਹੈ।

ਮੌਖਿਕ ਸਿਹਤ ਵਿਚ ਸੁਧਾਰ : ਪੁਦੀਨੇ ਵਿਚ ਬਹੁਤ ਸਾਰੇ ਬੈਕਟੀਰੀਆ ਅਤੇ ਸੋਜਿਸ਼ ਵਿਰੋਧੀ ਗੁਣ ਪਾਏ ਜਾਂਦੇ ਹਨ। ਇਹ ਮੂੰਹ ਵਿਚੋਂ ਬੈਕਟੀਰੀਆਂ ਨੂੰ ਕੱਢ ਕੇ ਮੌਖਿਕ ਸਹਿਤ ਵਧਾਉਂਦਾ ਹੈ। ਇਹ ਮੂੰਹ ਵਿਚੋਂ ਆਉਂਦੀ ਬਦਬੂ ਨੂੰ ਵੀ ਦੂਰ ਕਰਦਾ ਹੈ। ਇਹ ਜੀਭ ਅਤੇ ਦੰਦਾਂ ਨੂੰ ਕੁਦਰਤੀ ਤੌਰ ’ਤੇ ਸਾਫ਼ ਰੱਖਦਾ ਹੈ।

ਭੁੱਖ ਵਿਚ ਵਾਧਾ: ਪੁਦੀਨਾ ਭੁੱਖ ਵਧਾਉਂਦਾ ਹੈ ਅਤੇ ਹਾਜ਼ਮਾ ਠੀਕ ਰੱਖਦਾ ਹੈ। ਇਹ ਇਕ ਠੰਢੀ ਜੜੀ-ਬੂਟੀ ਹੈ, ਜੋ ਕਿ ਪਿੱਤ-ਸੱਤਰ ਨੂੰ ਵਧਾ ਕੇ ਹਾਜ਼ਮਾ ਠੀਕ ਰੱਖਣ ਵਿਚ ਸਹਾਈ ਹੁੰਦਾ ਹੈ। ਉਦਾਹਰਨ ਵਜੋਂ ਸਮੋਸਿਆਂ ਨਾਲ ਪੁਦੀਨੇ ਦੀ ਚਟਨੀ ਸਿਰਫ ਸਵਾਦ ਵਧਾਉਣ ਲਈ ਹੀ ਨਹੀਂ ਖਾਧੀ ਜਾਂਦੀ ਸਗੋਂ ਇਹ ਸਮੋਸਿਆਂ ਦੇ ਛੇਤੀ ਹਜ਼ਮ ਹੋਣ ਵਿਚ ਸਹਾਈ ਹੁੰਦੀ ਹੈ।

ਸਾਹ ਪ੍ਰਣਾਲੀ ਲਈ ਗੁਣਕਾਰੀ: ਪੁਦੀਨਾ ਸਾਹ ਪ੍ਰਣਾਲੀ ਲਈ ਵੀ ਗੁਣਕਾਰੀ ਹੁੰਦਾ ਹੈ ਜਿਹੜਾ ਕਿ ਖੰਘ, ਜੁਕਾਮ, ਦਮਾ, ਐਲਰਜੀ ਇਥੋਂ ਤੱਕ ਕਿ ਟੀ.ਬੀ. ਲਈ ਵੀ ਗੁਣਕਾਰੀ ਹੈ।

**ਕਈ ਬਿਮਾਰੀਆਂ ਲਈ ਲਾਹੇਵੰਦ** : ਪੁਦੀਨਾ ਇਕ ਉਹ ਜੜੀ-ਬੂਟੀ ਹੈ ਜਿਸ ਨਾਲ ਕਈ ਬਿਮਾਰੀਆਂ ਦਾ ਇਲਾਜ ਸੰਭਵ ਹੈ। ਇਹ ਭਾਰ ਘਟਾਉਂਦਾ ਹੈ, ਉਲਟੀਆਂ, ਥਕਾਨ, ਸਿਰਦਰਦ ਦਾ ਇਲਾਜ ਕਰਨ ਵਿਚ ਵੀ ਸਹਾਈ ਹੁੰਦਾ ਹੈ।

**ਕੁਦਰਤੀ ਉਤੇਜਿਤ**: ਪੁਦੀਨਾ ਇਕ ਕੁਦਰਤੀ ਉਤੇਜਿਤ ਜੜੀ-ਬੂਟੀ ਹੈ, ਜੋ ਕਿ ਹਰ ਸਮੇਂ




ਚੁਸਤ-ਦਰੁਸਤ ਰੱਖਦੀ ਹੈ। ਜੇਕਰ ਤੁਸੀ ਥੱਕੇ-ਥੱਕੇ ਮਹਿਸੂਸ ਕਰਦੇ ਹੋ ਤਾਂ ਪੁਦੀਨਾ ਥਕਾਨ ਮਿਟਾਉਣ ਵਿਚ ਬੜਾ ਲਾਹੇਵੰਦ ਹੁੰਦਾ ਹੈ।

**ਯਾਦ ਸ਼ਕਤੀ ਵਿਚ ਵਾਧਾ** : ਇਹ ਮੰਨਿਆ ਜਾਂਦਾ ਹੈ ਕਿ ਜਿਹੜੇ ਲੋਕ

**ਬਾਕੀ ਸਫ਼ਾ 31 ’ਤੇ**

## ਜਲਵਾਯੂ ਤਬਦੀਲੀ ਨਾਲ ਘਟ ਸਕਦੀ ਹੈ ਮਨੁੱਖ ਦੀ ਲੰਬਾਈ ਤੇ ਸੁੰਗੜ ਸਕਦੈ ਦਿਮਾਗ

### ਨੇਚਰ ਕਮਿਊਨੀਕੇਸ਼ਨ ਜਰਨਲ ਨੇ ਪ੍ਰਕਾਸ਼ਿਤ ਕੀਤੀ ਖੋਜ

**ਨਵੀਂ ਦਿੱਲੀ/ਏ.ਟੀ.ਨਿਊਜ਼** : ਵਿਗਿਆਨੀਆਂ ਨੇ ਜਲਵਾਯੁ ਤਬਦੀਲੀ ਦੇ ਇਕ ਨਵੇਂ ਖਤਰੇ ਦੀ ਪਛਾਣ ਕਰਦੇ ਹੋਏ ਚਿਤਾਵਨੀ ਦਿੱਤੀ ਹੈ ਕਿ ਜਲਵਾਯੂ ਤਬਦੀਲੀ ਇਨਸਾਨ ਦੀ ਲੰਬਾਈ ਅਤੇ ਦਿਮਾਗ ਨੂੰ ਛੋਟਾ ਕਰ ਸਕਦਾ ਹੈ। ਪਿਛਲੇ ਲੱਖਾਂ ਸਾਲਾਂ ਵਿਚ ਇਸਦਾ ਅਸਰ ਮਨੁੱਖਾਂ ਦੀ ਲੰਬਾਈ ਅਤੇ ਚੌੜਾਈ ’ਤੇ ਪਿਆ ਹੈ। ਇਸਦਾ ਸਿੱਧਾ ਸਬੰਧ ਤਾਪਮਾਨ ਨਾਲ ਹੈ। ਇਹ ਦਾਅਵਾ ਕੈਂਬ੍ਰਿਜ ਅਤੇ ਟੁਬਿਜੇਨ ਯੂਨੀਵਰਸਿਟੀਜ ਦੇ ਖੋਜਕਾਰਾਂ ਨੇ ਕੀਤਾ ਹੈ। ਸਾਲ-ਦਰ-ਸਾਲ ਜਿਸ ਤਰਾਂ ਨਾਲ ਤਾਪਮਾਨ ਅਤੇ ਗਰਮੀ ਵਧਦੀ ਜਾ ਰਹੀ ਹੈ, ਇਸ ’ਤੇ ਵਿਗਿਆਨੀਆਂ ਦੀ ਇਹ ਖੋਜ ਚੌਕਸ ਕਰਨ ਵਾਲੀ ਹੈ।

**ਹਰ ਜੀਵਾਸ਼ਮ ਜਲਵਾਯੂ ਤਬਦੀਲੀ ਦੀ ਲਪੇਟ ’ਚ**

ਖੋਜਕਾਰਾਂ ਨੇ ਦੁਨੀਆ ਭਰ ਦੇ ਮਨੁੱਖਾਂ ਦੇ 30 ਤੋਂ ਜ਼ਿਆਦਾ ਜੀਵਾਸ਼ਮ ਦੇਖੇ। ਉਨਾਂ ਦੇ ਸਰੀਰ ਅਤੇ ਦਿਮਾਗ ਦੇ ਕਾਰ ਦੀ ਜਾਂਚ ਕੀਤੀ ਗਈ। ਜਾਂਚ ਵਿਚ ਸਾਹਮਣੇ ਆਇਆ ਕਿ ਜਲਵਾਯੂ ਤਬਦੀਲੀ ਦਾ ਅਸਰ ਇਨਸਾਨਾਂ ਦੇ ਹਰ ਜੀਵਾਸ਼ਮ ’ਤੇ ਪਿਆ ਹੈ। ਮਨੁੱਖੀ ਨਸਲ ਹੋਮਾ ਦੀ ਉਤਪਤੀ 3 ਮਿਲੀਅਨ ਸਾਲ ਪਹਿਲਾਂ ਅਫਰੀਕਾ ਵਿਚ ਹੋਈ ਸੀ, ਪਰ ਇਹ ਇਸ ਤੋਂ ਬਹੁਤ ਪੁਰਾਣੀ ਹੈ। ਇਸ ਵਿਚ ਮਨੁੱਖਾਂ ਦੀਆਂ ਹੋਰ ਨਸਲਾਂ ਵੀ ਸ਼ਾਮਲ ਸਨ, ਜਿਵੇਂ ਨਿਏਂਡਰਥਲ, ਹੋਮਾ ਇਰੈਕਟਸ, ਹੋਮੋ ਹੈਬਿਲਿਸ।

ਮਨੁੱਖ ਦੇ ਵਿਕਾਸ ’ਤੇ ਨਜ਼ਰ ਮਾਰੀਏ ਤਾਂ ਉਸਦੇ ਸਰੀਰ ਅਤੇ ਦਿਮਾਗ ਦਾ ਆਕਾਰ ਵਧਦਾ ਜਾ ਰਿਹਾ ਹੈ। ਹੋਮੋ ਹੈਬਿਲਿਸ 50 ਗੁਣਾ ਜ਼ਿਆਦਾ ਵਿਸ਼ਾਲ ਸੀ ਅਤੇ ਉਸਦਾ ਦਿਮਾਗ ਮੌਜੂਦਾ ਮਨੁੱਖ ਤੋਂ 3 ਗੁਣਾ ਵੱਡਾ ਸੀ।

ਤਾਪਮਾਨ ਨਾਲ ਸਰੀਰ ਖੁਦ ਨੂੰ ਐਡਜਸਟ ਕਰਦੈ ਕੈਂਬ੍ਰਿਜ ਯੂਨੀਵਰਸਿਟੀ ਦੇ ਪ੍ਰੋਫੈਸਰ ਐਂਡ੍ਰਿਆ ਮੈਨਿਕਾ ਕਹਿੰਦੇ ਹਨ, ਸਾਡੀ ਖੋਜ ਤੋਂ ਸੰਕੇਤ ਮਿਲਦਾ ਹੈ ਕਿ ਲੱਖਾਂ ਸਾਲਾਂ ਤੋਂ ਸਰੀਰ ਦੇ ਆਕਾਰ ਨੂੰ ਬਦਲਣ ਵਿਚ ਤਾਪਮਾਨ ਇਕ ਅਹਿਮ ਕਾਰਕ ਰਿਹਾ ਹੈ। ਜਿਸ ਤਰਾਂ ਅੱਜ ਮਨੁੱਖੀ ਸਰੀਰ ਠੰਡੀ ਜਲਵਾਯੁ ਵਾਲੇ ਸਥਾਨਾਂ ਵਿਚ ਵਧਦਾ ਹੈ ਅਤੇ ਗਰਮ ਤਾਪਮਾਨ ਵਾਲੇ ਖੇਤਰਾਂ ਵਿਚ ਰਹਿਣ ਵਾਲਿਆਂ ਦਾ ਸਰੀਰ ਛੋਟਾ ਹੁੰਦਾ ਹੈ, ਉਸੇ ਤਰਾਂ ਜਲਵਾਯੂ ਤਬਦੀਲੀ ਨੇ ਹਮੇਸ਼ਾ ਮਨੁੱਖੀ ਸਰੀਰ ਨੂੰ ਪ੍ਰਭਾਵਿਤ ਕੀਤਾ ਹੈ। ਨੇਚਰ ਕਮਿਊਨੀਕੇਸ਼ਨ ਜਰਨਲ ਨੇ ਪ੍ਰਕਾਸ਼ਿਤ ਖੋਜ ਮੁਤਾਬਕ ਮਨੁੱਖੀ ਸਰੀਰ ਖੁਦ ਨੂੰ ਵੱਖ-ਵੱਖ ਤਰਾਂ ਦੇ ਤਾਪਮਾਨ ਦੇ ਹਿਸਾਬ ਨਾਲ ਐਡਜਸਟ ਕਰ ਲੈਂਦਾ ਹੈ। ਲਗਭਗ 11,650 ਸਾਲ ਪਹਿਲਾਂ ਮਨੁੱਖੀ ਦਿਮਾਗ ਸੁੰਘੜਨ ਲੱਗਾ ਸੀ।

## ਢਿੱਡ ਦੀ ਗੈਸ ਦਾ ਇਲਾਜ ਨਾਰੀਅਲ ਪਾਣੀ ਕੇਲਾ, ਤਰਬੂਜ, ਖੀਰਾ ਖਾਓ

ਗੈਸ ਖਾਣ-ਪੀਣ ਤੇ ਲਾਈਫਸਟਾਈਲ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਹਨ। ਕੁਝ ਲੋਕਾਂ ਨੂੰ ਗੈਸ ਕਾਫੀ ਪੇਰਸ਼ਾਨ ਕਰਦੀ ਹੈ। ਗੈਸ ਦੀ ਪਰੇਸ਼ਾਨੀ ਜ਼ਿਆਦਾ ਖੱਟਾ, ਤਿੱਖਾ, ਮਸਾਲੇਦਾਰ ਖਾਣਾ-ਖਾਣ ਨਾਲ, ਦੇਰ ਰਾਤ ਤਕ ਜਾਗਣ, ਪਾਣੀ ਘੱਟ ਪੀਣ, ਗੁੱਸਾ, ਚਿੰਤਾ, ਬਹੁਤ ਦੇਰ ਤਕ ਇੱਕੋ ਜਗਾ ਬੈਠੇ ਰਹਿਣ ਆਦਿ ਨਾਲ ਪਣਪਣ ਲੱਗਦੀ ਹੈ। ਜ਼ਿਆਦਾ ਚਾਹ ਪੀਣ ਨਾਲ ਵੀ ਗੈਸ ਪ੍ਰੇਸ਼ਾਨ ਕਰਦੀ ਹੈ। ਗੈਸਟ੍ਰਿਕ ਦੀ ਸਮੱਸਿਆ ਬੇਸ਼ੱਕ ਆਮ ਹੁੰਦੀ ਜਾ ਰਹੀ ਹੈ ਪਰ ਕਈ ਵਾਰ ਇਹ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ। ਗੈਸ ਦੀ ਸਮੱਸਿਆ ਤੋਂ ਨਿਜਾਤ ਚਾਹੁੰਦੇ ਹੋ ਤਾਂ ਆਪਣੀ ਡਾਈਟ ਵਿਚ ਉਨਾਂ ਚੀਜ਼ਾਂ ਨੂੰ ਸ਼ਾਮਲ ਕਰੋ ਜਿਨਾਂ ਨੂੰ ਖਾਣ ਨਾਲ ਤੁਹਾਨੂੰ ਗੈਸ ਤੋਂ ਛੁਟਕਾਰਾ ਮਿਲ ਸਕੇ।

ਗੈਸ ਤੋਂ ਪਰੇਸ਼ਾਨ ਰਹਿੰਦੇ ਹੋ ਤਾਂ ਕੇਲੇ ਨੂੰ ਕਰੋ ਡਾਈਟ ਵਿਚ ਸ਼ਾਮਲ। ਕੇਲਾ ਨਾ ਸਿਰਫ਼ ਹੈਲਥ ਨੂੰ ਬਿਹਤਰ ਕਰਦਾ ਹੈ ਬਲਕਿ ਐਸਿਡ ਰਿਫਲੈਕਸ ਨੂੰ ਘਟਾਉਂਦਾ ਹੈ। ਕੈਲਸ਼ੀਅਮ, ਆਇਰਨ ਐਂਟੀ-ਆਕਸੀਡੈਂਟਸ ਤੇ ਪੋਟਾਸ਼ੀਅਮ ਵਰਗੇ ਪੋਸ਼ਕ ਤੱਤਾਂ ਨਾਲ ਭਰਪੂਰ ਕੇਲਾ ਢਿੱਡ ਦੀ ਲਾਈਨਿੰਗ ’ਤੇ ਮਿਊਕਸ ਪੈਦਾ ਕਰਦਾ ਹੈ ਜਿਸ ਨਾਲ ਪੀ.ਐੱਚ ਦਾ ਲੈਵਲ ਘੱਟ ਜਾਂਦਾ ਹੈ। ਫਾਈਬਰ ਨਾਲ ਭਰਪੂਰ ਕੇਲਾ ਐਸੀਡਿਟੀ ਨੂੰ ਕੰਟਰੋਲ ਕਰਦਾ ਹੈ।

ਤਰਬੂਜ ਗੈਸ ਦੀ ਸਮੱਸਿਆ ਤੋਂ ਵੀ ਨਿਜਾਤ ਦਿਵਾਉਂਦਾ ਹੈ। ਤਰਬੂਜ਼ ਵਿਚ ਵਧੇਰੇ ਮਾਤਰਾ ’ਚ ਫਾਈਬਰ ਹੁੰਦਾ ਹੈ ਜੋ ਪਾਚਣ ਨੂੰ ਬਿਹਤਰ ਬਣਾਉਂਦਾ ਹੈ, ਨਾਲ ਹੀ ਖਾਣਾ ਪਚਾਉਣ ’ਚ ਵੀ ਮਦਦ ਕਰਦਾ ਹੈ। ਜੇਕਰ ਤੁਸੀਂ ਗੈਸਟ੍ਰਿਕ ਦੀ ਸਮੱਸਿਆ ਤੋਂ ਪ੍ਰੇਸ਼ਾਨ ਹੋ ਤਾਂ ਤਰਬੂਜ ਦਾ ਸੇਵਨ ਜ਼ਰੂਰ ਕਰੋ।

ਖੀਰਾ ਖਾਣਾ ਫਾਇਦੇਮੰਦ ਹੁੰਦਾ ਹੈ। ਖੀਰੇ ਵਿਚ ਭਰਪੂਰ ਮਾਤਰਾ ’ਚ ਪਾਣੀ ਮੌਜੂਦ ਹੁੰਦਾ ਹੈ ਜੋ ਬਾਡੀ ਨੂੰ ਹਾਈਡ੍ਰੇਟ ਰੱਖਦਾ ਹੈ। ਗਰਮੀਆਂ ’ਚ ਖੀਰਾ ਡੀ-ਹਾਈਡ੍ਰੇਸ਼ਨ ਤੋਂ ਨਿਜਾਤ ਦਿਵਾਉਂਦਾ ਹੈ। ਇਸ ਦਾ ਸੇਵਨ ਕਰਨ ਨਾਲ ਐਸਿਡ ਰਿਫਲੈਕਸ ਘੱਟ ਜਾਂਦਾ ਹੈ। ਐਸੀਡਿਟੀ ਤੇ ਗੈਸ ਦੀ ਸਮੱਸਿਆ ਦਾ ਬਿਹਤਰ ਇਲਾਜ ਹੈ ਖੀਰਾ।

ਗੈਸ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਬਾਸੀ ਮੂੰਹ ਗੈਸ ਦੀ ਦਵਾਈ ਖਾਂਦੇ ਹੋ ਤਾਂ ਉਸ ਨਾਲੋਂ ਬਿਹਤਰ ਹੈ ਕਿ ਨਾਰੀਅਲ ਪਾਣੀ ਦਾ ਸੇਵਨ ਕਰੋ। ਖ਼ਾਲੀ ਢਿੱਡ ਨਾਰੀਅਲ ਪਾਣੀ ਦਾ ਸੇਵਨ ਤੁਹਾਨੂੰ ਗੈਸ ਦੀ ਸਮੱਸਿਆ ਤੋਂ ਛੁਟਕਾਰਾ ਦਿਵਾਉਂਦਾ ਹੈ। ਫਾਈਬਰ ਤੇ ਐਂਟੀ-ਆਕਸੀਡੈਂਟ ਨਾਲ ਭਰਪੂਰ ਨਾਰੀਅਲ ਪਾਣੀ ਸਵੇਰੇ ਪੀਣ ਨਾਲ ਸਰੀਰ ਡਿਟਾਕਸੀਫਾਈ ਹੁੰਦਾ ਹੈ ਨਾਲ ਹੀ ਐਸੀਡਿਟੀ ਦੀ ਸਮੱਸਿਆ ਤੋਂ ਵੀ ਨਿਜਾਤ ਮਿਲਦੀ ਹੈ।

## ਖਾਲੀ ਪੇਟ ‘ਲਸਣ’ ਖਾਉ, ਤਣਾਅ ਤੋਂ ਮੁਕਤ ਹੋਵੋ

ਗੁਣਾਂ ਨਾਲ ਭਰਪੂਰ ਲਸਣ ਜਿੱਥੇ ਖਾਣੇ ਦੇ ਸੁਆਦ ਨੂੰ ਵਧਾਉਂਦਾ ਹੈ, ਉਥੇ ਹੀ ਇਹ ਸਿਹਤ ਲਈ ਵੀ ਬੇਹੱਦ ਲਾਹੇਵੰਦ ਹੁੰਦਾ ਹੈ। ਲਸਣ ਬਹੁਤ ਸਾਰੀਆਂ ਬੀਮਾਰੀਆਂ ਨੂੰ ਦੂਰ ਕਰਦਾ ਹੈ। ਲਸਣ ਵਿੱਚ ਐਂਟੀ ਬੈਕਟੀਰੀਅਲ, ਐਂਟੀ ਵਾਇਰਲ, ਐਂਟੀ ਫੰਗਲ ਅਤੇ ਐਂਟੀ ਆਕਸੀਡੈਂਟ ਦੇ ਨਾਲ ਨਾਲ ਐਲੀਸਿਨ , ਸੈਲੇਨੀਅਮ, ਇਜਾਇਨ ਫਾਸਫੋਰਸ, ਆਇਰਨ ਵੀ, ਵਿਟਾਮਿਨ-ਏ ਵਰਗੇ ਤੱਤ ਪਾਏ ਜਾਂਦੇ ਹਨ। ਇਹ ਸਾਨੂੰ ਦਿਲ ਦੀਆਂ ਸਮੱਸਿਆਵਾਂ ਅਤੇ ਕੈਂਸਰ ਵਰਗੀਆਂ ਗੰਭੀਰ ਬੀਮਾਰੀਆਂ ਤੋਂ ਬਚਾਉਂਦੇ ਹਨ।

ਇੰਝ ਕਰੋ ਕੱਚੇ ਲਸਣ ਦੀ ਵਰਤੋਂ

ਲਸਣ ਨੂੰ ਕਈ ਤਰੀਕਿਆਂ ਨਾਲ ਖਾਇਆ ਜਾ ਸਕਦਾ ਹੈ। ਜੇਕਰ ਤੁਸੀਂ ਇਸ ਨੂੰ ਕੱਚਾ ਖਾਣ ਦੀ ਸੋਚ ਰਹੇ ਹੋ ਤਾਂ 2 ਤੁਰੀਆਂ ਤੋਂ ਜ਼ਿਆਦਾ ਨਹੀਂ ਖਾਣੀਆਂ ਚਾਹੀਦੀਆਂ। ਕੱਚਾ ਲਸਣ ਜ਼ਿਆਦਾ ਖਾਣਾ ਸਿਹਤ ਲਈ ਹਾਨੀਕਾਰਕ ਵੀ ਹੋ ਸਕਦਾ ਹੈ। ਇਥੇ ਦੱਸ ਦੇਈਏ ਕਿ ਲਸਣ ਦੇ ਜ਼ਿਆਦਾ ਫਾਇਦੇ ਲੈਣ ਲਈ ਹਮੇਸ਼ਾ ਲਸਣ ਨੂੰ ਖ਼ਾਲੀ ਪੇਟ ਕੱਚਾ ਖਾਣਾ ਚਾਹੀਦਾ ਹੈ। ਇਸ ਨੂੰ ਤੁਸੀਂ ਅੱਗ ’ਤੇ ਭੁੰਨ ਕੇ ਵੀ ਖਾ ਸਕਦੇ ਹੋ। ਕੱਚਾ ਲਸਣ ਖਾਣ ਲਈ ਸਭ ਤੋਂ ਪਹਿਲਾਂ 2 ਤੁਰੀਆਂ ਨੂੰ 10 ਮਿੰਟ ਲਈ ਕੱਟ ਕੇ ਰੱਖ ਲਵੋ। ਫਿਰ ਉਸ ਤੋਂ ਬਾਅਦ ਪਾਣੀ ਨਾਲ ਇਸ ਦਾ ਸੇਵਨ ਕਰੋ।

ਪੇਟ ਨਾਲ ਜੁੜੀਆਂ ਬੀਮਾਰੀਆਂ ਜਿਵੇਂ ਡਾਇਰੀਆ ਅਤੇ ਕਬਜ਼ ਦੀ ਸਮੱਸਿਆ ਲਸਣ ਖਾਣ ਨਾਲ ਠੀਕ ਹੋ ਜਾਂਦੀ ਹੈ। ਰੋਜ਼ਾਨਾ ਸਵੇਰੇ ਇਕ ਗਿਲਾਸ ਪਾਣੀ ਵਿਚ 2 ਤੁਰੀਆਂ ਲੱਸਣ ਦੀਆਂ ਉਬਾਲ ਕੇ ਪੀਣ ਨਾਲ ਕਬਜ਼ ਤੋਂ ਆਰਾਮ ਮਿਲਦਾ ਹੈ ਅਤੇ ਸਰੀਰ ਵਿਚੋਂ ਜ਼ਹਿਰੀਲੇ ਤੱਤ ਬਾਹਰ ਨਿਕਲਦੇ ਹਨ।

ਲਸਣ ਬਲੱਡ ਪ੍ਰੈਸ਼ਰ ਨੂੰ ਵੀ ਕੰਟਰੋਲ ਰੱਖਣ ਵਿਚ ਸਹਾਇਕ ਹੁੰਦਾ ਹੈ ਕਿਉਂਕ ਲਸਣ ਵਿੱਚ ਬਾਇਓਐਕਟਿਵ ਸਲਫਰ ਯੌਗਿਕ, ਐੱਸ ਐੱਲਲਿਸਟਰੀਨ ਮੌਜੂਦ ਹੁੰਦਾ ਹੈ। ਜੇਕਰ ਤੁਹਾਡਾ ਵੀ ਬਲੱਡ ਪ੍ਰੈਸ਼ਰ ਹਾਈ ਰਹਿੰਦਾ ਹੈ ਤਾਂ ਤੁਸੀਂ ਰੋਜ਼ਾਨਾ ਸਵੇਰੇ ਖਾਲੀ ਪੇਟ ਕੱਚੇ ਲਸਣ ਦਾ ਸੇਵਨ ਕਰ ਸਕਦੇ ਹੋ।

ਰੋਜ਼ਾਨਾ ਲਸਣ ਦੀ ਵਰਤੋਂ ਕਰਨ ਨਾਲ ਤਣਾਅ ਤੋਂ ਛੁਟਕਾਰਾ ਮਿਲਦਾ ਹੈ। ਕਈ ਵਾਰ ਸਾਡੇ ਪੇਟ ਅੰਦਰ ਇਸ ਤਰਾਂ ਦੇ ਐਸਿਡ ਬਣਦੇ ਹਨ, ਜਿਸ ਨਾਲ ਘਬਰਾਹਟ ਹੋਣ ਲੱਗਦੀ ਹੈ। ਲਸਣ ਇਸ ਐਸਿਡ ਨੂੰ ਬਣਨ ਤੋਂ ਰੋਕਦਾ ਹੈ। ਲਸਣ ਖਾਣ ਨਾਲ ਸਿਰਦਰਦ ਅਤੇ ਹਾਈਪਰਟੈਂਸ਼ਨ ਤੋਂ ਕਾਫ਼ੀ ਆਰਾਮ ਮਿਲਦਾ ਹੈ ।

ਰੋਜ਼ਾਨਾ ਖਾਲੀ ਪੇਟ ਲਸਣ ਖਾਣ ਨਾਲ ਡਾਈਜੇਸ਼ਨ ਸਿਸਟਮ ਠੀਕ ਰਹਿੰਦਾ ਹੈ ਅਤੇ ਭੁੱਖ ਵੀ ਖੁੱਲ ਕੇ ਲੱਗਦੀ ਹੈ।

ਲਸਣ ਦਿਲ ਲਈ ਵੀ ਬੇਹੱਦ ਲਾਭਦਾਇਕ ਮੰਨਿਆ ਦਿਆ ਹੈ। ਇਹ ਦਿਲ ਨਾਲ ਸਬੰਧਤ ਸਮੱਸਿਆਵਾਂ ਨੂੰ ਦੂਰ ਕਰਦਾ ਹੈ। ਰੋਜ਼ਾਨਾ ਦੋ ਤੁਰੀਆਂ ਲੱਸਣ ਦੀਆਂ ਖਾਣ ਨਾਲ ਖ਼ੂਨ ਨਸਾਂ ਵਿੱਚ ਨਹੀਂ ਜੰਮਦਾ, ਜਿਸ ਨਾਲ ਦਿਲ ਦੇ ਦੌਰੇ ਦੀ ਸੰਭਾਵਨਾ ਘੱਟ ਜਾਂਦੀ ਹੈ। ਰੋਜ਼ਾਨਾ ਲਸਣ ਅਤੇ ਸ਼ਹਿਦ ਦਾ ਮਿਸ਼ਰਣ ਖਾਣ ਨਾਲ ਦਿਲ ਤੱਕ ਜਾਣ ਵਾਲੀਆਂ ਨਸਾਂ ਵਿੱਚ ਜਮਾਂ ਹੋਈ ਵਸਾ ਨਿਕਲ ਜਾਂਦੀ ਹੈ।

ਲਸਣ ਸਾਹ ਸਰਦੀ ਜ਼ੁਕਾਮ, ਖਾਂਸੀ, ਅਸਥਮਾ, ਨਿਮੋਨੀਆ ਜਿਹੀਆਂ ਬੀਮਾਰੀਆਂ ਲਈ ਇਹ ਕੁਦਰਤੀ ਦਵਾਈ ਦੀ ਤਰਾਂ ਕੰਮ ਕਰਦਾ ਹੈ ਅਤੇ ਸਰਦੀ-ਖਾਂਸੀ ਤੋਂ ਛੁਟਕਾਰਾ ਦਿਵਾਉਂਦਾ ਹੈ।

# ਮਾਨਸਿਕ ਸੰਤਾਪ ਹੰਢਾਉਂਦੀ ਨੌਜਵਾਨ ਪੀੜ੍ਹੀ



**ਨਰਿੰਦਰ ਕੌਰ ਸੋਹਲ**

ਨੌਜਵਾਨ ਪੀੜ੍ਹੀ ਨੂੰ ਸਮਾਜ ਦੀ ਰੀੜ ਦੀ ਹੱਡੀ ਮੰਨਿਆ ਜਾਂਦਾ ਹੈ। ਪਰ ਜਦੋਂ ਸਿਸਟਮ ਵੱਲੋਂ ਨੌਜਵਾਨਾਂ ਨੂੰ ਨਿਰਾਸ਼ਾ ਅਤੇ ਨਸ਼ਿਆਂ ਵੱਲ ਧੱਕਿਆ ਜਾ ਰਿਹਾ ਹੋਵੇ ਤਾਂ ਖੋਖਲੀ ਹੋ ਰਹੀ ਇਸ ਹੱਡੀ ਦੇ ਸਹਾਰੇ, ਸਮਾਜ ਕਦੋਂ ਤੱਕ ਅਡੋਲ ਖੜਾ ਰਹਿ ਸਕਦਾ ਹੈ? ਵਧਦੀ ਬੇਰੁਜ਼ਗਾਰੀ ਕਾਰਨ ਨੌਜਵਾਨ ਹਰ ਪਾਸੇ ਮਾਨਸਿਕ ਸੰਤਾਪ ਹੰਢਾ ਰਹੇ ਹਨ, ਜਿਸ ਕਾਰਨ ਮਾਪਿਆਂ ਦੀ ਚਿੰਤਾ ਵੀ ਵਧ ਰਹੀ ਹੈ। ਬੱਚੇ ਦੇ ਜਨਮ ਲੈਣ ਤੋਂ ਹੀ ਮਾਪੇ ਉਸਦੇ ਰੋਸ਼ਨ ਭਵਿੱਖ ਬਾਰੇ ਸੁਪਨੇ ਬੁਣਨ ਲੱਗਦੇ ਹਨ। ਜਿਉਂ ਜਿਉਂ ਬੱਚਾ ਜਵਾਨੀ ਦੀ ਦਹਿਲੀਜ਼ ਵੱਲ ਵਧਦਾ ਹੈ, ਮਾਪਿਆਂ ਦੀ ਉਨਾਂ ਦੇ ਭਵਿੱਖ ਨੂੰ ਲੈ ਕੇ ਚਿੰਤਾ ਵੀ ਵਧਣ ਲਗਦੀ ਹੈ। ਮਾਪੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਕੁਝ ਵੀ ਕਰਨ ਨੂੰ ਤਿਆਰ ਹੁੰਦੇ ਹਨ। ਪਰ ਦੁੱਖ ਤਾਂ ਉਦੋਂ ਹੁੰਦਾ ਜਦੋਂ ਕਰਜ਼ੇ ਚੁੱਕ ਪ੍ਰਾਪਤ ਕੀਤੀਆਂ ਡਿਗਰੀਆਂ ਦਾ ਮੁੱਲ ਵੀ ਨਹੀਂ ਪੈਂਦਾ। ਸਰਕਾਰਾਂ ਵੱਲੋਂ ਨੌਕਰੀ ਪ੍ਰਾਪਤ ਕਰਨ ਲਈ ਜਾਰੀ ਕੀਤੀਆਂ ਹਦਾਇਤਾਂ ਪੂਰੀਆਂ ਕਰਨ ਦੇ ਬਾਵਜੂਦ ਨੌਜਵਾਨ ਸੜਕਾਂ ਉੱਤੇ ਜ਼ਲੀਲ ਹੋ ਰਹੇ ਹਨ। ਠੇਕੇਦਾਰੀ ਸਿਸਟਮ ਤਹਿਤ ਵੱਡੀ ਗਿਣਤੀ ਦਾ ਨਿਗੂਣੀਆਂ ਤਨਖਾਹਾਂ ਦੇ ਕੇ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਇਨਾਂ ਹਾਲਾਤ ਤੋਂ ਪ੍ਰੇਸ਼ਾਨ ਮਾਪੇ ਆਪਣੀ ਜ਼ਮੀਨ-ਜਾਇਦਾਦ ਵੇਚ ਕੇ ਬੱਚਿਆਂ ਨੂੰ ਚੰਗੇ ਭਵਿੱਖ ਦੀ ਆਸ ਵਿੱਚ ਵਿਦੇਸ਼ ਭੇਜਣ ਲਈ ਮਜਬੂਰ ਹਨ। 'ਸਟੱਡੀ ਵੀਜ਼ੇ' ਨੇ ਹਰ ਪਰਿਵਾਰ ਨੂੰ ਆਪਣੇ 'ਸੁਪਨੇ' ਸੌਖਿਆਂ ਹੀ ਪੂਰੇ ਕਰਨ ਦਾ ਰਸਤਾ ਮੁਹੱਈਆ ਕਰਵਾਇਆ ਹੈ। ਬੇਸ਼ੱਕ ਇਸ ਸਬੰਧੀ ਕਿਹਾ ਇਹ ਜਾਂਦਾ ਹੈ ਕਿ ਬੱਚੇ ਪੜਾਈ ਕਰਨ ਜਾ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਵੱਡੀ ਗਿਣਤੀ ਪੜਾਈ ਬਹਾਨੇ ਚੰਗੇ ਭਵਿੱਖ ਲਈ ਪ੍ਰਦੇਸੀ ਬਣ ਰਹੀ ਹੈ। ਅੱਜ ਹਰ ਕੋਈ ਕਾਨੂੰਨੀ ਜਾਂ ਗੈਰ ਕਾਨੂੰਨੀ ਹਰ ਹੀਲਾ ਵਰਤ ਕੇ ਬਾਹਰਲੇ ਮੁਲਕ ਵਿੱਚ ਪਰਵਾਸ ਕਰਨ ਲਈ ਉਤਾਵਲਾ ਹੈ। ਅਸਲ ਵਿੱਚ ਨੌਜਵਾਨ ਪੀੜੀ ਆਪਣਾ ਭਵਿੱਖ ਵਿਦੇਸ਼ੀ ਧਰਤੀ 'ਤੇ ਹੀ ਸੁਰੱਖਿਅਤ ਵੇਖ ਰਹੀ ਹੈ ਜਿਸ ਕਾਰਨ ਵਧੇਰੇ ਪਰਿਵਾਰਾਂ ਦੀਆਂ ਜ਼ਮੀਨਾਂ ਵੀ ਗਿਰਵੀ ਰੱਖੀਆਂ ਹੋਈਆਂ ਹਨ। ਇਸ ਪਿੱਛੇ ਇਹ ਧਾਰਨਾ ਵੀ ਕੰਮ ਕਰਦੀ ਹੈ ਕਿ ਬੱਚੇ ਦੇ ਵਿਦੇਸ਼ੀ ਧਰਤੀ 'ਤੇ ਪੱਕਾ ਹੁੰਦਿਆਂ ਹੀ ਸਾਰੀ ਜ਼ਮੀਨ ਛੁਡਾ ਲਈ ਜਾਵੇਗੀ। ਜਦਕਿ ਵਿਦੇਸ਼ੀ ਧਰਤੀ 'ਤੇ ਵਾਪਰਦੀਆਂ ਕੁਝ ਦੁਖਦਾਇਕ ਘਟਨਾਵਾਂ ਮਾਪਿਆਂ ਨੂੰ ਵੱਡੀ ਸੱਟ ਮਾਰਦੀਆਂ ਹਨ। ਉਹ ਬੱਚਿਆਂ ਦੇ ਨਾਲ-ਨਾਲ ਜ਼ਮੀਨ ਜਾਇਦਾਦ ਤੋਂ ਵੀ ਵਾਂਝੇ ਹੋ ਜਾਂਦੇ ਹਨ।

ਇਸ ਸਭ ਦੇ ਬਾਵਜੂਦ ਬੱਚਿਆਂ ਨੂੰ ਵਿਦੇਸ਼ ਭੇਜਣ ਦਾ ਰੁਝਾਨ ਹੁਣ ਸਿਖਰ 'ਤੇ ਪਹੁੰਚ ਚੁੱਕਾ ਹੈ। ਸਟੱਡੀ ਵੀਜ਼ੇ ਤੋਂ ਇਲਾਵਾ ਆਈਲੈਟਸ ਪਾਸ ਕੁੜੀਆਂ ਨਾਲ ਮੁੰਡਿਆਂ ਨੂੰ ਵਿਆਹ ਕੇ ਬਾਹਰ ਭੇਜਣ ਦਾ ਰਸਤਾ ਵੀ ਅਪਣਾਇਆ ਜਾ ਰਿਹਾ ਹੈ। ਪੰਦਰਾਂ ਵੀਹ ਸਾਲ ਪਹਿਲਾਂ ਦੇ ਹਾਲਾਤ ਉੱਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਦੋਂ ਵੀ ਵਿਦੇਸ਼ੀ ਧਰਤੀ ਉੱਤੇ ਪਹੁੰਚਣ ਲਈ ਕਈ ਹੱਥਕੰਡੇ ਅਪਣਾਏ ਜਾਂਦੇ ਸਨ। ਜਿਵੇਂ ਮਾਪੇ ਧੀਆਂ ਦੇ ਵਿਆਹ ਬੁੱਢਿਆਂ ਨਾਲ ਕਰਨ ਨੂੰ ਵੀ ਤਿਆਰ ਹੋ ਜਾਂਦੇ ਸਨ। ਵੱਡੀ ਉਮਰ ਦੇ ਮੁੰਡੇ ਬਾਹਰੋਂ ਆ ਕੇ ਮਨਪਸੰਦ ਕੁੜੀਆਂ ਨਾਲ ਵਿਆਹ ਕਰਵਾਉਂਦੇ ਅਤੇ ਇੱਕ ਦੋ ਮਹੀਨੇ ਰਹਿ ਕੇ ਚਲੇ ਜਾਂਦੇ। ਮੁੜ ਵਿਆਹੀਆਂ ਕੁੜੀਆਂ ਦੀ ਸਾਰ ਨਾ ਲੈਂਦੇ ਅਤੇ ਉਹ ਪਤੀਆਂ ਨੂੰ ਉਡੀਕਦੀਆਂ ਇੱਥੇ ਹੀ ਬੁੱਢੀਆਂ ਹੋ ਜਾਂਦੀਆਂ। ਮੋਟਾ ਦਹੇਜ ਲੈ ਕੇ ਉਡਾਰੀ ਮਾਰਨ ਵਾਲੇ ਪਤੀਆਂ ਨੇ ਅਣਗਿਣਤ ਧੀਆਂ ਦਾ ਭਵਿੱਖ ਖਰਾਬ ਕਰ ਦਿੱਤਾ। ਪਰ ਬਾਹਰ ਜਾਣ ਦੇ ਰੁਝਾਨ ਨੂੰ ਠੱਲ ਨਹੀਂ ਪਈ।




ਸਮੇਂ ਨੇ ਕਰਵਟ ਲਈ ਅਤੇ ਜੋ ਧੀਆਂ ਕਦੇ ਬੋਝ ਸਮਝੀਆਂ ਜਾਂਦੀਆਂ ਸਨ ਤੇ ਮਾਪਿਆਂ ਨੂੰ ਇਹ ਬੋਝ ਉਤਾਰਨ ਲਈ ਮੋਟਾ ਦਹੇਜ ਦੇਣਾ ਪੈਂਦਾ ਸੀ, ਉਨਾਂ ਧੀਆਂ ਦੀ ਹੁਣ ਕਦਰ ਪੈਣ ਲੱਗੀ ਹੈ। ਦਾਜ ਦਹੇਜ ਮੰਗਣ ਵਾਲੇ ਖੁਦ 25-30 ਲੱਖ ਚੁੱਕੀ 'ਆਈਲੈਟਸ' ਪਾਸ ਕੁੜੀਆਂ ਦੇ ਮਗਰ ਤੁਰੇ ਫਿਰਦੇ ਨਜ਼ਰ ਆਉਣ ਲੱਗੇ। ਮੁੰਡੇ ਵਾਲਿਆਂ ਦੀ ਮੁੱਖ ਸ਼ਰਤ ਕੁੜੀ ਦਾ ਆਈਲੈਟਸ ਪਾਸ ਹੋਣਾ ਹੀ ਹੁੰਦੀ ਹੈ। ਇਸ ਮਾਮਲੇ ਵਿੱਚ ਅਮੀਰ-ਗਰੀਬ ਅਤੇ ਜਾਤ-ਪਾਤ ਵੀ ਨਹੀਂ ਵੇਖੀ ਜਾਂਦੀ। ਕੁੜੀ ਨੂੰ ਬਾਹਰ ਭੇਜਣ ਦਾ ਸਾਰਾ ਖਰਚਾ, ਇੱਥੋਂ ਤਕ ਕਿ ਵਿਆਹ ਦਾ ਖਰਚਾ ਵੀ ਮੁੰਡੇ ਵਾਲੇ ਹੀ ਕਰਦੇ ਹਨ। ਮਕਸਦ ਸਿਰਫ ਇੱਕ ਹੀ ਹੁੰਦਾ ਹੈ ਕਿ ਉਨਾਂ ਦੇ ਪੁੱਤ ਕਿਸੇ ਤਰਾਂ ਵਿਦੇਸ਼ੀ ਧਰਤੀ ਉੱਤੇ ਪਹੁੰਚ ਜਾਣ (ਇਹ ਸਿਰਫ ਉਨਾਂ ਮੁੰਡਿਆਂ ਦੀ ਕਹਾਣੀ ਹੈ ਜੋ ਖੁਦ ਆਈਲੈਟਸ ਨਹੀਂ ਕਰ ਪਾਉਂਦੇ)। ਉੱਧਰ ਕੁੜੀ ਵਾਲਿਆਂ ਦੀ ਮਾੜੀ ਆਰਥਿਕ ਹਾਲਤ ਇਸ ਵਿੱਚ ਮੁੱਖ ਰੋਲ ਅਦਾ ਕਰਦੀ ਹੈ। ਮਾਪਿਆਂ ਦੇ ਸਿਰ ਤੋਂ ਆਈਲੈਟਸ ਦੇ ਖਰਚੇ ਵਿੱਚ ਹੀ ਕੁੜੀ ਦਾ ਸਾਰਾ ਬੋਝ ਲੱਥ ਜਾਂਦਾ ਹੈ। ਪਰ ਇਨਾਂ ਵਧੇਰੇ ਵਿਆਹਾਂ ਵਿੱਚ ਕੋਈ ਅਪਣੱਤ ਨਜ਼ਰ ਨਹੀਂ ਆਉਂਦੀ ਕਿਉਂਕਿ ਇਸ ਪਵਿੱਤਰ ਬੰਧਨ ਵਿੱਚ ਸੌਦੇਬਾਜ਼ੀ ਹੋਣ ਲੱਗ ਪਈ ਹੈ। ਇਨਾਂ ਹਾਲਾਤ ਨੇ ਰਿਸ਼ਤਿਆਂ ਵਿਚਲੇ ਨਿੱਘ ਨੂੰ ਹੀ ਖਤਮ ਕਰ ਦਿੱਤਾ ਹੈ। ਅਸਲ ਵਿੱਚ ਵਿਦੇਸ਼ ਭੇਜਣ ਦੇ ਮਕਸਦ ਨਾਲ ਮਾਪਿਆਂ ਵੱਲੋਂ +2 ਕਰਨ ਦੇ ਤੁਰੰਤ ਬਾਅਦ ਬੱਚਿਆਂ ਨੂੰ ਵਿਆਹ ਵਰਗੇ ਅਹਿਮ ਬੰਧਨ ਵਿੱਚ ਬੰਨਿਆ ਜਾ ਰਿਹਾ ਹੈ। ਜਦੋਂ ਅਜੇ ਉਨਾਂ ਆਪਣੇ ਪੈਰਾਂ ਉੱਤੇ ਖੜੇ ਹੋਣਾ ਵੀ ਨਹੀਂ ਸਿੱਖਿਆ ਹੁੰਦਾ ਤੇ ਅਹਿਮ ਰਿਸ਼ਤੇ ਵਿੱਚ ਬੰਨ ਦਿੱਤੇ ਜਾਂਦੇ ਹਨ। 18-20 ਸਾਲ ਦੇ ਬੱਚੇ ਦੇ ਸਿਰ ਉੱਤੇ 25-30 ਲੱਖ ਦੇ ਕਰਜ਼ੇ ਦੀ ਪੰਡ ਧਰ ਦਿੱਤੀ ਜਾਂਦੀ ਹੈ। ਉਹ ਚਾਹੇ ਸਟੱਡੀ ਵੀਜ਼ੇ ਤਹਿਤ ਵਿਦੇਸ਼ੀ ਧਰਤੀ ਉੱਤੇ ਪਹੁੰਚ ਗਿਆ ਹੋਵੇ ਜਾਂ ਇੱਥੇ ਆਈਲੈਟਸ ਪਾਸ ਕੁੜੀ ਨਾਲ ਵਿਆਹ ਕਰਵਾ ਕੇ ਬਾਹਰ ਜਾਣ ਦੀ ਉਡੀਕ ਵਿੱਚ ਬੈਠਾ ਹੋਵੇ। ਕਦੇ ਵੀ ਕਿਸੇ ਨੇ ਅਜਿਹੇ ਨੌਜਵਾਨਾਂ ਦੀ ਹਾਲਤ ਬਾਰੇ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਉਨਾਂ ਉੱਤੇ ਕੀ ਬੀਤਦੀ ਹੈ, ਉਨਾਂ ਨੂੰ ਕੀ ਕੁਝ ਸਹਿਣਾ ਪੈ ਰਿਹਾ ਹੈ, ਉਹ ਕਿਹੋ ਜਿਹੀ ਮਾਨਸਿਕ ਅਵਸਥਾ ਵਿੱਚੋਂ ਗੁਜ਼ਰ ਰਹੇ ਹਨ? ਜਿਵੇਂ ਦੂਰ ਦੇ ਢੋਲ ਸੁਹਾਵਣੇ ਲੱਗਦੇ ਹਨ, ਉਵੇਂ ਵਿਦੇਸ਼ ਦੀ ਧਰਤੀ ਵੀ ਦੂਰੋਂ ਪਿਆਰੀ ਲਗਦੀ ਹੈ ਪਰ ਅਸਲੀਅਤ ਤਾਂ ਉੱਥੇ ਜਾ ਕੇ ਹੀ ਪਤਾ ਲਗਦੀ ਹੈ।

ਇੱਥੇ ਅਸੀਂ ਬੱਚਿਆਂ ਨੂੰ ਲਾਡਾਂ ਨਾਲ ਰੱਖਿਆ ਹੁੰਦਾ, ਉਹ ਪਾਣੀ ਦਾ ਗਲਾਸ ਵੀ ਆਪ ਚੁੱਕ ਕੇ ਨਹੀਂ ਪੀਂਦੇ। ਪਰ ਵਿਦੇਸ਼ੀ ਧਰਤੀ ਉੱਤੇ ਕਰਜ਼ਾ ਉਤਾਰਨ ਲਈ ਲੇਬਰ ਕਰਨੀ ਪੈਂਦੀ ਹੈ ਅਤੇ ਦੋ ਦੋ ਸ਼ਿਫਟਾਂ ਵੀ ਲਗਾਉਣੀਆਂ ਪੈਂਦੀਆਂ ਹਨ। ਜੇ ਕੰਮ ਦੇ ਹਾਲਾਤ ਸਾਜ਼ਗਾਰ ਨਾ ਹੋਣ ਤਾਂ ਉਹ ਖੁਦਕੁਸ਼ੀ ਵਰਗਾ ਕਦਮ ਚੁੱਕਣ ਲਈ ਉੱਥੇ ਵੀ ਮਜਬੂਰ ਹੋ ਜਾਂਦੇ ਹਨ। ਯਾਦ ਕਰੋ ਬਰਨਾਲੇ ਵਾਲੇ ਲਵਪ੍ਰੀਤ ਦੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਮੋਗੇ ਦੇ ਪਿੰਡ ਚੜਿੱਕ ਦਾ ਲਵਪ੍ਰੀਤ ਵਿਦੇਸ਼ ਵਿੱਚ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਗਿਆ ਸੀ। ਕਾਰਨ ਇਹੀ ਸੀ ਕਿ ਮਾਪਿਆਂ ਵੱਲੋਂ ਜ਼ਮੀਨ ਵੇਚ ਕੇ ਅਤੇ ਕਰਜ਼ ਚੁੱਕ ਕੇ ਪੁੱਤ ਨੂੰ ਬਾਹਰ ਭੇਜਿਆ ਸੀ। ਪਰ ਉੱਥੇ ਕਰਜ਼ੇ ਦੇ ਬੋਝ ਅਤੇ ਕੰਮ ਕਰਨ ਦੇ ਹਾਲਾਤ ਠੀਕ ਨਾ ਹੋਣ ਕਾਰਨ, ਉਹ ਮਾਨਸਿਕ ਸੰਤਾਪ ਹੰਢਾਉਂਦਿਆਂ ਮੌਤ ਨੂੰ ਗਲੇ ਲਗਾ ਗਿਆ ਕਿਉਂਕਿ ਛੋਟੀ ਜਿਹੀ ਉਮਰ ਵਿੱਚ ਉਹ ਐਨਾ ਵੱਡਾ ਬੋਝ ਚੁੱਕਣ ਦੇ ਸਮਰੱਥ ਹੀ ਨਹੀਂ ਸੀ। ਸੋਚੋ, ਹੱਸਣ ਖੇਡਣ ਦੀ ਉਮਰ ਬੋਝ ਥੱਲੇ ਆਈ ਆਤਮ-ਹੱਤਿਆ ਨਹੀਂ ਕਰੂ ਤਾਂ ਕੀ ਕਰੂ? ਉਹ ਚਾਹੇ ਇੱਥੇ ਹੋਵੇ ਜਾਂ ਵਿਦੇਸ਼ ਵਿੱਚ ਅਤੇ ਨਾ ਹੀ ਇਹ ਪਹਿਲੀ ਘਟਨਾ ਸੀ ਤੇ ਨਾ ਹੀ ਆਖਰੀ। ਇਹ ਸਾਡੀ ਤ੍ਰਾਸਦੀ ਹੈ ਕਿ ਕਰਜ਼ੇ ਦਾ ਬੋਝ ਜਿੱਥੇ ਪਹਿਲਾਂ ਕਿਸਾਨਾਂ ਨੂੰ ਨਿਗਲ ਰਿਹਾ ਸੀ, ਹੁਣ ਸਾਡੀ ਨੌਜਵਾਨ ਪੀੜੀ ਨੂੰ ਵੀ ਨਿਗਲ ਰਿਹਾ ਹੈ। ਇਹ ਸਾਡੇ ਸਿਸਟਮ ਵੱਲੋਂ ਕੀਤੇ ਕਤਲ ਹੀ ਕਹੇ ਜਾ ਸਕਦੇ ਹਨ।

ਪਰ ਅਫਸੋਸ, ਸੋਸ਼ਲ ਮੀਡੀਆ 'ਤੇ ਬੈਠੇ ਵਿਦਵਾਨਾਂ ਨੇ ਸਿਸਟਮ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ। ਉਹਨਾਂ ਸੋਸ਼ਲ ਮੀਡੀਆ ਉੱਤੇ ਕੁੜੀਆਂ ਦੀਆਂ ਤਸਵੀਰਾਂ ਪਾ-ਪਾ ਕੇ ਲਾਹਣਤਾਂ ਪਾਈਆਂ ਅਤੇ ਕੈਨੇਡਾ ਤੋਂ ਵਾਪਸ ਮੋੜਨ ਦਾ ਰੌਲਾ ਪਾਉਣ ਲੱਗੇ। ਕੀ ਕੁਝ ਲੜਕੀਆਂ ਦੇ ਵਾਪਸ ਆਉਣ ਨਾਲ ਸਾਰੇ ਮਸਲੇ ਹੱਲ ਹੋ ਜਾਣਗੇ? ਕੀ ਫਿਰ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਨੀਆਂ ਬੰਦ ਹੋ ਜਾਣਗੀਆਂ? ਨਹੀਂ, ਅਜਿਹਾ ਵਾਪਰਦਾ ਰਹੇਗਾ ਜਦੋਂ ਤੱਕ ਅਸੀਂ ਜਾਗਰੂਕ ਨਹੀਂ ਹੁੰਦੇ। ਹੈਰਾਨੀਜਨਕ ਹੈ ਕਿ ਕਈਆਂ ਨੇ ਮੁੰਡਿਆਂ ਨੂੰ ਅਤੇ ਕਈਆਂ ਨੇ ਮਾਪਿਆਂ ਨੂੰ ਦੋਸ਼ੀ ਠਹਿਰਾਇਆ। ਮਤਲਬ ਉਨਾਂ ਵੱਲੋਂ ਬੱਚਿਆਂ ਅਤੇ ਮਾਪਿਆਂ ਨੂੰ ਹੀ ਦੋਸ਼ੀ ਬਣਾ ਕੇ ਪੇਸ਼ ਕੀਤਾ ਜਾ ਰਿਹਾ। ਪਰ ਕੀ ਅਸਲ ਵਿੱਚ ਮੁੱਖ ਦੋਸ਼ੀ ਸਾਡਾ ਸਿਸਟਮ ਨਹੀਂ ਹੈ ਜੋ ਨੌਜਵਾਨ ਪੀੜੀ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕਰ ਰਿਹਾ ਹੈ। ਜਦਕਿ ਚੋਣਾਂ ਵਿੱਚ ਮੁੱਖ ਭੂਮਿਕਾ ਨੌਜਵਾਨ ਪੀੜੀ ਦੀ ਹੀ ਹੁੰਦੀ ਹੈ ਕਿਉਂਕਿ ਨੌਜਵਾਨ ਵੋਟਰਾਂ ਦੀ ਗਿਣਤੀ ਸਭ ਤੋਂ ਵੱਧ ਹੈ। ਸੱਤਾ ਪ੍ਰਾਪਤ ਕਰਨ ਲਈ ਰਾਜਨੀਤਕ ਪਾਰਟੀਆਂ ਵੱਲੋਂ ਨੌਜਵਾਨਾਂ ਨੂੰ ਲੁਭਾਉਣ ਲਈ ਜ਼ਰੂਰ ਘਰ ਘਰ ਨੌਕਰੀ ਦੇਣ ਦੀ ਗੱਲ ਕੀਤੀ ਜਾਂਦੀ ਹੈ ਪਰ ਸੱਤਾ ਵਿੱਚ ਆਉਂਦਿਆਂ ਹੀ ਸਭ ਕੁਝ ਭੁੱਲ ਭੁਲਾ ਦਿੱਤਾ ਜਾਂਦਾ ਹੈ। ਇਹ ਸਿਸਟਮ ਸਾਡੇ ਨੌਜਵਾਨਾਂ ਨੂੰ ਨਸ਼ਈ, ਅੱਤਵਾਦੀ ਜਾਂ ਗੈਂਗਸਟਰ ਤਾਂ ਬਣਾ ਸਕਦਾ ਹੈ ਪਰ ਇੱਜ਼ਤ ਮਾਣ ਨਾਲ ਜੀਣ ਦਾ ਹੱਕ ਨਹੀਂ ਦਿੰਦਾ।

ਇਸ ਲਈ ਸਿਸਟਮ ਨੂੰ ਬਦਲਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਪਤਾ ਨਹੀਂ ਕਿੰਨੇ ਲਵਪ੍ਰੀਤ ਖੁਦਕੁਸ਼ੀ ਕਰ ਜਾਣ। ਪਤਾ ਨਹੀਂ ਕਿੰਨੀਆਂ ਲੜਕੀਆਂ ਅਤੇ ਮਾਪੇ ਜ਼ਲੀਲ ਹੋਣ। ਲੋੜ ਹੈ ਆਪਣੇ ਸ਼ਾਨਾਮੱਤੇ ਇਤਿਹਾਸ ਉੱਤੇ ਝਾਤੀ ਮਾਰਨ ਦੀ ਜੋ ਸਾਨੂੰ ਆਪਣੇ ਹੱਕਾਂ ਲਈ ਲੜਨ ਦੀ ਤਾਕਤ ਦਿੰਦਾ ਹੈ। ਯਾਦ ਕਰੋ ਉਹ ਵੀ ਨੌਜਵਾਨ ਸਨ, ਜਿਨਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨਾਂ ਤੋਂ ਪ੍ਰੇਰਨਾ ਲੈਂਦਿਆਂ ਆਪਣੇ ਭਵਿੱਖ, ਨੌਜਵਾਨ ਪੀੜੀ ਨੂੰ ਇਸ ਮਾਨਸਿਕ ਸੰਤਾਪ ਵਿੱਚੋਂ ਬਾਹਰ ਕੱਢਣ ਲਈ ਆਪ ਯਤਨ ਕਰੀਏ। ਹੁਣ ਸਮਾਂ ਹੈ ਕਿ ਆਪਾਂ ਮੁਫ਼ਤ ਸਹੂਲਤਾਂ ਦੇਣ ਦੀ ਗੱਲ ਕਰਨ ਵਾਲੀਆਂ ਧਿਰਾਂ ਅੱਗੇ ਸਵਾਲ ਚੁੱਕੀਏ ਕਿ ਸਾਨੂੰ ਮੁਫ਼ਤ ਸਹੂਲਤਾਂ ਦੇਣ ਦੀ ਬਜਾਏ, ਇੱਜ਼ਤ ਮਾਣ ਨਾਲ ਜੀਣ ਦੇ ਕਾਬਲ ਬਣਾਓ। ਸਾਡੇ ਬੱਚਿਆਂ ਨੂੰ ਯੋਗਤਾ ਮੁਤਾਬਿਕ ਕੰਮ ਅਤੇ ਕੰਮ ਮੁਤਾਬਕ ਤਨਖਾਹ ਦੇਣ ਦਾ ਕਾਨੂੰਨੀ ਹੱਕ ਦਿਓ ਤਾਂ ਕਿ ਸਾਨੂੰ ਜਿਗਰ ਦੇ ਟੁਕੜੇ ਕਿਸੇ ਸੌਦੇਬਾਜ਼ੀ ਤਹਿਤ ਵਿਦੇਸ਼ਾਂ ਵੱਲ ਤੋਰਨ ਲਈ ਮਜਬੂਰ ਨਾ ਹੋਣਾ ਪਵੇ।

# ਨਸ਼ੇ, ਹਥਿਆਰ, ਗੀਤ ਅਤੇ ਉਸਾਰੂ ਸਾਹਿਤ

**ਕਾਰਤਿਕਾ ਸਿੰਘ**

ਲੋਕ ਵਿਰੋਧੀ ਨੀਤੀਆਂ ਦੇ ਚੱਲਦਿਆਂ ਸਾਹਿਤ ਅਤੇ ਗੀਤਾਂ ਦੇ ਜ਼ਰੀਏ ਕਦੇ ਹਥਿਆਰਾਂ, ਕਦੇ ਨਸ਼ਿਆਂ ਅਤੇ ਕਦੇ ਅਸ਼ਲੀਲਤਾ ਵਾਲੀਆਂ ਭਾਵਨਾਵਾਂ ਉਭਾਰ ਕੇ ਸਮਾਜ ਨੂੰ ਪੂਰੀ ਤਰਾਂ ਕਰੂਪ ਕਰ ਦਿੱਤਾ ਗਿਆ ਸੀ। ਜਿਹੜੇ ਚੰਗੇ ਭਲੇ ਉੱਚੇ ਸੁਹਜ ਸੁਆਦ ਵਾਲੇ ਗੀਤ ਸਨ ਉਨਾਂ ਨੂੰ ਪਿੱਛੇ ਪਾਉਣ ਅਤੇ ਭੁਲਾਉਣ ਵਾਲੀ ਇੱਕ ਹਨੇਰੀ ਜਿਹੀ ਹੀ ਚਲਾਈ ਗਈ। ਸ਼ਾਇਦ ਇਹ ਬਹੁਤ ਵੱਡੀ ਸਾਜ਼ਿਸ਼ ਹੀ ਸੀ। ਇਸ ਹਨੇਰੀ ਦੌਰਾਨ ਅਜਿਹੇ ਗੀਤ ਬੜੇ ਚੱਲੇ ਕਿ ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ, ਫਿਰ ਇੱਕ ਹੋਰ ਗੀਤ ਆਇਆ- ਨਸ਼ੇ ਦੀਏ ਬੰਦ ਬੋਤਲੇ!

ਇਨਾਂ ਗੀਤਾਂ ਨੂੰ ਨਾ ਤਾਂ ਲਿਖਣ ਲੱਗਿਆਂ ਲਿਖਣ ਵਾਲਿਆਂ ਨੂੰ ਸ਼ਰਮ ਆਈ ਤੇ ਨਾ ਹੀ ਗਾਉਣ ਵਾਲਿਆਂ ਨੂੰ। ਅਜਿਹੇ ਗੀਤਾਂ ਨੇ ਪੰਜਾਬੀ ਦੇ ਬੇਹੱਦ ਸਿਹਤਮੰਦ ਗੀਤ ਵੀ ਭੁਲਾ ਦਿੱਤੇ ਅਤੇ ਸੱਭਿਆਚਾਰ ਨੂੰ ਪ੍ਰਦੂਸ਼ਿਤ ਵੀ ਕਰ ਦਿੱਤਾ। ਲੋਕਾਂ ਦੀ ਸੋਚ ਅਤੇ ਲੋਕਾਂ ਦੇ ਜਜ਼ਬਾਤ ਇਨਾਂ ਗੀਤਾਂ ਵਾਂਗ ਪਲੀਤ ਹੋਣ ਲੱਗ ਪਏ। ਥਾਂ ਥਾਂ ਅਜਿਹੀਆਂ ਘਟਨਾਵਾਂ ਵਾਪਰਨ ਲੱਗੀਆਂ ਜਿਹੜੀਆਂ ਸ਼ਰਮਨਾਕ ਸਨ। ਇਸਦਾ ਨਤੀਜਾ ਵੀ ਸਭਨਾਂ ਦੇ ਸਾਹਮਣੇ ਆਇਆ। ਹਥਿਆਰ ਆਮ ਹੋ ਗਏ। ਗੋਲੀਆਂ ਚੱਲਣ ਦੀਆਂ ਘਟਨਾਵਾਂ ਆਮ ਵਾਪਰਨ ਲੱਗੀਆਂ। ਹਥਿਆਰਾਂ ਨਾਲ ਤਸਵੀਰਾਂ ਖਿਚਵਾਉਣ ਦਾ ਫੈਸ਼ਨ ਆਮ ਬਣ ਗਿਆ। ਹਥਿਆਰਾਂ ਨੂੰ ਡਿਗਰੀਆਂ ਵਾਂਗ ਗਲੇ ਵਿੱਚ ਪਾ ਕੇ ਫੋਟੋ ਖਿਚਵਾਈ ਜਾਂਦੀ ਤੇ ਫਿਰ ਸੋਸ਼ਲ ਮੀਡੀਆ 'ਤੇ ਪੋਸਟ ਵੀ ਕੀਤੀ ਜਾਂਦੀ। ਬੱਸ ਅਜਿਹੇ ਰਿਵਾਜ ਹੀ ਚੱਲ ਪਏ। ਇਸਦੇ ਨਾਲ ਹੀ ਇਸ ਕਿਸਮ ਦੇ ਫੇਸਬੁੱਕ ਪੇਜ ਵੀ ਬਣ ਗਏ। ਵਿਆਹਾਂ ਸ਼ਾਦੀਆਂ ਤੇ ਸ਼ੌਕੀਆ ਚੱਲਦੀਆਂ ਗੋਲੀਆਂ ਨਾਲ ਮੌਤਾਂ ਵੀ ਹੋਣ ਲੱਗ ਪਈਆਂ। ਹਥਿਆਰਾਂ ਨੂੰ ਆਮ ਕਰਨ ਮਗਰੋਂ ਸਮਾਜ ਅਤੇ ਸਰਕਾਰ ਨੂੰ ਚੇਤੇ ਆਇਆ ਬਈ ਇਹ ਤਾਂ ਕੁਝ ਜ਼ਿਆਦਾ ਹੀ ਗੜਬੜੀ ਹੋ ਗਈ।

ਇਸਦੇ ਨਾਲ ਹੀ ਨਸ਼ਿਆਂ ਦੇ ਕਾਰੋਬਾਰ ਸਿਖਰਾਂ 'ਤੇ ਜਾ ਪੁੱਜੇ। ਗੱਲ ਦਾਰੂ ਦੀਆਂ ਬੋਤਲਾਂ ਤੋਂ ਅੱਗੇ ਜਾ ਕੇ ਨਾਗਣੀ ਨੂੰ ਵੀ ਪਿੱਛੇ ਛੱਡ ਗਈ। ਅਫੀਮ ਤੋਂ ਬਾਅਦ ਚਿੱਟੇ ਤਕ ਜਾ ਪਹੁੰਚੀ ਜਿਸਨੇ ਅਣਗਿਣਤ ਘਰਾਂ ਦੇ ਚਿਰਾਗ ਬੁਝਾ ਦਿੱਤੇ। ਸ਼ੁਕਰ ਹੈ ਕਿ ਸਾਡੇ ਸਮਾਜ ਦੇ ਰਾਖਿਆਂ ਨੂੰ ਹੁਣ ਸੋਝੀ ਆਈ ਹੈ। ਹੁਣ ਉਹ ਗੜਬੜੀ ਸੁਧਾਰੀ ਜਾ ਰਹੀ ਹੈ। ਪੰਜਾਬੀ ਸੱਭਿਆਚਾਰ ਨੂੰ ਹੁਣ ਕਿਤਾਬਾਂ ਤੋਂ ਰਾਹਤ ਮਿਲਣ ਦੀ ਆਸ ਬੱਝੀ ਹੈ। ਕਿਤਾਬਾਂ ਤੋਂ ਹੀ ਉਮੀਦ ਨਜ਼ਰ ਆਈ ਹੈ। ਸ਼ਬਦ ਗੁਰੂ ਦਾ ਚਮਤਕਾਰ ਮਹਿਸੂਸ ਹੋਇਆ ਹੈ। ਇਹ ਗੱਲ ਕਿਸੇ ਕ੍ਰਿਸ਼ਮੇ ਤੋਂ ਘੱਟ ਵੀ ਨਹੀਂ ਕਿ ਹੁਣ ਵੱਖ ਵੱਖ ਥਾਈਂ ਕਿਤਾਬਾਂ ਦੇ ਲੰਗਰ ਲਗਾਏ ਜਾ ਰਹੇ ਹਨ। ਸਮਾਜ ਨੂੰ



ਪ੍ਰਦੂਸ਼ਿਤ ਕਰਨ ਵਾਲੀਆਂ ਖਤਰਨਾਕ ਸਾਜ਼ਿਸ਼ਾਂ ਮਗਰੋਂ ਹੁਣ ਅਸਲੀ ਸਵੱਛਤਾ ਦੀ ਮੁਹਿੰਮ ਚੱਲਣ ਲੱਗੀ ਹੈ। ਮਨਾਂ ਦੀ ਸਵੱਛਤਾ। ਵਿਚਾਰਾਂ ਦੀ ਸਵੱਛਤਾ। ਖੈਰ, ਜਬ ਜਾਗੇ ਤਭੀ ਸਵੇਰਾ' ਇਸ ਨੂੰ ਜੀ ਆਇਆਂ ਕਹਿਣਾ ਬਣਦਾ ਹੈ। ਹੁਣ ਕਿਤਾਬਾਂ ਵਾਲੀ ਗੱਲ ਨਾਲ ਸਾਡਾ ਸਮਾਜ ਵੀ ਸੁੱਖ ਦਾ ਸਾਹ ਲਵੇਗਾ। ਇਸਦੇ ਦੂਰ ਰਸ ਸਿੱਟੇ ਵੀ ਚੰਗੇ ਹੀ ਨਿਕਲਣਗੇ। ਵਾਰ ਵਾਰ, ਥਾਂ ਥਾਂ ਇਹੀ ਸੁਨੇਹਾ ਗੂੰਜ ਰਿਹਾ ਹੈ:

**ਜੇ ਪੂਰਾ ਕਰਨਾ ਖੁਆਬਾਂ ਨੂੰ,**
**ਤਾਂ ਰੱਖਿਓ ਨਾਲ਼ ਕਿਤਾਬਾਂ ਨੂੰ।**

ਚੰਗਾ ਹੋਵੇ ਜੇਕਰ ਇਹ ਮੁਹਿੰਮ ਸਿਰਫ ਸਰਕਾਰੀ ਰਸਮਾਂ ਅਤੇ ਖਾਨਾਪੂਰੀਆਂ ਤੱਕ ਹੀ ਸੀਮਿਤ ਨਾ ਰਹੇ। ਸਾਹਿਤਿਕ ਕਿਤਾਬਾਂ ਨੂੰ ਪ੍ਰਕਾਸ਼ਤ ਕਰਾਉਣ ਲਈ ਵੀ ਸਰਕਾਰਾਂ ਸਬਸਿਡੀਆਂ ਦੇਣ। ਇਸ ਮਕਸਦ ਲਈ ਵੀ ਸਮਾਜ ਅੱਗੇ ਆਏ। ਕਿਤਾਬਾਂ ਨੂੰ ਸਿਰਫ ਲਾਗਤ ਮੁੱਲ ਤੇ ਪਾਠਕਾਂ ਤਕ ਪਹੁੰਚਾਇਆ ਜਾਵੇ। ਸਾਹਿਤਿਕ ਕਿਤਾਬਾਂ ਨੂੰ ਰਿਲੀਜ਼ ਕਰਨ ਕਰਾਉਣ ਦੇ ਸਮਾਗਮ ਸਸਤੇ ਬਣਾਏ ਜਾਣ। ਆਰਥਿਕ ਪੱਖੋਂ ਕਮਜ਼ੋਰ ਲੇਖਕਾਂ ਦੀਆਂ ਕਿਤਾਬਾਂ ਨੂੰ ਲੱਭ ਲੱਭ ਕੇ ਛਾਪਿਆ ਜਾਵੇ। ਇੱਕ ਪੁਸਤਕ ਸੱਭਿਆਚਾਰ ਵਾਲਾ ਮਾਹੌਲ ਸਿਰਜਿਆ ਜਾਵੇ। ਅਜਿਹਾ ਕੁਝ ਹੋ ਸਕੇ ਤਾਂ ਇਸ ਮੁਹਿੰਮ ਦਾ ਫਾਇਦਾ ਹੋਰ ਵੀ ਜ਼ਿਆਦਾ ਹੋ ਸਕੇਗਾ। ਤਰਕ ਅਧਾਰਿਤ ਵਿਗਿਆਨਕ ਸਾਹਿਤ ਨੂੰ ਵਧੇਰੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

# ਧਰਮ ਪਰਿਵਰਤਨ ਬਨਾਮ ਧਰਮ ਪ੍ਰਵੇਸ਼

## (ਕਸ਼ਮੀਰ ਦੀਆਂ ਹਾਲੀਆ ਘਟਨਾਵਾਂ ਦੀ ਰੌਸ਼ਨੀ ਵਿੱਚ)

**ਬਾਬਾ ਛੀਤਾ ਸਿੰਘ**

ਭਾਈ ਜੋਧ ਸਿੰਘ ਨੂੰ ਕੁਝ ਸਿੱਖਾਂ ਨੇ ਇੱਕ ਸਵਾਲ ਪਾਇਆ ਕਿ ਬੱਚੇ ਨੂੰ ਸਿੱਖੀ ਦੀ ਸਿੱਖਿਆ ਕਿਸ ਉਮਰ ਵਿੱਚ ਦੇਣੀ ਅਰੰਭ ਕਰਨੀ ਚਾਹੀਦੀ ਹੈ? ਭਾਈ ਸਾਹਿਬ ਨੇ ਉੱਤਰ ਦਿੱਤਾ, "ਬੱਚੇ ਦੇ ਜਨਮ ਤੋਂ 20-25 ਸਾਲ ਪਹਿਲਾਂ" ਭਾਵ ਬੱਚੀ ਨੂੰ ਜਨਮ ਵੇਲੇ ਤੋਂ ਹੀ ਜੇ ਸਿੱਖੀ ਨਾਲ ਜੋੜਿਆ ਜਾਵੇ ਤਾਂ 20-25 ਸਾਲ ਮਗਰੋਂ ਜਦੋਂ ਉਹ ਮਾਂ ਬਣੇਗੀ ਤਾਂ ਹੀ ਅਗਲੀ ਪੀੜ੍ਹੀ ਸਿੱਖੀ ਨਾਲ ਜੁੜੀ ਰਹਿ ਸਕੇਗੀ

ਅਸਲ ਵਿੱਚ ਸਿੱਖ ਧਰਮ ਸੰਸਾਰ ਨਾਲ਼ੋਂ, ਸੰਸਾਰ ਦੇ ਬਾਕੀ ਧਰਮਾਂ ਨਾਲ਼ੋਂ ਹਜ਼ਾਰਾਂ ਨਹੀਂ ਬਲਕਿ ਲੱਖਾਂ ਵਰ੍ਹੇ ਅੱਗੇ ਹੈ। ਇਸ ਦਾ ਭਾਵ ਇਹ ਵੀ ਨਹੀਂ ਕਿ ਲੱਖਾਂ ਵਰ੍ਹੇ ਜਾਂ ਭਵਿੱਖ ਵਿੱਚ ਕਦੇ ਵੀ ਬਾਕੀ ਧਰਮ ਸਿੱਖ ਧਰਮ ਦੇ ਮੌਜੂਦਾ ਫ਼ਲਸਫ਼ੇ ਬਰਾਬਰ ਪਹੁੰਚ ਵੀ ਸਕਣਗੇ ਜਾਂ ਨਹੀਂ।

ਲੇਖ ਦਾ ਮੰਤਵ ਬਾਕੀ ਧਰਮਾਂ ਨੂੰ ਨੀਵਾਂ ਵਿਖਾਉਣਾ ਹਰਗਿਜ਼ ਨਹੀਂ ਪਰ ਅਕਸਰ ਅਸੀਂ ਖ਼ੁਦ ਹੀ ਸਿੱਖ ਧਰਮ ਨੂੰ ਹੋਰਨਾਂ ਮਜ਼੍ਹਬਾਂ ਨਾਲ ਤੋਲ ਕੇ ਵੇਖਣ ਲੱਗ ਜਾਂਦੇ ਹਾਂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ ਹੋਰ ਧਾਰਮਿਕ ਪਵਿੱਤਰ ਪੁਸਤਕਾਂ ਨਾਲ ਅਕਸਰ ਹੀ ਲੈ ਲਿਆ ਜਾਂਦਾ ਹੈ ਜਦਕਿ ਬਾਕੀ ਧਾਰਮਿਕ ਪੁਸਤਕਾਂ ਦਾ ਪੱਧਰ ਸਾਡੀਆਂ "ਜਨਮ ਸਾਖੀਆਂ" ਦੇ ਨੇੜੇ ਤੇੜੇ ਤੱਕ ਹੀ ਪਹੁੰਚਦਾ ਹੈ।

ਸਿੱਖ ਧਰਮ ਦੇ ਅਤਿ ਅਗਾਂਹਵਧੂ ਹੋਣ ਕਰਕੇ, ਤੇ ਦੂਜਾ ਸਾਡੀ ਬੁੱਧੀ ਅਜੇ ਮੌਜੂਦਾ ਦੌਰ ਦੀ ਘੁੰਮਣ-ਘੇਰੀ ਵਿੱਚ ਹੀ ਫਸੀ ਹੋਣ ਕਰਕੇ ਅਸੀਂ ਸਿੱਖ ਫ਼ਲਸਫ਼ੇ ਦੀ ਕੀਮਤ ਨਹੀਂ ਜਾਣ ਸਕੇ।

ਸਾਡੀਆਂ ਪੁਰਾਤਨ ਲਿਖਤਾਂ ਵਿੱਚ ਜਦ ਵੀ ਗੁਰੂ ਸਾਹਿਬ ਅਤੇ ਅਕਾਲ ਪੁਰਖ ਦੀ ਆਪਸੀ ਮੁਲਾਕਾਤ ਨੂੰ ਸ਼ਬਦਾਂ ਰਾਹੀਂ ਵਰਣਨ ਕੀਤਾ ਗਿਆ ਹੈ ਤਾਂ ਅਕਾਲ ਪੁਰਖ ਵੱਲੋਂ ਗੁਰੂ ਸਾਹਿਬ ਨੂੰ ਆਖਿਆ ਗਿਆ ਕਿ ਪਹਿਲੇ ਪੈਗ਼ੰਬਰਾਂ-ਅਵਤਾਰਾਂ ਨੇ ਲੋਕਾਈ ਨੂੰ "ਇੱਕ ਓਅੰਕਾਰ" ਨਾਲ ਜੋੜਨ ਦੀ ਥਾਂ ਆਪਣੇ ਨਾਲ ਹੀ ਜੋੜਿਆ ਹੈ ਤੇ ਗੁਰੂ ਸਾਹਿਬ ਨੂੰ ਵਾਹਿਗੁਰੂ ਵੱਲੋਂ ਦੁਨੀਆਂ ਨੂੰ ਸਿੱਧਾ ਅਕਾਲ ਪੁਰਖ ਅਤੇ ਉਸ ਦੇ ਨਾਮ ਨਾਲ ਜੋੜਨ ਲਈ ਆਖਿਆ ਗਿਆ

ਦੂਜੇ ਧਰਮਾਂ ਦਾ ਪ੍ਰਚਾਰ ਸ਼ੁਰੂ ਹੀ ਇਸ ਤਰ੍ਹਾਂ ਹੋਇਆ ਕਿ ਇੱਕ ਵੱਡੇ ਸ਼ਾਸਕ ਨੇ ਕਿਸੇ ਰਹਿਬਰ ਦੇ ਧਰਮ ਨੂੰ ਅਪਣਾਇਆ ਤੇ ਮੁੜ ਪਰਜਾ ਨੂੰ ਜਾਇਜ਼-ਨਾਜਾਇਜ਼ ਹਰ ਢੰਗ ਨਾਲ ਉਸ ਧਰਮ ਦੇ ਅਨੁਯਾਈ ਬਣਾ ਦਿੱਤਾ ਕੋਈ ਵੀ ਧਰਮ ਇਸ ਤੋਂ ਬਿਨਾਂ ਨਹੀਂ ਫੈਲਿਆ।

ਪਰ ਗੁਰੂ ਨਾਨਕ ਦੇਵ ਜੀ ਦੇ ਪੈਰਾਂ ਵਿੱਚ ਇਰਾਨ ਦਾ ਬਾਦਸ਼ਾਹ ਵੀ ਬੈਠਾ ਤੇ ਮੁਗਲ ਸਾਮਰਾਜ ਦਾ ਬਾਨੀ ਬਾਬਰ ਵੀ ਪਹਿਲੇ ਪੈਗ਼ੰਬਰਾਂ ਵਾਂਗੂ ਗੁਰੂ ਸਾਹਿਬ ਇੱਕੋ ਜਾਮੇ ਵਿੱਚ ਅਜਿਹੇ ਇੱਕ ਦੋ ਬਾਦਸ਼ਾਹਾਂ ਨੂੰ ਆਪਣੀ ਸਿੱਖੀ ਬਖਸ਼ਕੇ ਸਿੱਖ ਧਰਮ ਦੇ ਅਨੁਯਾਈਆਂ ਦੀ ਗਿਣਤੀ ਬਾਕੀ ਧਰਮਾਂ ਵਾਂਗ ਵਧਾ ਸਕਦੇ ਸਨ ਪਰ ਗੁਰੂ ਸਾਹਿਬ ਗਿਣਤੀ (ਤੁਓਨਟਿਡੇ) ਨਹੀਂ ਗੁਣਤੀ (ਤੁਓਲਿਟੇ) ਸਿਰਜਨਾ ਚਾਹੁੰਦੇ ਸਨ ਉਹਨਾਂ ਦਾ ਨਿਸ਼ਾਨਾ ਅਕਾਲ ਪੁਰਖ ਦੀ ਫੌਜ ਖਾਲਸੇ ਦੀ ਸਥਾਪਨਾ ਕਰਨਾ ਸੀ, ਜਿਸ ਵਿੱਚ ਲੋਕ ਕਿਸੇ ਡਰ ਜਾਂ ਲਾਲਚ ਹੇਠ "ਭਰਤੀ" ਨਾ ਹੋਣ ਬਲਕਿ "ਪ੍ਰੇਮ ਖੇਲਣ ਕਾ ਚਾਉ" ਵਿੱਚ ਰੰਗੇ ਹੋਏ "ਸਿਰੁ ਧਰਿ ਤਲੀ" "ਇਤੁ ਮਾਰਗਿ" "ਪੈਰੁ ਧਰੀਜੈ", ਫਿਰ "ਸਿਰੁ ਦੀਜੈ" ਪਰ "ਕਾਣਿ ਨ ਕੀਜੈ" ਵਾਲੀ ਖੇਡ ਖੇਡਦੇ ਹੋਏ ਸਿੱਖੀ ਕੇਸਾਂ ਸੁਆਸਾਂ ਤੱਕ ਨਿਭਾਅ ਜਾਣ।

ਇਹੀ ਕਾਰਣ ਹੈ ਕਿ ਬਾਕੀ ਧਰਮਾਂ ਵਾਂਗ ਸਿੱਖ ਧਰਮ ਵਿੱਚ ਪ੍ਰਵੇਸ਼ ਕਰਨ ਦੀ ਕੋਈ ਕਰਮ ਕਾਂਡੀ ਰਸਮ ਹੋਂਦ ਵਿੱਚ ਆ ਹੀ ਨਹੀਂ ਸਕੀ ਜਦਕਿ ਦੂਜੇ ਧਰਮਾਂ ਵਿੱਚ ਬੱਚੇ ਦੇ ਪੈਦਾ ਹੋਣ ਜਾਂ ਉਸਦੀ ਸੁਰਤ ਸੰਭਲ਼ਣ ਤੋਂ ਪਹਿਲਾਂ ਪਹਿਲਾਂ ਹੀ ਉਸ ਦਾ ਮਾਪਿਆਂ ਦੇ ਧਰਮ ਵਿੱਚ ਪ੍ਰਵੇਸ਼ ਕਰਵਾ ਦਿੱਤਾ ਜਾਂਦਾ ਹੈ, ਸੁੰਨਤ (ਮੁਸਲਿਮ) ਤੋਂ ਲੈ ਕੇ ਜਨੇਊ (ਹਿੰਦੂ) ਤੱਕ ਅਤੇ ਮੋਹੇਲ (ਯਹੂਦੀ) ਤੋਂ ਲੈ ਕੇ ਬਪਤਿਸਾ (ਈਸਾਈ) ਤੱਕ ਇਹੀ ਕੁਝ ਦੁਹਰਾਇਆ ਜਾਂਦਾ ਹੈ ਸੁਰਤ ਸੰਭਲ਼ਣ ਤੋਂ ਪਹਿਲਾਂ ਹੀ ਬੱਚੇ ਤੇ ਧਰਮ ਠੋਸ ਦਿੱਤਾ ਜਾਂਦਾ ਹੈ।

ਸਿੱਖ ਫ਼ਲਸਫ਼ਾ ਕਿਸੇ ਉੱਪਰ, ਕਿਸੇ ਵੀ ਉਮਰ ਵਿੱਚ ਉਸ ਦੀ ਮਰਜ਼ੀ ਤੋਂ ਬਗੈਰ ਨਹੀਂ ਠੋਸਿਆ ਜਾਂਦਾ ਆਪਣੇ ਢਿੱਡੋਂ ਜਣਿਆ ਸਿਰ ਵੀ ਨਹੀਂ ਇਸੇ ਲਈ ਉੱਪਰ ਜ਼ਿਕਰ ਕੀਤਾ ਕਿ ਸਿੱਖ ਧਰਮ ਲੱਖਾਂ ਵਰ੍ਹੇ ਅਗਾਂਹ ਹੈ, ਅਜਿਹਾ ਕਹਿਣਾ ਵੀ ਗਲਤ ਹੈ ਕਿਉਂਕਿ ਲੱਖਾਂ ਵਰ੍ਹੇ ਬਾਅਦ ਵੀ ਦੂਜੇ ਧਰਮ ਸਿੱਖੀ ਵਰਗੀ ਅਗਾਂਹ-ਵਧੂ ਸੋਚ ਅਪਨਾਅ ਸਕਣਗੇ, ਇਸ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ। ਅੰਮ੍ਰਿਤ ਅਭਿਲਾਸ਼ੀਆਂ ਨੂੰ ਪੁੱਛਣ ਵਾਂਗ ਸ਼ਾਇਦ ਹੀ ਕੋਈ ਹੋਰ ਧਰਮ ਇਹ ਪੁੱਛਣ ਦੀ ਹਿੰਮਤ ਕਰੇਗਾ ਕਿ ਜੇ ਕਿਸੇ ਡਰ ਜਾਂ ਲਾਲਚ ਕਾਰਣ ਅੰਮ੍ਰਿਤ ਛਕਣ ਆਇਆ ਹੈਂ ਤਾਂ ਤੂੰ ਇਸ "ਗਲੀ ਮੇਰੀ" ਵਿੱਚ ਦਾਖਲ ਹੋਣ ਦੀ ਥਾਂ ਵਾਪਸ ਮੁੜ ਜਾ!

ਸਿੱਖ ਇਤਿਹਾਸ ਵਿੱਚ ਦੋ ਕੁ ਵਾਰੀ ਅੰਮ੍ਰਿਤ ਛਕਣ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਸੀ ਇੱਕ ਸੀ, ਜਦੋਂ ਅਨੰਦ ਕਾਰਜ ਤੋਂ ਪਹਿਲਾਂ ਬੱਚਾ-ਬੱਚੀ ਨੂੰ ਖੰਡੇ ਦੀ ਪਾਹੁਲ ਲੈਣੀ ਜ਼ਰੂਰੀ ਸੀ ਤੇ ਦੂਜੀ ਮਿਸਾਲ ਅੰਗਰੇਜ਼ ਫੌਜ ਵਿੱਚ ਭਰਤੀ ਹੋਣ ਤੇ ਅਜਿਹਾ ਕਰਨਾ ਪੈਂਦਾ ਸੀ, ਫ਼ਰੰਗੀ ਸਿੱਖ ਨੂੰ ਧਾਰਮਿਕ ਅਕੀਦੇ ਵਿੱਚ ਪੱਕਾ ਕਰਕੇ ਹੀ ਆਪਣੇ ਲਈ ਵਰਤਣਾ ਚਾਹੁੰਦਾ ਸੀ। ਇਸ ਤੋਂ ਇਲਾਵਾ ਹੋਰ ਕਦੇ ਨਹੀਂ ਵਾਪਰਿਆ, ਮਾਸੂਮ ਬੱਚਿਆਂ ਨੂੰ ਧਰਮ ਪ੍ਰਵੇਸ਼ ਕਰਵਾਉਣਾ ਤਾਂ ਦੂਰ, ਵੱਡੇ ਬਜ਼ੁਰਗਾਂ ਨੂੰ ਵੀ ਖੁੱਲ੍ਹ ਹੈ ਕਿ ਜਦ ਤੱਕ ਉਹ ਖ਼ੁਦ ਸਿੱਖੀ ਨੂੰ ਇਸ਼ਕ ਨਹੀਂ ਕਰਨ ਲੱਗ ਜਾਂਦੇ ਉਹਨਾਂ ਨੂੰ ਖੰਡੇ ਦੀ ਪਾਹੁਲ ਲੈਣ ਲਈ ਹੱਥ ਜੋੜਨ ਦੀ ਕੋਈ ਲੋੜ ਨਹੀਂ।

ਪਰ ਇਸ ਅਗਾਂਹ-ਵਧੂ ਫ਼ਲਸਫ਼ੇ ਨੂੰ ਸਮਝਣ ਅਤੇ ਪ੍ਰਚਾਰਨ ਦੀ ਥਾਂ ਸਾਡੇ ਪ੍ਰਚਾਰਕਾਂ ਅਤੇ ਸਮਾਜਿਕ ਤਾਣੇ ਬਾਣੇ ਨੇ ਅੰਮ੍ਰਿਤ ਛੱਕਣ ਨੂੰ ਸੰਨਿਆਸ ਲੈਣ ਬਰਾਬਰ ਬਣਾ ਦਿੱਤਾ, ਉਸ ਦੀ ਚਰਚਾ ਅੱਗੇ ਕਰਦੇ ਹਾਂ, ਪਹਿਲਾਂ ਅੰਮ੍ਰਿਤਧਾਰੀ ਹੋਣ ਨੂੰ ਹਊਆ ਬਣਾਉਣ ਦੇ ਸਿੱਟਿਆਂ ਵੱਲ ਨਜ਼ਰ ਮਾਰ ਲਈਏ ਪਰ ਉਸ ਤੋਂ ਪਹਿਲਾਂ ਇੱਕ ਗੱਲ ਯਾਦ ਰਹੇ ਕਿ ਅੰਮ੍ਰਿਤ ਛੱਕਣਾ ਸਿੱਖੀ ਵਿੱਚ ਪ੍ਰਵੇਸ਼ ਕਰਨਾ ਹੈ, ਉਸ ਤੋਂ ਬਗੈਰ ਅਸੀਂ ਹੋਰ ਕੁਝ ਵੀ ਹੋ ਸਕਦੇ ਹਾਂ ਪਰ ਸਿੱਖ ਨਹੀਂ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਲਈ ਅੰਮ੍ਰਿਤ ਛੱਕਣਾ ਲਾਜ਼ਮੀ ਹੈ ਤਾਂ ਕੋਈ ਵੀ ਵਿਅਕਤੀ ਖੰਡੇ ਦੀ ਪਾਹੁਲ ਤੋਂ ਬਗੈਰ ਸਿੱਖ ਨਹੀਂ ਗਿਣਿਆ ਜਾ ਸਕਦਾ, ਅਜਿਹੇ ਵਿਅਕਤੀ ਵੱਲੋਂ ਕਿਸੇ ਹੋਰ ਧਰਮ ਵਿੱਚ ਪ੍ਰਵੇਸ਼ ਨੂੰ ਧਰਮ ਪਰਿਵਰਤਨ ਨਹੀਂ ਆਖਿਆ ਜਾ ਸਕਦਾ ਕਿਉਂਕਿ ਉਸ ਨੇ ਅਜੇ ਸਿੱਖ ਧਰਮ ਵਿੱਚ ਪ੍ਰਵੇਸ਼ ਹੀ ਨਹੀਂ ਕੀਤਾ ਸੀ।

ਅੰਮ੍ਰਿਤਧਾਰੀ ਦੀ ਜ਼ਿੰਦਗੀ ਆਮ ਮਨੁੱਖ ਨਾਲ਼ੋਂ ਕਿਤੇ ਸੌਖੀ ਹੁੰਦੀ ਹੈ ਪਰ ਹਊਆ ਏਡਾ ਵੱਡਾ ਬਣਾ ਦਿੱਤਾ ਗਿਆ ਹੈ ਕਿ ਜਿਵੇਂ ਉਸਨੂੰ ਬੋਧੀ ਭਿਕਸ਼ੂਆਂ, ਸਿੱਧਾਂ, ਜੋਗੀਆਂ ਵਾਂਗੂ ਸਭ ਕੁਝ ਤਿਆਗਕੇ ਜਿਊਂਣਾ ਪੈਂਦਾ ਹੈ ਸਿੱਟਾ ਕੀ ਨਿੱਕਲਿਆ ਕਿ ਕਿਸੇ ਵੀ ਸ਼ਹਿਰ/ਪਿੰਡ ਦੀ ਸਿੱਖ ਅਖਵਾਉਣ ਵਾਲੀ ਆਬਾਦੀ ਵਿੱਚੋਂ 10 ਫੀਸਦੀ ਵੀ ਅੰਮ੍ਰਿਤਧਾਰੀ ਨਹੀਂ ਮਿਲਣਗੇ ਆਮ ਸਕੂਲਾਂ ਕਾਲਜਾਂ ਵਿੱਚ ਇਹ ਗਿਣਤੀ ਫੀਸਦੀਆਂ ਵਿੱਚ ਨਹੀਂ ਇੱਕ ਹੱਥ ਦੀਆਂ ਉਂਗਲੀਆਂ ਦੇ ਪੋਟਿਆਂ ਤੇ ਗਿਣੀ ਜਾ ਸਕਦੀ ਹੈ ਹਾਂ ਕਿਸੇ ਟਾਂਵੇ-ਟੱਲੇ ਸ਼ਹਿਰ ਵਿੱਚ ਇਹ ਗਿਣਤੀ ਮਾੜੀ ਮੋਟੀ ਵੱਧ ਹੋ ਸਕਦੀ ਹੈ। ਆਮ ਜਨਤਾ ਨੂੰ ਛੱਡੋ, ਸਿੱਖ ਆਗੂਆਂ ਨੂੰ ਵੀ ਛੱਡੋ ਚੱਲੋ ਛੱਡਣ ਲੱਗੇ ਹਾਂ ਤਾਂ ਲੋਕਲ ਪੱਧਰ ਦੇ ਗੁਰਦੁਆਰਿਆਂ ਦੇ ਕਮੇਟੀ ਮੈਂਬਰਾਂ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੇ ਪ੍ਰਧਾਨਾਂ ਨੂੰ ਵੀ ਛੱਡੋ ਸਿੱਖ ਫ਼ਲਸਫ਼ੇ ਦੇ ਵਿਦਵਾਨ, ਵੈਰੀ ਨਾਲ ਵੱਖ ਵੱਖ ਖ਼ਿੱਤਿਆਂ ਵਿੱਚ ਜੂਝਣ ਦੀਆਂ ਅਹਿਮ ਭੂਮਿਕਾਵਾਂ ਨਿਭਾਉਣ ਵਾਲਿਆਂ ਵਿੱਚੋਂ ਵੀ ਕਈ ਖੰਡੇ ਦੀ ਪਾਹੁਲ ਲੈਣ ਤੋਂ ਝਿਜਕਦੇ ਆ ਰਹੇ ਨੇ ਲੰਬਾ ਸਮਾਂ ਪਹਿਲਾਂ ਸਿੱਖ ਸੰਘਰਸ਼ ਵਿੱਚ ਸਰਗਰਮ ਰਹੇ ਇੱਕ ਨੌਜਵਾਨ ਦੇ ਅਨੰਦ ਕਾਰਜ ਤੇ, ਜਦੋਂ ਉਸ ਨੂੰ ਗ੍ਰੰਥੀ ਸਾਹਿਬ ਨੇ ਲਾਵਾਂ ਦੀਆਂ ਸਿੱਖਿਆ ਦੇਣ ਵੇਲੇ ਉਸ ਦੀ ਦੇਣ ਦਾ ਜ਼ਿਕਰ ਕਰਦੇ ਹੋਏ ਉਸ ਨੂੰ ਖੰਡੇ ਦਾ ਅੰਮ੍ਰਿਤ ਪਾਨ ਕਰਨ ਲਈ ਵੀ ਪ੍ਰੇਰਿਆ ਤਾਂ ਸੰਗਤ ਵਿੱਚ ਹੈਰਾਨੀ ਵਰਤ ਗਈ ਸੀ। ਭਲਾ ਜੇ ਇਹੋ ਜਿਹੇ ਨੌਜਵਾਨ ਅਜੇ ਪਾਹੁਲ ਨਹੀਂ ਛੱਕ ਸਕੇ ਤਾਂ ਆਮ ਨੌਜਵਾਨਾਂ ਦਾ ਕੀ ਹਾਲ ਹੋਵੇਗਾ ਕਾਰਣ ਓਹੀ ਕਿ ਪਤਾ ਨਹੀਂ ਅੰਮ੍ਰਿਤ ਛੱਕ ਕੇ ਕੀ ਕਰਨਾ ਪਊ? ਕਿੰਨੀਆਂ ਪਾਬੰਦੀਆਂ ਵਾਲਾ ਜੀਵਨ ਹੋਊ?

ਦੂਜੇ ਪਾਸੇ ਸੱਤ ਅੱਠ ਦਿਨਾਂ ਦਾ ਬੱਚਾ, ਇੱਕ ਰਸਮ ਨਾਲ ਇੱਕ ਧਰਮ ਵਿੱਚ ਪ੍ਰਵੇਸ਼ ਕਰਵਾ ਲਿਆ ਜਾਂਦਾ ਹੈ ਤੇ ਉਹ ਆਪਣੀ ਤਾਅ ਜ਼ਿੰਦਗੀ ਉਸ ਧਰਮ ਮੁਤਾਬਕ ਜੀਅ ਜਾਂਦਾ ਹੈ, ਜਿਸ ਵਿੱਚ ਉਸਦਾ ਪ੍ਰਵੇਸ਼ ਵੀ ਉਸ ਦੀ ਮਰਜ਼ੀ ਤੋਂ ਬਗੈਰ ਹੀ ਕਰਵਾਇਆ ਗਿਆ ਸੀ।

ਅੰਮ੍ਰਿਤ ਦਾ "ਡਰ" ਸਾਡੇ ਸਮਾਜ ਵਿੱਚ ਇੰਨਾ ਗਹਿਰਾ ਹੈ ਕਿ ਜੇ ਗ਼ੈਰ-ਅੰਮ੍ਰਿਤਧਾਰੀ ਸਿੱਖ ਪਰਿਵਾਰ ਦਾ ਬੱਚਾ ਅੰਮ੍ਰਿਤ ਛੱਕਣ ਲਈ ਆਖ ਦੇਵੇ ਤਾਂ ਟੱਬਰ ਨੂੰ ਫਿਕਰ ਪੈ ਜਾਂਦਾ ਹੈ ਜੇ ਅਜਿਹਾ ਕਰਨ ਵਾਲੀ ਕੋਈ ਧੀ ਹੋਵੇ ਤਾਂ ਉਸ ਨੂੰ ਸਖ਼ਤੀ ਨਾਲ ਵਰਜ ਦਿੱਤਾ ਜਾਂਦਾ ਹੈ ਕਿ ਅੱਗੇ ਪਤਾ ਨਹੀਂ ਤੈਨੂੰ ਟੱਬਰ ਕਿਹੋ ਜਿਹਾ ਮਿਲਣਾ ਹੈ ਪਰ ਧੀ ਨੂੰ ਪੜ੍ਹਨ ਤੋਂ ਨਹੀਂ ਰੋਕਿਆ ਜਾਂਦਾ ਕਿ ਕੀ ਪਤਾ ਅੱਗੇ ਤੈਨੂੰ ਅਨਪੜ੍ਹਾਂ ਦਾ ਟੱਬਰ ਮਿਲ ਜਾਵੇ ਅਜਿਹੀਆਂ ਦਰਜਨਾਂ ਮਿਸਾਲਾਂ ਖ਼ੁਦ ਅੱਖੀਂ ਵੇਖੀਆਂ ਹਨ।

ਇਸ ਦਾ ਭਾਵ ਇਹ ਨਾ ਕੱਢ ਲੈਣਾ ਕਿ ਸਿੱਖ ਬੱਚੇ ਅੰਮ੍ਰਿਤ ਛੱਕਦੇ ਹੀ ਨਹੀਂ ਅਜਿਹੇ ਮਾਪਿਆਂ ਦਾ ਵੀ ਘਾਟਾ ਨਹੀਂ ਜੋ ਆਪਣੇ ਬੱਚਿਆਂ ਲਈ ਨਿੱਤ ਸਿੱਖੀ ਦਾਨ ਮੰਗਦੇ ਹਨ ਇੱਥੇ ਗੱਲ ਬਹੁਗਿਣਤੀ ਦੀ ਹੋ ਰਹੀ ਹੈ, ਉਸ ਬਹੁਗਿਣਤੀ ਦੀ ਜਿਸ ਦੇ ਵੱਡੇ ਵਡੇਰੇ ਸਭ ਅੰਮ੍ਰਿਤਧਾਰੀ ਸਨ ਜਿਨ੍ਹਾਂ ਦੀਆਂ ਮਾਂਵਾਂ-ਦਾਦੀਆਂ ਮਧਾਣੀ ਰਿੜਕਦਿਆਂ ਮੂੰਹ ਜ਼ੁਬਾਨੀ ਹੀ ਨਿੱਤਨੇਮ ਤੇ ਸੁਖਮਨੀ ਸਾਹਿਬ ਦੇ ਪਾਠ ਕਰ ਲੈਂਦੀਆਂ ਸਨ। ਹੁਣ ਇਸੇ ਬਹੁਗਿਣਤੀ ਸਿੱਖ ਆਬਾਦੀ ਨੇ ਨਿੱਤਨੇਮ ਕਰਨ ਦੀ ਨਿੱਜੀ ਜ਼ੁੰਮੇਵਾਰੀ ਨੂੰ ਵੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ ਦੇ ਸਪੁਰਦ ਕਰ ਦਿੱਤਾ ਹੈ, ਇਤਿਹਾਸਕ ਗੁਰਦੁਆਰਿਆਂ ਵਿੱਚ ਕਦੇ ਵੀ ਅੰਮ੍ਰਿਤ ਵੇਲੇ ਦਾ ਨਿੱਤਨੇਮ ਸੰਗਤੀ ਰੂਪ ਵਿੱਚ ਕਰਨ ਦੀ ਰਵਾਇਤ ਨਹੀਂ ਸੀ। ਖ਼ੈਰ!

ਬਾਕੀ ਸਫ਼ਾ 27 'ਤੇ

# ਤੇ ਭੂਤਾਂ ਵਾਲਾ ਤਾਂਤਰਿਕ ਬਾਬਾ ਗਾਇਬ

**ਨਰਿੰਦਰ ਸਿੰਘ ਢਿੱਲੋਂ**

**ਹੱਡਬੀਤੀ**

ਗੱਲ ਤੀਹ ਕੁ ਸਾਲ ਪੁਰਾਣੀ ਹੈ। ਮੈਂ ਉਦੋਂ ਅਜੇ ਨੌਜਵਾਨ ਸੀ। ਮੈਂ ਡੇਰਾ ਬਾਬਾ ਨਾਨਕ ਦੇ ਸਕੂਲ ਵਿੱਚ ਆਪਣੇ ਸਟਾਫ ਨਾਲ ਬੈਠਾ ਹੋਇਆ ਸੀ। ਸਕੂਲ ਦੇ ਕੁਝ ਕੰਮਕਾਰ ਕਰਵਾਉਣ ਲਈ ਅਸੀਂ ਪਿੰਡ ਦੇ ਸਰਪੰਚ ਅਤੇ ਦੋ ਤਿੰਨ ਹੋਰ ਸੁਲਝੇ ਹੋਏ ਬੰਦਿਆਂ ਨੂੰ ਅਤੇ ਆਪਣੇ ਸੈਂਟਰ ਮੁੱਖ ਅਧਿਆਪਕ ਨੂੰ ਸੱਦਿਆ ਹੋਇਆ ਸੀ। ਅਸੀਂ ਸਾਰੇ ਬੈਠੇ ਸਲਾਹ ਮਸ਼ਵਰਾ ਕਰ ਰਹੇ ਸਾਂ ਜਦੋਂ ਸਕੂਲ ਦੇ ਨੇੜੇ ਤੋਂ ਲੰਘਦੀ ਹੋਈ ਬਟਾਲਾ ਸੜਕ ਤੋਂ ਬੱਸ ਵਿੱਚੋਂ ਇੱਕ ਚਿੱਟ ਕੱਪੜੀਆ ਬਜ਼ੁਰਗ ਉੱਤਰਿਆ। ਉਸ ਬਜ਼ੁਰਗ ਨੂੰ ਵੇਖਦਿਆਂ ਹੀ ਸਰਪੰਚ ਨੇ ਕਿਹਾ, 'ਲਓ ਜੀ! ਬਾਬਾ ਆ ਗਿਆ ਜੇ। ਬੜਾ ਜ਼ਾਹਰਾ ਬੰਦਾ ਹੈ। ਇਸ ਕੋਲ ਕਾਲਾ ਇਲਮ ਹੈ, ਜਿਸ ਕਰਕੇ ਇਹਨੇ ਭੂਤ ਵੱਸ ਕੀਤੇ ਹੋਏ ਹਨ। ਇਹ ਕਿਸੇ ਨੂੰ ਆਪਣੇ ਅੱਗੇ ਅੜਨ ਨਹੀਂ ਦਿੰਦਾ ਅਤੇ ਕਿਸੇ ਦਾ ਲਿਹਾਜ਼ ਨਹੀਂ ਕਰਦਾ।'

ਇਹ ਗੱਲਾਂ ਸੁਣ ਕੇ ਅਸੀਂ ਸਾਰਿਆਂ ਨੇ ਕੰਨ ਖੜੇ ਕਰ ਲਏ। ਸਾਨੂੰ ਬੈਠਿਆਂ ਵੇਖ ਕੇ ਬਾਬਾ ਆਪਣੇ ਆਪ ਹੀ ਸਾਡੇ ਵੱਲ ਆ ਗਿਆ। ਅਸੀਂ ਬਾਬਾ ਜੀ ਦੀ ਆਓ ਭਗਤ ਕੀਤੀ, ਬੈਠਣ ਲਈ ਕੁਰਸੀ ਦਿੱਤੀ ਅਤੇ ਪਾਣੀ ਧਾਣੀ ਪੁੱਛਿਆ।

ਬੈਠਦਿਆਂ ਹੀ ਸਰਪੰਚ ਸਾਹਿਬ ਨੇ ਬਾਬਾ ਜੀ ਨੂੰ ਪੁੱਛਿਆ, 'ਅੱਜ ਕਿੱਥੋਂ ਆਏ ਹੋ?'

ਬਾਬੇ ਨੇ ਬੜੇ ਹੰਕਾਰ ਭਰੇ ਲਹਿਜੇ ਵਿੱਚ ਕਿਹਾ, 'ਮੈਂ ਆਪਣੀਆਂ ਫ਼ੌਜਾਂ ਭੇਜੀਆਂ ਹੋਈਆਂ ਸਨ ਕਿਸੇ ਥਾਂ 'ਤੇ। ਉੱਥੋਂ ਕਿਸੇ ਦਾ ਕੰਮ ਕਰਵਾ ਕੇ ਲੈ ਕੇ ਆਇਆ ਹਾਂ।'

ਵਿਗਿਆਨਕ ਸੋਚ ਦਾ ਧਾਰਨੀ ਹੋਣ ਕਰਕੇ ਮੈਨੂੰ ਪਤਾ ਸੀ ਕਿ ਇਸ ਬਾਬੇ ਨੇ ਐਵੇਂ ਲੋਕਾਂ ਨੂੰ ਭਰਮ-ਭੁਲੇਖਿਆਂ ਵਿੱਚ ਪਾ ਕੇ ਤੇ ਡਰਾਵੇ ਦੇ ਕੇ ਡਰਾ ਕੇ ਰੱਖਿਆ ਹੋਇਆ ਹੋਵੇਗਾ। ਸਾਡੇ ਬਹੁਤੇ ਲੋਕਾਂ ਦੀ ਮਾਨਸਿਕਤਾ ਵੀ ਅੰਧ ਵਿਸ਼ਵਾਸਾਂ ਭਰਪੂਰ ਹੈ। ਮੈਥੋਂ ਰਿਹਾ ਨਾ ਗਿਆ, ਮੈਂ ਪੁੱਛ ਲਿਆ, 'ਬਾਬਾ ਜੀ, ਤੁਸੀਂ ਤਾਂ ਇਕੱਲੇ ਹੀ ਹੋ, ਫੌਜਾਂ ਕਿਹੜੀਆਂ ਹਨ।'

ਮੇਰੇ ਪੁੱਛਣ 'ਤੇ ਉਹ ਮੈਨੂੰ ਅੱਖਾਂ ਕੱਢ ਕੇ ਪਿਆ, 'ਕਿਉਂ, ਤੈਨੂੰ ਚਾਅ ਹੈ ਫੌਜਾਂ ਵੇਖਣ ਦਾ?'

ਮੈਂ ਕਿਹਾ, 'ਹਾਂ ਜੀ, ਮੈਨੂੰ ਵਿਖਾ ਦਿਉ ਤਾਂ ਤੁਹਾਡੀ ਮਿਹਰਬਾਨੀ ਹੋਵੇਗੀ।'

ਬਾਬਾ ਕੜਕਿਆ, 'ਉਹ ਫੌਜਾਂ ਦਿਸਦੀਆਂ ਨਹੀਂ ਹੁੰਦੀਆਂ', ਅੱਛਾ, ਤੈਨੂੰ ਛੁਡਾਉਣਾ ਕਿਸੇ ਨਹੀਂਉਂ। ਤੈਨੂੰ ਜਵਾਨੀ ਲੜਦੀ ਪਈ ਆ। ਸਾਂਭ ਕੇ ਰੱਖ ਇਨੂੰ, ਤੇਰੇ ਵਰਗਿਆਂ ਦਾ ਮੁੜਕੇ ਖੁਰਾ ਖੋਜ ਵੀ ਨਹੀਂ ਲੱਭਦਾ ਹੁੰਦਾ। ਸਮਝਿਆ?' ਬਾਬਾ ਭੜਕ ਪਿਆ ਤੇ ਇੱਕੋ ਸਾਹੇ ਕਹਿ ਗਿਆ। ਇਹ ਵੇਖ ਕੇ ਪਿੰਡ ਦੇ ਦੋ ਪਤਵੰਤੇ ਮੇਰੇ ਨਾਲ ਅੱਖਾਂ ਵਿੱਚ ਅੱਖਾਂ ਪਾ ਕੇ ਮੈਨੂੰ ਚੁੱਪ ਰਹਿਣ ਲਈ ਇਸ਼ਾਰੇ ਕਰ ਰਹੇ ਸਨ। ਮੇਰੀ ਉਮਰ ਤੋਂ ਕਾਫ਼ੀ ਵੱਡੀ ਇੱਕ ਅਧਿਆਪਕਾ ਨੇ ਮੈਨੂੰ ਮੋਢੇ ਤੋਂ ਹੁਲਾਰਾ ਮਾਰ ਕੇ ਘੂਰਿਆ, 'ਨਰਿੰਦਰ ਚੁੱਪ ਨਹੀਂ ਕਰਦਾ?'

ਮੈਂ ਸਾਰਿਆਂ ਦੇ ਇਸ਼ਾਰੇ ਨਜ਼ਰਅੰਦਾਜ਼ ਕਰਕੇ ਬੜੀ ਹਲੀਮੀ ਨਾਲ ਗੱਲ ਕਰਦਾ ਰਿਹਾ। ਜਿਉਂ ਜਿਉਂ ਬਾਬਾ ਗਰਮ ਹੁੰਦਾ ਗਿਆ, ਮੈਂ ਤਿਉਂ ਤਿਉਂ ਠੰਢੇ ਮਨ ਨਾਲ ਗੱਲਾਂ ਕਰੀ ਗਿਆ। ਮੈਂ ਫਿਰ ਕਿਹਾ, 'ਬਾਬਾ ਜੀ, ਮੇਰੇ ਨਾਲ ਜੋ ਹੋਊ, ਮੈਂ ਉਸਦਾ ਜ਼ਿੰਮੇਵਾਰ ਹਾਂ। ਤੁਸੀਂ ਮੈਨੂੰ ਨਾ ਛੁਡਾਇਓ। ਪਰ ਤੁਸੀਂ ਮੈਨੂੰ ਆਪਣੀਆਂ ਫ਼ੌਜਾਂ ਜ਼ਰੂਰ ਵਿਖਾਓ।'

ਬਾਬਾ ਹੋਰ ਉੱਚੀ ਉੱਚੀ ਬੋਲਣ ਲੱਗ ਪਿਆ, 'ਤੈਨੂੰ ਅੱਤ ਦਾ ਬੁਖਾਰ ਚੜ ਜਾਣਾ ਈ। ਸਰੀਰ ਵਿੱਚ ਕਿੱਲ ਵੱਜਣੇ ਅਤੇ ਤੂੰ ਲਹੂ ਲੁਹਾਣ ਹੋ ਜਾਣਾ ਏਂ। ਤੇਰੇ ਅੰਦਰ ਨਾ ਕੋਈ ਦਵਾਈ, ਨਾ ਪਾਣੀ ਲੰਘਣਾ ਈ। ਤੂੰ ਮਰਨ ਕਿਨਾਰੇ ਪੁੱਜ ਜਾਣਾ ਏਂ ਫੇਰ ਮੈਨੂੰ ਨਾ ਵਾਜਾਂ ਮਾਰੀਂ। ਆਹ ਵੇਖ ਲਓ ਤੁਸੀਂ ਕਿੰਨੇ ਬੰਦੇ ਸੁਣਦੇ ਓ, ਮੈਂ ਬਚਾਉਣ ਨਹੀਂ ਆਉਣਾ।'

ਮੈਂ ਕਿਹਾ, 'ਬਾਬਾ ਜੀ, ਤੁਸੀਂ ਮੈਨੂੰ ਨਾ ਬਚਾਇਓ, ਪਰ ਮੈਂ ਤੁਹਾਡੀਆਂ ਫੌਜਾਂ ਜ਼ਰੂਰ ਵੇਖਣੀਆਂ ਹਨ।'



ਮੇਰੇ ਇਹ ਕਹਿਣ 'ਤੇ ਬਾਬੇ ਦਾ ਰੋਹਬ ਥੋੜਾ ਹੇਠਾਂ ਆ ਗਿਆ ਤੇ ਕਹਿਣ ਲੱਗਾ, 'ਅੱਛਾ, ਅੱਜ ਤਾਂ ਮੈਂ ਫ਼ੌਜਾਂ ਕਿਸੇ ਹੋਰ ਥਾਂ ਭੇਜਣੀਆਂ ਨੇ, ਭਲਕੇ ਤੂੰ ਸਕੂਲ ਜ਼ਰੂਰ ਆਵੀਂ, ਕਿਤੇ ਦੌੜ ਨਾ ਜਾਵੀਂ।'

ਮੈਂ ਕਿਹਾ, 'ਠੀਕ ਹੈ, ਮੈਂ ਸਵੇਰੇ ਨੌਂ ਵੱਜਣ ਤੋਂ ਪਹਿਲਾਂ ਹੀ ਸਕੂਲ ਹੋਵਾਂਗਾ। ਤੁਸੀਂ ਫ਼ੌਜਾਂ ਲੈ ਕੇ ਆ ਜਾਇਓ।'

ਇਹ ਸੁਣ ਕੇ ਬਾਬਾ ਉੱਠਿਆ ਅਤੇ ਬੜੇ ਗੁੱਸੇ ਨਾਲ ਮੇਰੇ ਵੱਲ ਨੂੰ ਵੇਖਦਾ ਹੋਇਆ ਬੁੜ ਬੁੜਾਉਂਦਾ ਤੁਰ ਪਿਆ। ਦਸ ਕੁ ਕਦਮ ਤੁਰ ਕੇ ਉਹ ਫਿਰ ਵਾਪਸ ਆ ਗਿਆ। 'ਅਜੇ ਵੀ ਸੋਚ ਲੈ ਕਾਕਾ, ਜਵਾਨੀ ਦਾ ਬਹੁਤਾ ਮਾਣ ਨਹੀਂ ਕਰੀਦਾ। ਤੇਰੀ ਮੇਰੇ ਹੱਥੋਂ ਹੀ ਮੌਤ ਜਾਪਦੀ ਆ। ਮੇਰੇ ਸਾਹਮਣੇ ਅੱਜ ਤਕ ਕੋਈ ਖੰਘਿਆ ਨਹੀਂ, ਤੂੰ ਕਿੱਥੋਂ ਜੰਮਿਆ ਮੇਰੀ ਫ਼ੌਜ ਵੇਖਣ ਵਾਲਾ? ਮੇਰੇ ਹੱਥੋਂ ਮਰ ਗਿਓਂ ਨਾ, ਤੂੰ ਕੰਜਰਾਂ ਦੀ ਜੂਨੇ ਪੈਣਾ ਅਗਾਂਹ ਜਾ ਕੇ ...।'

ਮੈਂ ਕਿਹਾ, 'ਬਾਬਾ ਜੀ, ਤੁਸੀਂ ਮੇਰੀ ਜੂਨ ਦੀ ਕੋਈ ਚਿੰਤਾ ਨਾ ਕਰੋ, ਤੁਸੀਂ ਕੱਲ ਨੂੰ ਫ਼ੌਜਾਂ ਲੈ ਕੇ ਆ ਜਾਇਓ।'

'ਵੇਖ ਲਵਾਂਗਾ, ਤੈਨੂੰ ਸਮਝ ਲੱਗ ਜਾਊ ਕਿਸੇ ਨਾਲ ਵਾਹ ਪਿਆ ਸੀ।' ਇਹ ਕਹਿੰਦਾ ਬਾਬਾ ਚਲਾ ਗਿਆ। ਉਹਦੇ ਜਾਣ ਤੋਂ ਬਾਅਦ ਮੇਰਾ ਸਟਾਫ ਤੇ ਪਿੰਡ ਦੇ ਪਤਵੰਤੇ ਘਬਰਾਏ ਹੋਏ ਕਹਿਣ ਲੱਗ ਪਏ, 'ਇਹ ਬੜਾ ਔਂਤਰਾ ਬੰਦਾ ਹੈ ਮਾਸਟਰ ਜੀ। ਇਹਨੇ ਭੂਤ ਪ੍ਰੇਤ ਆਪਣੇ ਵਸ ਕੀਤੇ ਹੋਏ ਨੇ। ਤੁਹਾਨੂੰ ਉਸ ਨਾਲ ਬਹਿਸ ਨਹੀਂ ਕਰਨੀ ਚਾਹੀਦੀ ਸੀ।'

ਮੈਂ ਕਿਹਾ, 'ਤੁਸੀਂ ਚਿੰਤਾ ਨਾ ਕਰੋ, ਕੁਝ ਨਹੀਂ ਹੋਵੇਗਾ।'

ਮੈਂ ਅਗਲੇ ਦਿਨ ਨੌਂ ਵਜੇ ਤੋਂ ਪਹਿਲਾਂ ਹੀ ਸਕੂਲ ਪਹੁੰਚ ਗਿਆ ਤੇ ਬਾਬੇ ਨੂੰ ਉਡੀਕਣ ਲੱਗਾ। ਮੇਰਾ ਸਟਾਫ ਘਬਰਾਇਆ ਹੋਇਆ ਸੀ ਕਿ ਪਤਾ ਨਹੀਂ ਅੱਜ ਕੀ ਹੋ ਜਾਣਾ ਹੈ। ਗਿਆਰਾਂ ਕੁ ਵਜੇ ਮੇਰਾ ਸੈਂਟਰ ਮੁੱਖ ਅਧਿਆਪਕ ਸਕੂਲ ਆਇਆ। ਉਹ ਦੂਰੋਂ ਹੀ ਮੁਸਕਰਾਉਂਦਾ ਆ ਰਿਹਾ ਸੀ। ਮੈਂ ਦੱਸਿਆ ਕਿ ਮੈਂ ਬਾਬੇ ਨੂੰ ਉਡੀਕ ਰਿਹਾ ਹਾਂ। ਉਹ ਹੱਸਦਾ ਹੋਇਆ ਕਹਿਣ ਲੱਗਾ, 'ਉਹ ਬਾਬਾ ਮੈਨੂੰ ਹੁਣੇ ਡੇਰਾ ਬਾਬਾ ਨਾਨਕ ਬਾਜ਼ਾਰ ਵਿੱਚ ਮਿਲਿਆ ਸੀ ਤੇ ਮੈਂ ਉਹਨੂੰ ਕਿਹਾ ਸੀ ਕਿ ਬਾਬਾ ਜੀ, ਤੁਸੀਂ ਤਾਂ ਫ਼ੌਜਾਂ ਲੈ ਕੇ ਕੱਲ ਵਾਲੇ ਸਕੂਲ ਜਾਣਾ ਸੀ? ਉਹ ਤੁਹਾਨੂੰ ਉਡੀਕਦੇ ਹੋਣਗੇ? ਤਾਂ ਬਾਬੇ ਨੇ ਨੀਵੀਂ ਜਿਹੀ ਪਾ ਕੇ ਉੱਤਰ ਦਿੱਤਾ, ਨਹੀਂ ਜਾਣਾ ਜੀ, ਉਹ ਪੜੇ ਲਿਖੇ ਬੰਦੇ ਨੇ, ਉਨਾਂ ਨਾਲ ਕੀ ਮੁਕਾਬਲਾ ਕਰਨਾ ਜੀ ਅਸੀਂ। ਇਹ ਕਹਿ ਕੇ ਬਾਬਾ ਚਲਾ ਗਿਆ ਤੇ ਮੇਰੇ ਕੋਲ ਖਲੋਤਾ ਵੀ ਨਹੀਂ।' ਤੇ ਇੰਜ ਭੂਤਾਂ ਵਾਲਾ ਬਾਬਾ ਦੌੜ ਗਿਆ।

# .ਗਰੀਬੀ ਤੇ ਕੰਗਾਲੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਭਾਰਤ

**ਨਵਤੇਜ ਸਿੰਘ**

ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਅਜ਼ਾਦੀ ਮਿਲਿਆਂ 74 ਸਾਲ ਹੋ ਚੁੱਕੇ ਹਨ ਪਰ ਲੁਕਵੇਂ ਰੂਪ ਵਿਚ ਅਬਾਦੀ ਦਾ ਵੱਡਾ ਹਿੱਸਾ .ਗਰੀਬੀ ਤੇ ਕੰਗਾਲੀ ਦੀਆਂ ਜ਼ੰਜੀਰਾਂ ਤੋਂ ਹਾਲੇ ਵੀ ਅਜ਼ਾਦੀ ਹਾਸਲ ਨਹੀਂ ਕਰ ਸਕਿਆ। ਏਨੇ ਵਕਫ਼ੇ ਵਿਚ ਤਕਨਾਲੋਜੀ ਦਾ ਪਸਾਰ ਹੋਇਆ ਹੈ, ਸੜਕਾਂ ਦੇ ਜਾਲ ਵਿਛੇ ਹਨ, ਲੋਕਾਂ ਦੇ ਮਾਣਨ ਲਈ ਬਾਜ਼ਾਰ ਹਰ ਤਰਾਂ ਦੀਆਂ ਸਹੂਲਤਾਂ ਨਾਲ ਭਰਪੂਰ ਹਨ ਪਰ ਆਰਥਿਕ ਤੌਰ 'ਤੇ ਸਮਰੱਥ ਨਾ ਹੋਣ ਕਾਰਨ ਆਮ ਲੋਕਾਂ ਕੋਲ ਖ਼ਰੀਦ ਸ਼ਕਤੀ ਨਹੀਂ ਹੈ। ਉਨਾਂ ਦਾ ਜੀਵਨ ਪੱਧਰ ਨੀਵੇਂ ਦਰਜੇ ਦਾ ਹੈ। ਸਰਕਾਰ ਦੇ ਕਹਿਣ ਅਨੁਸਾਰ ਅੰਤਰਰਾਸ਼ਟਰੀ ਮੰਚ 'ਤੇ ਪਿਛਲੇ ਕੁਝ ਸਾਲਾਂ ਵਿਚ ਭਾਰਤ ਦੀ ਪਛਾਣ ਚੰਗੀ ਬਣੀ ਹੈ। ਵਿਸ਼ਵ ਭਰ ਨੇ ਭਾਰਤ ਨੂੰ ਇਕ ਮਜ਼ਬੂਤ ਰਾਸ਼ਟਰ ਵਜੋਂ ਪ੍ਰਵਾਨਗੀ ਦਿੱਤੀ ਹੈ ਪਰ ਮਹੱਤਵਪੂਰਨ ਤੱਥਾਂ ਨੂੰ ਅਣਗੌਲਿਆਂ ਕਰ ਕੇ ਹੀ ਇਸ ਨੂੰ ਕੁਝ ਹੱਦ ਤੱਕ ਸੱਚ ਮੰਨਿਆ ਜਾ ਸਕਦਾ ਹੈ। ਕਿਉਂਕਿ ਅੰਤਰਰਾਸ਼ਟਰੀ ਪੱਧਰ ਦੇ ਕੁਝ ਸਰਵੇਖਣ ਭਾਰਤ ਦੀਆਂ ਕੌੜੀਆਂ ਤੇ ਤਲਖ਼ ਹਕੀਕਤਾਂ ਵੱਲ ਵੀ ਇਸ਼ਾਰਾ ਕਰਦੇ ਹਨ, ਜਿਨਾਂ ਨੂੰ ਅਣਗੌਲਿਆਂ ਕਰਨ ਦੀ ਥਾਂ ਪਹਿਲਾਂ ਸਵੀਕਾਰ ਕਰਨ ਤੇ ਫਿਰ ਸੁਧਾਰਨ ਦੀ ਜ਼ਰੂਰਤ ਹੈ।

ਕੁਝ ਕੁ ਹਫ਼ਤੇ ਪਹਿਲਾਂ ਸੰਯੁਕਤ ਰਾਸ਼ਟਰ ਨੇ ਸਰਵੇਖਣ 'ਤੇ ਆਧਾਰਿਤ ਵਿਸ਼ਵ ਖੁਸ਼ਹਾਲੀ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿਚ ਕੁੱਲ 149 ਦੇਸ਼ਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਭਾਰਤ ਇਸ ਸੂਚੀ ਵਿਚ 139ਵੇਂ ਸਥਾਨ 'ਤੇ ਹੈ। ਸੂਚੀ ਵਿਚ ਪਾਕਿਸਤਾਨ 105ਵੇਂ ਤੇ ਬੰਗਲਾਦੇਸ਼ 101ਵੇਂ ਸਥਾਨ ਨਾਲ ਭਾਰਤ ਤੋਂ ਬਿਹਤਰ ਸਥਿਤੀ ਵਿਚ ਹਨ। ਇਸ ਤੋਂ ਇਲਾਵਾ ਦੁਨੀਆ ਦੀ ਸਭ ਤੋਂ ਵੱਡੀ ਅਬਾਦੀ ਵਾਲਾ ਦੇਸ਼ ਚੀਨ 84ਵੇਂ ਸਥਾਨ 'ਤੇ ਕਾਬਜ਼ ਹੈ। ਇਹ ਅੰਕੜਾ ਦਰਸਾਉਂਦਾ ਹੈ ਕਿ ਆਮ ਲੋਕਾਂ ਦੀ ਖੁਸ਼ਹਾਲੀ ਦੇ ਪੱਖ ਤੋਂ ਭਾਰਤ ਦੀ ਸਥਿਤੀ ਅਜ਼ਾਦੀ ਦੇ ਲੰਮੇ ਅਰਸੇ ਬਾਅਦ ਵੀ ਬਿਹਤਰ ਨਹੀਂ ਹੋਈ। ਇਹ ਸਰਵੇਖਣ ਕੋਵਿਡ-19 ਦੌਰਾਨ ਲੋਕਾਂ ਦੀ ਹਾਲਤ ਅਤੇ ਕਿਸੇ ਦੇਸ਼ ਨੇ ਇਸ ਮਹਾਂਮਾਰੀ ਦਾ ਮੁਕਾਬਲਾ ਕਿੰਨੀ ਸਮਰੱਥਾ ਤੇ ਸੰਜੀਦਗੀ ਨਾਲ ਕੀਤਾ, 'ਤੇ ਆਧਾਰਿਤ ਸੀ। ਇਹ ਸਾਲਾਨਾ ਰਿਪੋਰਟ ਦੇਸ਼ਾਂ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ., ਬਿਹਤਰ ਜੀਵਨ ਦੀ ਉਮੀਦ, ਲੋਕਾਂ ਦੀਆਂ ਖਾਹਿਸ਼ਾਂ ਅਤੇ ਜਦ ਉਨਾਂ ਨਾਲ ਕੁਝ .ਗਲਤ ਹੁੰਦਾ ਹੈ ਤਾਂ ਉਹ ਕਿੰਨਾ ਸਮਾਜਿਕ ਸਮਰਥਨ ਮਹਿਸੂਸ ਕਰਦੇ ਹਨ, 'ਤੇ ਆਧਾਰਿਤ ਹੈ। ਸਰਵੇਖਣ ਦੇ ਜ਼ਿਆਦਾਤਰ ਪੱਖ ਭਾਰਤ ਦੀ ਖ਼ਰਾਬ ਸਥਿਤੀ ਵੱਲ ਇਸ਼ਾਰਾ ਕਰਦੇ ਹਨ। ਸਮਾਜ ਵਿਚ ਜੇਕਰ ਕਿਸੇ ਵਿਅਕਤੀ ਨਾਲ ਕੁਝ .ਗਲਤ ਵਾਪਰਦਾ ਹੈ ਤਾਂ ਉਹ ਬਿਲਕੁਲ ਵੀ ਸਮਾਜਿਕ



ਸੁਰੱਖਿਆ ਮਹਿਸੂਸ ਨਹੀਂ ਕਰਦਾ। ਉਸ ਦੀ ਕਿਤੇ ਵੀ ਸੁਣਵਾਈ ਨਹੀਂ ਹੁੰਦੀ। ਇਥੋਂ ਤੱਕ ਕਿ ਮੋਟੀ ਰਕਮ ਰਿਸ਼ਵਤ ਵਜੋਂ ਦਿੱਤੇ ਬਿਨਾਂ ਉਸ ਦੀ ਥਾਣੇ ਵਿਚ ਰਿਪੋਰਟ ਵੀ ਦਰਜ ਨਹੀਂ ਹੋ ਸਕਦੀ। ਫਿਰ ਆਏ ਦਿਨ ਦੇਸ਼ 'ਚ ਕਿਸੇ ਨਾ ਕਿਸੇ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਉਹ ਸਹਿਮ ਦੇ ਮਾਹੌਲ 'ਚ ਜਿਊਂਦਾ ਹੈ। ਨਿਆਂ ਦੀ ਥਾਂ ਰਾਜਨੀਤਕ ਦੂਸ਼ਣਬਾਜ਼ੀ ਸ਼ੁਰੂ ਹੋ ਜਾਂਦੀ ਹੈ। ਵੋਟਾਂ ਖਾਤਰ ਇਕ ਧਿਰ ਕਿਸੇ ਭਾਈਚਾਰੇ ਦੇ ਹੱਕ ਵਿਚ ਤੇ ਦੂਜੀ ਵਿਰੋਧ 'ਚ ਬਿਆਨ ਦਿੰਦੀ ਹੈ। ਭਾਈਚਾਰੇ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਕੁਝ ਕਰਨ ਦੀ ਥਾਂ ਜਾਂਚ ਕਮੇਟੀ ਬਿਠਾ ਕੇ ਮਾਮਲਾ ਸਦਾ ਲਈ ਠੰਢੇ ਬਸਤੇ 'ਚ ਪਾ ਦਿੱਤਾ ਜਾਂਦਾ ਹੈ। ਦੇਸ਼ ਵਿਚ ਆਏ ਦਿਨ ਜਾਤ-ਪਾਤ ਤੇ ਧਰਮ ਆਧਾਰਿਤ ਝਗੜੇ ਵੱਡੇ ਬਿਖੇੜੇ ਦਾ ਰੂਪ ਧਾਰਨ ਕਰਦੇ ਰਹਿੰਦੇ ਹਨ ਤੇ ਰਾਜਨੀਤਕ ਪਾਰਟੀਆਂ ਆਪਣੀਆਂ ਸਿਆਸੀ ਰੋਟੀਆਂ ਸੇਕਣ ਦਾ ਕੰਮ ਕਰਦੀਆਂ ਹਨ। ਚੋਣਾਂ 'ਚ ਲਾਭ ਲੈਣ ਲਈ ਅਜਿਹੇ ਬਿਖੇੜੇ ਖੜੇ ਕਰਨਾ ਆਮ ਗੱਲ ਹੈ। ਵੱਖ-ਵੱਖ ਭਾਈਚਾਰਿਆਂ 'ਚ ਟਕਰਾਅ ਦਾ ਮਾਹੌਲ ਸਿਰਜਿਆ ਜਾਂਦਾ ਹੈ। ਫਿਰ ਅਜਿਹੇ ਅਸ਼ਾਂਤੀ ਤੇ ਸਹਿਮ ਦੇ ਮਾਹੌਲ 'ਚ ਲੋਕ ਖੁਸ਼ ਤੇ ਖੁਸ਼ਹਾਲ ਕਿਵੇਂ ਰਹਿ ਸਕਦੇ ਹਨ। ਦੇਸ਼ ਦੀ 14 .ਫੀਸਦੀ ਅਬਾਦੀ ਕੁਪੋਸ਼ਣ ਦੀ ਸ਼ਿਕਾਰ ਹੈ, ਜਿਨਾਂ ਨੂੰ ਲੋੜੀਂਦਾ ਪ੍ਰੋਟੀਨ ਯੁਕਤ ਭੋਜਨ ਨਹੀਂ ਮਿਲਦਾ ਅਤੇ ਉਨਾਂ ਦਾ ਸਰੀਰਕ ਵਿਕਾਸ ਵੀ ਪੂਰਾ ਨਹੀਂ ਹੁੰਦਾ। 17.7 ਕਰੋੜ ਲੋਕਾਂ ਕੋਲ ਆਪਣਾ ਘਰ ਨਹੀਂ। ਕਰੋੜਾਂ ਲੋਕ ਬੇਰੁਜ਼ਗਾਰ ਹਨ। ਖ਼ਾਸ ਕਰ ਕੋਰੋਨਾ ਕਾਲ ਆਮ ਲੋਕਾਂ ਲਈ ਬਹੁਤ ਘਾਤਕ ਸਾਬਤ ਹੋਇਆ ਹੈ, ਜਿਸ ਵਿਚ ਲੱਖਾਂ ਲੋਕਾਂ ਦੀਆਂ ਨੌਕਰੀਆਂ ਖ਼ਤਮ ਹੋ ਗਈਆਂ। ਮਜ਼ਦੂਰ ਕੰਮਾਂ ਤੋਂ ਵਿਹਲੇ ਹੋ ਗਏ। ਪ੍ਰਵਾਸੀ ਮਜ਼ਦੂਰਾਂ ਨੂੰ ਆਪਣੇ ਰਿਹਾਇਸ਼ੀ ਸੂਬਿਆਂ 'ਚ ਵਾਪਸ ਜਾਣ ਲਈ ਸੈਂਕੜੇ ਮੀਲਾਂ ਦਾ ਸਫ਼ਰ ਬੱਚਿਆਂ ਸਮੇਤ ਪੈਦਲ ਕਰਨਾ ਪਿਆ। ਸਰਕਾਰ ਇਸ ਔਖੇ ਸਮੇਂ 'ਚ ਲਗਭਗ ਮੂਕ ਦਰਸ਼ਕ ਸਾਬਤ ਹੋਈ। ਅਨਾਜ ਦੇ ਗੁਦਾਮ ਭਰੇ ਹੋਣ ਦੇ ਬਾਵਜੂਦ ਬਹੁਤੇ ਲੋਕਾਂ ਨੂੰ ਭੁਖਮਰੀ ਦਾ ਸਾਹਮਣਾ ਕਰਨਾ ਪਿਆ। ਵਿਹਲੇ ਰਹਿਣ ਦੀ ਆਦਤ ਪਾਲ ਚੁੱਕੇ ਅਧਿਕਾਰੀ ਸਰਕਾਰ ਦਾ ਭੇਜਿਆ ਸੀਮਤ ਮਾਤਰਾ ਵਿਚ ਰਾਸ਼ਨ ਵੀ ਲੋਕਾਂ ਤੱਕ ਪੁੱਜਦਾ ਨਾ ਕਰ ਸਕੇ। ਸਰਕਾਰ ਨਾਲੋਂ ਮਹਾਂਮਾਰੀ ਦੇ ਸਮੇਂ .ਗੈਰ-ਸਰਕਾਰੀ ਸੰਗਠਨਾਂ ਨੇ ਲੋਕਾਂ ਦੀ ਕਿਤੇ ਵਧੇਰੇ ਮਦਦ ਕੀਤੀ। ਸੂਬਾ ਸਰਕਾਰਾਂ ਤੇ ਕੇਂਦਰ ਨੇ ਡੰਡੇ ਦੇ ਜ਼ੋਰ ਨਾਲ ਲੋਕਾਂ ਨੂੰ ਘਰਾਂ ਵਿਚ ਤਾਲਾਬੰਦ ਤਾਂ ਕਰੀ ਰੱਖਿਆ ਪਰ ਲੋਕਾਂ ਦੀ ਮਦਦ ਕਰਨ ਵਿਚ ਜ਼ਿਆਦਾ ਦਿਲਚਸਪੀ ਨਾ ਦਿਖਾਈ। ਲੋਕਾਂ ਦੀ ਕੋਈ ਵਿੱਤੀ ਸਹਾਇਤਾ ਵੀ ਨਾ ਕੀਤੀ, ਜਿਸ ਨਾਲ ਉਹ ਰਾਹਤ ਮਹਿਸੂਸ ਕਰਦੇ। ਰਿਜ਼ਰਵ ਬੈਂਕ ਦੀ ਰਿਪੋਰਟ ਕਹਿੰਦੀ ਹੈ ਕਿ ਮਹਾਂਮਾਰੀ ਦੌਰਾਨ ਭਾਰਤੀ ਪਰਿਵਾਰਾਂ 'ਤੇ ਕਰਜ਼ੇ ਦਾ ਬੋਝ ਵਧਿਆ ਹੈ। ਪਰਿਵਾਰਾਂ ਦੀ ਬਚਤ 10.4 .ਫੀਸਦੀ ਦੇ ਹੇਠਲੇ ਪੱਧਰ 'ਤੇ ਆ ਗਈ। ਲੋਕਾਂ ਨੂੰ ਰੋਜ਼ਾਨਾ ਜ਼ਰੂਰਤਾਂ ਦੀ ਪੂਰਤੀ ਲਈ ਵੀ ਕਰਜ਼ੇ ਲੈਣੇ ਪਏ। ਇਸ ਸਮੇਂ ਦੇਸ਼ ਵਿਚ ਆਤਮ-ਨਿਰਭਰ ਭਾਰਤ ਦਾ ਪ੍ਰਚਾਰ-ਪ੍ਰਸਾਰ ਜ਼ੋਰਾਂ 'ਤੇ ਹੈ। ਪਰ ਲੋਕਾਂ ਕੋਲ ਰੁਜ਼ਗਾਰਾਂ ਦੀ ਘਾਟ ਹੈ, ਉਹ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ। ਜੇਕਰ ਲੋਕ ਆਤਮ-ਨਿਰਭਰ ਨਹੀਂ ਫਿਰ ਭਾਰਤ ਕਿਵੇਂ ਆਤਮ-ਨਿਰਭਰ ਹੋ ਸਕਦਾ ਹੈ। ਭਾਰਤ ਅਨਾਜ ਪੈਦਾ ਕਰਨ ਤੇ ਦਵਾਈਆਂ ਤਿਆਰ ਕਰਨ ਪੱਖੋਂ ਆਤਮ-ਨਿਰਭਰ ਹੈ ਪਰ ਵਾਧੂ ਅਨਾਜ ਦੇ ਬਾਵਜੂਦ ਲੋਕ ਭੁਖਮਰੀ ਦਾ ਸ਼ਿਕਾਰ ਹਨ। ਕੌਮੀ ਭੁੱਖ ਸੂਚੀ ਵਿਚ ਦੇਸ਼ 102ਵੇਂ ਸਥਾਨ 'ਤੇ ਹੈ। ਵਿਸ਼ਵ ਭਰ ਵਿਚ ਦਵਾਈਆਂ ਦਾ ਵੱਡਾ ਨਿਰਯਾਤਕ ਹੋਣ 'ਤੇ ਵੀ ਭਾਰਤ ਦੇ ਲੋਕ ਇਲਾਜ ਵਿਹੂਣੇ ਮਰਦੇ ਹਨ। ਅਜਿਹੀ ਆਤਮ-ਨਿਰਭਰਤਾ ਕਿਸ ਕੰਮ ਦੀ, ਜਿਸ ਦਾ ਲੋਕਾਂ ਨੂੰ ਕੋਈ ਲਾਭ ਨਹੀਂ ਮਿਲਦਾ। ਆਬਾਦੀ ਦਾ ਦੋ ਤਿਹਾਈ ਹਿੱਸਾ .ਗਰੀਬੀ ਰੇਖਾ ਤੋਂ ਹੇਠਾਂ ਰਹਿ ਰਿਹਾ ਹੈ। ਰੁਜ਼ਗਾਰਾਂ ਦੀ ਘਾਟ ਕਾਰਨ ਕਰੋੜਾਂ ਲੋਕਾਂ ਨੂੰ ਖ਼ੈਰਾਤ ਵਜੋਂ ਅਨਾਜ ਸਰਕਾਰ ਦਿੰਦੀ ਹੈ। ਅਸਲ ਵਿਚ ਭ੍ਰਿਸ਼ਟ ਪ੍ਰਬੰਧ ਨੇ ਲੋਕਾਂ ਨੂੰ ਰੁਜ਼ਗਾਰਾਂ ਦੇ ਮੌਕਿਆਂ ਨਾਲ ਆਤਮ-ਨਿਰਭਰ ਬਣਾਉਣ ਦੀ ਥਾਂ ਰਾਸ਼ਨ ਦੀਆਂ ਥੈਲੀਆਂ ਵੰਡਣ ਨੂੰ ਵਿਕਾਸ ਗਰਦਾਨ ਦਿੱਤਾ ਹੈ। ਜੇਕਰ ਅਜ਼ਾਦੀ ਦੇ ਸਾਢੇ ਸੱਤ ਦਹਾਕਿਆਂ ਉਪਰੰਤ ਵੀ ਲੋਕ ਖੁਸ਼ ਤੇ ਖੁਸ਼ਹਾਲ ਨਹੀਂ ਤਾਂ ਇਸ ਦੀ ਜ਼ਿੰਮੇਵਾਰੀ ਸਰਕਾਰ ਸਿਰ ਹੈ। ਦੇਸ਼ ਸਾਧਨ ਸੰਪੰਨ ਹੋਣ ਦੇ ਬਾਵਜੂਦ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ, ਇਸ 'ਤੇ ਚਿੰਤਾ ਤੇ ਚਿੰਤਨ ਦੀ ਲੋੜ ਹੈ।

# ਗੁਣਾਤਮਿਕ ਸਿੱਖਿਆ ਦੇ ਪੱਖੋਂ ਪਛੜਿਆ ਪੰਜਾਬ

**ਪ੍ਰਿੰਸੀਪਲ ਵਿਜੈ ਕੁਮਾਰ**

ਕੇਂਦਰੀ ਸਿੱਖਿਆ ਮੰਤਰਾਲੇ ਵਲੋਂ ਕੁਝ ਹਫ਼ਤੇ ਪਹਿਲਾਂ ਕੇਂਦਰੀ ਸਿੱਖਿਆ ਮੰਤਰੀ ਦੀ ਅਗਵਾਈ ਵਿਚ 2017-18 ਲਈ 2019-20 ਦੇ ਸਿੱਖਿਆ ਸੁਧਾਰਾਂ ਸਬੰਧੀ ਪੀ.ਜੀ. ਆਈ. ਰਿਪੋਰਟ ਪੇਸ਼ ਕੀਤੀ ਗਈ ਸੀ। ਇਸ ਰਿਪੋਰਟ ਵਿਚ 5 ਵਰਗਾਂ ਦੇ 70 ਮਾਪਦੰਡਾਂ ਨੂੰ ਵਿਚਾਰਿਆ ਗਿਆ ਹੈ। ਅਹਿਮ ਚਾਰ ਨੁਕਤਿਆਂ ਦਾ ਵਿਸ਼ੇਸ਼ ਮੰਥਨ ਕੀਤਾ ਗਿਆ ਹੈ। ਉਨਾਂ ਵਿਚੋਂ ਪਹਿਲਾ ਨੁਕਤਾ ਗਣਿਤ, ਸਾਇੰਸ ਅਤੇ ਭਾਸ਼ਾਵਾਂ ਦੀ ਕਾਰਗੁਜ਼ਾਰੀ, ਦੂਜਾ ਨੁਕਤਾ ਮੁਢਲੀ ਸਿੱਖਿਆ ਤੋਂ ਸੈਕੰਡਰੀ ਪੱਧਰ ਤੱਕ ਪਹੁੰਚਣ ਵਾਲੇ ਬੱਚਿਆਂ ਦੀ ਗਿਣਤੀ ਦੀ .ਫੀਸਦੀ, ਤੀਜਾ ਨੁਕਤਾ ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ ਦੀ ਸਥਿਤੀ ਅਤੇ ਦਲਿਤ ਅਤੇ ਬਾਕੀ ਬੱਚਿਆਂ ਦੀ ਕਾਰਗੁਜ਼ਾਰੀ ਦਾ ਤੁਲਨਾਤਮਕ ਮੁਲਾਂਕਣ। ਚੌਥਾ ਨੁਕਤਾ ਅਧਿਆਪਕ ਵਿਦਿਆਰਥੀ ਅਨੁਪਾਤ, ਅਧਿਆਪਕਾਂ ਦੀ ਗਿਣਤੀ ਅਤੇ ਭਰਤੀ ਨਾਲ ਸਬੰਧਤ ਹੈ। ਕੇਂਦਰੀ ਸਿੱਖਿਆ ਮੰਤਰਾਲੇ ਵਲੋਂ ਪੇਸ਼ ਕੀਤੀ ਗਈ ਇਸ ਪੀ.ਜੀ.ਆਈ. ਰਿਪੋਰਟ ਨੂੰ ਮੁਲਾਂਕਣ ਦੇ ਆਧਾਰ 'ਤੇ ਦਸ ਵਰਗਾਂ ਵਿਚ ਵੰਡਿਆ ਗਿਆ ਹੈ। ਪਹਿਲੀ ਕੈਟਾਗਰੀ ਵਿਚ ਕੋਈ ਸੂਬਾ ਨਹੀਂ ਆਇਆ। ਦੂਜੇ ਵਰਗ ਵਿਚ ਪੰਜਾਬ, ਚੰਡੀਗੜ, ਕੇਰਲ, ਤਾਮਿਲਨਾਡੂ ਅਤੇ ਅੰਡੇਮਾਨ ਨਿਕੋਬਾਰ ਆਏ ਹਨ। ਤੀਜੇ ਵਰਗ ਵਿਚ ਗੁਜਰਾਤ, ਮਹਾਰਾਸ਼ਟਰ, ਦਿੱਲੀ, ਰਾਜਸਥਾਨ, ਹਰਿਆਣਾ, ਪੁਡੂਚਰੀ ਅਤੇ ਦਾਦਾ ਨਗਰ ਹਵੇਲੀ ਹਨ। ਚੌਥੇ ਵਰਗ ਵਿਚ ਆਂਧਰਾ ਪ੍ਰਦੇਸ਼, ਬੰਗਾਲ, ਉੱਤਰ ਪ੍ਰਦੇਸ਼, ਕਰਨਾਟਕ, ਤ੍ਰਿਪੁਰਾ, ਉੜੀਸਾ, ਹਿਮਾਚਲ ਅਤੇ ਦਮਨ ਦੀਪ ਹਨ। ਪੰਜਵੇਂ ਵਰਗ ਵਿਚ ਗੋਆ, ਉੱਤਰਾਖੰਡ, ਝਾਰਖੰਡ, ਮਨੀਪੁਰ, ਸਿੱਕਮ, ਤੇਲੰਗਾਨਾ ਅਤੇ ਜੰਮੂ-ਕਸ਼ਮੀਰ ਨੂੰ ਰੱਖਿਆ ਗਿਆ ਹੈ। ਛੇਵੇਂ ਵਰਗ ਵਿਚ ਆਸਾਮ, ਬਿਹਾਰ, ਮੱਧ ਪ੍ਰਦੇਸ਼, ਮਿਜ਼ੋਰਮ ਆਉਂਦੇ ਹਨ। ਸੱਤਵੇਂ ਸਥਾਨ 'ਤੇ ਛੱਤੀਸਗੜ, ਨਾਗਾਲੈਂਡ ਅਤੇ ਅਰੁਣਾਚਲ ਨੂੰ ਵਿਖਾਇਆ ਗਿਆ ਹੈ। ਅੱਠਵੀਂ ਥਾਂ ਮੇਘਾਲਿਆ ਨੂੰ ਮਿਲੀ ਹੈ। ਕੇਂਦਰੀ ਸਿੱਖਿਆ ਮੰਤਰਾਲੇ ਵਲੋਂ ਪੇਸ਼ ਕੀਤੀ ਗਈ ਇਸ ਰਿਪੋਰਟ ਦਾ ਅਧਿਐਨ ਕਰਦਿਆਂ ਕੁਝ ਹੋਰ ਤੱਥ ਸਾਹਮਣੇ ਆਏ ਹਨ। ਉੱਤਰ ਪ੍ਰਦੇਸ਼, ਬਿਹਾਰ ਅਤੇ ਹੋਰ ਸੂਬਿਆਂ ਨੇ ਪਿਛਲੇ ਸਾਲਾਂ ਨਾਲੋਂ ਸੁਧਾਰ ਵਿਖਾਇਆ ਹੈ। ਪੰਜਾਬ ਅਤੇ ਅੰਡੇਮਾਨ ਨਿਕੋਬਾਰ ਨੇ ਪਹਿਲਾਂ ਨਾਲੋਂ 20 .ਫੀਸਦੀ ਵੱਧ ਸੁਧਾਰ ਕੀਤਾ ਹੈ। ਪ੍ਰਾਇਮਰੀ ਤੋਂ ਸੈਕੰਡਰੀ ਤੱਕ ਬੱਚਿਆਂ ਦੇ ਪਹੁੰਚਣ ਨੂੰ ਲੈ ਕੇ ਪੰਜਾਬ ਅਤੇ ਕੇਰਲ ਮੋਢੀ ਰਾਜ ਰਹੇ ਹਨ।

ਕੇਂਦਰੀ ਸਿੱਖਿਆ ਮੰਤਰਾਲੇ ਵਲੋਂ ਪੇਸ਼ ਕੀਤੀ ਗਈ ਪੀ.ਜੀ. ਆਈ. ਰਿਪੋਰਟ ਦੀ ਅਸਲੀ ਤਸਵੀਰ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਇਕ ਸੈਮੀਨਾਰ ਵਿਚ ਇਕ ਸਿੱਖਿਆ ਮਾਹਿਰ ਦੇ ਕਹੇ ਸ਼ਬਦਾਂ ਦਾ ਜ਼ਿਕਰ ਕਰਨਾ ਚਾਹਾਂਗਾ। ਉਸ ਦਾ ਕਹਿਣਾ ਸੀ ਕਿ ਕੋਈ ਸਮਾਂ ਸੀ ਜਦੋਂ ਸਰਕਾਰੀ ਸਕੂਲਾਂ ਵਿਚ ਬੱਚੇ ਰੁੱਖਾਂ ਥੱਲੇ ਪੜਦੇ ਸਨ ਪਰ ਸਰਕਾਰੀ ਸਕੂਲਾਂ ਦਾ ਗੁਣਾਤਮਕ ਪੱਖ ਬਹੁਤ ਬਿਹਤਰ ਸੀ। ਇਨਾਂ ਸਕੂਲਾਂ ਵਿਚੋਂ ਹੀ ਆਈ.ਏ.ਐੱਸ., ਪੀ.ਸੀ. ਐੱਸ., ਡਾਕਟਰ, ਇੰਜੀਨੀਅਰ, ਪ੍ਰੋਫੈਸਰ ਅਤੇ ਹੋਰ ਉੱਚ ਅਧਿਕਾਰੀ ਨਿਕਲਦੇ ਸਨ ਪਰ ਅਜੋਕੇ ਯੁੱਗ ਵਿਚ ਜਦੋਂ ਸਰਕਾਰੀ ਸਕੂਲਾਂ ਵਿਚ ਹਰ ਇਕ ਬੁਨਿਆਦੀ ਸਹੂਲਤ ਮੌਜੂਦ ਹੈ ਤਾਂ ਸਰਕਾਰੀ ਸਕੂਲਾਂ ਵਿਚ ਪੜਾਈ ਦਾ ਮਿਆਰ ਡਿਗਦਾ ਜਾ ਰਿਹਾ ਹੈ। ਉਸ ਨੇ ਆਪਣੇ ਮਿਆਰੀ ਭਾਸ਼ਨ ਵਿਚ ਇਹ ਵੀ ਜ਼ਿਕਰ ਕੀਤਾ ਕਿ ਭਾਵੇਂ ਮਿਆਰੀ ਸਿੱਖਿਆ ਲਈ ਬੁਨਿਆਦੀ ਢਾਂਚੇ ਦਾ ਪੱਖ ਕਾਫੀ ਮਹੱਤਵਪੂਰਨ ਹੈ ਪਰ ਸਿੱਖਿਆ ਦਾ ਗੁਣਾਤਮਕ ਪੱਖ ਉਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ। ਸਿੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਸਾਡੇ ਸੂਬੇ ਦਾ ਗੁਣਾਤਮਕ ਪੱਖੋਂ ਦੇਸ਼ ਵਿਚੋਂ 27ਵੇਂ ਸਥਾਨ 'ਤੇ ਹੋਣਾ ਆਪਣੇ ਆਪ ਵਿਚ ਫ਼ਿਕਰਮੰਦੀ ਦਾ ਵਿਸ਼ਾ ਹੈ। ਇਸ ਰਿਪੋਰਟ ਦਾ ਦੂਜਾ ਪਾਸਾ ਇਹ ਹੈ ਕਿ ਭਾਵੇਂ ਅੱਧਵਾਟੇ ਪੜਾਈ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਪਹਿਲਾਂ ਨਾਲੋਂ ਘਟੀ ਹੈ ਪਰ ਲਾਜ਼ਮੀ ਸਿੱਖਿਆ ਨੀਤੀ ਅਤੇ ਆਸਾਨ ਫਾਰਮੂਲੇ ਲਗਾ ਕੇ ਚੰਗੇ ਨਤੀਜੇ ਵਿਖਾਉਣ ਵਾਲੀ ਨੀਤੀ ਨੇ ਬੱਚਿਆਂ ਨੂੰ ਜਮਾਤਾਂ ਪਾਸ ਕਰਨ ਦੇ ਸਰਟੀਫਿਕੇਟ ਤਾਂ ਦੇ ਦਿੱਤੇ ਹਨ ਪਰ ਉਹ ਗਿਆਨ ਪੱਖੋਂ ਊਣੇ ਹਨ। ਜਿਸ ਕਾਰਨ ਸਿੱਖਿਆ ਦਾ ਮਿਆਰ ਡਿੱਗਿਆ ਹੈ। ਪਿਛਲੇ ਵਰਿਆਂ ਵਿਚ ਬੋਰਡ ਦੀਆਂ ਪ੍ਰੀਖਿਆਵਾਂ ਦੇ ਨਤੀਜਿਆਂ 'ਤੇ ਕਿੰਤੂ-ਪ੍ਰੰਤੂ ਹੁੰਦਾ ਰਿਹਾ ਹੈ। ਸਰਕਾਰੀ ਮਿਡਲ ਸਕੂਲਾਂ ਵਿਚ ਅਧਿਆਪਕਾਂ ਦੀ ਗਿਣਤੀ ਪੂਰੀ ਨਹੀਂ ਜਦੋਂ ਕਿ ਮਿਡਲ ਪੱਧਰ ਦੀ ਸਿੱਖਿਆ ਸੈਕੰਡਰੀ ਪੱਧਰ ਦੀ ਸਿੱਖਿਆ ਦਾ ਆਧਾਰ ਹੁੰਦੀ ਹੈ।

**ਸਿਖਿਆ**

ਨਵੀਂ ਸਿੱਖਿਆ ਨੀਤੀ ਅਨੁਸਾਰ ਅਧਿਆਪਕ ਵਿਦਿਆਰਥੀ ਅਨੁਪਾਤ 1:25 ਰੱਖਿਆ ਗਿਆ ਹੈ ਪਰ ਕੇਵਲ ਸਰਕਾਰੀ ਸਕੂਲਾਂ ਵਿਚ ਹੀ ਨਹੀਂ ਸਗੋਂ ਪ੍ਰਾਈਵੇਟ ਸਕੂਲਾਂ ਵਿਚ ਵੀ ਜਮਾਤਾਂ ਵਿਚ 40 ਤੋਂ 50 ਤੱਕ ਵਿਦਿਆਰਥੀ ਬੈਠੇ ਹੁੰਦੇ ਹਨ। ਸਾਇੰਸ ਅਤੇ ਕਾਮਰਸ ਗਰੁੱਪਾਂ ਵਿਚ ਬੱਚਿਆਂ ਦੀ ਗਿਣਤੀ ਇਸ ਲਈ ਘੱਟ ਹੁੰਦੀ ਹੈ, ਕਿਉਂਕਿ ਉਹ ਸਾਇੰਸ ਅਤੇ ਗਣਿਤ ਵਿਸ਼ਿਆਂ ਵਿਚ ਕਮਜ਼ੋਰ ਹੁੰਦੇ ਹਨ। ਪੇਂਡੂ ਸਕੂਲਾਂ ਵਿਚ ਸਾਇੰਸ ਅਤੇ ਕਾਮਰਸ ਗਰੁੱਪਾਂ ਦੀ ਘਾਟ ਹੈ ਅਤੇ ਬੱਚਿਆਂ ਦਾ ਇਨਾਂ ਗਰੁੱਪਾਂ ਪ੍ਰਤੀ ਰੁਝਾਨ ਘੱਟ ਹੈ। ਸਾਰੇ ਸਕੂਲਾਂ ਵਿਚ ਲਾਇਬ੍ਰੇਰੀਆਂ ਨਹੀਂ ਹਨ। ਜ਼ਿਆਦਾਤਰ ਸਕੂਲਾਂ ਵਿਚ ਲਾਇਬ੍ਰੇਰੀਅਨ ਅਤੇ ਲਾਇਬ੍ਰੇਰੀਅਨ ਸਹਾਇਕ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਸਕੂਲਾਂ ਵਿਚ ਸਾਇੰਸ ਪ੍ਰਯੋਗਸ਼ਲਾਵਾਂ ਤਾਂ ਹਨ ਪਰ ਕੇਵਲ ਬੋਰਡ ਦੀਆਂ ਜਮਾਤਾਂ ਨੂੰ ਹੀ ਪ੍ਰੈਕਟੀਕਲ ਕਰਵਾਉਣੇ ਜ਼ਰੂਰੀ ਸਮਝੇ ਜਾਂਦੇ ਹਨ। ਹਾਈ ਸਕੂਲਾਂ ਵਿਚ ਐੱਸ.ਐੱਲ.ਏ. ਦੀ ਅਸਾਮੀ ਹੁੰਦੀ ਹੀ ਨਹੀਂ। ਸੀਨੀਅਰ ਸੈਕੰਡਰੀ ਵਿਚ ਐੱਸ.ਐੱਲ.ਏ., ਸਾਇੰਸ ਅਧਿਆਪਕਾਂ ਅਤੇ ਸਾਇੰਸ ਲੈਕਚਰਾਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਰਹਿੰਦੀਆਂ ਹਨ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ, ਪ੍ਰਿੰਸੀਪਲਾਂ ਤੇ ਮੁੱਖ ਅਧਿਆਪਕਾਂ ਦੀ ਸਿੱਧੀ ਭਰਤੀ ਵੀ ਹੋਈ ਹੈ ਤੇ ਤਰੱਕੀਆਂ ਵੀ ਹੋਈਆਂ ਹਨ ਪਰ ਲੋੜ ਅਨੁਸਾਰ ਨਾ ਅਧਿਆਪਕਾਂ ਦੀ ਭਰਤੀ ਹੋਈ ਹੈ ਤੇ ਨਾ ਹੀ ਤਰੱਕੀਆਂ ਹੋਈਆਂ ਹਨ। ਅਜੇ ਵੀ ਸਕੂਲਾਂ ਵਿਚ ਦਰਜਾ ਚਾਰ, ਅਧਿਆਪਕਾਂ, ਲੈਕਚਰਾਰਾਂ, ਸਕੂਲ ਮੁਖੀਆਂ ਅਤੇ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਵੋਕੇਸ਼ਨਲ ਸਿੱਖਿਆ ਜਿਸ ਢੰਗ ਅਤੇ ਜਿਸ ਪੱਧਰ ਦੀ ਹੋਣੀ ਚਾਹੀਦੀ ਹੈ, ਨਹੀਂ ਹੈ। ਕਿੱਤਾ ਆਧਾਰਿਤ ਵੋਕੇਸ਼ਨਲ ਸਿੱਖਿਆ ਦਾ ਸਕੂਲਾਂ ਵਿਚ ਭੋਗ ਪੈ ਚੁੱਕਾ ਹੈ। ਪਿਛਲੇ ਤਿੰਨ ਚਾਰ ਸਾਲਾਂ ਤੋਂ .ਗਰੀਬ ਬੱਚਿਆਂ ਨੂੰ ਵਜ਼ੀਫ਼ਿਆਂ ਦੀ ਅਦਾਇਗੀ ਨਹੀਂ ਹੋਈ। ਇਹ ਮੰਨਣਯੋਗ ਹੈ ਕਿ ਸਰਕਾਰੀ ਸਕੂਲਾਂ ਦੀ ਹਾਲਤ ਵਿਚ ਪਹਿਲਾਂ ਨਾਲੋਂ ਕਾਫ਼ੀ ਸੁਧਾਰ ਆਇਆ ਹੈ। ਪ੍ਰਸ਼ਾਸਨ ਅਤੇ ਪ੍ਰਬੰਧਨ ਨੂੰ ਲੈ ਕੇ ਸਾਡੇ ਸੂਬੇ ਦਾ ਪਹਿਲੇ ਸਥਾਨ 'ਤੇ ਆਉਣਾ ਇਕ ਸ਼ਲਾਘਾਯੋਗ ਪ੍ਰਾਪਤੀ ਹੈ ਪਰ ਗੁਣਾਤਮਕ ਪੱਖੋਂ ਦੇਸ਼ ਵਿਚ ਸਾਡਾ 27ਵਾਂ ਸਥਾਨ ਹੋਣਾ ਚਿੰਤਾ ਦਾ ਵਿਸ਼ਾ ਹੈ। ਇਕ ਸਿੱਖਿਆ ਮਾਹਰ ਦਾ ਕਹਿਣਾ ਹੈ ਕਿ ਚੰਗਾ ਹੁੰਦਾ ਕਿ ਪੀ.ਜੀ.ਆਈ. ਦੀ ਇਹ ਰਿਪੋਰਟ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੀ ਸਾਂਝੀ ਤੌਰ 'ਤੇ ਬਣਾਈ ਜਾਂਦੀ। ਅਜੇ ਵੀ ਸਰਕਾਰੀ ਸਕੂਲਾਂ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਸਾਡੇ ਦੇਸ਼ ਦੇ ਸਰਕਾਰੀ ਸਕੂਲਾਂ ਦੀ ਸਿੱਖਿਆ ਗੁਣਾਤਮਕ ਪੱਖੋਂ ਉਸ ਦਿਨ ਉੱਭਰੇਗੀ ਜਦੋਂ ਇਸ ਦੀ ਜ਼ਮੀਨੀ ਹਕੀਕਤ ਦੀ ਪਛਾਣ ਕਰਾਂਗੇ। ਆਸਾਨ ਫਾਰਮੂਲੇ ਲਗਾ ਕੇ ਨਤੀਜੇ ਬਣਾਉਣੇ ਬੰਦ ਹੋਣਗੇ। ਸਕੂਲਾਂ ਵਿਚ ਹਰ ਕਾਡਰ ਦੀਆਂ ਅਸਾਮੀਆਂ ਪੂਰੀ ਤਰਾਂ ਭਰੀਆਂ ਜਾਣਗੀਆਂ। ਸਾਇੰਸ ਅਤੇ ਗਣਿਤ ਵਿਸ਼ਿਆਂ ਦੀ ਪੜਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਸਿੱਖਿਆ ਸੁਧਾਰ ਦਾ ਇਹ ਸਿਲਸਿਲਾ ਜਾਰੀ ਰਹਿਣਾ ਚਾਹੀਦਾ ਹੈ। ਗੁਣਵੱਤਾ ਦੇ ਪੱਖ ਤੋਂ ਵੀ ਸਾਡਾ ਸੂਬਾ ਮੁਲਕ ਵਿਚੋਂ ਪਹਿਲੇ ਸਥਾਨ 'ਤੇ ਆਉਣਾ ਚਾਹੀਦਾ ਹੈ।

# ਪਿੰਗਲੇ ਅਤੇ ਅਨਾਥਾਂ ਦੀ ਨਿਰਸੁਆਰਥ ਸੇਵਾ ਕਰਨ ਵਾਲੇ ਭਗਤ ਪੂਰਨ ਸਿੰਘ ਦੀ ਬਰਸੀ 'ਤੇ ਵਿਸ਼ੇਸ਼



**ਜੋਰਾਵਰ ਸਿੰਘ ਤਰਸਿੱਕਾ**

***ਭਗਤ ਪੂਰਨ ਸਿੰਘ ਪੰਜਾਬ ਦੇ ਉੱਘੇ ਸਮਾਜਸੇਵੀ, ਚਿੰਤਕ, ਵਾਤਾਵਰਣ ਪ੍ਰੇਮੀ ਅਤੇ ਸਰਵ ਭਾਰਤ ਪਿੰਗਲਵਾੜਾ ਸੁਸਾਇਟੀ, ਅੰਮ੍ਰਿਤਸਰ ਦੇ ਮੋਢੀ ਸਨ। ਉਨਾਂ ਨੂੰ ਅੰਮ੍ਰਿਤਸਰ ਵਿੱਚ ਪਿੰਗਲਵਾੜਾ ਸਥਾਪਤ ਕਰਨ ਕਰ ਕੇ ਅਤੇ ਸਾਰੀ ਉਮਰ ਪਿੰਗਲੇ ਅਤੇ ਅਨਾਥਾਂ ਦੀ ਨਿਰਸੁਆਰਥ ਸੇਵਾ ਕਰਨ ਦੇ ਕਾਰਨ ਪੰਜਾਬ ਅਤੇ ਉੱਤਰ ਭਾਰਤ ਵਿੱਚ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।***

*5 ਅਗਸਤ 1992 ਦੇ ਦਿਨ ਭਗਤ ਪੂਰਨ ਸਿੰਘ ਜੀ ਪਿੰਗਲਵਾੜਾ ਸਰੀਰ ਕਰਕੇ ਦੁਨੀਆਂ ਤੋਂ ਤੁਰ ਗਏ ਸਨ ।*

**ਮੁੱਢਲਾ ਜੀਵਨ**

ਭਗਤ ਪੂਰਨ ਸਿੰਘ ਦਾ ਜਨਮ 4 ਜੂਨ 1904 ਨੂੰ ਲੁਧਿਆਣਾ ਜ਼ਿਲੇ ਦੇ ਪਿੰਡ ਰਾਜੇਵਾਲ (ਰੋਹਣੋਂ) ਨੇੜੇ ਖੰਨਾ ਵਿੱਚ ਮਾਤਾ ਮਹਿਤਾਬ ਕੌਰ ਦੀ ਕੁਖੋਂ ਅਤੇ ਪਿਤਾ ਛਿੱਬੂ ਮੱਲ ਦੇ ਘਰ ਹੋਇਆ। ਪਿਤਾ ਸ਼ਾਹੂਕਾਰਾ ਕਰਦੇ ਸਨ। ਆਪ ਦੀ ਮਾਤਾ ਧਾਰਮਿਕ ਖਿਆਲਾਂ ਵਾਲੀ ਔਰਤ ਸੀ, ਜਿਸ ਨੇ ਆਪ ਦੇ ਦਿਲ ਵਿੱਚ ਦਇਆ ਭਾਵਨਾ ਪੈਦਾ ਕੀਤੀ। ਆਪ ਦਾ ਬਚਪਨ ਦਾ ਨਾਂ ਰਾਮਜੀ ਦਾਸ ਸੀ। ਆਪ ਨੂੰ ਸਕੂਲ ਵਿੱਚ ਪੜਨੇ ਪਾਇਆ ਗਿਆ। ਇੱਕ ਵਕਤ ਐਸਾ ਆਇਆ ਕਿ ਕਿਸੇ ਕਾਰਨ ਕਰ ਕੇ ਪਿਤਾ ਦਾ ਸ਼ਾਹੂਕਾਰਾ ਖਤਮ ਹੋ ਗਿਆ। ਗਰੀਬੀ ਨੇ ਘਰ ਵਿੱਚ ਆਣ ਪੈਰ ਪਸਾਰੇ। ਪਿਤਾ ਦੀ ਮੌਤ ਤੋਂ ਬਾਅਦ ਗੁਰਬਤ ਦੀ ਜ਼ਿੰਦਗੀ ਗੁਜ਼ਾਰਦਿਆਂ ਆਪ ਦੀ ਮਾਤਾ ਨੇ ਆਪ ਦਾ ਪੜਨਾ ਜਾਰੀ ਰੱਖਿਆ, ਭਾਵੇਂ ਇਸ ਲਈ ਆਪ ਦੀ ਮਾਤਾ ਨੂੰ ਕਿਸੇ ਡਾਕਟਰ ਦੇ ਘਰ ਭਾਂਡੇ ਮਾਂਜਣ ਦੀ ਨੌਕਰੀ ਹੀ ਕਿਉਂ ਨਾ ਕਰਨੀ ਪਈ। ਸੰਨ 1923 ਵਿੱਚ ਆਪ ਨੇ ਲੁਧਿਆਣੇ ਜਦ ਦਸਵੀਂ ਦਾ ਇਮਤਿਹਾਨ ਦਿੱਤਾ ਤਾਂ ਆਪ ਦੇ ਜੀਵਨ ਵਿੱਚ ਇੱਕ ਘਟਨਾ ਘਟੀ, ਜਿਸ ਦੇ ਚੱਲਦਿਆਂ ਆਪ ਦਾ ਝੁਕਾਅ ਗੁਰੂਘਰ ਵੱਲ ਜ਼ਿਆਦਾ ਹੋ ਗਿਆ ਤੇ ਆਪ ਡੇਹਰਾ ਸਾਹਿਬ ਲਾਹੌਰ ਸੇਵਾ ਕਰਦੇ ਰਹੇ।

**ਵਾਤਾਵਰਨ ਅਤੇ ਸਾਹਿਤ ਪ੍ਰੇਮੀ**

ਆਪ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੀ ਮੁਹਾਰਤ ਰੱਖਣ ਵਾਲੇ, ਸਾਹਿਤ ਰਸੀਏ ਸਨ। ਵਾਤਾਵਰਨ, ਪ੍ਰਦੂਸ਼ਣ, ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਅਨਪੜਤਾ ਆਦਿ ਮੁੱਦਿਆਂ ਦੀ ਸ਼ੁਰੂਆਤ ਪਿੰਗਲਵਾੜਾ ਅੰਮ੍ਰਿਤਸਰ ਦੇ ਸੰਸਥਾਪਕ ਭਗਤ ਪੂਰਨ ਸਿੰਘ ਨੇ ਕੀਤੀ ਸੀ। ਭਗਤ ਜੀ ਰੁੱਖ ਲਗਾਉਣ ਅਤੇ ਰੁੱਖ ਬਚਾਉਣ ਦੀ ਗੱਲ ਕਰਦੇ ਸਨ ਤਾਂ ਉਹ ਸਿਰਫ਼ ਬਿਆਨਬਾਜ਼ੀ ਤੱਕ ਹੀ ਸੀਮਤ ਨਹੀਂ ਸਨ ਰਹਿੰਦੇ, ਸਗੋਂ ਹਕੀਕਤ ਵਿੱਚ ਕੁਝ ਕਰ ਕੇ ਵੀ ਵਿਖਾਉਂਦੇ ਸਨ। ਰੱਦੀ ਜਾਂ ਵਰਤੇ ਹੋਏ ਕਾਗਜ਼ ਦੇ ਇੱਕ ਪਾਸੇ ਲਿਖ ਕੇ ਦੂਸਰਾ ਪਾਸਾ ਖਾਲੀ ਛੱਡਿਆ ਜਾਂਦਾ ਹੈ, ਪਿੰਗਲਵਾੜੇ ਵਿੱਚ ਲਿਖਣ ਜਾਂ ਛਪਾਈ ਦੇ ਜਿੰਨੇ ਕੰਮ ਹੁੰਦੇ ਸਨ, ਉਹ ਸਾਰੇ ਕਾਗਜ਼ ਦੇ ਉਸ ਪਾਸੇ ਹੁੰਦੇ। ਜਿੰਨਾ ਵਧੇਰੇ ਕਾਗਜ਼ ਵਰਤਿਆ ਜਾਂਦਾ ਹੈ, ਓਨੇ ਵਧੇਰੇ ਰੁੱਖ ਕੱਟੇ ਜਾਂਦੇ ਹਨ। ਅੱਜ ਵੀ ਧਾਰਮਿਕ ਥਾਵਾਂ 'ਤੇ ਪਿੰਗਲਵਾੜਾ ਸੰਸਥਾ ਵੱਲੋਂ ਮੁਫ਼ਤ ਸਾਹਿਤ ਵੰਡਿਆ ਜਾਂਦਾ ਹੈ। ਭਗਤ ਜੀ ਪ੍ਰਦੂਸ਼ਣ ਪ੍ਰਤੀ ਜਾਗਰੂਕ ਸਨ ਤਾਂ ਹੀ ਉਹਨਾ ਨੇ ਕਾਰ ਜਾਂ ਬੱਸ ਰਾਹੀਂ ਬਹੁਤ ਘੱਟ ਸਫ਼ਰ ਕੀਤਾ ਹੋਵੇਗਾ। ਉਹ ਹਮੇਸ਼ਾ ਰੇਲ ਗੱਡੀ ਰਾਹੀਂ ਸਫ਼ਰ ਕਰਦੇ। ਭਗਤ ਜੀ ਨੇ ਪਿੰਗਲਵਾੜੇ ਵਿੱਚ ਏ.ਸੀ ਨਹੀਂ ਲੱਗਣ ਦਿੱਤਾ ਕਿਉਂਕੇ ਵਾਯੂ ਮੰਡਲ ਵਿਚਲੀ ਓਜ਼ੋਨ ਪਰਤ ਵਿੱਚ ਛੇਕ ਹੋ ਰਹੇ ਹਨ। ਭਗਤ ਜੀ ਨੇ ਖੱਦਰ ਦਾ ਰੱਜ ਕੇ ਪ੍ਰਚਾਰ ਕੀਤਾ ਕਿਉਂਕੇ ਖਾਦੀ ਦੇ ਕੱਪੜੇ ਸਾਡੇ ਭਾਰਤੀ ਵਾਤਾਵਰਨ ਵਿੱਚ ਬਹੁਤ ਢੁਕਵੇਂ ਹਨ। ਭਗਤ ਜੀ ਨੇ ਆਪਣੀ ਜ਼ਿੰਦਗੀ ਵਿੱਚ ਅਣਗਿਣਤ ਤ੍ਰਿਵੈਣੀਆਂ ਲਗਵਾਈਆਂ। ਜੇਕਰ ਸਰਕਾਰ ਅਤੇ ਸਮਾਜ ਸੇਵਕ ਅੱਜ ਵਾਤਾਵਰਨ ਦੇ ਸੰਭਾਲ ਦੀ ਗੱਲ ਕਰਦੇ ਹਨ ਤਾਂ ਸੱਚੀ ਗੱਲ ਇਹ ਹੈ ਕਿ ਇਸ ਗੱਲ ਦੇ ਸਿਰਜਕ ਅਤੇ ਪ੍ਰਚਾਰਕ ਹੋਣ ਦਾ ਅਸਲ ਸਿਹਰਾ ਭਗਤ ਪੂਰਨ ਸਿੰਘ ਜੀ ਨੂੰ ਜਾਂਦਾ ਹੈ।

**ਪਿੰਗਲਵਾੜਾ ਸੰਸਥਾਵਾਂ**

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿੱਚ ਕੋਈ ਚਾਰ ਕੁ ਸਾਲ ਦੇ ਅਪੰਗ ਬੱਚੇ ਨੂੰ ਰੋਂਦਾ ਛੱਡ ਗਏ। ਭਗਤ ਜੀ ਨੇ ਉਸ ਬੱਚੇ ਦੀ ਸੇਵਾ-ਸੰਭਾਲ 1934 ਤੋਂ ਕਰਨੀ ਸ਼ੁਰੂ ਕੀਤੀ ਤੇ ਉਸ ਦਾ ਨਾਂ ਪਿਆਰਾ ਸਿੰਘ ਰੱਖਿਆ। ਉਸ ਦਿਨ ਤੋਂ ਹੀ ਪਿੰਗਲਵਾੜਾ ਸੰਸਥਾ ਦਾ ਖਿਆਲ (ਰਾਮਜੀ ਦਾਸ) ਭਗਤ ਪੂਰਨ ਸਿੰਘ ਨੂੰ ਦ੍ਰਿਸ਼ਟਮਾਨ ਹੋਇਆ ।ਉਸ ਦਿਨ ਤੋਂ ਭਗਤ ਜੀ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ ਤੇ ਮਾਨੋ ਪਿੰਗਲਵਾੜਾ ਸੰਸਥਾ ਦੀ ਸ਼ੁਰੂਆਤ ਹੋਈ। ਸੰਨ 1947 ਨੂੰ ਜਦ ਦੇਸ਼ ਆਜ਼ਾਦ ਹੋਇਆ ਤਾਂ ਵੰਡ ਕਾਰਨ ਦੋਹਾਂ ਮੁਲਕਾਂ ਦੇ ਲੋਕਾਂ 'ਤੇ ਜਦ ਭਾਰੀ ਕਹਿਰ ਟੁੱਟਾ ਤਾਂ ਆਪ ਲਾਹੌਰ ਤੋਂ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪਿਆਰਾ ਸਿੰਘ ਨੂੰ ਪਿੱਠ 'ਤੇ ਚੁੱਕ ਕੇ ਰਫਿਊਜੀ ਕੈਂਪ ਵਿੱਚ ਪਹੁੰਚੇ, ਜਿੱਥੇ ਆਪ ਨੇ ਤਨ-ਮਨ ਨਾਲ ਸੇਵਾ ਨਿਭਾਈ। ਸੰਨ 1958 ਨੂੰ ਅੰਮ੍ਰਿਤਸਰ ਵਿੱਚ ਪਿੰਗਲਵਾੜਾ ਸੰਸਥਾ ਦੀ ਸ਼ੁਰੂਆਤ ਹੋਈ। ਅੱਜ ਇਸ ਸੰਸਥਾ ਦੀਆਂ ਅੰਮ੍ਰਿਤਸਰ ਅਤੇ ਜਲੰਧਰ, ਸੰਗਰੂਰ, ਮਾਨਾਵਾਲਾ, ਪਲਸੌਰਾ ਅਤੇ ਗੋਇੰਦਵਾਲ ਬ੍ਰਾਂਚਾਂ ਵਿੱਚ 1200 ਦੇ ਕਰੀਬ ਲਾਵਾਰਸ ਮਰੀਜ਼ ਦਾਖਲ ਹਨ। ਉਨਾਂ ਦੀ ਸੇਵਾ ਸੰਭਾਲ ਲਈ ਸਿਹਤ ਕਰਮਚਾਰੀ ਅਤੇ ਸਟਾਫ਼ ਤਾਇਨਾਤ ਹੈ। ਪਿੰਗਲਵਾੜੇ ਵਿੱਚ ਮੁਢਲੀਆਂ ਡਾਕਟਰੀ ਸਹੂਲਤਾਂ ਵਾਲੀ ਟਰਾਮਾ ਵੈਨ, ਜੀ.ਟੀ.ਰੋਡ ਉੱਤੇ ਹੁੰਦੇ ਸੜਕ ਹਾਦਸਿਆਂ ਦੇ ਪੀੜਤਾਂ ਲਈ ਹਮੇਸ਼ਾ ਤਿਆਰ ਰਹਿੰਦੀ ਹੈ। ਲੋੜਵੰਦ ਅੰਗਹੀਣਾਂ ਲਈ ਭਗਤ ਜੀ ਦੀ ਯਾਦ ਵਿੱਚ ਇੱਕ ਬਨਾਉਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ। ਜਿਥੇ ਅੰਗਹੀਣਾਂ ਨੂੰ ਮੁਫ਼ਤ ਬਨਾਉਟੀ ਅੰਗ ਲਗਾਏ ਜਾਂਦੇ ਹਨ। ਗਰੀਬ ਬੱਚਿਆਂ ਦੀ ਸਿੱਖਿਆ ਲਈ ਵੱਖ-ਵੱਖ ਵਿਦਿਅਕ ਸੰਸਥਾਵਾਂ ਦਾ ਪ੍ਰਬੰਧ ਹੈ। ਭਗਤ ਜੀ ਕੁਦਰਤੀ ਖੇਤੀ ਦਾ ਪ੍ਰਚਾਰ ਕਰਿਆ ਕਰਦੇ ਸਨ ਅਤੇ ਉਨਾਂ ਦੇ ਜਾਨਸ਼ੀਨ ਡਾ. ਬੀਬੀ ਇੰਦਰਜੀਤ ਕੌਰ ਨੇ ਕੁਦਰਤੀ ਖੇਤੀ ਆਰੰਭ ਕਰ ਰੱਖੀ ਹੈ।

**ਏਹ ਜਨਮ ਤੁਮਾਰੇ ਲੇਖੇ**

ਸਿਰਲੇਖ ਨਾਂ ਦੀ ਇਹ ਇੱਕ ਫੀਚਰ ਫ਼ਿਲਮ ਹੈ ਜੋ ਭਗਤ ਜੀ ਦੇ ਜੀਵਨ ਤੇ ਬਣਾਈ ਗਈ ਹੈ।

**ਸਨਮਾਨ**

1981 ਪਦਮਸ਼੍ਰੀ ਐਵਾਰਡ, ਭਗਤ ਜੀ ਦੇ ਦਿਲ ਨੂੰ ਸਾਕਾ ਨੀਲਾ ਤਾਰਾ ਦੀ ਦੁਖਦਾਇਕ ਘਟਨਾ ਤੋਂ ਏਨਾ ਸਦਮਾ ਪਹੁੰਚਿਆ ਕਿ ਇੰਨਾਂ ਨੇ ਰੋਸ ਵਜੋਂ ਪਦਮ ਵਿਭੂਸ਼ਨ ਅਵਾਰਡ ਵਾਪਸ ਕਰ ਦਿੱਤਾ।

*1990 ਹਾਰਮਨੀ ਐਵਾਰਡ,*

*1991 ਰੋਗ ਰਤਨ ਐਵਾਰਡ*

*1991 ਭਾਈ ਘਨਈਆ ਐਵਾਰਡ*

**ਭਗਤ ਪੂਰਨ ਸਿੰਘ ਜੀ ਦੀ ਜੀਵਨੀ**

ਸੇਵਾ ਦੀ ਗੱਲ ਕਰਦਿਆਂ ਹੀ ਭਾਈ ਘਨੱਈਆ ਜੀ ਵਾਂਗ ਭਗਤ ਪੂਰਨ ਸਿੰਘ ਦਾ ਨਾਂ ਆਪ ਮੁਹਾਰੇ ਹੀ ਬੁੱਲਾਂ ਉਤੇ ਆ ਜਾਂਦਾ ਹੈ। ਉਨਾਂ ਦਾ ਜਨਮ ਜ਼ਿਲਾ ਲੁੱਧਿਆਣਾ ਦੀ ਤਹਿਸੀਲ ਖੰਨਾ ਦੇ ਪਿੰਡ ਰਾਜੇਵਾਲ ਵਿਖੇ 4 ਜੂਨ, 1908 ਨੂੰ ਇਕ ਸਨਾਤਨ ਧਰਮੀ ਹਿੰਦੂ ਘਰਾਣੇ ਵਿਚ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਹੋਇਆ। ਉਨਾਂ ਦਾ ਪਿਤਾ ਲਾਲਾ ਸ਼ਿਬੂ ਮੱਲ ਪਿੰਡ ਦਾ ਸ਼ਾਹੂਕਾਰ ਸੀ ਜੋ ਸਾਲ ਦਾ 52 ਰੁਪਏ ਇਨਕਮ ਟੈਕਸ ਅਤੇ 200 ਰੁਪਏ ਜ਼ਮੀਨ ਦਾ ਮਾਮਲਾ ਦਿੰਦਾ ਹੁੰਦਾ ਸੀ। ਉਨਾਂ ਦਾ ਬਚਪਨ ਦਾ ਨਾਂ ਰਾਮਜੀ ਦਾਸ ਸੀ। ਉਨਾਂ ਦੇ ਜਨਮ ਸਮੇਂ ਘਰ ਵਿਚ ਚਾਰ ਮੱਝਾਂ ਦੁੱਧ ਦਿੰਦੀਆਂ ਸਨ ਅਤੇ ਘਰ ਵਿਚ ਇਕ ਰੱਥ ਵੀ ਸੀ। ਪਾਣੀ ਦਾ ਘੜਾ, ਘਿਓ ਦੀ ਚਾਟੀ, ਖੰਡ ਅਤੇ ਸ਼ੱਕਰ ਦੀਆਂ ਮੱਟੀਆਂ ਇਕੋ ਥਾਂ ਕੰਧ ਨਾਲ ਰੱਖੇ ਰਹਿੰਦੇ ਸਨ। ਉਨਾਂ ਦੀ ਮਾਂ ਭਾਵੇਂ ਪੜੀ ਲਿਖੀ ਨਹੀਂ ਸੀ ਪਰ ਬਹੁਤ ਸੂਝਵਾਨ ਅਤੇ ਧਾਰਮਿਕ ਖਿਆਲਾਂ ਦੀ ਸੀ ।

ਪਿੰਡ ਵਿਚ ਰਾਮਾਇਣ, ਮਹਾਂ ਭਾਰਤ ਅਤੇ ਭਗਵਤ ਗੀਤਾ ਦੀ ਕਥਾ ਉਨਾਂ ਦੇ ਮਾਤਾ ਪਿਤਾ ਦੋਵੇਂ ਹੀ ਸੁਨਣ ਜਾਇਆ ਕਰਦੇ ਸਨ। ਉਨਾਂ ਦੇ ਘਰ ਇਕ ਰਿਟਾਇਰਡ ਸਿੱਖ ਫੌਜੀ ਆਇਆ ਕਰਦਾ ਸੀ ਜੋ ਮਾਂ ਨੂੰ ਸਿੱਖੀ ਬਾਰੇ ਬਹੁਤ ਕੁਝ ਦੱਸਦਾ ਰਹਿੰਦਾ ਸੀ। ਉਹ ਰੁੱਖ ਲਾਉਣ ਅਤੇ ਉਨਾਂ ਨੂੰ ਪਾਣੀ ਪਾਉਣ ਨੂੰ ਭਲੇ ਦਾ ਕੰਮ ਅਤੇ ਪੁੰਨ ਸਮਝਦੀ ਸੀ। ਚੌਰਸਤੇ ਵਾਲੀ ਖੂਹੀ 'ਤੇ ਲੱਜ, ਡੋਲ ਨਾਲ ਉਹ ਸਾਰਾ-ਸਾਰਾ ਦਿਨ ਰਾਹੀਆਂ ਅਤੇ ਡੰਗਰਾਂ ਨੂੰ ਪਾਣੀ ਪਿਆਲਦੀ ਰਹਿੰਦੀ। ਇੰਨਾਂ ਕੰਮਾਂ ਵਿਚ ਰਾਮਜੀ ਦਾਸ ਵੀ ਹੱਥ ਵਟਾਉਂਦਾ। ਰਸਤੇ 'ਚ ਤੁਰੇ ਜਾਂਦਿਆਂ ਮਾਂ ਉਸਨੂੰ ਕੰਡੇ, ਸੂਲਾਂ, ਰੋੜੇ, ਆਦਿ ਚੁੱਕਣ ਨੂੰ ਆਖਦੀ ਤਾਂ ਜੋ ਕਿਸੇ ਦੇ ਪੈਰਾਂ ਵਿਚ ਨਾ ਚੁਭ ਜਾਣ। ਉਹ ਇੱਟਾਂ, ਰੋੜੇ ਵੀ ਰਾਹ ਵਿਚੋਂ ਚੁੱਕਣ ਲਈ ਕਹਿੰਦੀ ਤਾਂ ਜੋ ਗੱਡੇ ਦੇ ਪੱਹੀਏ ਅੱਗੇ ਆਉਂਣ ਨਾਲ ਬਲਦਾਂ ਦਾ ਜ਼ਿਆਦਾ ਜੋਰ ਨ ਲੱਗੇ। ਉਹ ਇਹ ਵੀ ਆਖਦੀ ਕਿ ਰਸਤੇ 'ਚ ਤੁਰੇ ਜਾਂਦੇ ਕੀੜਾ, ਕੀੜੀ ਵੇਖਕੇ ਤੁਰਿਆ ਕਰ ਤਾਂ ਜੋ ਪੈਰਾਂ ਹੇਠ ਆ ਕੇ ਮਰ ਨ ਜਾਣ। ਛੱਤ ਉਤੇ ਚਿੜੀਆਂ, ਗਟਾਰਾਂ, ਕਬੂਤਰਾਂ ਨੂੰ ਚੋਗਾ ਪਾਉਣ ਵੀ ਭੇਜਦੀ। ਇਨਾਂ ਸਾਰੀਆਂ ਗੱਲਾਂ ਨਾਲ ਰਾਮਜੀ ਦਾਸ ਤੇ ਦਿਲ ਵਿਚ ਰੁੱਖਾਂ, ਮਨੁੱਖਾਂ, ਪਸ਼ੂਆਂ ਅਤੇ ਪੰਛੀਆਂ ਪ੍ਰਤੀ ਡੂੰਘੀ ਦਿਆ, ਪਿਆਰ ਅਤੇ ਹਮਦਰਦੀ ਪੈਦਾ ਹੋਈ ਅਤੇ ਨਾਲ ਹੀ ਸੇਵਾ ਅਤੇ ਪਰਉਪਕਾਰ ਦੇ ਭਾਵ ਵੀ ਪੈਦਾ ਹੋਏ। ਮਾਂ ਰਾਮਜੀ ਦਾਸ ਨੂੰ ਬਾਣੀ ਦੇ ਰਸੀਏ ਸੰਤ ਬ੍ਰਹਮ ਦਾਸ ਦਾ ਕੀਰਤਨ ਸੁਨਣ ਵੀ ਭੇਜਦੀ ਅਤੇ ਸਵੇਰੇ ਰੋਟੀ ਦੇਣ ਤੋਂ ਪਹਿਲਾਂ ਮੰਦਰ ਮੱਥਾ ਟੇਕਣ ਭੇਜਦੀ। ਰਾਮਜੀ ਦਾਸ ਨੂੰ ਸੰਤਾਂ, ਭਗਤਾਂ, ਮਹਾਂਪੁਰਸ਼ਾਂ ਦੀਆਂ ਸਾਖੀਆਂ ਵੀ ਸੁਣਾਉਂਦੀ ਰਹਿੰਦੀ, ਜਿਸ ਨਾਲ ਧਾਰਮਿਕ ਰੁਚੀ ਪੈਦਾ ਹੋਣੀ ਜ਼ਰੂਰੀ ਸੀ।ਚਾਹੇ ਸ਼ਿਵ ਮੰਦਰ ਦਾ ਵੈਰਾਗੀ ਸਾਧੂ ਹੋਵੇ ਜਾਂ ਉਦਾਸੀ ਸੰਤ ਜਾਂ ਰਵਿਦਾਸੀਏ ਮਹੰਤ ਜਾਂ ਸਾਰੰਗੀ ਵਾਲਾ ਮੁਸਲਮਾਨ, ਸਭ ਨੂੰ ਰਾਮਜੀ ਤੋਂ ਦੋਵਾਂ ਹੱਥਾਂ ਦੀ ਬੁੱਕ ਭਰਕੇ ਆਟਾ, ਦਾਣਾ ਪਵਾਉਂਦੀ, ਜਿਸ ਨਾਲ ਉਸ ਵਿਚ ਹੱਥੋਂ ਕੁਝ ਦੇਣ ਦੀ ਰੁਚੀ ਪੈਦਾ ਹੋਈ।



ਮਾਂ ਰਾਮਜੀ ਨੂੰ ਅਥਾਹ ਪਿਆਰ ਕਰਦੀ ਅਤੇ ਉਸਦੇ ਜਨਮ ਦਿਨ 'ਤੇ ਸੱਤ ਕੰਜਕਾਂ (ਦਸ, ਬਾਰਾਂ ਸਾਲ ਦੀਆਂ ਕਵਾਰੀਆਂ ਕੁੜੀਆਂ) ਨੂੰ ਘਰ ਬੁਲਾਕੇ ਖਾਣਾ ਖਵਾਉਂਦੀ ਅਤੇ ਖਾਣੇ ਤੋਂ ਪਹਿਲਾਂ ਰਾਮਜੀ ਦਾਸ ਤੋਂ ਉਨਾਂ ਦੇ ਪੈਰ ਧੋਵਾਉਂਦੀ। ਇਸ ਨਾਲ ਰਾਮਜੀ ਦੇ ਦਿਲ ਵਿਚ ਔਰਤ-ਜਾਤ ਪ੍ਰਤੀ ਬਹੁਤ ਆਦਰ ਪੈਦਾ ਹੋਇਆ।

ਮਾਤਾ, ਪਿਤਾ ਇਤਨੇ ਸੁਹਿਰਦ ਸਨ ਕਿ ਜਦੋਂ 1905 ਵਿਚ ਪਲੇਗ ਪਈ ਤਾਂ ਲੋਕਾਂ, ਜਿਨਾਂ ਚੂਹਿਆਂ ਤੋਂ ਡਰਦਿਆਂ ਖੇਤਾਂ ਵਿਚ ਝੁੱਗੀਆਂ ਪਾ ਲਈਆਂ ਸਨ, ਦੀ ਕੱਲੀ-ਕੱਲੀ ਝੁੱਗੀ ਵਿਚ ਜਾਕੇ ਉਨਾਂ ਦਾ ਹਾਲ ਪੁੱਛਦੇ। 1913 ਦੇ ਨੇੜੇ ਜਦ, ਮੀਂਹ ਨ ਪੈਣ ਕਾਰਨ, ਕਾਲ ਪੈ ਗਿਆ ਤਾਂ ਰਾਮਜੀ ਦਾਸ ਦੇ ਪਿਤਾ ਨੇ ਲੋਕਾਂ ਕੋਲੋਂ, ਕਰਜੇ ਦੇ ਰੂਪ ਵਿਚ, ਲਗਭਗ 50,000 ਰੁਪਏ ਲੈਣੇ ਸਨ। ਉਸ ਵੇਲੇ ਉਨਾਂ ਪਾਸ ਘਰ ਵਿਚ ਜੋ ਦੋ ਜਾਂ ਚਾਰ ਹਜ਼ਾਰ ਰੁਪਏ ਸਨ, ਉਸ ਰਕਮ ਨਾਲ ਉਨਾਂ ਦੇ ਪਿਤਾ ਨੇ ਇਕ ਡੱਬਾ ਮੱਕੀ ਅਤੇ ਦੋ ਡੱਬੇ ਤੂੜੀ ਦੇ ਭਰਕੇ ਲੈ ਆਓਦੇ ਅਤੇ ਖੰਨਾ ਸਟੇਸ਼ਨ ਦੇ ਮਾਲ ਗੁਦਾਮ ਤੋਂ ਲੋਕਾਂ ਨੂੰ ਤੋਲ-ਤੋਲ ਕੇ ਦੇਈ ਗਿਆ ਅਤੇ ਕਹਿੰਦਾ ਗਿਆ ਕਿ ਤੁਹਾਡੇ ਕੋਲ ਜਦੋਂ ਪੈਸੇ ਹੋਣਗੇ ਦੇ ਦੇਣਾ ਨਹੀਂ ਤਾਂ ਨ ਸਹੀ। ਆਪੇ ਰੱਬ ਦੇ ਲੇਖੇ ਜਾਣਗੇ।

**ਹਾਈ ਸਕੂਲ ਖੰਨਾ ਦੇ ਹੋਸਟਲ ਵਿਚ** (1916/1923) :

ਲੋਕਾਂ ਤੋਂ ਪੈਸੇ ਵਾਪਸ ਨਾ ਮੁੜੇ, ਪਿਤਾ ਦਾ ਸ਼ਾਹੂਕਾਰਾ ਖਤਮ ਹੋ ਗਿਆ ਅਤੇ ਘਰ ਵਿਚ ਗਰੀਬੀ ਆ ਗਈ। ਪਰ ਮਾਂ ਨੇ ਉਸਨੂੰ ਪੜਨ ਤੋਂ ਨਹੀਂ ਹਟਾਇਆ। ਰਾਮਜੀ ਦਾਸ ਦਾ ਵੱਡਾ ਅਤੇ ਮਤਰੇਆ ਭਰਾ (ਲਾਲਾ ਸ਼ਿੱਬੂ ਮੱਲ ਪਹਿਲਾਂ ਵੀ ਵਿਆਹਿਆ ਹੋਇਆ ਸੀ ਅਤੇ ਇਕ ਪੁੱਤ ਤੇ ਇਕ ਧੀ ਦਾ ਪਿਤਾ ਸੀ) ਉਸ ਨਾਲ ਬਹੁਤ ਨਫ਼ਰਤ ਕਰਦਾ, ਇੱਥੋਂ ਤਕ ਕਿ ਉਸਨੂੰ ਆਪਣਾ ਭਰਾ ਵੀ ਨਹੀਂ ਮੰਨਦਾ ਸੀ। ਮਾਂ ਨਹੀਂ ਚਾਹੁੰਦੀ ਸੀ ਕਿ ਉਸਦਾ ਪੁੱਤਰ ਇਸ ਤਰਾਂ ਨਫ਼ਰਤ ਅਤੇ ਹੀਣ-ਭਾਵ ਦੇ ਵਾਤਾਵਰਨ ਵਿਚ ਰਵੇ। ਇਸ ਲਈ, ਭਾਵੇਂ ਖਰਚਾ ਦੇਣ ਦੇ ਸਮਰਥ ਨਹੀਂ ਸੀ ਫਿਰ ਵੀ ਮਾਂ ਨੇ ਪਿੰਡ ਤੋਂ ਛੇ ਮੀਲ ਦੀ ਦੂਰੀ ਤੇ ਖੰਨਾ ਕਸਬੇ ਦੇ ਹਾਈ ਸਕੂਲ ਦੇ ਹੋਸਟਲ ਵਿਚ ਉਸਨੂੰ ਦਾਖਲ ਕਰਵਾ ਦਿੱਤਾ, ਜਿੱਥੇ ਉਹ 1916 ਤੋਂ 1923 ਤੱਕ ਸੱਤ ਸਾਲ ਰਿਹਾ। ਹੋਸਟਲ ਦਾ ਖਰਚਾ ਉਸਦੀ ਮਾਂ ਨੇ ਦਸ ਰੁਪਏ ਮਹੀਨਾ ਮਿੰਟਗੁਮਰੀ ਵਿਖੇ ਇਕ ਡਾਕਟਰ ਦੇ ਘਰ ਭਾਂਡੇ ਮਾਂਜਣ ਦੀ ਨੌਕਰੀ ਕਰਕੇ ਦਿੱਤਾ।

**ਸਿੱਖ ਬਨਣ ਦਾ ਖਿਆਲ ਕਿਵੇਂ ਆਇਆ ?**

1923 ਵਿਚ ਦਸਵੀਂ ਦਾ ਇਮਤਿਹਾਨ ਲੁਧਿਆਣੇ ਦਿੱਤਾ। ਵਾਪਸੀ ਉੱਤੇ ਲੁਧਿਆਣੇ ਵਿਖੇ ਹੀ ਸ਼ਿਵਜੀ ਦੇ ਮੰਦਰ ਦਰਸ਼ਨ ਕਰਨ ਚਲਾ ਗਿਆ। ਮੰਦਰ ਵਿਚ ਉਸਨੇ ਠਾਕਰਾਂ ਦੀਆਂ ਮੂਰਤੀਆਂ ਨੂੰ ਮਲ-ਮਲ ਕੇ ਇਸ਼ਨਾਨ ਕਰਾਇਆ, ਸਾਫ ਕੀਤਾ ਅਤੇ ਆਪਣੀ-ਆਪਣੀ ਥਾਂ ਤੇ ਟਿਕਾ ਕੇ ਡੰਡਾਉਤ ਬੰਦਨਾ ਕੀਤੀ। ਇਹ ਵੇਖਕੇ ਮੰਦਰ ਦਾ ਪੁਜਾਰੀ ਬੜਾ ਪ੍ਰਭਾਵਤ ਹੋਇਆ। ਉਸ ਮੰਦਰ ਵਿਚ ਸੰਸਕ੍ਰਿਤ ਪੜਨ ਵਾਲੇ ਪੰਜ ਵਿਦਿਆਰਥੀ ਵੀ ਸਨ। ਠਾਕਰਾਂ ਦੀ ਸੇਵਾ ਵੇਖ ਵਿਦਿਆਰਥੀ ਵੀ ਹੈਰਾਨ ਹੋਏ। ਇੰਨੇ ਨੂੰ ਰੋਟੀ ਖਾਣ ਦਾ ਸਮਾਂ ਵੀ ਹੋ ਗਿਆ ਅਤੇ ਪੁਜਾਰੀ ਅਤੇ ਵਿਦਿਆਰਥੀ ਰੋਟੀ ਖਾਣ ਲਈ ਬੈਠ ਗਏ। ਰਾਮਜੀ ਦਾਸ ਵੀ ਪੰਗਤ ਵਿਚ ਉਨਾਂ ਦੇ ਨਾਲ ਹੀ ਬੈਠ ਗਿਆ, ਪਰ ਪੁਜਾਰੀ ਨੇ ਉਸਨੂੰ ਬਾਂਹ ਤੋਂ ਫੜ ਕੇ ਉਠਾ ਦਿੱਤਾ। ਇਸ ਨਾਲ ਰਾਮਜੀ ਦੇ ਦਿਲ ਨੂੰ ਬਹੁਤ ਠੇਸ ਲੱਗੀ ਅਤੇ ਜੇਬ ਵਿਚ ਪੈਸੇ ਨ ਹੋਣ ਕਾਰਨ, ਉਹ ਭੁੱਖਣ-ਭਾਣਾ ਪੈਦਲ ਹੀ ਖੰਨੇ ਵੱਲ ਚੱਲ ਪਿਆ। ਰਸਤੇ ਵਿਚ ਹਨੇਰਾ ਪੈ ਜਾਣ ਕਰਕੇ ਰਾਤ ਇਕ ਜ਼ਿਮੀਂਦਾਰ ਦੇ ਘਰ ਕੱਟੀ ਅਤੇ ਅਗਲੇ ਦਿਨ ਗੁਰਦੁਆਰਾ ਰੇਰੂ ਸਾਹਿਬ ਪਹੁੰਚ ਗਿਆ। ਉਥੇ ਮਿੱਠੀ ਅਤੇ ਗਾੜੀ ਲੱਸੀ ਵੰਡੀ ਜਾ ਰਹੀ ਸੀ। ਚਾਹ ਜਿਹੜੀ ਵੰਡੀ ਜਾ ਰਹੀਂ ਸੀ ਉਹ ਇੰਜ ਸੀ ਜਿਵੇਂ ਨਿਰਾ ਦੁੱਧ ਹੀ ਹੋਵੇ। ਦਸ ਕੁ ਵਜੇ ਗੁਰੂ ਕਾ ਲੰਗਰ ਵਰਤਿਆ ਜਿਸ ਵਿਚ ਗੁੜ ਵਾਲੇ ਚੌਲ, ਦੇਸੀ ਘਿਓ ਵਾਲੀ ਦਾਲ ਅਤੇ ਲੋਹ ਦੇ ਪ੍ਰਸ਼ਾਦੇ ਸਨ। ਸੇਵਾਦਾਰ ਬੜੇ ਪਿਆਰ ਨਾਲ ਕਹਿ ਰਹੇ ਸਨ, ਪ੍ਰਸ਼ਾਦਾ ਲਉ ਗੁਰਮੁਖੋ, ਚੌਲ ਲਉ ਪਿਆਰਿਓ, ਦਾਲ ਲਉ ਗੁਰਮੁਖੋ । ਰਾਮਜੀ ਦਾਸ ਹੈਰਾਨ ਵੀ ਹੋਇਆ ਅਤੇ ਤ੍ਰਿਪਤ ਵੀ।

ਬਾਅਦ ਦੁਪਹਿਰ ਤਿੰਨ ਕੁ ਵਜੇ ਫੌਜ 'ਚੋਂ ਛੁੱਟੀ ਆਏ ਪੰਜ, ਸੱਤ ਫੌਜੀ ਸਿੱਖ ਨੌਜਵਾਨ ਵੱਡੇ ਸੰਤ ਅਤਰ ਸਿੰਘ ਜੀ ਪਾਸ ਬੈਠੇ ਸਤਿਸੰਗ ਕਰ ਰਹੇ ਸਨ ਜੋ ਇਕ ਪਰਿਵਾਰਕ ਝਲਕ ਜਾਪਦੀ ਸੀ। ਸ਼ਾਮ ਵੇਲੇ ਕੀਰਤਨ ਹੋਇਆ। ਰਹਿਰਾਸ ਦੇ ਪਾਠ ਤੇ ਅਰਦਾਸ ਨੇ ਤਾਂ ਰਾਮਜੀ ਦੇ ਹਿਰਦੇ ਨੂੰ ਹਰਾ-ਭਰਾ ਕਰ ਦਿੱਤਾ। ਗੁਰਦੁਆਰਾ ਸਾਹਿਬ ਵਿਚ ਜਿਹੜੇ ਸਿੰਘ ਗਊਆਂ ਅਤੇ ਬਲਦਾਂ ਦੀ ਸੇਵਾ ਕਰ ਰਹੇ ਸਨ, ਉਨਾਂ ਦੱਸਿਆ ਕਿ ਉਹ ਤਨਖਾਹ ਨਹੀਂ ਲੈਂਦੇ ਅਤੇ ਉਨਾਂ ਆਪਣਾ ਜੀਵਨ ਗੁਰਦੁਆਰੇ ਨੂੰ ਸੇਵਾ ਲਈ ਦਿੱਤਾ ਹੋਇਆ ਹੈ। (ਉਧਰ ਰਾਮਜੀ ਦਾਸ ਨੂੰ ਫਿਕਰ ਸੀ ਕਿ ਹੋਸਟਲ ਵਿਚ ਤਾਂ ਇਮਤਿਹਾਨ ਦੇਣ ਪਿੱਛੋਂ ਕਿਸੇ ਨੇ ਰਹਿਣ ਨਹੀਂ ਦੇਣਾ ਅਤੇ ਘਰ ਉਸਦਾ ਪਹਿਲਾਂ ਹੀ ਉੱਜੜ ਚੁਕਾ ਸੀ ਅਤੇ ਹੁਣ ਰਹੇਗਾ ਕਿੱਥੇ) ਬੱਸ, ਉਨਾਂ ਸਿੰਘਾਂ ਦੀ ਗੱਲ ਸੁਣਕੇ ਉਸਨੇ ਮਹਿਸੂਸ ਕੀਤਾ ਕਿ ਇਕ ਅਜਿਹਾ ਘਰ ਵੀ ਸੰਸਾਰ ਵਿਚ ਹੈ ਜੋ ਕਦੇ ਉਜੜਦਾ ਨਹੀਂ ਅਤੇ ਜਿਸ ਵਿਚ ਖਾਣ ਪੀਣ ਅਤੇ ਬਸਤਰ ਆਦਿ ਸਾਧਨਾਂ ਦੀ ਕੋਈ ਕਮੀ ਨਹੀਂ ਅਤੇ ਜਿਸ ਵਿਚ ਪਰਵੇਸ਼ ਕਰਕੇ ਕੋਈ ਨੌਜਵਾਨ ਸੰਸਾਰ ਵਿਚ ਆਪਣੇ ਵਧਣ-ਫੁਲਣ ਦਾ ਰਾਹ ਲੱਭ ਸਕਦਾ ਹੈ। ਉਸਨੂੰ ਲੱਗਾ ਕਿ ਉਸਨੂੰ ਉਹ ਥਾਂ ਲੱਭ ਗਿਆ ਹੈ ਜਿਸਦੀ ਉਸਨੂੰ ਆਪਣੇ ਜੀਵਨ ਦੇ ਵਿਕਾਸ ਲਈ ਲੋੜ ਸੀ ਅਤੇ ਜਿਸ ਨਾਲ ਸੰਬੰਧ ਜੋੜਕੇ ਬੰਦਾ ਆਪਣੀਆਂ ਬੁੱਧੀ, ਸਰੀਰ ਅਤੇ ਹਿਰਦੇ ਦੀਆਂ ਸ਼ਕਤੀਆਂ ਦੇ ਵਿਕਾਸ ਅਤੇ ਵਰਤੋਂ ਬਾਰੇ ਸੋਚ-ਵਿਚਾਰ ਲਈ ਸਮਾਂ ਪ੍ਰਾਪਤ ਕਰ ਸਕਦਾ ਹੈ ਕਿ ਕਿਹੜੇ-ਕਿਹੜੇ ਕਾਰਜ ਸੰਸਾਰ ਵਿਚ ਕੀਤੇ ਜਾਣੇ ਚਾਹੀਦੇ ਹਨ ਜੋ ਨਹੀਂ ਹੋ ਰਹੇ ਅਤੇ ਉਨਾਂ ਨੂੰ ਕਰਨ ਵਿਚ ਪਹਿਲ ਕਰਨੀ ਚਾਹੀਦੀ ਹੈ। ਸੋ ਗੁਰਦੁਆਰਾ ਰੇਰੂ ਸਾਹਿਬ ਵਿਚ ਗੁਜ਼ਾਰੀ ਇਕ ਰਾਤ ਅਤੇ ਲੁਧਿਆਣੇ ਦੇ ਸ਼ਿਵਜੀ ਦੇ ਮੰਦਰ ਵਿਚ ਬਿਤਾਏ ਕੁਝ ਘੰਟੇ ਰਾਮਜੀ ਦਾਸ ਦੇ ਜੀਵਨ ਵਿਚ ਪਰਿਵਰਤਨ ਲਿਆਉਣ ਵਾਲੇ ਸਿੱਧ ਹੋਏ।

ਇਸ ਤੋਂ ਪਹਿਲਾਂ ਉਸਨੇ ਸੰਨ 1918 ਦੇ ਨੇੜੇ-ਤੇੜੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਤੇ ਫਤਿਹਗੜ ਸਾਹਿਬ ਵਿਖੇ ਮਹਾਰਾਜਾ ਪਟਿਆਲਾ ਦੇ ਏ.ਡੀ.ਸੀ. ਨੂੰ ਸਿੱਖੀ ਸਰੂਪ ਵਿਚ ਸਵਾਰਕੇ ਬੱਧੀ ਹੋਈ ਦਾੜੀ ਅਤੇ ਦੋਹਰੀ ਸਜਾਈ ਹੋਈ ਦਸਤਾਰ ਵੇਖਿਆ ਸੀ ਜਿਸ ਨੂੰ ਉਸਨੇ ਗੁਰਸਿੱਖੀ ਦੇ ਸੱਭਿਆਚਾਰ ਦੀ ਸੁੰਦਰਤਾ ਦੀ ਪਹਿਲੀ ਝਲਕ ਆਖਿਆ ਸੀ ਅਤੇ ਮਾਂ ਕੋਲ ਉਸਨੇ ਸਿੱਖ ਬਨਣ ਦੀ ਇੱਛਾ ਪ੍ਰਗਟਾਈ ਸੀ। ਮਾਂ ਨੇ ਕਿਹਾ ਸੀ ਦਸਵੀਂ ਤੱਕ ਠਹਿਰ ਜਾਹ ਫਿਰ ਕੇਸ ਰੱਖ ਲਵੀਂ।

ਜੋੜ ਮੇਲੇ ਨੇ ਭਗਤ ਜੀ ਨੂੰ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਅਸਥਾਨ ਅਤੇ ਸੰਸਕਾਰ ਵਾਲੀ ਥਾਂ ਵੇਖਣ ਦਾ ਮੁੱਕਾ ਦਿੱਤਾ। ਇਹ ਥਾਵਾਂ ਵੇਖਣ ਦਾ ਅਤੇ ਸ਼ਹੀਦੀਆਂ ਦੀ ਦਰਦਨਾਕ ਕਹਾਣੀ ਸੁਣਨ ਦਾ ਭਗਤ ਜੀ ਦੇ ਕੋਮਲ ਮਨ 'ਤੇ ਡੂੰਘਾ ਪ੍ਰਭਾਵ ਪਿਆ। ਜਿੱਥੇ ਇਨਾਂ ਕੁਰਬਾਨੀਆਂ ਨਾਲ ਮੁਗਲ ਰਾਜ ਦਾ ਤੇਜ਼ੀ ਨਾਲ ਅੰਤ ਹੋਣਾ ਆਰੰਭ ਗਿਆ ਉੱਥੇ ਭਗਤ ਜੀ ਦੇ ਮਨ ਵਿੱਚ ਖਿਆਲ ਆਇਆ ਕਿ ਸਿੱਖ ਵਿਚਾਰਧਾਰਾ ਕਿੰਨੀ ਮਹਾਨ ਹੈ ਜਿਸ ਨੇ ਕਲੀਆ ਵਰਗੇ ਸੋਹਲ 9 ਅਤੇ 6 ਸਾਲ ਦੇ ਸਾਹਿਬਜ਼ਾਦਿਆਂ ਨੂੰ ਇੰਨੇ ਦ੍ਰਿੜ ਤੇ ਸਖਤ ਬਣਾ ਦਿੱਤਾ ਕਿ ਉਨਾਂ ਨੂੰ ਨਾ ਮੌਤ ਦੇ ਡਰਾਵੇ ਚੁੱਕਾ ਸਕੇ ਨਾ ਹੀ ਐਸ਼ੋ-ਇਸ਼ਰਤ ਵਾਲੀ ਜ਼ਿਦਗੀ ਦੀ ਪੇਸ਼ਕਸ਼ ਉਨਾਂ ਦਾ ਮਨ ਬਦਲ ਸਕੀ ਅਤੇ ਉਨਾਂ ਨੇ ਬਹੁਤ ਸੋਚ-ਸਮਝ ਕੇ ਸ਼ਹੀਦੀ ਦਾ ਜਾਮ ਪੀਤਾ।

**ਬਾਕੀ ਸਫ਼ਾ 29 'ਤੇ**

# ਮੋਰਚਾ ਗੁਰੂ ਕਾ ਬਾਗ

## 08 ਅਗਸਤ, 1922 'ਤੇ ਵਿਸ਼ੇਸ਼



**ਪ੍ਰਮਿੰਦਰ ਸਿੰਘ ਪ੍ਰਵਾਨਾ**

510-415-9377

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ। ਜਿਸ ਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਕੇ, ਮਨੁੱਖੀ ਕਦਰਾਂ ਕੀਮਤਾਂ, ਹੱਕ ਸੱਚ ਨਿਆਂ, ਸਵੈ-ਮਾਣ, ਸਵੈ-ਰੱਖਿਆ ਅਤੇ ਮਨੁੱਖ ਦੀ ਮੁਕੰਮਲ ਅਜ਼ਾਦੀ ਲਈ ਫੌਜੀ ਖ਼ਾਲਸਾ ਤਿਆਰ ਹੋਇਆ। ਜਿਸ ਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖ਼ੀਰ ਆਪਣਾ ਖ਼ਾਲਸਾ ਰਾਜ ਸਥਾਪਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਹ ਲਾਉਣ ਦੀ ਸਾਜਿਸ਼ ਰਚ ਲਈ। ਜਿਸ ਨੇ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ। ਜਿਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯਾਸ਼ੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨ ਤਾਰਨ, ਜੈਤੋਂ, ਮੋਰਚਾ ਗੁਰੂ ਕਾ ਬਾਗ ਦਾ ਹੋਵੇ, ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜ਼ੋਸ਼ ਨਾਲ ਵੱਧ ਚੜ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲਿਆ।

ਇਨਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ, ਸੰਹਿਸਰਾਂ ਹਾਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ ਤੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰੇ ਸਥਾਪਤ ਹਨ। ਇਨਾਂ ਗੁਰਧਾਮਾਂ ਦੇ ਨਾਂ ਕਾਫ਼ੀ ਜ਼ਮੀਨ ਸੀ। ਮਹੰਤ ਸੁੰਦਰ ਦਾਸ ਦਾ ਕਬਜ਼ਾ ਸੀ ਜੋ ਕਿ ਇਕ ਦੁਰਾਚਾਰੀ ਅਤੇ ਅਯਾਸ਼ ਸੀ। ਉਸ ਨੂੰ ਅੰਗਰੇਜ਼ਾਂ ਵਲੋਂ ਸਿੱਖਾਂ ਦੇ ਵਿਰੁਧ ਵਰਤਿਆ ਜਾ ਰਿਹਾ ਸੀ। ਮਹੰਤ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ, 1921 ਈ. ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਬਾਅਦ 08 ਅਗਸਤ, 1922 ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ 'ਮੋਰਚਾ ਗੁਰੂ ਕਾ ਬਾਗ' ਆਰੰਭ ਹੁੰਦਾ ਹੈ।



ਸ਼੍ਰੋਮਣੀ ਕਮੇਟੀ ਵਲੋਂ ਪੁਰਅਮਨ ਸੰਘਰਸ਼ ਕਰਨ ਲਈ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਜ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫ਼ਤਾਰੀ ਲਈ ਭੇਜਿਆ ਜਾਣ ਲੱਗਾ। ਜਿਸ ਨੂੰ ਪੁਲਿਸ ਫੜ ਕੇ ਦੂਰ ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫ਼ਤਾਰੀਆਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਦੀ ਸਖ਼ਤੀ ਵੀ ਵਧਦੀ ਗਈ। ਫਿਰ 31 ਅਗਸਤ, 1922 ਨੂੰ 200 ਅਕਾਲੀਆਂ ਦਾ ਜੱਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਸਿੱਖਾਂ ਦੀ ਕਾਫ਼ੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁਟਮਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧੂਹ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜੱਥਾ, ਫਿਰ 100 ਦਾ ਜੱਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਨਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਨਾਂ ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ ਤੇ ਹੰਡਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਸਲਾ ਕਰਕੇ ਫਿਰ ਉਠਦੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬਸ ਨਹੀਂ ਕੀਤੀ, ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ ਤੇ ਘੋੜੇ ਵੀ ਦੌੜਾਏ ਜਾਣ ਲੱਗੇ।

ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਜਨਤਾ ਅਤੇ ਨੇਤਾ ਗੁਰੂ ਕੇ ਬਾਗ ਪਹੁੰਚਣ ਲੱਗੇ। ਜਿਨਾਂ ਵਿਚ ਮਦਨ ਮੋਹਨ ਮਾਲਵੀਆ, ਸੀ ਐਫ ਐਂਡਰਿਊਜ਼, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਨ, ਸਯਦ ਅਨਾਉਲਾ ਸ਼ਾਹ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜ਼ਮਲ ਖਾਂ, ਸਵਾਮੀ ਸ਼ਰਧਾ ਨੰਦ, ਡਾ. ਅਨਸਾਰੀ, ਭਾਈ ਜੋਧ ਸਿੰਘ, ਸੁੰਦਰ ਅਚਾਰੀਆ, ਪੰਡਿਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖ਼ਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀ ਨਾ ਕੀਤੀ, ਇਹ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਬਾਕੀ ਸਫ਼ਾ 31 'ਤੇ

# ਸਿੱਖ ਧਰਮ ਵਿਚ ਬੁੰਗਿਆਂ ਦਾ ਇਤਿਹਾਸਕ ਮਹੱਤਵ



**ਡਾਕਟਰ ਪਰਮਵੀਰ ਸਿੰਘ**

**ਪੰਜਾਬੀ ਯੂਨੀਵਰਸਿਟੀ ਪਟਿਆਲਾ**

**ਸਿੱਖ ਵਿਰਾਸਤ**

ਬੁੰਗਾ ਸਿੱਖ ਮਾਨਸਿਕਤਾ ਨਾਲ ਜੁੜਿਆ ਹੋਇਆ ਸ਼ਬਦ ਹੈ। ਫ਼ਾਰਸੀ ਭਾਸ਼ਾ ਦਾ ਇਹ ਸ਼ਬਦ ਨਿਵਾਸ ਜਾਂ ਕੀਮਤੀ ਸਾਮਾਨ ਸੰਭਾਲ ਕੇ ਰੱਖਣ ਲਈ ਵਰਤਿਆ ਜਾਂਦਾ ਸੀ। ਕੀਰਤਪੁਰ ਸਾਹਿਬ ਨੇੜੇ ਗੁਰੂ ਹਰਿ ਰਾਇ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਬੁੰਗਾ ਸਾਹਿਬ ਸੁਸ਼ੋਭਿਤ ਹੈ ਜਿਥੇ ਕਿ ਉਨਾਂ ਦੇ ਸਮੇਂ ਘੋੜੇ ਰੱਖੇ ਹੋਏ ਸਨ। ਇਸ ਤਰਾਂ ਇਹ ਸ਼ਬਦ ਰਹਿਣ ਦੇ ਸਥਾਨ ਲਈ ਹੀ ਆਮ ਤੌਰ 'ਤੇ ਵਰਤਿਆ ਜਾਂਦਾ ਰਿਹਾ ਹੈ ਜਿਹੜਾ ਕਿ ਸਮੇਂ ਦੇ ਗੇੜ ਨਾਲ ਧਾਰਮਿਕ ਭਾਵਨਾ ਗ੍ਰਹਿਣ ਕਰ ਗਿਆ ਅਤੇ ਇਸ ਸ਼ਬਦ ਦੀ ਵਰਤੋਂ ਉਨਾਂ ਇਮਾਰਤਾਂ ਲਈ ਰੂੜ ਹੋ ਗਈ ਜਿਹੜੀਆਂ ਕਿ ਗੁਰਧਾਮਾਂ ਦੇ ਆਲੇ-ਦੁਆਲੇ ਮੌਜੂਦ ਸਨ। ਸ੍ਰੀ ਅਕਾਲ ਬੁੰਗਾ ਸਾਹਿਬ ਸਿੱਖਾਂ ਦਾ ਅਜਿਹਾ ਸ਼੍ਰੋਮਣੀ ਅਸਥਾਨ ਹੈ ਜਿਹੜਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਤਿਆਰ ਕਰਵਾਇਆ ਸੀ। ਸਿੱਖ ਇਤਿਹਾਸ ਅਤੇ ਵਿਸ਼ਵਾਸ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਇਹ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੂਪ ਵਿਚ ਪ੍ਰਸਿੱਧ ਹੈ। ਸਮੁੱਚੀ ਸਿੱਖ ਕੌਮ ਦੇ ਇਸ ਕੇਂਦਰੀ ਅਸਥਾਨ 'ਤੇ ਉਸ ਸਮੇਂ ਇਕੱਤਰਤਾ ਕਰਨ ਦਾ ਵਿਧਾਨ ਹੈ ਜਦੋਂ ਕਿਸੇ ਧਾਰਮਿਕ, ਸਮਾਜਿਕ ਜਾਂ ਰਾਜਸੀ ਸੰਕਟ ਦੇ ਮੁਕਾਬਲੇ ਲਈ ਕੌਮੀ ਨੀਤੀ ਧਾਰਨ ਕਰਨੀ ਹੋਵੇ। ਅਠਾਰਵੀਂ ਸਦੀ ਵਿਚ ਇਸ ਬੁੰਗੇ ਵਿਖੇ ਲਏ ਗਏ ਫ਼ੈਸਲਿਆਂ ਨੇ ਇਸ ਮੁਲਕ ਦੀ ਤਕਦੀਰ ਅਤੇ ਤਸਵੀਰ ਬਦਲ ਦਿੱਤੀ ਸੀ। ਦੁਸ਼ਮਣਾਂ ਦੇ ਨਿਸ਼ਾਨੇ 'ਤੇ ਰਿਹਾ ਇਹ ਅਸਥਾਨ ਸਿੱਖ ਹਿਰਦਿਆਂ ਵਿਚ ਸਦੀਵੀ ਤੌਰ 'ਤੇ ਸਤਿਕਾਰ ਗ੍ਰਹਿਣ ਕਰਦਾ ਰਿਹਾ ਹੈ। ਇਸ ਕੇਂਦਰੀ ਬੁੰਗੇ ਦੀ ਸਲਾਮਤੀ ਦੀ ਅਰਦਾਸ ਸਾਡੇ ਰੋਜ਼ਾਨਾ ਜੀਵਨ ਦਾ ਅੰਗ ਹੈ-ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ।

'ਬੁੰਗਾ' ਸ਼ਬਦ ਦੇ ਸਾਹਮਣੇ ਆਉਂਦੇ ਹੀ ਅਤੀਤ ਤੋਂ ਵਰਤਮਾਨ ਦੀ ਯਾਤਰਾ ਅਰੰਭ ਹੋ ਜਾਂਦੀ ਹੈ ਜਿਸ ਵਿਚੋਂ ਕਥਾ, ਕੀਰਤਨ, ਸ਼ਸਤਰ ਵਿੱਦਿਆ, ਧਾਰਮਿਕ ਮਰਯਾਦਾ, ਭਾਵਨਾ ਅਤੇ ਜੋਸ਼ ਪੈਦਾ ਕਰਨ ਦੇ ਨਾਲ-ਨਾਲ ਰਾਜਸੀ ਫ਼ੈਸਲੇ ਕਰਨ ਵਾਲੇ ਮੁੱਢਲੇ ਅਸਥਾਨਾਂ ਦੇ ਦਰਸ਼ਨ ਆਰੰਭ ਹੋ ਜਾਂਦੇ ਹਨ। ਇਨਾਂ ਬੁੰਗਿਆਂ ਦੀ ਕਿਰਿਆਸ਼ੀਲਤਾ ਨੇ ਸਿੱਖਾਂ ਨੂੰ ਸਰੀਰਕ, ਮਾਨਸਿਕ ਅਤੇ ਆਤਮਿਕ ਤੌਰ 'ਤੇ ਬਲਵਾਨ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਭਾਵੇਂ ਕਿ ਵਰਤਮਾਨ ਸਮੇਂ ਵਿਚ ਨਿਵਾਸ ਲਈ ਸਰਾਵਾਂ ਅਤੇ ਵਿੱਦਿਆ ਲਈ ਵਿਦਿਆਲੇ ਹੋਂਦ ਵਿਚ ਆ ਗਏ ਹਨ ਪਰ ਫਿਰ ਵੀ ਇਹ ਬੁੰਗੇ ਸਾਨੂੰ ਵਿਰਾਸਤੀ ਵਿੱਦਿਆ ਨਾਲ ਜੁੜਨ ਅਤੇ ਜੋੜਨ ਦੀ ਪ੍ਰੇਰਨਾ ਪੈਦਾ ਕਰਦੇ ਹਨ। ਵਿਭਿੰਨ ਸਰੋਤਾਂ ਵਿਚ ਇਨਾਂ ਬੁੰਗਿਆਂ ਦੀ ਗਿਣਤੀ ਵੱਖੋ-ਵੱਖਰੀ ਹੈ ਪਰ ਰਿਪੋਰਟ ਸ੍ਰੀ ਦਰਬਾਰ ਸਾਹਿਬ ਵਿਚ ਇਨਾਂ ਦੀ ਗਿਣਤੀ 84 ਦੱਸੀ ਗਈ ਹੈ।

ਅਠਾਰਵੀਂ ਸਦੀ ਦੇ ਅੱਧ ਤੋਂ ਪਿੱਛੋਂ ਜਦੋਂ ਸਿੱਖ ਸਰਦਾਰਾਂ ਨੇ ਪੰਜਾਬ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਮੁਕਤ ਕਰ ਲਿਆ ਤਾਂ ਉਨਾਂ ਨੇ ਆਪਣਾ ਸਾਰਾ ਧਿਆਨ ਆਪੋ-ਆਪਣੇ ਇਲਾਕਿਆਂ ਦੀ ਸਾਂਭ-ਸੰਭਾਲ ਵੱਲ ਲਾਉਣਾ ਆਰੰਭ ਕਰ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਧਾਰਮਿਕ ਅਸਥਾਨ ਹੈ ਜਿਸ ਦੇ ਦਰਸ਼ਨ-ਇਸ਼ਨਾਨ ਅਤੇ ਸੇਵਾ-ਸੰਭਾਲ ਸਿੱਖ ਆਪਣੀਆਂ ਸ਼ਹਾਦਤਾਂ ਦੇ ਕੇ ਕਰਦੇ ਰਹੇ। ਸ਼ਾਂਤੀ ਦੀ ਸਥਾਪਨਾ ਸਮੇਂ ਅਤੇ ਇਲਾਕਿਆਂ ਵਿਚੋਂ ਪ੍ਰਾਪਤ ਹੋਣ ਵਾਲੇ ਮਾਲੀਏ ਨੇ ਸਮੂਹ ਸਰਦਾਰਾਂ ਦਾ ਧਿਆਨ ਸ੍ਰੀ ਹਰਿਮੰਦਰ ਸਾਹਿਬ ਦੇ ਸੁੰਦਰੀਕਰਨ ਵੱਲ ਦੇਣਾ ਆਰੰਭ ਕਰ ਦਿੱਤਾ ਸੀ। ਅਠਾਰਵੀਂ ਸਦੀ ਵਿਚ ਸੰਕਟ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਜਿਹੜੇ ਛੋਟੇ ਮਕਾਨ ਜਾਂ ਛੰਨਾਂ ਸਨ, ਉਹ ਹਮਲਾਵਰਾਂ ਨੇ ਕਈ ਵਾਰੀ ਤਬਾਹ ਕਰ ਦਿੱਤੀਆਂ ਸਨ ਪਰ ਤਾਕਤ ਵਿਚ ਆਉਣ 'ਤੇ ਸਿੱਖ ਸਰਦਾਰਾਂ ਨੇ ਇਨਾਂ ਦੀ ਜਗਾ ਪੱਕੇ ਆਲੀਸ਼ਾਨ ਬੁੰਗਿਆਂ ਦੀ ਉਸਾਰੀ ਆਰੰਭ ਕਰਵਾ ਦਿੱਤੀ ਸੀ। ਸ਼ਾਂਤੀ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ-ਦੀਦਾਰ ਕਰਨ ਵਾਲੀਆਂ ਸੰਗਤਾਂ ਦੀ ਗਿਣਤੀ ਵਧਣ ਲੱਗੀ ਤਾਂ ਉਨਾਂ ਦੀ ਰਿਹਾਇਸ਼ ਲਈ ਇਮਾਰਤਾਂ ਦੀ ਉਸਾਰੀ ਆਰੰਭ ਹੋਈ ਜਿਨਾਂ ਨੂੰ ਬੁੰਗੇ ਕਿਹਾ ਜਾਂਦਾ ਸੀ। ਸਿੱਖ ਸਰਦਾਰਾਂ, ਮਿਸਲਦਾਰਾਂ ਅਤੇ ਸੰਗਤਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਕਰਨ ਵਾਲਿਆਂ ਲਈ ਵਿਸ਼ੇਸ਼ ਬੁੰਗਿਆਂ ਦੀ ਉਸਾਰੀ ਕੀਤੀ ਗਈ ਜਿੱਥੇ ਗੁਰੂ-ਘਰ ਦੇ ਕੀਰਤਨੀਏ, ਕਥਾ-ਵਾਚਕ, ਢਾਡੀ, ਗੁਰਬਾਣੀ ਸੰਸਥਾ ਅਤੇ ਸ਼ਸਤਰ ਵਿੱਦਿਆ ਪ੍ਰਦਾਨ ਕਰਨ ਵਾਲੇ ਕਾਰਜ ਕੀਤੇ ਜਾਂਦੇ ਸਨ। ਸਿੱਖਾਂ ਦੀਆਂ ਪ੍ਰਚਾਰਕ ਸੰਪ੍ਰਦਾਵਾਂ ਨਿਰਮਲੇ, ਉਦਾਸੀਆਂ ਅਤੇ ਸੇਵਾ-ਪੰਥੀਆਂ ਆਦਿ ਦੇ ਬੁੰਗੇ ਵੀ ਵੱਖਰੀ ਪਛਾਣ ਰੱਖਦੇ ਸਨ। ਸਿੱਖ ਸਰਦਾਰ ਆਪੋ-ਆਪਣੇ ਇਲਾਕਿਆਂ ਦੇ ਰਾਜੇ-ਮਹਾਰਾਜੇ ਬਣੇ ਤਾਂ ਉਨਾਂ ਨੇ ਆਪੋ-ਆਪਣੇ ਇਲਾਕਿਆਂ ਦੀਆਂ ਸੰਗਤਾਂ ਲਈ ਵੱਖਰੇ ਬੁੰਗਿਆਂ ਦੀ ਉਸਾਰੀ ਵੀ ਕਰਵਾ ਦਿੱਤੀ ਸੀ। ਭਾਵੇਂ ਕਿ ਵੱਖੋ-ਵੱਖਰੀਆਂ ਸੰਸਥਾਵਾਂ, ਸਰਦਾਰਾਂ ਅਤੇ ਸੰਗਤਾਂ ਦੇ ਬੁੰਗੇ ਦੇਖਣ ਨੂੰ ਮਿਲਦੇ ਹਨ ਪਰ ਇਨਾਂ ਦੀਆਂ ਕੁੱਝ ਸਾਂਝੀਆਂ ਵਿਸ਼ੇਸ਼ਤਾਵਾਂ ਸਨ:

1. ਹਰ ਇਕ ਬੁੰਗੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ।
2. ਹਰ ਇਕ ਬੁੰਗੇ ਦਾ ਇਕ ਮੁੱਖ ਸੇਵਾਦਾਰ ਹੁੰਦਾ ਸੀ ਜਿਸ ਨੂੰ ਬੁੰਗਈ ਕਿਹਾ ਜਾਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਤਨੇਮ ਅਨੁਸਾਰ ਪ੍ਰਕਾਸ਼ ਕਰਨ ਦੇ ਨਾਲ-ਨਾਲ ਬੁੰਗੇ ਦੀ ਸਫ਼ਾਈ, ਸੇਵਾ-ਸੰਭਾਲ, ਯਾਤਰੂਆਂ ਲਈ ਸੁਵਿਧਾ ਪ੍ਰਦਾਨ ਕਰਨਾ ਇਸ ਦੀ ਮੁੱਖ ਜ਼ਿੰਮੇਵਾਰੀ ਸੀ।
3. ਬੁੰਗੇ ਧਾਰਮਿਕ ਕਾਰਜਾਂ ਅਤੇ ਰਾਜਸੀ ਵਿਚਾਰਾਂ ਲਈ ਵਰਤੇ ਜਾਂਦੇ ਸਨ ਅਤੇ ਇੱਥੇ ਨਿਵਾਸ ਕਰਨ ਵਾਲੀ ਸੰਗਤ ਇਨਾਂ ਦੀ ਸੇਵਾ-ਸੰਭਾਲ ਲਈ ਬੁੰਗਈ ਦੀ ਸਹਾਇਤਾ ਕਰਦੀ ਸੀ।
4. ਰਾਜੇ-ਮਹਾਰਾਜੇ ਆਪੋ-ਆਪਣੇ ਇਲਾਕਿਆਂ ਦੀ ਸੰਗਤ ਲਈ ਬਣਾਏ ਗਏ ਬੁੰਗਿਆਂ ਦੀ ਸਾਂਭ-ਸੰਭਾਲ ਲਈ ਪ੍ਰਮੁੱਖ ਤੌਰ 'ਤੇ ਯੋਗਦਾਨ ਪਾਉਂਦੇ ਸਨ। ਇਸ ਦੇ ਨਾਲ ਹੀ ਪ੍ਰਚਾਰਕਾਂ ਲਈ ਵੀ ਯਥਾ-ਯੋਗ ਸਹਾਇਤਾ ਕਰਦੇ ਸਨ।

ਇਹ ਬੁੰਗੇ ਕੇਵਲ ਨਿਵਾਸ ਅਸਥਾਨ ਹੀ ਨਹੀਂ ਹੁੰਦੇ ਸਨ। ਬੱਚਿਆਂ ਨੂੰ ਵਿੱਦਿਆ ਪ੍ਰਦਾਨ ਕਰਨ ਵਿਚ ਇਨਾਂ ਦਾ ਵਿਸ਼ੇਸ਼ ਯੋਗਦਾਨ ਸੀ। ਧਰਮ ਗ੍ਰੰਥਾਂ ਦੀ ਵਿੱਦਿਆ ਪ੍ਰਦਾਨ ਕਰਨ ਦੇ ਨਾਲ-ਨਾਲ ਇਨਾਂ ਬੁੰਗਿਆਂ ਵਿਚ ਦੁਨਿਆਵੀ ਵਿੱਦਿਆ ਪ੍ਰਦਾਨ ਕਰਨ 'ਤੇ ਵੀ ਜ਼ੋਰ ਦਿੱਤਾ ਜਾਂਦਾ ਸੀ। ਸਿੱਖ ਸ਼ਖ਼ਸੀਅਤ ਅਤੇ ਆਚਰਣ ਦੀ ਉਸਾਰੀ ਵਿਚ ਇਨਾਂ ਦੁਆਰਾ ਪਾਏ ਗਏ ਯੋਗਦਾਨ ਕਰਕੇ ਇਹ ਹਮੇਸ਼ਾ ਸਿੱਖਾਂ ਦੇ ਸਤਿਕਾਰ, ਸ਼ਰਧਾ ਅਤੇ ਭਾਵਨਾ ਦਾ ਕੇਂਦਰ ਬਣੇ ਰਹੇ ਹਨ।



# ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਇੱਕਪਾਸੜ ਰੋਲ

## ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਜਥੇਬੰਦੀਆਂ ਦੀ ਹੋਈ ਮੀਟਿੰਗ ਦੀ ਕਾਰਵਾਈ ਦੀ ਪੜਚੋਲ

**ਕਿਰਪਾਲ ਸਿੰਘ ਬਠਿੰਡਾ**
**੯੮੩੭੮-੧੩੬੬੧**

ਬਹੁਤ ਲੰਬੇ ਸਮੇਂ ਤੋਂ ਬਾਅਦ ਪੰਥ ਦੇ ਮਸਲੇ ਵਿਚਾਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੰਥਕ ਜਥੇਬੰਦੀਆਂ ਦੀ ਇੱਕ ਮੀਟਿੰਗ 27 ਜੁਲਾਈ ਨੂੰ ਹੋਈ; ਜੋ ਇੱਕ ਸ਼ੁਭ-ਸੰਕੇਤ ਹੋਣੀ ਚਾਹੀਦੀ ਸੀ ਪਰ ਜਿਵੇਂ ਕਿ ਸੱਤਾਧਾਰੀ ਧਿਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤਦੀ ਆਈ ਹੈ, ਉਹੀ ਇਸ ਵਾਰ ਹੋਇਆ ਜਿਸ ਕਾਰਨ ਪੰਥਕ ਧਿਰਾਂ ਦੀ ਏਕਤਾ ਵੱਲ ਵਧਣ ਦੀ ਥਾਂ ਇਸ ਦਾ ਉਲਟਾ ਅਸਰ ਵਿਖਾਈ ਦੇਣਾ ਸ਼ੁਰੂ ਹੋ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹੋਈ ਇਸ ਪਲੇਠੀ ਮੀਟਿੰਗ ਦੇ ਅਸਫਲ ਰਹਿਣ ਦੇ ਹੇਠ ਲਿਖੇ ਕਾਰਨ ਹਨ :

ਪਹਿਲੀ ਘਾਟ ਤਾਂ ਮੀਟਿੰਗ ਲਈ ਸੱਦਾ ਦੇਣ ਵਿੱਚ ਹੀ ਵਿਖਾਈ ਦਿੱਤੀ ਕਿਉਂਕਿ ਸੱਦਾ ਕੇਵਲ ਇੱਕ ਧੜੇ ਦੀਆਂ ਸੰਸਥਾਵਾਂ ਨੂੰ ਦਿੱਤਾ ਗਿਆ। ਦੂਸਰੇ ਪੱਖ ਨੂੰ ਪੂਰੀ ਤਰਾਂ ਵਿਸਾਰੇ ਜਾਣ ਕਾਰਨ ਫੁੱਟ ਦੀਆਂ ਦੂਰੀਆਂ ਘਟਣ ਦੀ ਥਾਂ ਵਧਣ ਦਾ ਸੰਕੇਤ ਹੈ।

ਜਿਹੜੇ ਸੱਦੇ ਵੀ ਗਏ ਉਨਾਂ ਵਿੱਚੋਂ ਵੀ ਕੁਝ ਸੁਹਿਰਦ ਸੱਜਣਾਂ ਨੇ ਚੰਗੇ ਸੁਝਾਉ ਵੀ ਦਿੱਤੇ ਪਰ ਉਨਾਂ ਨੂੰ ਪੂਰੀ ਤਰਾਂ ਵਿਸਾਰ ਦਿੱਤਾ ਗਿਆ। ਮਿਸਾਲ ਦੇ ਤੌਰ ’ਤੇ ਡਾ. ਹਰਸਿਮਰਨਜੀਤ ਸਿੰਘ ਨੇ ਸੁਝਾਉ ਦਿੱਤਾ ਕਿ ਕਿਸੇ ਵੀ ਸਮੱਸਿਆ ਦੇ ਪਹਿਲਾਂ ਕਾਰਨ ਲੱਭਣੇ ਪੈਣਗੇ, ਫਿਰ ਉਸ ਨੂੰ ਦੂਰ ਕਰਨ ਦੇ ਉਪਾਉ ਅਤੇ ਤੀਸਰੇ ਨੰਬਰ ’ਤੇ ਉਨਾਂ ਉਪਾਵਾਂ ਨੂੰ ਵਰਤਣ ਦਾ ਸਹੀ ਤਰੀਕਾ। ਦੂਸਰਾ ਸੁਝਾਉ ਸੀ ਕਿ ਜਦ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਕਿਸੇ ਸੰਸਥਾ ਦੇ ਅਧੀਨ ਰਹੇਗਾ ਤਦ ਤੱਕ ਇਹ ਸੁਤੰਤਰ ਰੂਪ ’ਚ ਨਹੀਂ ਆ ਸਕਦਾ ਅਤੇ ਜਦ ਤੱਕ ਇਹ ਸੁਤੰਤਰ ਨਹੀਂ ਤਦ ਤੱਕ ਇਹ ਸਮੁੱਚੇ ਪੰਥ ਨੂੰ ਸਹੀ ਸੇਧ ਦੇਣ ਦੇ ਸਮਰੱਥ ਨਹੀਂ ਹੋ ਸਕਦਾ। ਇਸ ਲਈ ਜਰੂਰੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸੁਤੰਤਰਤਾ ਵਾਲਾ ਰੁਤਬਾ ਬਹਾਲ ਹੋਵੇ।

ਦਮਦਮੀ ਟਕਸਾਲ ਦੇ ਇੱਕ ਧੜੇ ਦੇ ਮੁਖੀ ਭਾਈ ਰਾਮ ਸਿੰਘ ਸੰਗਰਾਵਾਂ ਨੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦੇ ਹੋਏ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੋਈ ਵੀ ਧਿਰ ਜਾਂ ਸਿੱਖ ਬਾਗੀ ਨਹੀਂ ਪਰ ਆਮ ਤੌਰ ’ਤੇ ਇੱਥੇ ਤਾਂ ਇੱਕ ਧੜੇ ਨੂੰ ਨੁਮਾਇੰਦਗੀ ਦਿੱਤੀ ਜਾ ਰਹੀ ਹੈ। ਜਥੇਦਾਰ ਸਾਹਿਬ ਸਰਬ ਸਾਂਝੇ ਬਣ ਕੇ ਵਿਖਾਉਣ ਤਾਂ ਕੋਈ ਵੀ ਸਿੱਖ ਬਾਗੀ ਹੋਣ ਦੀ ਜ਼ੁਅੱਰਤ ਨਹੀਂ ਕਰ ਸਕਦਾ।

ਸੰਤਾ ਤੇਜਾ ਸਿੰਘ ਐੱਮ.ਏ. ਖੁੱਡੇ ਵਾਲੇ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਪਹਿਲੀ ਵਾਰ ਨਹੀਂ ਹੋਈ ਸਗੋਂ ਪਹਿਲਾਂ ਵੀ ਹੁੰਦੀਆਂ ਆਈਆਂ, ਜੋ ਸਾਡੇ ਰਾਜ ’ਚ ਵੀ ਹੋਈਆਂ ਤੇ ਦੂਸਰਿਆਂ ਦੇ ਰਾਜ ਵਿੱਚ ਵੀ। ਅਸੀਂ ਦੂਸਰਿਆਂ ਤੋਂ ਇਨਸਾਫ਼ ਤਾਂ ਮੰਗਦੇ ਹਾਂ ਪਰ ਆਪਣਿਆਂ ਤੋਂ ਕਿਉਂ ਨਹੀਂ।

ਸਨਮਾਨਯੋਗ ਉਪ੍ਰੋਕਤ ਤਿੰਨਾਂ ਹੀ ਵਿਅਕਤੀਆਂ ਨੇ ਬਹੁਤ ਹੀ ਨਿੱਗਰ ਸੁਝਾਉ ਦਿੱਤੇ ਜਿਨਾਂ ਵੱਲ ਧਿਆਨ ਦੇਣ ਦੀ ਬਹੁਤ ਲੋੜ ਹੈ ਪਰ ਬਦਕਿਸਮਤੀ ਇਹ ਰਹੀ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜੰਗੀਰ ਕੌਰ ਸਮੇਤ ਕਿਸੇ ਵੀ ਬੁਲਾਰੇ ਨੇ ਇਨਾਂ ਸੁਝਾਵਾਂ ਦੀ ਪ੍ਰੋੜਤਾ ਕਰਨ ਵੱਲ ਸੰਕੇਤ ਮਾਤਰ ਨਹੀਂ ਦਿੱਤਾ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਮਾਂ ਲੰਘਣ ਤੋਂ ਬਾਅਦ ਹਰ ਧਰਮ ਦੇ ਅਸੂਲਾਂ ’ਤੇ ਕੁਝ ਗਰਦੇ ਦੀ ਧੂੜ ਜੰਮ ਜਾਂਦੀ ਹੈ। ਲੋੜ ਹੁੰਦੀ ਹੈ ਕਿ ਕਿਸੇ ਨਰਮ ਬੁਰਸ਼ ਨਾਲ ਇਹ ਧੂੜ ਸਾਫ਼ ਕੀਤੀ ਜਾਵੇ ਪਰ ਸਾਡੀ ਬਦਕਿਸਮਤੀ ਹੈ ਕਿ ਇੱਕ ਧੜੇ ਨੇ ਤਾਂ ਉਸ ਧੂੜ ਨੂੰ ਹੀ ਧਰਮ ਮੰਨ ਲਿਆ ਤੇ ਉਨਾਂ ਇਸੇ ਨੂੰ ਪੂਜਣਾ ਸ਼ੁਰੂ ਕਰ ਦਿੱਤਾ। ਦੂਸਰੇ ਧੜੇ ਨੇ ਨਰਮ ਬੁਰਸ਼ ਫੜਨ ਦੀ ਥਾਂ ਤਾਰਾਂ ਵਾਲਾ ਬੁਰਸ਼ ਫੜ ਲਿਆ ਤੇ ਆਹ ਵੀ ਗਲਤ, ਓਹ ਵੀ ਗਲਤ, ਇਹ ਸਭ ਕੁਝ ਹੀ ਤਬਾਹ ਕਰਨ ’ਤੇ ਤੁਲੇ ਹੋਏ ਹਨ। ਉਹ ਸਿਰਫ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਮਾੜਾ ਨਹੀਂ ਕਹਿੰਦੇ ਬਲਕਿ ਸਾਡੀਆਂ ਪੁਰਾਤਨ ਸੰਪ੍ਰਦਾਵਾਂ ਤੇ ਉਨਾਂ ਦੇ ਮੁਖੀ ਮਹਾਂਪੁਰਸ਼ਾਂ ਨੂੰ ਵੀ ਮਾੜਾ ਕਹਿਣਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਸਾਡਾ ਆਪਸ ’ਚ ਟਕਰਾਅ ਵਧਦਾ ਗਿਆ । ਇਹੀ ਵੱਡੇ ਨੁਕਸਾਨ ਦਾ ਕਾਰਨ ਹੈ।

ਚੰਗਾ ਹੁੰਦਾ ਜੇ ਜਥੇਦਾਰ ਸਾਹਿਬ ਧੂੜ ਅਤੇ ਤਾਰਾਂ ਵਾਲੇ ਬੁਰਸ਼ ਦੀ ਵਿਆਖਿਆ ਵੀ ਕਰ ਦਿੰਦੇ ਪਰ ਬਦਕਿਸਮਤੀ ਇਹ ਰਹੀ ਕਿ ਉਨਾਂ ਨੇ ਇਸ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਸ਼ਾਇਦ ਸਿੱਖੀ ਸਿਧਾਂਤਾਂ ’ਤੇ ਜੰਮੀ ਧੂੜ ਅਤੇ ਤਾਰਾਂ ਵਾਲੇ ਬੁਰਸ਼ ਦੀ ਵਿਆਖਿਆ ਕਰਨੀ ਉਨਾਂ ਦੇ ਏਜੰਡੇ ਵਿੱਚ ਹੀ ਨਹੀਂ ਸੀ। ਜਥੇਦਾਰ ਸਾਹਿਬ ਨੇ ਤਾਂ ਵਿਆਖਿਆ ਨਹੀਂ ਕੀਤੀ ਪਰ ਗੁਰੂ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਇਆ ਮੈਂ ਥੋੜਾ ਖੋਲਣ ਦਾ ਯਤਨ ਕੀਤਾ ਹੈ :

(ੳ) ਮਿਸ਼ਨਰੀ ਸੋਚ ਵਾਲੇ ਪ੍ਰਚਾਰਕਾਂ ਦਾ ਮੱਤ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਜਗਨਨਾਥ ਪੁਰੀ ਦੇ ਪੁਜਾਰੀਆਂ ਵੱਲੋਂ ਥਾਲੀ ਵਿੱਚ ਦੀਵੇ ਅਤੇ ਹੋਰ ਸਮਗਰੀ ਰੱਖ ਕੇ ਮੂਰਤੀ ਦੀ ਆਰਤੀ ਵਿੱਚ ਸ਼ਾਮਲ ਹੋਣ ਦੀ ਬਜਾਏ ਇਸ ਸ਼ਬਦ ਦਾ ਗਾਇਨ ਕੀਤਾ ਸੀ :

**‘ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ ॥੧॥’**
**(ਸੋਹਿਲਾ ਧਨਾਸਰੀ ਮ ੧/੧੩)**

ਇਹ ਸ਼ਬਦ ਦੀਵਿਆਂ ਵਾਲੀ ਆਰਤੀ ਦਾ ਪ੍ਰਤੱਖ ਖੰਡਨ ਕਰਦਾ ਹੈ ਪਰ ਸਾਡੇ ਦੋ ਤਖ਼ਤਾਂ ਅਤੇ ਬਹੁਤ ਸਾਰੇ ਡੇਰਿਆਂ ’ਚ ਹਿੰਦੂ ਪੁਜਾਰੀਆਂ ਦੀ ਤਰਜ਼ ’ਤੇ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੀ ਦੀਵਿਆਂ ਨਾਲ ਭਰਿਆ ਥਾਲ ਘੁਮਾ ਕੇ ਆਰਤੀ ਕੀਤੀ ਜਾਂਦੀ ਹੈ।

(ਅ) ਸਿੱਖ ਮੱਤ ਦਾ ਦ੍ਰਿੜ ਵਿਸ਼ਵਾਸ਼ ਹੈ ਕਿ ਦੇਵੀ ਦੇਵਤਿਆਂ ਅੱਗੇ ਜਾਨਵਰਾਂ ਦੀ ਬਲੀ ਦੇਣ ਵਾਲੇ ਧਰਮੀ ਨਹੀਂ ਹੋ ਸਕਦੇ। ਬਲੀ ਦੇਣ ਦਾ ਖੰਡਨ ਕਰਦਾ ਭਗਤ ਕਬੀਰ ਸਾਹਿਬ ਜੀ ਦਾ ਸ਼ਬਦ ਪੰਨਾ ਨੰ: 1103 ’ਤੇ ਇਉਂ ਦਰਜ ਹੈ :

**‘ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ॥**
**ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥’**

ਪਰ ਇਸ ਪਾਵਨ ਵਚਨ ਨੂੰ ਅਣਡਿੱਠ ਕਰ ਇੱਕ ਤਖ਼ਤ ’ਤੇ ਹੀ ਮਨਮਤਿ ਸ਼ਰੇਆਮ ਹੁੰਦੀ ਵੇਖੀ ਜਾ ਸਕਦੀ ਹੈ।

(ੲ) ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕਬੀਰ ਸਾਹਿਬ ਜੀ ਦਾ ਸ਼ਬਦ ਦਰਜ ਹੈ :

**‘ਜੀਵਤ ਪਿਤਰ ਨ ਮਾਨੈ ਕੋਊ, ਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ, ਕਊਆ ਕੂਕਰ ਖਾਹੀ ॥’**
**(੩੩੨)**

ਸਦੀਆਂ ਤੋਂ ਇਹ ਸ਼ਬਦ ਪੜਨ ਸੁਣਨ ਵਾਲੇ ਸਾਡੇ ਬਹੁਤੇ ਸਿੱਖ ਆਪਣੇ ਮਰ ਚੁੱਕੇ ਪੁਰਖਿਆਂ ਨੂੰ ਭੋਜਨ ਪਹੁੰਚਾਉਣ ਲਈ ਹਰ ਸਾਲ ਸ਼ਰਾਧ ਕਰਦੇ ਅਤੇ ਸਾਡੇ ਗੁਰਦੁਆਰਿਆਂ ਦੇ ਗ੍ਰੰਥੀ ਸਿੰਘ ਸ਼ਰਾਧ ਛੱਕਣ ਜਾਂਦੇ ਹਨ। ਇੱਥੋਂ ਤੱਕ ਕਿ ਗੁਰੂ ਨਾਨਕ ਸਾਹਿਬ ਨੂੰ ਹੀ ਆਪਣੇ ਪਿਤਾ ਮਹਿਤਾ ਕਾਲੂ ਜੀ ਦਾ ਸ਼ਰਾਧ ਕਰਦੇ ਵਿਖਾਇਆ ਗਿਆ ਹੈ।

(ਸ) ਉੱਚੀ ਜਾਤ ਦਾ ਹੰਕਾਰ ਕਰਨ ਵਾਲੇ ਮਨੁੱਖ ਨੂੰ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਮੂਰਖ ਕਿਹਾ ਹੈ:

**‘ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥’**
**(ਮਹਲਾ ੩/੧੧੨੮)**

ਪਰ ਇਸ ਦੇ ਬਾਵਜੂਦ ਸਿੱਖ ਧਰਮ ਦਾ ਅਟੁੱਟ ਅੰਗ ਕਹਾਉਣ ਵਾਲੇ ਕੁਝ ਡੇਰਿਆਂ ’ਚ ਮੰਨੂੰ ਸਿਮ੍ਰਿਤੀ ਦੁਆਰਾ ਘੋਸ਼ਿਤ ਕੀਤੀਆਂ ਦਲਿਤ ਜਾਤੀਆਂ ਦੇ ਸਿੱਖਾਂ ਲਈ ਗੁਰੂ ਕੇ ਲੰਗਰਾਂ ’ਚ ਵੱਖਰੀਆਂ ਪੰਕਤੀਆਂ ਤੇ ਵੱਖਰੇ ਭਾਂਡੇ ਰੱਖੇ ਜਾਂਦੇ ਹਨ। ਉਨਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਣ ਤੇ ਪਾਠ ਕਰਨ ਦੀ ਮਨਾਹੀ ਹੈ। ਬਠਿੰਡਾ ਨੇੜੇ ਪਿੰਡ ਲਹਿਰਾਖਾਨਾ ’ਚ ਇੱਕ ਦਲਿਤ ਲੜਕੀ ਦੇ ਇੱਕ ਡੇਰੇ ਦੇ ਪ੍ਰਬੰਧ ਅਧੀਨ ਗੁਰਦੁਆਰੇ ’ਚ ਅਨੰਦ ਕਾਰਜ ਕਰਨ ਤੋਂ ਨਾਹ ਕਰ ਦਿੱਤੀ। ਉਸ ਵੇਲੇ ਪੰਜਾਬ ’ਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਤ ਕਹਾਉਣ ਵਾਲੇ ਬਾਦਲ ਦਲ ਦੀ ਸਰਕਾਰ ਸੀ। ਕਿਸੇ ਦਲਿਤ ਨਾਲ ਜਾਤੀ ਦੇ ਆਧਾਰ ’ਤੇ ਅਜਿਹਾ ਵਿਤਕਰਾ ਕਰਨ ਦੀ ਨਾ ਗੁਰੂ ਗ੍ਰੰਥ ਸਾਹਿਬ ਇਜ਼ਾਜਤ ਦਿੰਦਾ ਹੈ ਅਤੇ ਨਾ ਹੀ ਦੇਸ਼ ਦਾ ਸੰਵਿਧਾਨ। ਪੀੜਤ ਪਰਿਵਾਰ ਸਰਕਾਰੇ ਦਰਬਾਰੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਗੇੜੇ ਮਾਰਦਾ ਥੱਕ ਗਿਆ ਪਰ ਇਨਸਾਫ਼ ਦੇਣਾ ਤਾਂ ਇੱਕ ਪਾਸੇ ਰਿਹਾ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਨੰਦਗੜ ਤੋਂ ਬਿਨਾਂ ਕਿਸੇ ਹੋਰ ਜਥੇਦਾਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਅਕਾਲੀ ਮੰਤਰੀ, ਮੁੱਖ ਮੰਤਰੀ ਕਿਸੇ ਨੇ ਵੀ ਪੀੜਤ ਪਰਿਵਾਰ ਅਤੇ ਦਲਿਤ ਸਮਾਜ ਦੇ ਹੱਕ ਵਿੱਚ ਹਾਅ-ਦਾ-ਨਾਰਾ ਨਹੀਂ ਮਾਰਿਆ।

(ਹ) ਗੁਰੂ ਗੋਬਿੰਦ ਸਿੰਘ ਜੀ ਨੇ 6 ਕੱਤਕ ਬਿਕ੍ਰਮੀ ਸੰਮਤ 1765 (1708 ਈ:) ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ ਸਮੂਹ ਸਿੱਖਾਂ ਨੂੰ ਹੁਕਮ ਕੀਤਾ: ‘ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ’। ਇਸੇ ਗੁਰੂ ਗ੍ਰੰਥ ਸਾਹਿਬ ਜੀ ’ਚ ਦਰਜ ਹੈ:

**‘ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ, ਭਾਈ ਏਕੋ ਹੈ ॥੧॥ ਰਹਾਉ ॥’ (ਮਹਲਾ ੧/੩੫੦),**
**‘ਗੁਰੁ ਪੂਰਾ, ਮੇਰਾ ਗੁਰੁ ਪੂਰਾ॥’ (ਮਹਲਾ ੫/੬੦੧)**

ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਜਾ ਰਹੀ ਸਿੱਖ ਰਹਿਤ ਮਰਿਆਦਾ ’ਚ ਗੁਰਦੁਆਰੇ ਸਿਰਲੇਖ ਹੇਠ ਭੀ ਇਸ ਤਰਾਂ ਅੰਕਤ ਹੈ : ਮਦ (ਹ) ਗੁਰੂ ਗ੍ਰੰਥ ਸਾਹਿਬ ਜੀ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਪਰ ਬਦਕਿਸਮਤੀ ਨਾਲ ਉਸੇ ਤਖ਼ਤ ਸਾਹਿਬ ਸਮੇਤ ਹੋਰਨਾਂ ਕਈ ਸੰਪ੍ਰਦਾਵਾਂ ਦੇ ਸਥਾਨਾਂ ’ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਸਮ ਗ੍ਰੰਥ ਬਿਲਕੁਲ ਉਸੇ ਮਰਿਆਦਾ ਨਾਲ ਪ੍ਰਕਾਸ਼ ਕਰਕੇ ਬਕਾਇਦਾ ਉਸ ’ਚੋਂ ਭੀ ਹੁਕਮਨਾਮੇ ਲਏ ਜਾਂਦੇ ਹਨ ਅਤੇ ਪ੍ਰਚਾਰ ਕੀਤਾ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਨੂੰ ਸੰਤ ਬਣਾਉਂਦਾ ਹੈ ਅਤੇ ਦਸਮ ਗ੍ਰੰਥ ਸਿਪਾਹੀ ਬਣਾਉਂਦਾ ਹੈ। ਮਿਸ਼ਨਰੀ ਵਿਚਾਰਧਾਰਾ ਵਾਲੇ ਪ੍ਰਚਾਰਕਾਂ ਦਾ ਮੰਨਣਾ ਹੈ ਕਿ ਐਸਾ ਕਰਨ ਵਾਲੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਧੂਰਾ ਗੁਰੂ, ਸਿੱਧ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਭਾਰੀ ਉਲੰਘਣਾ ਅਤੇ ਆਪਣੇ ਗੁਰੂ ਨੂੰ ਅਧੂਰਾ ਸਿੱਧ ਕਰਨ ਦੇ ਤੁਲ ਹੈ।

ਸ਼੍ਰੋਮਣੀ ਕਮੇਟੀ ਅਤੇ ਪੰਥਕ ਵਿਦਵਾਨਾਂ ਦੇ ਡੇਢ ਦਹਾਕੇ ਦੇ ਲੰਬੇ ਵਿਚਾਰ ਵਟਾਂਦਰੇ ਪਿੱਛੋਂ 2003 ਦੀ ਵੈਸਾਖੀ ਵਾਲੇ ਦਿਨ ਦਮਦਮਾ ਸਾਹਿਬ ਵਿਖੇ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਐਲਾਨ ਕੀਤਾ ਅਤੇ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੇ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ। ਇਸ ਕੈਲੰਡਰ ਵਿੱਚ ਸਾਰੇ ਦਿਹਾੜੇ ਗੁਰੂ ਕਾਲ ਸਮੇਂ ਪ੍ਰਚਲਿਤ ਬਿਕ੍ਰਮੀ ਕੈਲੰਡਰ ਦੇ ਸੂਰਜੀ ਪ੍ਰਵਿਸ਼ਟਿਆਂ, ਜੋ ਪੁਰਾਤਨ ਸੋਮਿਆਂ ’ਚ ਦਰਜ ਤਾਰੀਖ਼ਾਂ ਨਾਲ ਪੂਰੀ ਤਰਾਂ ਮੇਲ ਖਾਂਦੇ ਹਨ, ਮੁਤਾਬਕ ਨਿਸ਼ਚਿਤ ਕੀਤੇ ਗਏ। ਹੋਰ ਤਸੱਲੀ ਵਾਲੀ ਗੱਲ ਇਹ ਹੈ ਕਿ ਹਰ ਸਾਲ ਸਾਰੇ ਗੁਰ ਪੁਰਬ ਅਤੇ ਹੋਰ ਦਿਹਾੜੇ 365/66 ਦਿਨਾਂ ਪਿੱਛੋਂ ਉਨਾਂ ਹੀ ਪ੍ਰਵਿਸ਼ਟਿਆਂ ਅਨੁਸਾਰ, ਸਾਰੀ ਦੁਨੀਆਂ ’ਚ ਪ੍ਰਚਲਿਤ ਸਾਂਝੇ ਕੈਲੰਡਰ ਦੀਆਂ ਉਨਾਂ ਹੀ ਤਾਰੀਖ਼ਾਂ ਨੂੰ ਆਉਂਦੇ ਰਹਿਣਗੇ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਪੁਰਬ 23 ਪੋਹ/ 5 ਜਨਵਰੀ, ਹੋਲਾ ਮਹੱਲਾ 1 ਚੇਤ/ 14 ਮਾਰਚ, ਵੈਸਾਖੀ 1 ਵੈਸਾਖ/ 14 ਅਪ੍ਰੈਲ, ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 1 ਹਾੜ/ 16 ਜੂਨ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 11 ਮੱਘਰ/ 24 ਨਵੰਬਰ ਆਦਿਕ। ਇਸ ਤਰਾਂ ਕਿਸੇ ਵੀ ਕੈਲੰਡਰ ਦੀ ਤਾਰੀਖ਼ ਯਾਦ ਰੱਖੀ ਜਾ ਸਕਦੀ ਹੈ।

(ਚਲਦਾ...)

# 90 ਸਾਲ ਪੁਰਾਣੀ ਗੁਰੂ ਰਾਮਦਾਸ ਸਰਾਂ ਨੂੰ ਢਾਹੁਣਾ ਹੋਵੇਗਾ ਗਲਤ ਫੈਸਲਾ

**ਰਜਿੰਦਰ ਸਿੰਘ ਪੁਰੇਵਾਲ**

ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਸਮੂਹ ਵਿਚ ਸਥਿਤ ਲਗਭਗ 90 ਸਾਲ ਪੁਰਾਣੀ ਗੁਰੂ ਰਾਮਦਾਸ ਸਰਾਂ ਦੇ ਨਵ-ਨਿਰਮਾਣ ਦਾ ਫ਼ੈਸਲਾ ਕੀਤਾ ਹੈ, ਜਿਸ ਤਹਿਤ ਇਥੇ ਹੁਣ 800 ਕਮਰੇ, ਕਈ ਹਾਲ ਅਤੇ ਪਾਰਕਿੰਗ ਆਦਿ ਬਣਨਗੇ। ਇਹ ਸਰਾਂ ਇਸ ਵੇਲੇ ਦਰਬਾਰ ਸਾਹਿਬ ਸਮੂਹ ਵਿਚ ਸਭ ਤੋਂ ਪੁਰਾਣੀ ਹੈ। ਇਸ ਦਾ ਨੀਂਹ ਪੱਥਰ 1931 ਵਿਚ ਸਾਧੂ ਸਿੰਘ ਪਟਿਆਲੇ ਵਾਲਿਆਂ ਵੱਲੋਂ ਰੱਖਿਆ ਗਿਆ ਸੀ। ਇੱਥੇ ਫਿਲਹਾਲ 232 ਕਮਰੇ ਅਤੇ 18 ਹਾਲ ਹਨ ਪਰ 125 ਕਮਰੇ ਤੇ ਤਿੰਨ ਹਾਲ ਹੀ ਵਰਤੋਂ ਦੇ ਯੋਗ ਹਨ।

ਇਸ ਸਰਾਂ ਵਿਚ ਠਹਿਰਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਕਿਰਾਇਆ ਨਹੀਂ ਲਿਆ ਜਾਂਦਾ। ਸਮੇਂ ਦੇ ਨਾਲ ਇਸ ਦੀ ਹਾਲਤ ਖਸਤਾ ਹੋ ਰਹੀ ਹੈ, ਕਿਉਂਕਿ ਇਸ ਨੂੰ ਸੰਭਾਲਣ ਲਈ ਉਪਾਅ ਨਹੀਂ ਕੀਤੇ ਗਏ। ਕਈ ਕਮਰਿਆਂ ਵਿਚ ਛੱਤਾਂ ਦਾ ਪਲੱਸਤਰ ਉਤਰਨ ਲਗ ਪਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਦਾ ਕਹਿਣਾ ਹੈ ਕਿ ਦਰਬਾਰ ਸਾਹਿਬ ਵਿਖੇ ਦਰਸ਼ਨਾਂ ਲਈ ਪੁੱਜਦੀ ਸੰਗਤ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਨਵੀਆਂ ਸਰਾਵਾਂ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸੇ ਤਹਿਤ ਗੁਰੂ ਰਾਮਦਾਸ ਸਰਾਂ ਦੇ ਨਵ-ਨਿਰਮਾਣ ਦੀ ਯੋਜਨਾ ਵੀ ਤਿਆਰ ਕੀਤੀ ਗਈ ਹੈ। ਇਥੇ ਹੁਣ 800 ਕਮਰੇ ਤਿਆਰ ਕੀਤੇ ਜਾਣਗੇ। ਇਸ ਦੀ ਬਾਹਰੀ ਦਿੱਖ ਹੂ-ਬ-ਹੂ ਇਸੇ ਤਰਾਂ ਦੀ ਰੱਖੀ ਜਾਵੇਗੀ।

ਜ਼ਿਕਰਯੋਗ ਹੈ ਕਿ ਇਸ ਸਰਾਂ ਦੇ ਨਵ-ਨਿਰਮਾਣ ਲਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਦੋ ਵਾਰ ਪ੍ਰਵਾਨਗੀ ਮਿਲ ਚੁੱਕੀ ਹੈ ਪਰ ਪੰਥਕ ਜਥੇਬੰਦੀਆਂ ਵਲੋਂ ਵਿਰੋਧ ਕਾਰਨ ਪਹਿਲਾਂ ਵੀ ਕੰਮ ਲਟਕ ਗਿਆ ਸੀ।

ਦੂਸਰੇ ਪਾਸੇ ਸਿੱਖ ਸਦਭਾਵਨਾ ਦਲ ਨੇ ਪੰਥਕ ਇਕੱਠ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਗੁਰੂ ਰਾਮਦਾਸ ਸਰਾਂ ਦੇ ਨਵ-ਨਿਰਮਾਣ ਵਾਲਾ ਮਤਾ ਰੱਦ ਕਰਨ ਅਤੇ ਪ੍ਰਸ਼ਾਸਨ ਨੂੰ ਅਕਾਲ ਤਖਤ ਦੇ ਸਕੱਤਰੇਤ ਨੇੜੇ ਚੱਲ ਰਹੇ ਖੁਦਾਈ ਦਾ ਕੰਮ ਬੰਦ ਕਰਵਾਉਣ ਦੀ ਅਪੀਲ ਕੀਤੀ ਹੈ। ਉਨਾਂ ਚੇਤਾਵਨੀ ਦਿੱਤੀ ਸੀ ਕਿ ਜੇ ਖੁਦਾਈ ਦਾ ਕੰਮ ਬੰਦ ਨਾ ਕੀਤਾ ਗਿਆ ਤਾਂ ਜਥੇਬੰਦੀ ਦੇ ਕਾਰਕੁੰਨ ਇਹ ਕੰਮ ਬੰਦ ਕਰਵਾਉਣਗੇ। ਉਨਾਂ ਸੰਗਤਾਂ ਦੇ ਇਕੱਠ ਵਿਚ ਮਤਾ ਪਾਸ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਗੁਰੂ ਰਾਮਦਾਸ ਸਰਾਂ ਢਾਹੁਣ ਦੀ ਯੋਜਨਾ ਰੱਦ ਕਰ ਕੇ ਇਸ ਦੀ ਮੁਰੰਮਤ ਕਿਸੇ ਯੋਗ ਵਿਅਕਤੀ ਕੋਲੋਂ ਕਰਵਾਉਣ ਦੀ ਅਪੀਲ ਕੀਤੀ। ਉਹ 100 ਸਾਲ ਤੋਂ ਪੁਰਾਣੀ ਅਤੇ ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੀ ਨਿਸ਼ਾਨੀ ਵਾਲੀ ਕਿਸੇ ਵੀ ਇਮਾਰਤ ਨੂੰ ਢਾਹੁਣ ਨਹੀਂ ਦੇਣਗੇ। ਭਾਈ ਵਡਾਲਾ ਨੇ ਸਿੱਖ ਸੰਗਤ ਨੂੰ ਸਦਾ ਦਿਤਾ ਹੈ ਕਿ ਕਾਰ ਸੇਵਾ ਦੇ ਨਾਂ ’ਤੇ ਇਤਿਹਾਸਕ ਇਮਾਰਤਾਂ ਦਾ ਘਾਣ ਕਰਨ ਵਾਲਿਆਂ ਨੂੰ ਦਸਵੰਧ ਦੇਣਾ ਬੰਦ ਕਰਨ ਅਤੇ ਗੁਰੂ ਘਰਾਂ ਵਿਚ ਇਨਾਂ ਵੱਲੋਂ ਮਾਇਕ ਮਦਦ ਲਈ ਰੱਖੀਆਂ ਟੋਕਰੀਆਂ ਚੁਕਵਾਉਣ। ਉਨਾਂ ਸਿੱਖ ਇਤਿਹਾਸਕ ਵਿਰਾਸਤ ਦਾ ਕਾਰਸੇਵਾ ਦੇ ਨਾਮ ’ਤੇ ਨੁਕਸਾਨ ਕਰਨ ਵਾਲਿਆਂ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲੇ ਤੇ ਬਾਬਾ ਕਸ਼ਮੀਰਾ ਸਿੰਘ ਭੂਰੀਵਾਲਿਆਂ ਦਾ ਬਾਈਕਾਟ ਕਰਨ ਦੀ ਆਪੀਲ ਕੀਤੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਦਾ ਇਹ ਕਹਿਣਾ ਗਲਤ ਹੈ ਕਿ ਅਕਾਲ ਤਖਤ ਦੇ ਸਕੱਤਰੇਤ ਨੇੜੇ ਬਣਾਏ ਜਾ ਰਹੇ ਜੋੜਾਘਰ ਅਤੇ ਵਹੀਕਲ ਸਟੈਂਡ ਲਈ ਖੁਦਾਈ ਸਮੇਂ ਨਿਕਲੀ ਇਮਾਰਤ ਇਤਿਹਾਸਕ ਨਹੀਂ ਵਿਰਾਸਤੀ ਹੈ। ਸੁਆਲ ਇਹ ਹੈ ਕਿ ਇਨਾਂ ਇਮਾਰਤਾਂ ਵਿਚ ਜੂਨ ਚੌਰਾਸੀ ਦਾ ਸਾਕਾ ਵਾਪਰਿਆ ਹੈ ਤਾਂ ਇਹ ਇਤਿਹਾਸਕ ਕਿਉਂ ਨਹੀਂ। ਗਲਿਆਰਾ ਯੋਜਨਾ ਸਮੇਂ ਕਾਂਗਰਸ ਸਰਕਾਰ ਨੇ ਬਹੁਤ ਸਾਰੀਆਂ ਅਜਿਹੀਆਂ ਹੀ ਇਮਾਰਤਾਂ ਹੇਠਾਂ ਦੱਬ ਦਿੱਤੀਆਂ ਗਈਆਂ ਸਨ ਜੋ ਇਤਿਹਾਸਕ ਸਨ।

6 ਜੂਨ 1984 ਨੂੰ ਸਾਕਾ ਗੁਰੂ ਰਾਮਦਾਸ ਸਰਾਂ ਵਿਚ ਵੀ ਵਾਪਰਿਆ ਸੀ, ਇਸ ਨੂੰ ਸ਼੍ਰੋਮਣੀ ਕਮੇਟੀ ਕਿਉਂ ਭੁਲ ਰਹੀ ਹੈ। ਗੁਰੂ ਰਾਮਦਾਸ ਸਰਾਂ ਵਿਚਲੇ ਫੌਜੀ ਹਮਲੇ ਦੇ ਨਿਸ਼ਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਮੇਂ ਮਿਟਾਏ ਗਏ। ਇਹ ਦੋਸ਼ ਜਥੇਦਾਰ ਟੌਹੜਾ ਉਪਰ ਲਗਦੇ ਰਹੇ ਹਨ। ਹੈਰਾਨੀ ਦੀ ਗਲ ਇਹ ਹੈ ਕਿ ਰਾਮਦਾਸ ਸਰਾਂ ਉਪਰ ਜੂਨ ਚੌਰਾਸੀ ਘਲੂਕਾਰੇ ਦੀ ਕੋਈ ਤਖਤੀ ਵੀ ਨਹੀਂ ਲੱਭਦੀ ਕਿ ਇਸ ਸਰਾਂ ਵਿਚ ਘੱਲੂਘਾਰੇ ਦੌਰਾਨ ਸੰਗਤਾਂ ਉਪਰ ਵੀ ਫੌਜੀ ਹਮਲਾ ਹੋਇਆ ਸੀ। ਇਸ ਬਾਰੇ ਬਹੁਤ ਸਾਰੀਆਂ ਗੱਲਾਂ ਅਖਬਾਰਾਂ, ਰਸਾਲਿਆਂ ਅਤੇ ਕਿਤਾਬਾਂ ਵਿੱਚ ਲਿਖੀਆਂ ਜਾ ਚੁੱਕੀਆਂ ਨੇ। ਗੁਰੂ ਰਾਮਦਾਸ ਸਰਾਂ ਵਾਲਾ ਕਾਂਡ ਭਾਰਤੀ ਫੌਜ ਵੱਲੋਂ ਆਪਣੇ ਹੀ ਮੁਲਕ ਦੇ ਲੋਕਾਂ ਨਾਲ ਵਰਤਾਇਆ ਗਿਆ ਸੀ ਜੋ ਖਾੜਕੂ ਵੀ ਨਹੀਂ ਸਨ, ਆਮ ਸੰਗਤਾਂ ਸਨ। ਹੁਣ ਪੰਥਕ ਹਲਕਿਆਂ ਨੂੰ ਚਾਹੀਦਾ ਹੈ ਕਿ ਗੁਰੂ ਰਾਮਦਾਸ ਸਰਾਂ ਜਿਥੇ ਜਲਿਆਂਵਾਲੇ ਬਾਗ ਵਰਗਾ ਸਾਕਾ ਭਾਰਤੀ ਫੌਜ ਨੇ ਵਰਤਾਇਆ ਹੈ ਉਹਨੂੰ ਜਲਿਆਂਵਾਲੇ ਬਾਗ ਵਾਂਗ ਸੰਭਾਲ ਕੇ ਰੱਖਣ ਲਈ ਸ਼੍ਰੋਮਣੀ ਕਮੇਟੀ ’ਤੇ ਜ਼ੋਰ ਪਾਉਣ। ਇਹ ਯਾਦਗਾਰ ਸਿੱਖ ਪੰਥ ਲਈ ਇਤਿਹਾਸਕ ਹੈ ਤੇ ਨਵੀਨੀਕਰਨ ਦੇ ਨਾਮ ਉਪਰ ਇਸ ਨੂੰ ਮਿਟਾਉਣ ਦਾ ਅਪਰਾਧ ਨਹੀਂ ਕਰਨਾ ਚਾਹੀਦਾ। ਜੇ ਰਾਜਸਥਾਨ ਆਪਣੀਆਂ ਸੈਂਕੜੇ ਸਾਲ ਪੁਰਾਣੀਆਂ ਇਮਾਰਤਾਂ ਸਾਂਭ ਸਕਦਾ ਹੈ ਤਾਂ ਸ਼੍ਰੋਮਣੀ ਕਮੇਟੀ ਇਹ ਜਿੰਮੇਵਾਰੀ ਕਿਉਂ ਨਹੀਂ ਨਿਭਾਉਂਦੀ।

# ਸਿੱਖ ਜਰਨੈਲਾਂ ਦਾ ਵਿਰੋਧ ਕਰਨ ਵਾਲਿਆਂ ਤੋਂ ਸੁਚੇਤ ਹੋਣ ਦੀ ਲੋੜ

**ਅਵਤਾਰ ਸਿੰਘ**

ਕਈ ਵਾਰ ਜਦੋਂ ਅਜ਼ਾਦੀ ਦੀਆਂ ਲਹਿਰਾਂ ਆਪਣੇ ਮਿਥੇ ਨਿਸ਼ਾਨੇ ਹਾਸਲ ਕਰਨ ਵਿੱਚ ਸਫਲ ਨਹੀ ਹੋ ਪਾਉਂਦੀਆਂ ਤਾਂ ਵਕਤ ਪਾ ਕੇ ਉਨਾਂ ਨਾਲ ਸਬੰਧਤ ਰਹੇ ਲੋਕਾਂ ਦੀ ਮਾਨਸਿਕਤਾ ਵਿੱਚ ਨਿਰਾਸ਼ਾ ਦਾ ਆਲਮ ਘਰ ਕਰ ਜਾਂਦਾ ਹੈ। ਕਿਉਂਕਿ ਉਹ ਇੱਕ ਬਹੁਤ ਹੀ ਪਵਿੱਤਰ ਕਾਜ਼ ਲਈ ਜੰਗੇ ਮੈਦਾਨ ਵਿੱਚ ਵਿਚਰੇ ਹੁੰਦੇ ਹਨ ਅਤੇ ਆਪਣੇ ਸਮੇਂ ਉਨਾਂ ਨੇ ਬਹੁਤ ਦਲੇਰਾਨਾ ਕਾਰਜ ਕੀਤੇ ਹੁੰਦੇ ਹਨ ਪਰ ਵਕਤ ਬੀਤਣ ਨਾਲ ਜਦੋਂ ਸਰਕਾਰੀ ਤਸ਼ੱਦਦ ਕਾਰਨ ਲਹਿਰ ਆਪਣੇ ਨਿਸ਼ਾਨੇ ਤੋਂ ਖੁੰਝ ਜਾਂਦੀ ਹੈ ਤਾਂ ਲਹਿਰ ਨਾਲ ਸਬੰਧਤ ਰਹੇ ਕੁਝ ਲੋਕ ਮਾਨਸਿਕ ਤੌਰ ਤੇ ਅਸੰਤੁਲਤ ਹੋ ਜਾਂਦੇ ਹਨ। ਉਹ ਮੈਡੀਕਲ ਤੌਰ ਤੇ ਅਸੰਤੁਲਤ ਨਹੀ ਹੁੰਦੇ ਬਲਕਿ ਭਾਵਨਾਤਮਕ ਤੌਰ ਤੇ ਅਸਥਿਰ ਹੋ ਜਾਂਦੇ ਹਨ। ਜਿਨਾਂ ਵੱਡੇ ਅਤੇ ਪਵਿੱਤਰ ਨਿਸ਼ਾਨਿਆਂ ਦੀ ਪਰਾਪਤੀ ਲਈ ਉਨਾਂ ਦੇ ਸਾਥੀਆਂ ਨੇ ਸਿਰ ਤਲੀ ਤੇ ਧਰ ਕੇ ਜੰਗ ਲੜੀ ਹੁੰਦੀ ਹੈ ਅਤੇ ਜਿੰਨੇ ਸ਼ਾਨਾਮੱਤੇ ਢੰਗ ਨਾਲ ਲਹਿਰ ਦੇ ਇੱਕ ਵੱਡੇ ਹਿੱਸੇ ਨੇ ਸ਼ਹਾਦਤ ਦਾ ਜਾਮ ਪੀਤਾ ਹੁੰਦਾ ਹੈ, ਵਕਤ ਬੀਤਣ ਤੋਂ ਬਾਅਦ ਉਨਾਂ ਸੂਰਬੀਰਾਂ ਦੀ ਯਾਦ ਲਹਿਰ ਦੇ ਕੁਝ ਹਿੱਸਿਆਂ ਨੂੰ ਤੜਫਾਉਣ ਲੱਗ ਜਾਂਦੀ ਹੈ।

ਅਜਿਹੀ ਹਾਲਤ ਵਿੱਚ ਲਹਿਰ ਨਾਲ ਸਬੰਧਤ ਰਹੇ ਵੀਰ ਕਈ ਵਾਰ ਅਜਿਹੀਆਂ ਹਰਕਤਾਂ ਕਰਨ ਲੱਗ ਜਾਂਦੇ ਹਨ ਜੋ ਉਨਾਂ ਨੇ ਸਧਾਰਨ ਮਨੁੱਖ ਹੋਣ ਦੇ ਨਾਤੇ ਨਹੀ ਸੀ ਕਰਨੀਆਂ। ਅਜਿਹੇ ਵੀਰਾਂ ਦੀਆਂ ਇਹ ਹਰਕਤਾਂ ਕਈ ਵਾਰ ਤਾਂ ਵੈਰਾਗ ਵਿੱਚੋਂ ਉਪਜਦੀਆਂ ਹਨ ਅਤੇ ਕਈ ਵਾਰ ਮਾਨਸਿਕ ਪ੍ਰੇਸ਼ਾਨੀ ਵਿੱਚੋਂ। ਲਹਿਰ ਨਾਲ ਜੁੜਿਆ ਹੋਇਆ ਕੋਈ ਸ਼ਖਸ ਆਪਣੇ ਗੁਰੂ ਦੇ ਕਿੰਨਾ ਕੁ ਨੇੜੇ ਹੈ ਅਤੇ ਉਸਨੇ ਗੁਰਬਾਣੀ ਨੂੰ ਆਪਣੇ ਜੀਵਨ ਵਿੱਚ ਕਿੰਨਾ ਕੁ ਕਮਾਇਆ ਹੈ ਇਹ ਗੱਲ ਹੀ ਅਸਲ ਵਿੱਚ ਕਿਸੇ ਦੀ ਸ਼ਖਸੀ ਜਿੰਦਗੀ ਨੂੰ ਤੈਅ ਕਰਦੀ ਹੈ। ਸਾਡੇ ਸਾਹਮਣੇ ਇਸ ਵੇਲੇ ਦੋ ਉਦਾਹਰਨਾਂ ਹਨ। ਇੱਕ ਹੈ ਭਾਈ ਲਾਲ ਸਿੰਘ ਦੀ ਜਿਨਾਂ ਨੇ ਸਿੱਖ ਲਹਿਰ ਦੌਰਾਨ ਇਤਿਹਾਸ ਵੱਲੋਂ ਉਨਾਂ ਦੇ ਜਿੰਮੇ ਲੱਗੀ



ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਇਆ। ਆਪਣੀ ਕੌਮੀ ਜਿੰਮੇਵਾਰੀ ਨਿਭਾਉਂਦਿਆਂ ਭਾਈ ਲਾਲ ਸਿੰਘ ਨੇ ਆਪਣੀ ਸ਼ਖ਼ਸੀ ਰਹਿਣੀ ਨੂੰ ਗੁਰ-ਮੰਤਰ ਨਾਲ ਪਰਪੱਕ ਹੀ ਨਹੀ ਕੀਤਾ ਬਲਕਿ ਉਹ ਗੁਰੂ ਲਿਵ ਨਾਲ ਓਤਪੋਤ ਹੋਈ ਹੋਈ ਰੂਹ ਹਨ। ਇਸੇ ਲਈ ਅੰਤਾਂ ਦਾ ਤਸ਼ੱਦਦ, ਵੱਡੇ ਲਾਲਚ ਅਤੇ ਕੈਨੇਡਾ ਵਸਣ ਦੀਆਂ ਪੇਸ਼ਕਸ਼ਾਂ ਉਨਾਂ ਦੇ ਕੌਮੀ ਇਮਾਨ ਨੂੰ ਡੁਲਾ ਨਾ ਸਕੀਆਂ। ਉਨਾਂ ਆਪਣੇ ਗੁਰੂ ਦੇ ਪਰੇਮ ਨਾਲ ਹੀ ਪਰੀਤ ਨਿਭਾਉਣ ਨੂੰ ਤਰਜੀਹ ਦਿੱਤੀ। ਹਰ ਔਖੀ ਘੜੀ ਵਿੱਚ ਉਹ ਗੁਰੂ ਦੇ ਓਟ ਆਸਰੇ ਨਾਲ, ਸਹਿਜ ਜੀਵਨ ਜਿਉਂਦਿਆਂ ਅੱਗੇ ਵਧੇ। ਇਹ ਨਹੀ ਕਿ ਭਾਈ ਲਾਲ ਸਿੰਘ ਨੂੰ ਉਹ ਔਕੜਾਂ ਨਹੀਂ ਆਈਆਂ ਜੋ ਸਿੱਖ ਲਹਿਰ ਨਾਲ ਜੁੜੇ ਹੋਰ ਸੱਜਣਾਂ ਨੂੰ ਆਈਆਂ, ਪਰ ਭਾਈ ਲਾਲ ਸਿੰਘ ਨੇ ਆਪਣੇ ਨਿੱਗਰ ਕਿਰਦਾਰ ਕਾਰਨ ਉਨਾਂ ਔਕੜਾਂ ਦਾ ਸਾਹਮਣਾ ਕੀਤਾ।

**ਵਿਸ਼ੇਸ਼ ਟਿਪਣੀ**

ਲਹਿਰ ਨਾਲ ਸਬੰਧਤ ਇੱਕ ਦੂਜੀ ਧਿਰ ਵੀ ਹੈ ਜੋ ਲਹਿਰ ਵੇਲੇ ਤਾਂ ਜੀ ਜਾਨ ਨਾਲ ਨਿਭੀ ਪਰ ਲਹਿਰ ਦੇ ਪਾਣੀ ਉਤਰ ਜਾਣ ਤੋਂ ਬਾਅਦ ਉਹ ਆਪਣੀ ਸ਼ਖਸੀ ਜਿੰਦਗੀ ਨੂੰ ਲਹਿਰ ਦੀ ਮਰਯਾਦਾ ਦੇ ਹਾਣ ਦਾ ਨਹੀ ਰੱਖ ਸਕੀ। ਉਸਦਾ ਮਾਨਸਿਕ ਸੰਤੁਲਨ ਕੁਝ ਅਸਾਵਾਂ ਹੋ ਗਿਆ ਅਤੇ ਉਹ ਦੁਸ਼ਮਣਾਂ ਨਾਲੋਂ ਆਪਣੇ ਹੀ ਦੋਸਤਾਂ ਤੇ ਕਿੰਤੂ ਕਰਨ ਲੱਗ ਪਈ। ਅਜਿਹੀ ਅਵਸਥਾ ਹਰ ਵੱਡੀ ਲਹਿਰ ਵਿੱਚ ਪੈਦਾ ਹੁੰਦੀ ਹੈ। ਮਨੋਵਿਗਿਆਨੀਆਂ ਅਨੁਸਾਰ ਇਹ ਅਵਸਥਾ ਲਹਿਰ ਜਾਂ ਲਹਿਰ ਦੇ ਲੀਡਰਾਂ ਨਾਲ ਕਿਸੇ ਦੁਸ਼ਮਣੀ ਵਿੱਚੋਂ ਘੱਟ ਬਲਕਿ ਲਹਿਰ ਦੇ ਹਾਰ ਜਾਣ ਦੇ ਦਰਦ ਵਿੱਚੋਂ ਵੱਧ ਨਿਕਲੀ ਹੁੰਦੀ ਹੈ। ਗੁਰੂ ਸਾਹਿਬ ਨਾਲ ਉਹ ਪੀਢਾ ਰਿਸ਼ਤਾ ਨਾ ਬਣਿਆ ਹੋਣ ਕਰਕੇ ਫਿਰ ਉਹ ਆਪਣੇ ਜਰਨੈਲਾਂ ਤੇ ਹੀ ਦੂਸ਼ਣਬਾਜ਼ੀ ਕਰਨ ਲੱਗ ਜਾਂਦੀ ਹੈ। ਅਜਿਹਾ ਕਰਨ ਵਾਲੇ ਵੀਰਾਂ ਨੂੰ ਵੀ ਨਹੀ ਪਤਾ ਹੁੰਦਾ ਕਿ ਉਹ ਕੀ ਕਰ ਰਹੇ ਹਨ। ਅਸਲ ਵਿੱਚ ਅਜਿਹੀ ਮਾਨਸਿਕਤਾ ਲਹਿਰ ਨਾਲ ਅਤੇ ਲਹਿਰ ਦੇ ਖ਼ੂਬਸੂਰਤ ਪਾਤਰਾਂ ਨਾਲ ਉੱਚੀਆਂ ਉਡਾਰੀਆਂ ਲਾਉਣ ਤੋਂ ਬਾਅਦ ਜਦੋਂ ਕਿਸੇ ਕਾਰਨ ਵਾਪਸ ਧਰਤੀ ਤੇ ਪਰਤਦੀ ਹੈ ਤਾਂ ਉਸ ਨੂੰ ਆਪ ਹੀ ਵਿਸ਼ਵਾਸ਼ ਨਹੀਂ ਹੁੰਦਾ ਕਿ ਅਸੀਂ ਮੁੜ ਆਏ ਹਾਂ। ਹੱਥਾਂ ਵਿੱਚੋਂ ਗਏ ਮਿੱਤਰਾਂ ਸਹਿਯੋਗੀਆਂ ਦੇ ਚਲੇ ਜਾਣ ਦੀ ਪੀੜ ਉਨਾਂ ਨੂੰ ਕਿਹੋ ਜਿਹਾ ਨਿਰਮੋਹਾ ਬਣਾ ਦੇਂਦੀ ਹੈ, ਇਹ ਉਨਾਂ ਨੂੰ ਵੀ ਨਹੀਂ ਪਤਾ ਹੁੰਦਾ।

ਪਿਛਲੇ ਦੋ ਹਫਤਿਆਂ ਤੋਂ ਭਾਈ ਦਲਜੀਤ ਸਿੰਘ ਬਾਰੇ ਜੋ ਕੁਝ ਕਿਹਾ ਸੁਣਿਆਂ ਜਾ ਰਿਹਾ ਹੈ ਉਹ ਇਸ ਮਾਨਸਿਕ ਰੋਗ ਦੀ ਹੀ ਉਪਜ ਹੈ।

ਵੈਸੇ ਭਾਈ ਅਜਮੇਰ ਸਿੰਘ ਨੇ ਇਸ ਮਸਲੇ ਨੂੰ ਕਾਫੀ ਸਪੱਸ਼ਟ ਕਰ ਦਿੱਤਾ ਹੈ ਪਰ ਅਸੀਂ ਸਮਝਦੇ ਹਾਂ ਕਿ ਇਹ ਅਵਸਥਾ ਗੁਰੂ ਲਿਵ ਨਾਲੋਂ ਟੁੱਟ ਜਾਣ ਅਤੇ ਸੂਰਮਗਤੀ ਦੇ ਰੂਹਾਨੀ ਸੰਕਲਪ ਤੋਂ ਵਿਛੜ ਜਾਣ ਦਾ ਸੰਕਟ ਹੈ। ਇਹ ਹਰ ਲਹਿਰ ਵਿੱਚ ਹੁੰਦਾ ਹੈ ਅਤੇ ਹੁੰਦਾ ਰਹੇਗਾ, ਪਰ ਲਹਿਰ ਦੇ ਸਜੱਗ ਹਿੱਸਿਆਂ ਨੂੰ ਇਸ ਵਰਤਾਰੇ ਵਿਰੁੱਧ ਤਿੱਖੀ ਅਵਾਜ਼ ਉਠਾ ਕੇ ਇਸ ਨੂੰ ਠੱਲਣ ਦੇ ਯਤਨ ਕਾਫੀ ਜਰੂਰੀ ਹੁੰਦੇ ਹਨ।

# ਹਰਫ਼ਾਂ ਦੀ ਸੋਚ, ਕਲਮਾਂ ਦੀ ਚੁੱਪ



**ਸਰਬਜੀਤ ਕੌਰ ਸਰਬ**

ਸਮਾਂ ਰਹਿੰਦੇ ਆਪਣੇ ਆਪ ਨੂੰ ਆਪਣੇ ਸਰੋਤਾਂ ਦੀ ਹੋਂਦ ਬਚਾ ਲਈ ਜਾਵੇ।

ਅੱਖਾਂ ਵਿੱਚੋਂ ਹੰਝੂਆਂ ਦੀ ਬਰਸਾਤ ਹੋ ਜਾਂਦੀ ਹੈ ਜਦੋਂ ਸਮੇਂ ਦੇ ਸੱਚ ਦੀ ਤਸਵੀਰ ਅੱਖਾਂ ਸਾਹਮਣੇ ਆਉਂਦੀ ਹੈ। ਪੰਜਾਬ ਕੀ ਸੀ ਤੇ ਕੀ ਬਣ ਗਿਆ, ਮਿਲਾਵਟੀਪਣ ਨਾਲ ਇਨਸਾਨੀ ਰੂਹਾਂ ਆਪਣੇ ਆਪ ਨੂੰ ਦਰਵੇਸ਼ ਸਮਝਣ ਲੱਗ ਪਈਆਂ ਨੇ, ਗੁਰੂਆਂ, ਪੀਰਾਂ, ਰਹਿਬਰਾਂ ਦੀ ਧਰਤੀ, ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਸਮੇਂ ਦੇ ਹਾਲਾਤਾਂ ਨੇ ਕੀ ਬਣਾ ਦਿੱਤਾ ਹੈ। ਚਾਰ ਚੁਫ਼ੇਰੇ ਇਕ ਚੁੱਪ ਦਾ ਸ਼ੋਰ ਤੇ ਖ਼ੂਨ ਦੇ ਰਿਸ਼ਤਿਆਂ ਨੂੰ ਦਰਕਿਨਾਰ ਕਰ ਦਿੱਤਾ ਹੈ । ਜਦੋਂ ਕਲਮ ਚੁੱਕੀ ਇਕ ਸਿਫ਼ਤ ਲਿਖਣ ਦੇ ਲਈ ਤਾਂ ਸਮੇਂ ਦੀ ਸੱਚਾਈ ਨੇ ਇਸ ਵਿੱਚ ਫੈਲੀਆਂ ਕੁਰੀਤੀਆਂ ਨੂੰ ਲਿਖਣਾ ਸ਼ੁਰੂ ਕਰ ਦਿੱਤਾ। ਧਰਮ ਦੇ ਨਾਮ ਉੱਤੇ ਪੈ ਰਹੀਆਂ ਵੰਡੀਆਂ, ਇਲਾਹੀ ਨੂਰ ਤੋਂ ਵਰਸੇ ਪਵਿੱਤਰ ਸ਼ਬਦਾਂ ਉੱਤੇ ਤਰਕ ਵਿਵਾਦ, ਕਿਰਸਾਨੀ ਜੀਵਨ ਦਾ ਹੋ ਰਿਹਾ ਖਾਤਮਾ, ਨੌਜਵਾਨ ਪੀੜੀ ਵੱਲੋਂ ਕੀਤੀਆਂ ਜਾ ਰਹੀਆਂ ਆਤਮਹੱਤਿਆਵਾਂ, ਆਬ ਦੀ ਧਰਤੀ ਹੁੰਦੇ ਹੋਏ ਵੀ ਪੀਣਯੋਗ ਖ਼ਤਮ ਹੋ ਰਿਹਾ ਪਾਣੀ, ਲੋੜ ਤੋਂ ਵੱਧ ਸਹੂਲਤਾਂ ਨੇ ਖ਼ਤਮ ਕਰ ਦਿੱਤੇ ਹਨ ਰੁੱਖ, ਪੈਗੰਬਰੀ ਅਜ਼ਮਤ ਨੂੰ ਸੰਬੋਧਿਤ ਕੀਤੇ ਜਾਣ ਵਾਲੇ ਸ਼ਬਦਾਂ ਵਿੱਚ ਘਟਾਓ, ਲੋੜਾਂ ’ਤੇ ਆਧਾਰਤ ਹੁੰਦੇ ਜਾ ਰਹੇ ਨੇ ਰਿਸ਼ਤੇ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀਆਂ ਹੋ ਰਹੀਆਂ ਬੇਅਦਬੀਆਂ, ਪੜੇ ਲਿਖੇ ਵਰਗ ਵਿੱਚ ਵਿਦਵਾਨ ਕਹਿਲਾਉਣ ਦੀ ਲੱਗੀ ਦੌੜ, ਕਰਜ਼ੇ ਚੁੱਕ ਕੇ ਵਿਦੇਸ਼ ਜਾ ਰਹੀ ਨੌਜਵਾਨ



ਪੀੜੀ ਆਦਿ ਹੋਰ ਵੀ ਅਜਿਹੇ ਕਿੰਨੇ ਹੀ ਮਸਲੇ ਪੰਜਾਬ ਵਿੱਚ ਹਨ। ਜਿਨਾਂ ਨੂੰ ਅਸੀਂ ਅੱਖੋਂ ਉਹਲਾ ਕਰ ਰਹੇ ਹਾਂ। ਜੇਕਰ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਸ ਦੇ ਸਿੱਟੇ ਭਿਆਨਕ ਨਿਕਲਣਗੇ।

ਮਨ ਬਹੁਤ ਹੀ ਜ਼ਿਆਦਾ ਭਾਵੁਕ ਹੋ ਜਾਂਦਾ ਜਦੋਂ ਇਨਾਂ ਸਭ ਬਾਰੇ ਜਾਣਦੇ ਹੋਏ ਵੀ ਅਸੀਂ ਕੁਝ ਕਰ ਵੀ ਨਹੀਂ ਸਕਦੇ । ਸਮੇਂ ਦੀ ਹਕੂਮਤ ਨੇ ਆਪਣੇ ਸਿਆਸਤੀ ਚਾਲ ਵਿਚ ਆਮ ਲੋਕਾਂ ਦੀ ਜ਼ਿੰਦਗੀ ਨੂੰ ਰੋਜ਼ੀ ਰੋਟੀ ਲਈ ਮੁਹਤਾਜ ਕਰ ਦਿੱਤਾ ਹੈ। ਆਮ ਵਰਗ ਕੇਵਲ ਇਹ ਹੀ ਸੋਚਦਾ ਹੈ ਕਿ ਉਸ ਦੇ ਪਰਿਵਾਰ ਦਾ ਪਾਲਣ ਪੋਸ਼ਣ ਕਿਸ ਤਰਾਂ ਹੋਵੇਗਾ, ਕਿਉਂਕਿ ਵਧ ਰਹੀ ਬੇਰੁਜ਼ਗਾਰੀ ਤੇ ਆਸਮਾਨ ਨੂੰ ਛੂਹ ਰਹੀ ਮਹਿੰਗਾਈ ਨੇ ਉਸ ਦੀ ਸੋਚਣ ਸ਼ਕਤੀ ਨੂੰ ਸੀਮਤ ਕਰ ਦਿੱਤਾ ਹੈ । ਧਰਮ ਤੇ ਹੋ ਰਹੀ ਸਿਆਸਤ ਅਤੇ ਮਨੁੱਖ ਦੀ ਤਰਕਵਾਦੀ ਸੋਚ ਨੇ ਉਸ ਨੂੰ ਐਨਾ ਕੁ ਹੰਕਾਰੀ ਬਣਾ ਦਿੱਤਾ ਹੈ ਕਿ ਉਹ ਪਵਿੱਤਰ ਧਰਮ ਗ੍ਰੰਥਾਂ ਤੇ ਗਿਆਨ ਦੇ ਸੋਮਿਆ ਉੱਤੇ ਵੀ ਕਿੰਤੂ ਪ੍ਰੰਤੂ ਕਰ ਰਿਹਾ ਹੈ । ਵਿਦਵਾਨ ਕਹਾਉਣ ਵਾਲੇ ਅਜਿਹੇ ਇਨਸਾਨ ਜੋ ਗਿਆਨ ਵੀ ਆਪਣੀ ਮਰਜ਼ੀ ਮੁਤਾਬਕ ਦੇਣ ਦੀ ਇੱਛਾ ਰੱਖਦੇ ਹਨ, ਉਹ ਇਸ ਗੱਲ ਨੂੰ ਭੁੱਲ ਬੈਠਾ ਹਨ ਕਿ ਉਸ ਤੋਂ ਵੀ ਉੱਪਰ ਉਹ ਅਕਾਲ ਪੁਰਖ ਹੈ ਜਿਸ ਨੇ ਉਸ ਨੂੰ ਇਸ ਧਰਤੀ ਉੱਤੇ ਭੇਜਿਆ ਹੈ।

ਕਿਸਾਨੀ ਜੀਵਨ ਵਿੱਚ ਚੱਲ ਰਿਹਾ ਘੋਲ, ਆਉਣ ਵਾਲੀਆਂ ਪੀੜੀਆਂ ਦੇ ਹੱਕਾਂ ਲਈ ਹੈ ਤੇ ਨੌਜਵਾਨੀ ਪੀੜੀ ਵਿੱਚ ਵਧ ਰਹੇ ਨਸ਼ੇ ਉਨਾਂ ਦਾ ਜੀਵਨ ਖ਼ਤਮ ਕਰ ਰਹੇ ਹਨ । ਇਕ ਸਮਾਂ ਸੀ ਜਦੋਂ ਆਤਮ ਰੱਖਿਆ ਤੇ ਮਜ਼ਲੂਮਾਂ ਦੀ ਰੱਖਿਆ ਲਈ ਨੌਜਵਾਨਾਂ ਵਿਚ ਬੀਰਰਸ ਭਰਿਆ ਜਾਂਦਾ ਸੀ। ਸੰਤ ਜਰਨੈਲ ਸਿੰਘ ਆਖਦੇ ਸਨ, ਨਾ ਕਿਸੇ ਸਿੱਖ ਨੇ ਕਿਸੇ ਨੂੰ ਭੈਅ ਦੇਣਾ ਤੇ ਨਾ ਹੀ ਕਿਸੇ ਦਾ ਭੈਅ ਮੰਨਣਾ ਹੈ। ਸਿੱਖ ਦੀ ਇਕ ਪੱਕੀ ਨਿਸ਼ਾਨੀ ਹੈ ਜੋ ਡਰਦਾ ਹੈ ਤਾਂ ਸਿੱਖ ਨਹੀਂ ਜੋ ਸਿੱਖ ਹੈ ਤਾਂ ਡਰਦਾ ਨਹੀਂ। ਜੋ ਸਿੱਖ ਇਤਿਹਾਸ ਪੜ ਰਹੇ ਹਾਂ ਉਸ ਉੱਤੇ ਮਾਣ ਮਹਿਸੂਸ ਕਰ ਰਹੇ ਹਾਂ ਪਰ ਇੱਕ ਦਿਨ ਸਾਡੇ ਵਾਲਾ ਟਾਈਮ ਵੀ ਇਤਿਹਾਸ ਦੇ ਪੰਨਿਆਂ ’ਤੇ ਦਰਜ ਹੋਵੇਗਾ ਤਾਂ ਉਸ ਇਤਿਹਾਸ ਨੂੰ ਪੜਨ ਵਾਲੇ ਸਾਡੇ ਉੱਤੇ ਕਿਸ ਗੱਲ ਦਾ ਮਾਣ ਕਰਨਗੇ ਕਿ ਸਾਡੇ ਬਜੁਰਗ ਆਪਣਾ ਮੁਲਕ ਛੱਡ ਕੇ ਗੁਲਾਮੀ ਕਰਨ ਦੇ ਸ਼ੌਕੀਨ ਸਨ। ਸੋ, ਸਮਾਂ ਰਹਿੰਦੇ ਆਪਣੇ ਆਪ ਨੂੰ ਆਪਣੇ ਸਰੋਤਾਂ ਦੀ ਹੋਂਦ ਬਚਾ ਲਈ ਜਾਵੇ।

# 1000 ਤੋਂ ਵੱਧ ਗ਼ਰੀਬ ਬੱਚਿਆਂ ਨੂੰ ਪੜਾ ਰਹੇ ਨੌਜਵਾਨ ਦੀ ਸ਼ਿਕਾਗੋ ਫ਼ੇਰੀ




**ਸ਼ਿਕਾਗੋ/ਏ.ਟੀ.ਨਿਊਜ਼ :** ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ, ਇੱਕ ਮੋਹਣੀ ਦਿੱਖ ਵਾਲ਼ਾ ਨੌਜਵਾਨ ਕੈਨੇਡਾ ਤੋਂ ਆ ਕੇ ਸੰਗਤ ਦੇ ਰੁਬਰੂ ਹੋਇਆ। ਕਹਿੰਦਾ ਕਿ ਮੈਂ ਜੰਮਿਆ ਪੰਜਾਬ ਵਿੱਚ ਸਾਂ ਪਰ ਪਲ਼ਿਆ ਕੈਨੇਡਾ ਵਿੱਚ ਹਾਂ ਅਤੇ ਹੁਣ ਮੁੜਕੇ ਆਪਣੇ ਬੱਚਿਆਂ ਨਾਲ ਪੰਜਾਬ ਰਹਿ ਕੇ ਸੇਵਾ ਕਰਨ ਜਾ ਰਿਹਾ ਹਾਂ। ਇਹ ਨੌਜਵਾਨ ਦਰਅਸਲ ਸਿੱਖੀ ਅਵੇਅਰਨੈਸ ਫ਼ਾਊਂਡੇਸ਼ਨ (ਸੈਫ਼ ਇੰਟਰਨੈਸ਼ਨਲ) ਸੰਸਥਾ ਦਾ ਬਾਨੀ, ਭਾਈ ਸ਼ਮਨਦੀਪ ਸਿੰਘ ਹੈ, ਜੋ ਕਿ ਪਿਛਲੇ ਸੱਤ ਸਾਲਾਂ ਤੋਂ ਪੰਜਾਬ ਦੇ 170 ਦੇ ਕਰੀਬ ਪਿੰਡਾਂ ਵਿੱਚ ਗ਼ਰੀਬ ਬੱਚਿਆਂ ਨੂੰ ਮਹੀਨਾਵਾਰੀ ਮਾਇਕ ਸਹਾਇਤਾ ਅਤੇ ਸਾਧਨ ਉਪਲਬਧ ਕਰਵਾ ਰਹੀ ਹੈ। ਸੰਸਥਾ ਦਾ ਟੀਚਾ ਪੱਚੀ ਹਜ਼ਾਰ (25000) ਗ਼ਰੀਬ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਸਾਧਨ ਮੁਹੱਈਆ ਕਰਵਾਉਣਾ ਹੈ, ਜਿਨਾਂ ਵਿੱਚੋਂ ਜੇ ਜ਼ਿਆਦਾ ਨਹੀਂ ਤਾਂ ਘੱਟ ਤੋਂ ਘੱਟ ਪੰਜ ਹਜ਼ਾਰ ਬੱਚਿਆਂ ਨੂੰ ਸਕੌਲਰ ਪੱਧਰ ਤੱਕ ਦੀ ਪੜਾਈ ਕਰਵਾਉਣ ਦੀ ਆਸ ਨਾਲ ਯਤਨ ਕੀਤੇ ਜਾ ਰਹੇ ਹਨ। ਇਸ ਮਿਸ਼ਨ ਪਿੱਛੇ ਕੰਮ ਕਰਨ ਸਬੰਧੀ ਆਪਣਾ ਵਿਯਨ ਸਾਂਝਾ ਕਰਦਿਆਂ ਉਨਾਂ ਦੱਸਿਆ ਕਿ ਜੇ ਪੰਜ ਹਜ਼ਾਰ ਉੱਚ-ਸਿੱਖਿਆ ਪ੍ਰਾਪਤ ਪ੍ਰੋਫ਼ੈਸ਼ਨਲਜ਼, ਸਰਬੱਤ ਦੇ ਭਲੇ ਦਾ ਨਿਸ਼ਚਾ ਕਰਕੇ ਪੰਜਾਬ ਵਿੱਚ ਵਿਚਰਨਗੇ ਤਾਂ ਪੰਜਾਬ ਦੇ ਸਾਰੇ ਲੋਕਾਂ ਲਈ, ਬਿਨਾਂ ਕਿਸੇ ਵਿਤਕਰੇ ਦੇ, ਬਿਹਤਰ ਮਾਹੌਲ ਸਿਰਜਣ ਵਿੱਚ ਬਾ-ਕਮਾਲ ਯੋਗਦਾਨ ਪਾ ਸਕਣਗੇ।

ਕੈਨੇਡਾ ਵਿੱਚ ਸਰੀ ਤੋਂ ਓਪਰੇਟ ਕਰਦੀ ਇਸ ਸੰਸਥਾ ਦਾ ਦੂਜਾ ਵੱਡਾ ਦਫ਼ਤਰ ਹਾਲਾਂਕਿ ਪੰਜਾਬ ਵਿੱਚ ਹੈ ਪਰ ਇਹ ਸੰਸਥਾ ਭਾਰਤ ਦੇ 7 ਹੋਰ ਰਾਜਾਂ ਵਿੱਚ ਵੀ ਕੰਮ ਕਰ ਰਹੀ ਹੈ। ਪੰਜਾਬ ਤੋਂ ਇਲਾਵਾ, ਖ਼ਾਸ ਧਿਆਨ ਸਿਕਲੀਗਰ-ਸਿੱਖਾਂ ਨੂੰ ਪੈਰਾਂ ਸਿਰ ਕਰਨ ਉੱਤੇ ਦਿੱਤਾ ਜਾ ਰਿਹਾ ਹੈ। ਇਸੇ ਦੇ ਨਾਲ-ਨਾਲ, ਪਿਛਲੇ ਦਿਨੀਂ ਸੰਸਥਾ ਨੇ ਪੰਜਾਬ ਦੇ ਇੱਕ ਪਿੰਡ ਵਿੱਚ ਸੱਤ-ਲੱਖ ਰੁਪਏ ਦੀ ਲਾਗਤ ਨਾਲ ਬਣਿਆ, ਬੱਚਿਆਂ ਅਤੇ ਪਰਿਵਾਰਾਂ ਲਈ ਆਧੁਨਿਕ ਪੱਧਰ ਦਾ ਇੱਕ ਚੰਗਾ ਖੇਡ ਦਾ ਮੈਦਾਨ ਵੀ, ਆਪਣੇ ਪਲੇਠੇ ਪਰਿਯੋਜਨ ਵਜੋਂ ਸਥਾਪਤ ਕੀਤਾ ਹੈ। ਸੰਸਥਾ ਦਾ ਕਹਿਣਾ ਹੈ ਕਿ ਜੇ ਪੰਜਾਬ ਦੇ ਹਰ ਪਿੰਡ ਦੇ ਵਸਨੀਕ ਜਾਂ ਵਿਦੇਸ਼ਾਂ ਵਿੱਚ ਵੱਸਦੇ ਉਨਾਂ ਪਿੰਡਾਂ ਦੇ ਵਾਸੀ. ਐਸੇ ਪਰਿਯੋਜਨ (ਆਧੁਨਿਕ ਖੇਡਾਂ ਦੇ ਮੈਦਾਨ) ਆਪਣੇ ਪਿੰਡਾਂ ਵਿੱਚ ਸਥਾਪਿਤ ਬਾਕੀ ਸਫ਼ਾ 31 ’ਤੇ

# ਮੁਸਲਮਾਨ ਅਜੇ ਵੀ ਆਪਣੇ ਬੱਚਿਆਂ ਦੇ ਨਾਂ ਬਾਬਾ ਨਾਨਕ ਜੀ ਦੇ ਨਾਂ 'ਤੇ ਰੱਖਦੇ ਨੇ...

### ਡਾਕਟਰ ਗੁਲਾਮ ਮੁਸਤਫਾ ਡੋਗਰ

ਪੰਜਾਬੀ ਵਿਚ ਆਮ ਕਹਾਵਤ ਏ, 'ਜਿਸ ਬੰਦੇ ਦੀ 10 ਮਰਲੇ ਵੀ ਜ਼ਮੀਨ ਹੋਵੇ, ਉਸ ਨੂੰ ਕੋਰਟਾਂ-ਕਚਹਿਰੀਆਂ ਦਾ ਰਾਹ ਜ਼ਰੂਰ ਵੇਖਣਾ ਪੈਂਦਾ ਹੈ।' ਪਿੰਡਾਂ ਵਿਚ ਜ਼ਮੀਨਾਂ-ਜਾਇਦਾਦਾਂ, ਕੰਧਾਂ-ਕੋਲਿਆਂ ਤੇ ਗਲੀਆਂ-ਨਾਲੀਆਂ ਦੇ ਝਗੜੇ ਆਮ ਜਿਹੀ ਗੱਲ ਹਨ ਅਤੇ ਸਾਡੇ ਪੰਜਾਬੀ ਭਰਾ ਇਸ ਤੋਂ ਭਲੀ-ਭਾਂਤ ਜਾਣੂੰ ਹਨ। ਕਾਲਜ ਵਿਚ ਪੜ੍ਹਦੇ ਸਮੇਂ ਮੈਂ ਹੀ ਆਪਣੇ ਪਰਿਵਾਰ ਵਿਚੋਂ ਸਭ ਤੋਂ ਜ਼ਿਆਦਾ ਪੜ੍ਹਿਆ-ਲਿਖਿਆ ਸੀ। ਸਾਡੀ ਜ਼ਮੀਨ ਦੇ ਤਬਾਦਲੇ ਦਾ ਕੋਈ ਰੌਲਾ ਸੀ ਤੇ ਬਜ਼ੁਰਗਾਂ ਨੇ ਮੇਰੀ ਡਿਊਟੀ ਲਗਾ ਦਿੱਤੀ ਕਿ ਮੈਂ ਪਟਵਾਰੀ ਕੋਲ ਜਾ ਕੇ ਜ਼ਮੀਨੀ ਕਾਗਜ਼ਾਂ-ਪੱਤਰਾਂ ਦੀ ਪੜਤਾਲ ਕਰਾਂ। ਇਸ ਦੇ ਲਈ ਮੈਨੂੰ ਸਿਆਲਕੋਟ ਦੇ ਜ਼ਿਲਾ-ਦਫ਼ਤਰ ਜਾਣਾ ਪਿਆ। ਉੱਥੇ ਜਾ ਕੇ ਪਟਵਾਰੀ ਅਤੇ ਤਹਿਸੀਲਦਾਰ ਨੂੰ ਮਿਲਿਆ ਅਤੇ ਉਨ੍ਹਾਂ ਦੇ ਰਿਕਾਰਡ ਵਿਚੋਂ ਸਾਡੇ ਖ਼ਾਨਦਾਨ ਦਾ 'ਛਜਰਾ' ਜਿਸ ਨੂੰ ਪੰਜਾਬੀ ਵਿਚ ਬੰਸਾਵਲੀ ਵੀ ਕਿਹਾ ਜਾਂਦਾ ਹੈ, ਮੈਨੂੰ ਮਿਲਿਆ। ਉਸ ਵਿਚ ਮੈਂ ਵੇਖਿਆ ਕਿ ਮੇਰੇ ਦਾਦੇ ਦਾ ਨਾਂ ਵਧਾਵਾ ਤੇ ਉਸ ਦੇ ਭਰਾ ਦਾ ਨਾਂ ਸੂਬਾ ਸੀ। 'ਵਧਾਵਾ' ਨਾਂ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਵਿਚ ਸਾਂਝਾ ਹੈ। ਜਦੋਂ ਹੋਰ ਪਿੱਛੇ ਨਜ਼ਰ ਮਾਰੀ ਤਾਂ ਮੈਂ ਹੱਕਾ-ਬੱਕਾ ਰਹਿ ਗਿਆ। ਮੇਰੇ ਦਾਦੇ ਦੇ ਪਿਓ ਯਾਨੀ ਮੇਰੇ ਪੜਦਾਦੇ ਦਾ ਨਾਂ ਸੀ 'ਨਾਨਕ' ਤੇ ਉਸ ਦੇ ਭਰਾ ਦਾ ਨਾਂ 'ਮਾਨਿਕ' ਸੀ। ਮੈਂ ਬੜਾ ਹੈਰਾਨ ਹੋਇਆ ਕਿ 'ਨਾਨਕ' ਨਾਂ ਤਾਂ ਬਾਬਾ ਜੀ ਗੁਰੂ ਨਾਨਕ ਦਾ ਹੈ ਅਤੇ ਇਸ ਦਾ ਸਬੰਧ ਸਿੱਖਾਂ ਨਾਲ ਹੈ। ਮੈਂ ਹੈਰਾਨ ਸੀ ਕਿ ਅਸੀਂ ਪਹਿਲਾਂ ਕਿਤੇ ਸਿੱਖ ਤਾਂ ਨਹੀਂ ਸੀ ਅਤੇ ਬਾਅਦ ਵਿਚ ਸਿੱਖਾਂ ਤੋਂ ਮੁਸਲਮਾਨ ਹੋਏ ਹੋਈਏ। ਜਦੋਂ ਹੋਰ ਪਿੱਛੇ ਜਾ ਕੇ ਵੇਖਿਆ ਤਾਂ ਪਤਾ ਲੱਗਾ ਕਿ ਨਾਨਕ ਦੇ ਪਿਓ ਦਾ ਨਾਂਅ ਅਦਾਲਤ ਸੀ ਤੇ ਉਸ ਦੇ ਪਿਓ ਦਾ ਫ਼ਜ਼ਲਦੀਨ ਅਤੇ ਅੱਗੋਂ ਉਸ ਦੇ ਪਿਓ ਦਾ ਨਾਂ ਕਾਦਰ ਸੀ।

ਮੈਂ ਭੰਬਲਭੂਸੇ ਵਿਚ ਪੈ ਗਿਆ ਕਿ ਇਹ ਕੀ ਚੱਕਰ ਏ। ਜਦੋਂ ਸ਼ਾਮ ਨੂੰ ਪਿੰਡ ਪਹੁੰਚਿਆ ਤਾਂ ਸਿੱਧਾ ਉੱਥੇ ਤਕੀਏ ਦਾਇਰੇ ਵਿਚ ਬੈਠੇ ਬਜ਼ੁਰਗਾਂ ਕੋਲ ਗਿਆ ਅਤੇ ਉਨ੍ਹਾਂ ਨੂੰ ਪੁੱਛਿਆ ਕਿ ਸਾਡੇ ਛਜਰਿਆਂ ਵਿਚ ਨਾਨਕ ਨਾਂ ਕਿਵੇਂ ਆ ਗਿਆ, ਕਿਉਂਕਿ ਨਾਨਕ ਤਾਂ ਸਿੱਖਾਂ ਦਾ ਨਾਂ ਹੈ। ਸਾਡੇ ਮੁਸਲਮਾਨਾਂ ਵਿਚ ਤਾਂ ਇਹ ਹੈ ਨਹੀਂ ਅਤੇ ਮਾਨਿਕ ਨਾਂ ਵੀ ਉਨ੍ਹਾਂ ਦਾ ਹੀ ਨਾਂ ਏ। ਉੱਥੇ ਸਾਹਮਣੇ ਬੈਠੇ ਬਜ਼ੁਰਗ ਅਬਦੁਲ ਕਾਦਰ ਸਿੱਧੂ ਨੇ ਮੇਰੇ ਤੌਖ਼ਲੇ ਨੂੰ ਦੂਰ ਕਰਦਿਆਂ ਹੋਇਆਂ ਦੱਸਿਆ ਕਿ ਨਾਨਕ ਨਾਂ ਮੁਸਲਮਾਨਾਂ ਵਿਚ ਵੀ ਰੱਖਿਆ ਜਾਂਦਾ ਸੀ ਅਤੇ ਮਾਨਿਕ ਵੀ ਰੱਖਿਆ ਜਾਂਦਾ ਸੀ। ਇਹ ਸੁਣ ਕੇ ਮੈਂ ਚੁੱਪ ਜਿਹਾ ਹੋ ਗਿਆ ਅਤੇ ਜਦੋਂ ਉੱਥੋਂ ਉੱਠ ਕੇ ਤੁਰਨ ਲੱਗਾ ਤਾਂ ਇਕ ਹੋਰ ਬਜ਼ੁਰਗ ਅੱਲਾ ਬਖ਼ਸ਼ ਨੇ ਮੈਨੂੰ ਪਿੱਛੋਂ ਆਵਾਜ਼ ਮਾਰੀ ਅਤੇ ਕਹਿਣ ਲੱਗੇ ਕਿ ਨਾ ਸਿਰਫ਼ ਤੇਰੇ ਦਾਦੇ ਦਾ ਹੀ ਨਾਨਕ ਨਹੀਂ ਸੀ, ਬਲਕਿ ਤੇਰੀ ਦਾਦੀ ਦੇ ਪਿਓ ਦਾ ਨਾਂ ਵੀ ਨਾਨਕ ਸੀ। ਇਹ ਸੁਣ ਕੇ ਮੈਂ ਹੋਰ ਵੀ ਭੰਬਲਭੂਸੇ ਵਿਚ ਪੈ ਗਿਆ। ਮੇਰੇ ਦਾਦੇ ਤੇ ਮੇਰੇ ਪਿਓ ਦੇ ਨਾਨੇ ਦੋਵਾਂ ਦੇ ਨਾਂ ਨਾਨਕ ਕਿਵੇਂ ਹੋ ਗਏ। ਮੇਰੀ ਪ੍ਰੇਸ਼ਾਨੀ ਵੇਖ ਕੇ ਉਹ ਬਜ਼ੁਰਗ ਕਹਿਣ ਲੱਗਾ ਕਿ ਬਾਬਾ ਨਾਨਕ ਸਾਹਿਬ ਨੇ ਆਪਣੀ ਆਖ਼ਰੀ ਉਮਰ ਨਾਰੋਵਾਲ ਦੇ ਕੋਲ ਕਰਤਾਰਪੁਰ ਸਾਹਿਬ ਬਿਤਾਈ ਸੀ। ਸਾਡਾ ਪਿੰਡ ਤਾਂ ਕਰਤਾਰਪੁਰ ਤੋਂ 50 ਕੁ ਮੀਲ ਦੂਰ ਹੋਵੇਗਾ ਪਰ ਮੇਰੀ ਦਾਦੀ ਦਾ ਪਿੰਡ ਨਾਰੋਵਾਲ ਸ਼ਹਿਰ ਦੇ ਨਾਲ ਹੀ ਸੀ। ਉਸ ਨੇ ਹੋਰ ਦੱਸਿਆ ਕਿ ਉਨ੍ਹਾਂ ਪਿੰਡਾਂ ਦੇ ਲੋਕ ਬਾਬਾ ਨਾਨਕ ਜੀ ਨੂੰ ਬਹੁਤ ਮੰਨਦੇ ਸਨ ਅਤੇ ਉਨ੍ਹਾਂ ਵਿਚੋਂ ਕਈ ਆਪਣੇ ਨਿਆਣਿਆਂ ਦੇ ਨਾਂ ਨਾਨਕ ਰੱਖ ਲੈਂਦੇ ਸਨ।

ਇਹ ਗੱਲ ਮੇਰੇ ਜਿਹਨ ਵਿਚ ਵੜ ਗਈ ਅਤੇ ਬਾਅਦ ਵਿਚ ਜਦੋਂ ਮੈਂ ਹੋਰ ਘੋਖ-ਪੜਤਾਲ ਕੀਤੀ ਤਾਂ ਮੈਨੂੰ ਪਤਾ ਲੱਗਾ ਕਿ ਕੇਵਲ ਸਾਡਾ ਘਰ ਹੀ ਨਹੀਂ ਸੀ, ਸਾਡੇ ਪਿੰਡ ਵਿਚ ਤਿੰਨ-ਚਾਰ ਘਰ ਹੋਰ ਵੀ ਸਨ ਜਿਨ੍ਹਾਂ ਦੇ ਦਾਦੇ-ਪੜਦਾਦਿਆਂ ਦੇ ਨਾਂ ਨਾਨਕ ਤੇ ਮਾਨਿਕ ਸਨ। ਏਨੇ ਲੋਕਾਂ ਦੇ ਨਾਂ ਨਾਨਕ ਸੁਣਨ ਤੋਂ ਬਾਅਦ ਮੈਨੂੰ ਸਮਝ ਆਈ ਕਿ ਬਾਬਾ ਨਾਨਕ ਕੇਵਲ ਸਿੱਖਾਂ ਤੇ ਹਿੰਦੂਆਂ ਦਾ ਹੀ ਗੁਰੂ ਨਹੀਂ ਸੀ, ਉਹ ਮੁਸਲਮਾਨਾਂ ਦਾ ਵੀ 'ਪੀਰ-ਬਾਬਾ' ਸੀ ਅਤੇ ਹੁਣ ਵੀ ਹੈ। ਫਿਰ ਸੋਚਿਆ ਕਿ ਸਿੱਖ ਤਾਂ ਉਦੋਂ ਹੈ ਈ ਨਹੀਂ ਸਨ। ਉਹ ਤਾਂ ਬਾਅਦ ਵਿਚ 1699 ਵਿਚ ਬਣੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਨੰਦਪੁਰ ਸਾਹਿਬ ਵਿਚ ਅੰਮ੍ਰਿਤ ਛਕਾਉਣ ਤੋਂ ਪਿੱਛੋਂ ਖ਼ਾਲਸਾ ਦੀ ਸਾਜਨਾ ਕੀਤੀ ਗਈ। ਬਾਬਾ ਨਾਨਕ ਜੀ ਦੇ ਇਸ ਸੰਸਾਰ ਤੋਂ ਜਾਣ ਤੋਂ ਬਾਅਦ ਉਨ੍ਹਾਂ ਦੇ ਬਦਨ ਉੱਪਰਲੀ ਚਾਦਰ ਹੇਠਲੇ ਫੁੱਲ ਹਿੰਦੂਆਂ ਤੇ ਮੁਸਲਮਾਨਾਂ ਦੋਵਾਂ ਨੂੰ ਮਿਲੇ ਸਨ ਜੋ ਉਨ੍ਹਾਂ ਆਪਸ ਵਿਚ ਵੰਡ ਲਏ। ਇਹ ਸਾਰੇ ਮੁਸਲਮਾਨ ਬਾਬਾ ਨਾਨਕ ਜੀ ਦੇ ਮੁਰੀਦ ਸਨ। ਬਾਬਾ ਨਾਨਕ ਜੀ ਦਾ ਟੁਰਨਾ, ਫਿਰਨਾ, ਉੱਠਣਾ, ਬਹਿਣਾ ਮੁਸਲਮਾਨਾਂ ਨਾਲ ਰਿਹਾ। ਭਾਈ ਮਰਦਾਨਾ ਅਤੇ ਉਹ 40 ਸਾਲ ਇਕੱਠੇ ਰਹੇ। ਹੌਲੀ-ਹੌਲੀ ਮੈਨੂੰ ਇਹ ਵੀ ਪਤਾ ਲੱਗਾ ਕਿ ਮੁਸਲਮਾਨਾਂ ਦੇ ਜ਼ਿਆਦਾ ਗਿਣਤੀ ਵਿਚ ਬਾਬਾ ਨਾਨਕ ਜੀ ਦੇ ਮੁਰੀਦ ਹੋਣ ਦੀ ਵਜ੍ਹਾ ਇਹ ਸੀ ਕਿ ਬਾਬਾ ਜੀ ਦਾ ਨਜ਼ਰੀਆ ਇਸਲਾਮ ਦੇ ਬਹੁਤ ਨਜ਼ਦੀਕ ਸੀ। ਉਹ ਸੀ ਰੱਬ ਦਾ 'ਇਕ' ਹੋਣਾ। ਇਸਲਾਮ ਵਿਚ ਕਿਹਾ ਜਾਂਦਾ ਹੈ ਕਿ ਦੁਨੀਆਂ ਦਾ ਹਰ ਗੁਨਾਹ ਮੁਆਫ਼ ਹੋ ਸਕਦਾ ਹੈ ਪਰ ਸ਼ਿਰਕ ਮੁਆਫ਼ ਨਹੀਂ ਹੁੰਦਾ ਨਹੀਂ। 'ਸ਼ਿਰਕ' ਅਰਬੀ ਜ਼ਬਾਨ ਦਾ ਲਫ਼ਜ਼ ਹੈ ਅਤੇ ਇਸ ਦਾ ਮਤਲਬ ਹੈ 'ਸ਼ਰੀਕ', ਭਾਵ 'ਸ਼ੇਅਰ-ਹੋਲਡਰ।' ਯਾਨੀ ਜੇ ਕੋਈ ਦੂਜਾ ਰੱਬ ਬਣਾਏਗਾ ਜਾਂ ਮੰਨੇਗਾ, ਉਹ ਗੁਨਾਹ ਮੁਆਫ਼ ਨਹੀਂ ਹੋਣਾ।

ਆਪਣੇ ਬਜ਼ੁਰਗਾਂ ਤੋਂ ਮੈਨੂੰ ਪਤਾ ਲੱਗਾ ਕਿ ਮੇਰਾ ਪੜਦਾਦਾ ਨਾਨਕ ਆਪਣੇ ਦੋਹਾਂ ਭਰਾਵਾਂ ਤੋਂ ਵੱਡਾ ਸੀ। ਪੰਜਾਬੀ ਭਾਈਚਾਰੇ ਵਿਚ ਪਹਿਲਾ ਬੱਚਾ ਜਿਸ ਨੂੰ 'ਪਲੇਠਾ' ਕਿਹਾ ਜਾਂਦਾ ਹੈ, ਪਰਿਵਾਰ ਦੇ ਜੀਆਂ ਲਈ ਬੜਾ ਲਾਡਲਾ ਹੁੰਦਾ ਏ ਅਤੇ ਉਸ ਦਾ ਨਾਂ ਕਿਸੇ ਵੱਡੀ ਸ਼ਖ਼ਸੀਅਤ ਦੇ ਨਾਂ 'ਤੇ ਰੱਖਿਆ ਜਾਂਦਾ ਹੈ। ਜਿਵੇਂ ਮੁਸਲਮਾਨਾਂ ਵਿਚ ਬਹੁਤ ਸਾਰੇ ਲੋਕਾਂ ਦਾ ਨਾਂ ਮੁਹੰਮਦ ਨਾਲ ਸ਼ੁਰੂ ਹੁੰਦਾ ਹੈ। ਹੁਣ ਵੇਖਿਆ ਜਾਏ ਤਾਂ ਮੇਰੇ ਪੜਦਾਦੇ ਦੇ ਪਿਓ ਅਦਾਲਤ ਨੂੰ ਬਾਬਾ ਨਾਨਕ ਜੀ ਨਾਲ ਖ਼ਵਰੇ ਕਿੰਨਾ ਕੁ ਪਿਆਰ ਹੋਵੇਗਾ ਕਿ ਉਸ ਨੇ ਆਪਣੇ ਪਲੇਠੇ ਪੁੱਤਰ ਦਾ ਨਾਂ 'ਨਾਨਕ' ਰੱਖਿਆ ਹੋਵੇਗਾ ਅਤੇ ਪਰਿਵਾਰ ਦੇ ਹੋਰ ਜੀਆਂ ਨੇ ਵੀ ਇਸ ਦੀ ਹਾਮੀ ਭਰੀ ਹੋਵੇਗੀ।

ਮੇਰੀ ਆਦਤ ਏ ਕਿ ਮੈਂ ਪੁਰਾਣੇ ਕਾਗ਼ਜ਼ਾਤ ਅਕਸਰ ਵੇਖਦਾ ਰਹਿੰਦਾ ਹਾਂ ਅਤੇ ਮੇਰੇ ਵੇਖਣ ਵਿਚ ਆਇਆ ਹੈ ਕਿ ਪੁਰਾਣੇ ਮੁਸਲਮਾਨ ਪਰਿਵਾਰਾਂ ਵਿਚ ਨਾਨਕ ਨਾਂ ਕਾਫ਼ੀ ਰੱਖਿਆ ਜਾਂਦਾ ਸੀ। ਇਕ ਸਮਾਂ ਇਥੇ ਸਿੱਖਾਂ ਦੀ ਹਕੂਮਤ ਰਹੀ। ਮੇਰਾ ਦਾਦਾ ਵਧਾਵਾ 1948 ਵਿਚ ਅਕਾਲ ਚਲਾਣਾ ਕਰ ਗਿਆ ਸੀ। ਉਸ ਦੀਆਂ ਚਾਰ ਬੀਵੀਆਂ ਸਨ।

ਪਹਿਲੀ ਬੀਵੀ ਵਿਚੋਂ ਕੋਈ ਔਲਾਦ ਨਹੀਂ ਸੀ। ਦੂਜੀ ਵਿਚੋਂ ਇਕ ਬੇਟੀ, ਤੀਜੀ ਵਿਚੋਂ ਦੋ ਬੇਟੀਆਂ ਅਤੇ ਚੌਥੀ ਵਿਚੋਂ ਪੰਜ ਬੇਟੇ ਤੇ ਤਿੰਨ ਬੇਟੀਆਂ ਸਨ, ਜਿਸ ਦੀ ਅੱਗੋਂ ਅਸੀਂ ਔਲਾਦ ਹਾਂ। ਜੇਕਰ 1948 ਵਿਚ ਉਸ ਦੀ ਉਮਰ 80 ਸਾਲ ਲਾਈ ਜਾਏ ਤਾਂ ਇਸ ਦਾ ਮਤਲਬ ਕਿ ਉਹ 1868 ਵਿਚ ਪੈਦਾ ਹੋਇਆ ਹੋਵੇਗਾ ਅਤੇ ਉਸ ਦਾ ਪਿਓ ਉਸ ਵੇਲੇ 25 ਕੁ



ਸਾਲ ਦਾ ਤਾਂ ਹੋਵੇਗਾ ਹੀ। ਇਸ ਦਾ ਭਾਵ ਇਹ ਕਿ ਸਾਡਾ ਪੜਦਾਦਾ ਨਾਨਕ 1843 ਵਿਚ ਪੈਦਾ ਹੋਇਆ ਹੋਵੇਗਾ ਅਤੇ ਉਦੋਂ ਬਾਬਾ ਨਾਨਕ ਜੀ ਨੂੰ ਅਕਾਲ ਚਲਾਣਾ ਕੀਤੇ ਨੂੰ ਲਗਭਗ 300 ਸਾਲ ਹੋ ਗਏ ਹੋਣਗੇ। ਤਿੰਨ ਸਦੀਆਂ ਬੜਾ ਲੰਮਾ ਅਰਸਾ ਹੁੰਦਾ ਹੈ ਅਤੇ ਏਨੇ ਲੰਮੇ ਅਰਸੇ ਦੇ ਬਾਵਜੂਦ ਮੁਸਲਮਾਨਾਂ ਵਿਚ ਬਾਬਾ ਨਾਨਕ ਜੀ ਪ੍ਰਤੀ ਏਨਾ ਪਿਆਰ ਤੇ ਸਤਿਕਾਰ ਸੀ ਕਿ ਉਹ ਆਪਣੇ ਬੱਚਿਆਂ ਦੇ ਨਾਂ ਉਨ੍ਹਾਂ ਦੇ ਨਾਂ 'ਤੇ ਰੱਖਦੇ ਸਨ। ਹੁਣ ਜੇਕਰ ਥੋੜ੍ਹਾ ਜਿਹਾ ਹੋਰ ਪਿੱਛੇ ਜਾਈਏ ਅਤੇ ਪੀੜੀ ਨੂੰ 25 ਸਾਲ ਦੀ ਮੰਨ ਕੇ ਚੱਲੀਏ ਤਾਂ ਸਾਡੇ ਪੜਦਾਦੇ ਦਾ ਪਿਓ ਅਦਾਲਤ 1818 ਵਿਚ ਪੈਦਾ ਹੋਇਆ ਹੋਵੇਗਾ ਅਤੇ ਉਸ ਦਾ ਪਿਓ ਫ਼ਜ਼ਲਦੀਨ 1793 ਵਿਚ, ਜਦੋਂ ਅਹਿਮਦ ਸ਼ਾਹ ਅਬਦਾਲੀ 1761 ਵਿਚ ਮਰਹੱਟਿਆਂ ਨੂੰ ਹਰਾ ਕੇ ਟੁਰ ਗਿਆ ਸੀ, ਪੰਜਾਬ ਵਿਚ ਉਦੋਂ ਸਿੱਖ ਮਿਸਲਾਂ ਦਾ ਪੂਰਾ ਕਬਜ਼ਾ ਸੀ।

1761 ਤੋਂ ਲੈ ਕੇ 1839 ਤੱਕ ਕਿਸੇ ਨਾ ਕਿਸੇ ਤਰਾਂ ਪੰਜਾਬ ਵਿਚ ਸਿੱਖ ਹਕੂਮਤ ਰਹੀ, ਭਾਵੇਂ ਉਹ ਹਕੂਮਤ ਸਿੱਖ ਮਿਸਲਾਂ ਦੀ ਸੀ ਜਾਂ ਮਹਾਰਾਜੇ ਜਾਂ ਰਣਜੀਤ ਸਿੰਘ ਦਾ ਰਾਜ ਸੀ। ਇਸ ਦਾ ਮਤਲਬ ਕਿ ਮੇਰੇ ਪੜਦਾਦੇ ਦੀਆਂ ਪਿਛਲੀਆਂ ਪੁਸ਼ਤਾਂ ਨੇ ਸਿੱਖ ਮਹਾਰਾਜੇ ਦਾ ਰਾਜ ਹੰਢਾਇਆ ਅਤੇ ਸਿੱਖ ਮਿਸਲਾਂ ਦਾ ਵੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਬੇਸ਼ੱਕ ਕੁਝ ਅਮਨ-ਅਮਾਨ ਰਿਹਾ ਪਰ ਸਿੱਖ ਮਿਸਲਾਂ ਦੇ ਸਮੇਂ ਕਾਫ਼ੀ ਲੁੱਟ-ਮਾਰ ਹੁੰਦੀ ਰਹੀ ਸੀ। ਪਠਾਣ ਵੀ ਲੁੱਟ-ਮਾਰ ਕਰਦੇ ਰਹੇ ਸਨ। 1843 ਵਿਚ ਪੈਦਾ ਹੋਏ ਸਾਡੇ ਪੜਦਾਦੇ ਨਾਨਕ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਪਣੀਆਂ ਅੱਖਾਂ ਨਾਲ ਵੇਖਿਆ ਹੋਵੇਗਾ। ਮੇਰੇ ਬਜ਼ੁਰਗਾਂ ਨੇ ਸਿੱਖਾਂ ਦਾ ਦੌਰ ਚੰਗੀ ਤਰਾਂ ਵੇਖਿਆ ਸੀ ਅਤੇ ਉਨ੍ਹਾਂ ਆਪਣੇ ਉੱਪਰ ਹੁੰਦੀਆਂ ਜ਼ਿਆਦਤੀਆਂ ਵੀ ਵੇਖੀਆਂ ਤੇ ਝੱਲੀਆਂ ਹੋਣਗੀਆਂ। ਉਨ੍ਹਾਂ ਨੇ ਆਪਣੀ ਅਗਲੀ ਨਸਲ ਦੇ ਬੇਟੇ ਦਾ ਨਾਂ ਨਾਨਕ ਰੱਖਿਆ, ਕਿਉਂਕਿ ਉਨ੍ਹਾਂ ਨੂੰ ਬਾਬਾ ਨਾਨਕ ਜੀ ਨਾਲ ਮੁਹੱਬਤ ਸੀ।

1839 ਤੋਂ ਬਾਅਦ ਜਦੋਂ ਅੰਗਰੇਜ਼ਾਂ ਨੇ ਪੰਜਾਬ ਉੱਪਰ ਕਬਜ਼ਾ ਕਰ ਲਿਆ ਤਾਂ ਉਦੋਂ ਮੁਸਲਮਾਨਾਂ ਵਿਚ ਨਾਨਕ ਨਾਂ ਰੱਖਣਾ ਘੱਟ ਹੋ ਗਿਆ ਕਿਉਂਕਿ ਉਨ੍ਹਾਂ ਦੇ ਪੁਰਾਣੇ ਨਾਂਅ 'ਨਾਨਕ' ਇਸ ਤੋਂ ਪਹਿਲੇ ਦੌਰ ਦੇ ਹਨ। ਇਸ ਦੌਰਾਨ ਇਕ ਤੀਜਾ ਧੜਾ ਪੈਦਾ ਹੋ ਗਿਆ ਜੋ ਆਪਣੇ ਆਪ ਨੂੰ 'ਸਿੱਖ' ਅਖਵਾਉਂਦਾ ਸੀ ਅਤੇ ਇਸ ਨੇ ਬਾਬਾ ਨਾਨਕ ਉੱਪਰ ਇਕ ਤਰਾਂ ਆਪਣਾ ਜੱਫਾ ਮਾਰ ਲਿਆ। ਜਦੋਂ ਕੋਈ ਤਕੜਾ ਕਿਸੇ ਚੀਜ਼ 'ਤੇ ਕਾਬਜ਼ ਹੋ ਜਾਂਦਾ ਹੈ ਤਾਂ ਅਮੂਮਨ ਦੂਜੇ ਲੋਕ ਪਿਛਾਂਹ ਹਟ ਜਾਂਦੇ ਹਨ ਅਤੇ ਮੁਸਲਮਾਨਾਂ ਨਾਲ ਵੀ ਏਹੀ ਹੋਇਆ ਹੋਏਗਾ। ਉਨ੍ਹਾਂ ਨੇ ਆਪਣੇ ਬੱਚਿਆਂ ਦੇ ਨਾਂਅ 'ਨਾਨਕ' ਜਾਂ 'ਨਾਨਕੀ' ਰੱਖਣੇ ਬੰਦ ਕਰ ਦਿੱਤੇ ਹੋਣਗੇ।

ਗੱਲ ਸਿਰਫ਼ ਇਹ ਹੀ ਨਹੀਂ ਕਿ ਮੁਸਲਮਾਨਾਂ ਨੂੰ ਬਾਬਾ ਨਾਨਕ ਜੀ ਨਾਲ ਮੁਹੱਬਤ ਸੀ, ਸਗੋਂ ਇਹ ਮੁਹੱਬਤ ਤਾਂ ਦੋਪਾਸੜ ਸੀ। ਬਾਬਾ ਨਾਨਕ ਜੀ ਨੂੰ ਵੀ ਉਨ੍ਹਾਂ ਨਾਲ ਪੂਰੀ ਮੁਹੱਬਤ ਸੀ ਅਤੇ ਉਨ੍ਹਾਂ 40-45 ਸਾਲ ਭਾਈ ਮਰਦਾਨੇ ਨੂੰ ਨਾਲ ਲੈ ਕੇ ਸਾਰੀ ਦੁਨੀਆਂ ਦਾ ਚੱਕਰ ਲਾਇਆ। ਫਿਰ ਭਾਈ ਮਰਦਾਨੇ ਤੋਂ ਬਾਅਦ ਉਸ ਦਾ ਪੁੱਤਰ ਸ਼ਹਿਜ਼ਾਦ ਉਨ੍ਹਾਂ ਦੇ ਨਾਲ ਰਿਹਾ। ਕਈ ਸਿੱਖ ਬੁੱਧੀਜੀਵੀਆਂ ਨੇ ਆਪਣੀਆਂ ਕਿਤਾਬਾਂ ਵਿਚ ਜ਼ਿਕਰ ਕੀਤਾ ਹੈ ਕਿ ਬਾਬਾ ਨਾਨਕ ਜਦੋਂ ਕਿਸੇ ਪਿੰਡ ਜਾਂ ਸ਼ਹਿਰ ਜਾਂਦੇ ਸਨ ਤਾਂ ਉਹ ਅਕਸਰ ਮੁਸਲਮਾਨ ਪੀਰਾਂ/ਫ਼ਕੀਰਾਂ ਕੋਲ ਠਹਿਰਦੇ ਸਨ ਕਿਉਂਕਿ ਉਨ੍ਹਾਂ ਦੇ ਵਿਚਾਰ ਉਨ੍ਹਾਂ ਪੀਰਾਂ-ਫ਼ਕੀਰਾਂ ਨਾਲ ਰਲਦੇ ਸਨ। ਬਾਬਾ ਜੀ ਜਦੋਂ ਪਾਕਪਟਨ, ਬਗ਼ਦਾਦ ਜਾਂ ਸਾਊਦੀ ਅਰਬ ਗਏ ਤਾਂ ਉਨ੍ਹਾਂ ਮੁਸਲਮਾਨ ਸੂਫ਼ੀਆਂ ਦੀ ਸੰਗਤ ਕੀਤੀ। ਡੇਰਾ ਬਾਬਾ ਨਾਨਕ ਸਾਹਿਬ ਵਿਖੇ ਬਾਬਾ ਜੀ ਦਾ ਚੋਲਾ, ਜਿਹੜਾ ਹੁਣ ਵੀ ਉੱਥੇ ਮੌਜੂਦ ਹੈ, ਉਸ ਉੱਪਰ ਅਰਬੀ ਲਿਖੀ ਹੋਈ ਹੈ ਜੋ ਇਸ ਦਾ ਪ੍ਰਤੱਖ ਸਬੂਤ ਹੈ ਕਿ ਬਾਬਾ ਜੀ ਦੀ ਮੁਸਲਮਾਨਾਂ ਨਾਲ ਗਹਿਰੀ ਮੁਹੱਬਤ ਸੀ। ਪੁਰਾਣੇ ਬਜ਼ੁਰਗ ਦੱਸਦੇ ਹਨ ਕਿ ਕਿ ਬਾਬਾ ਜੀ ਦੀ ਗਠੜੀ ਵਿਚ ਕੁਰਾਨ ਸ਼ਰੀਫ਼ ਦੇ ਵਰਕੇ ਵੀ ਹੁੰਦੇ ਸਨ।

ਹੁਣ ਅਸੀਂ ਦੂਸਰੇ ਪੱਖ 'ਤੇ ਵੀ ਵਿਚਾਰ ਕਰਦੇ ਹਾਂ ਕਿ ਜਦੋਂ ਸਿੱਖ ਵਜੂਦ ਵਿਚ ਆਏ ਤਾਂ ਉਨ੍ਹਾਂ ਦਾ ਮਿਲਵਰਤਣ ਮੁਸਲਮਾਨਾਂ ਨਾਲ ਕਿਉਂ ਨਾ ਰਿਹਾ। ਇਨ੍ਹਾਂ ਦੋਹਾਂ ਕੌਮਾਂ ਦੀ ਆਪਸੀ ਦੁਸ਼ਮਣੀ ਕਿਵੇਂ ਪੈ ਗਈ ਜਿਸ ਦਾ ਅਖ਼ੀਰ 1947 ਵਿਚ ਜਾ ਕੇ ਹੋਇਆ ਅਤੇ ਉਹ ਵੀ ਬਹੁਤ ਹੀ ਭੈੜਾ ਹੋਇਆ। ਇਸ ਦੁਸ਼ਮਣੀ ਵਿਚ 10 ਲੱਖ ਤੋਂ ਵਧੀਕ ਹਿੰਦੂ, ਸਿੱਖ ਅਤੇ ਮੁਸਲਮਾਨ ਮਾਰੇ ਗਏ ਜੋ ਹਿੰਦੋਸਤਾਨ ਦੇ ਇਤਿਹਾਸ ਦੀ ਸਭ ਤੋਂ ਮੰਦਭਾਗੀ ਤੇ ਸ਼ਰਮਨਾਕ ਤ੍ਰਾਸਦੀ ਹੈ। ਸਿੱਖ ਭਰਾ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਬਾਬਾ ਫ਼ਰੀਦ ਜੀ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਨਾਲ ਬੜੀ ਮੁਹੱਬਤ ਹੈ। ਉਨ੍ਹਾਂ ਨੂੰ ਵਾਰਿਸ ਸ਼ਾਹ, ਬਾਬਾ ਬੁੱਲੇ ਸ਼ਾਹ, ਬੁੱਲੇ ਸ਼ਾਹ ਦੇ ਮੁਰਸ਼ਦ ਇਨਾਇਤ ਸ਼ਾਹ ਕਾਦਰੀ, ਬਾਬਾ ਮਰਦਾਨਾ, ਸ਼ਾਹ ਹੁਸੈਨ, ਸੁਲਤਾਨ ਬਾਹੂ, ਮੀਆਂ ਮੁਹੰਮਦ ਬਖ਼ਸ਼ ਨਾਲ ਵੀ ਬੜੀ ਮੁਹੱਬਤ ਹੈ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਜੇਕਰ ਇਹ ਮੁਹੱਬਤ ਹੈ ਤਾਂ ਇਸ ਦਾ ਕੋਈ ਸਬੂਤ ਵੀ ਤਾਂ ਹੋਣਾ ਚਾਹੀਦਾ ਹੈ।

ਬਾਕੀ ਸਫ਼ਾ 31 'ਤੇ

# ਬਾਬਰ ਦੀਆਂ ਰਗਾਂ ਵਿੱਚ ਮੱਧ ਏਸ਼ੀਆ ਦੇ ਦੋ ਮਹਾਨ ਯੋਧਿਆਂ ਦਾ ਖ਼ੂਨ ਦੌੜਦਾ ਸੀ

### ਗਗਨਦੀਪ ਧਾਲੀਵਾਲ ਝਲੂਰ
### ਬਰਨਾਲਾ

ਸੋਲਵੀਂ ਸਦੀ ਦੇ ਆਰੰਭ ਵਿੱਚ ਭਾਰਤ ਵਿੱਚ ਦਿੱਲੀ ਸਲਤਨਤ ਦਾ ਅੰਤ ਹੋ ਗਿਆ ਅਤੇ ਇਸਦੇ ਖੰਡਰਾਂ ਉੱਪਰ ਮੁਗ਼ਲ ਸਾਮਰਾਜ ਦੀ ਨੀਂਹ ਰੱਖੀ ਗਈ। ਮੁਗ਼ਲ ਸਾਮਰਾਜ ਦਾ ਸੰਸਥਾਪਕ ਜ਼ਹੀਰਉਦੀਨ ਮੁਹੰਮਦ ਬਾਬਰ ਸੀ। ਉਹ ਮੱਧ ਏਸ਼ੀਆ ਦੀਆਂ ਤੁਰਕ ਅਤੇ ਮੰਗੋਲ ਜਾਤੀਆਂ ਨਾਲ ਸਬੰਧ ਰੱਖਦਾ ਸੀ।ਉਸਨੇ 1526 ਈ. ਵਿੱਚ ਪਾਨੀਪਤ ਦੇ ਮੈਦਾਨ ਵਿੱਚ ਦਿੱਲੀ ਦੇ ਆਖਰੀ ਅਫ਼ਗਾਨ ਸੁਲਤਾਨ ਇਬਰਾਹਿਮ ਲੋਧੀ ਨੂੰ ਹਰਾ ਦਿੱਤਾ ਅਤੇ ਅੱਗੇ ਵੱਧ ਕੇ ਦਿੱਲੀ ਤੇ ਆਗਰਾ ਉੱਤੇ ਆਪਣਾ ਅਧਿਕਾਰ ਜਮਾ ਲਿਆ।ਇਸ ਤਰਾਂ ਉਸ ਨੇ ਭਾਰਤ ਵਿੱਚ ਇੱਕ ਨਵੇਂ ਵੰਸ਼ ਦੀ ਸਥਾਪਨਾ ਕੀਤੀ ਜੋ ਕਿ ਮੁਗ਼ਲ-ਵੰਸ਼ ਦੇ ਨਾਂ ਨਾਲ ਪ੍ਰਸਿੱਧ ਹੈ।

ਇਸ ਵੰਸ਼ ਦੇ ਸ਼ਾਸਕਾਂ ਦੇ ਹੱਥਾਂ ਵਿੱਚ ਭਾਰਤ ਦੇ ਭਾਗਾਂ ਦੀ ਵਾਗ-ਡੋਰ ਕੋਈ ਤਿੰਨ ਸੌ ਸਾਲ ਤੱਕ ਰਹੀ।

ਬਾਬਰ ਦਾ ਜਨਮ 14 ਫ਼ਰਵਰੀ 1483 ਈ. ਨੂੰ ਫਰਗਾਨਾ ਦੀ ਰਾਜਧਾਨੀ ਅੰਦੀਜਾਨ ਵਿਖੇ ਹੋਇਆ। ਉਸ ਦਾ ਅਸਲੀ ਨਾਮ ਜ਼ਹੀਰਉਦੀਨ ਮੁਹੰਮਦ ਸੀ ਉਸਦੇ ਮਿੱਤਰ ਅਤੇ ਦੇਸ਼ ਵਾਸੀ ਉਸ ਨੂੰ ਇਸ ਔਖੇ ਨਾਂ ਨਾਲ ਨਹੀਂ ਪੁਕਾਰ ਸਕਦੇ ਸਨ, ਇਸ ਲਈ ਉਹ ਉਸ ਨੂੰ ਬਾਬਰ ਦੇ ਨਾਂ ਨਾਲ ਸੰਬੋਧਨ ਕਰਨ ਲੱਗ ਪਏ।'ਬਾਬਰ' ਤੁਰਕੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ 'ਬੱਬਰ ਸ਼ੇਰ'।ਬਾਬਰ ਦਾ ਪਿਤਾ ਉਮਰ ਸ਼ੇਖ ਮਿਰਜ਼ਾ ਫਰਗਾਨਾ ਦਾ ਹਾਕਮ ਸੀ ਅਤੇ ਉਹ ਅਮੀਰ ਤੈਮੂਰ ਦੇ ਵੰਸ਼ ਨਾਲ ਸਬੰਧ ਰੱਖਦਾ ਸੀ। ਉਸਦੀ ਮਾਤਾ ਦਾ ਨਾਂ ਕੁਤਲੁਗ ਨਿਗਾਰ ਖ਼ਾਨਮ ਸੀ ਜੋ ਕਿ ਮੰਗੋਲ ਨੇਤਾ ਚੰਗੇਜ਼ ਦੇ ਵੰਸ਼ ਵਿੱਚੋਂ ਸੀ। ਇਸ ਤਰਾਂ ਬਾਬਰ ਦੀਆਂ ਰਗਾਂ ਵਿੱਚ ਮੱਧ ਏਸ਼ੀਆ ਦੇ ਦੋ ਮਹਾਨ ਯੋਧਿਆਂ ਦਾ ਖ਼ੂਨ ਦੌੜਦਾ ਸੀ।

ਬਾਬਰ ਨੇ ਤੁਰਕੀ, ਫ਼ਾਰਸੀ ਅਤੇ ਅਰਬੀ ਭਸ਼ਾਵਾਂ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਉਸਨੇ ਆਪਣੀ ਆਤਮ ਕਥਾ ਵਿੱਚ ਕਿਹਾ ਹੈ ਕਿ ਉਸਦਾ ਅਧਿਆਪਕ ਸ਼ੇਖ ਮੁਜੀਬ ਸੀ। ਬਾਬਰ ਦੀ ਨਾਨੀ ਏਸਾਨ ਦੌਲਤ ਬੇਗਮ ਨੇ ਉਸ ਵਿੱਚ ਅਤਿਅੰਤ ਸਾਹਸ, ਆਤਮ ਵਿਸ਼ਵਾਸ ਅਤੇ ਦ੍ਰਿੜ ਨਿਸ਼ਚੇ ਜਿਹੇ ਉੱਤਮ ਗੁਣ ਕੁੱਟ-ਕੁੱਟ ਕੇ ਭਰ ਦਿੱਤੇ ਸਨ ਅਤੇ ਉਸਦੀ ਦਾਦੀ ਸ਼ਾਹ ਸੁਲਤਾਨਾ ਬੇਗਮ ਨੇ ਉਸ ਨੂੰ ਵਿਵਹਾਰ ਅਤੇ ਸ਼ਿਸ਼ਟਾਚਾਰ ਦੇ ਚੰਗੇ-ਚੰਗੇ ਨਿਯਮ ਸਿਖਾਏ।ਬਾਬਰ ਦੇ ਪਹਾੜੀ ਦੇਸ਼ ਦੀ ਜਲਵਾਯੂ ਨੇ ਵੀ ਉਸ ਦੇ ਵਿਅਕਤੀਤਵ ਉੱਤੇ ਪ੍ਰਭਾਵ ਪਾਇਆ। 1494 ਈ. ਵਿੱਚ ਬਾਬਰ ਦੇ ਪਿਤਾ ਦੀ ਕਬੂਤਰ ਉਡਾਉਂਦੇ-ਉਡਾਉਂਦੇ ਆਪਣੇ ਮਹਿਲ ਦੇ ਸਿਖਰ ਤੋਂ ਥੱਲੇ ਡਿੱਗਣ ਕਾਰਨ ਮੌਤ ਹੋ ਗਈ ਅਤੇ ਬਾਬਰ ਦੀ ਉਮਰ ਉਸ ਸਮੇਂ 11 ਸਾਲ ਸੀ ਅਤੇ ਉਹ ਫਰਗਨਾ ਦੀ ਗੱਦੀ ਉੱਤੇ ਬੈਠਿਆ।1497 ਈ. ਵਿੱਚ ਬਾਬਰ ਨੇ ਸ਼ਕਰਕੰਦ ਦੀ ਜਿੱਤ ਪ੍ਰਾਪਤ ਕੀਤੀ।ਪਰ ਇਹ ਜਿੱਤ ਸਦੀਵੀ ਨਾ ਬਣ ਸਕੀ। 1497 ਤੋਂ 1504 ਈ. ਤੱਕ ਬਾਬਰ ਦੀ ਹਸਤੀ ਅਵਾਰਾ ਵਰਗੀ ਸੀ। ਇੱਕ ਅਜਿਹੇ ਰਾਜੇ ਵਰਗੀ ਜਿਸਦਾ ਕੋਈ ਰਾਜ ਨਹੀਂ ਸੀ। ਉਸ ਨੂੰ ਇਸ ਤਰਾਂ ਠੁਕਰਾਇਆ ਜਾਂਦਾ ਸੀ ਜਿਵੇ ਕਿ ਸਮੁੰਦਰ ਦੇ ਕੰਢੇ ਪਏ ਹੋਏ ਕੰਕਰ ਨੂੰ, 1502 ਤੋਂ 1504 ਈ. ਤੱਕ ਦਾ ਸਮਾਂ ਬਾਬਰ ਦੇ ਜੀਵਨ ਦਾ ਬਹੁਤ ਔਖਾ ਸਮਾਂ ਸੀ।ਉਸ ਨੂੰ ਦੁੱਖਾਂ ਤੇ ਗਰੀਬੀ ਦਾ ਸਾਹਮਣਾ ਕਰਨਾ ਪਿਆ।ਸਾਰੇ ਸਾਥੀ ਤੇ ਸਬੰਧੀ ਉਸ ਨੂੰ ਧੋਖਾ ਦੇ ਗਏ। ਬਾਬਰ ਆਪਣੀ ਆਤਮ- ਕਥਾ ਵਿੱਚ ਲਿਖਦਾ ਹੈ ਕਿ 'ਮੈਂ ਸੰਸਾਰ ਵਿੱਚ ਆਪਣੀ ਆਤਮਾ ਤੋਂ ਬਿਨਾਂ ਕਿਸੇ ਨੂੰ ਵੀ ਵਫ਼ਾਦਾਰ ਮਿੱਤਰ ਅਤੇ ਆਪਣੇ ਦਿਲ ਤੋਂ ਸਿਵਾਏ ਕਿਸੇ ਨੂੰ ਵੀ ਭਰੋਸੇਯੋਗ ਨਹੀਂ ਪਾਇਆ। 1504 ਈ. ਗਜਨੀ ਨੂੰ ਜਿੱਤ ਲਿਆ। 1507 ਈ. ਵਿੱਚ ਉਸਨੇ 'ਬਾਦਸ਼ਾਹ' ਦੀ ਉਪਾਧੀ ਧਾਰਨ ਕੀਤੀ। ਉਜ਼ਬੇਗਾ ਤੋਂ ਬਾਬਰ ਨੇ 'ਤੁਲਗੁਮਾ' ਨਾਮੀ ਯੁੱਧ ਦਾ ਢੰਗ, ਮੰਗੋਲਾਂ ਤੋਂ ਛੁਪ ਕੇ ਵਾਰ ਕਰਨ ਤੇ ਦੁਸ਼ਮਣ ਨੂੰ ਖ਼ਤਰਨਾਕ ਸਥਾਨ 'ਤੇ ਲਿਆ ਕੇ ਲੜਾਈ ਕਰਨ ਦਾ ਢੰਗ ਅਤੇ ਈਰਾਨੀਆਂ ਤੋਂ ਉਸ ਨੇ ਤੋਪਖ਼ਾਨੇ ਦੀ ਵਰਤੋਂ ਕਰਨ ਦੀ ਸਿੱਖਿਆ ਪ੍ਰਾਪਤ ਕੀਤੀ। ਬਾਬਰ ਨੇ ਭਾਰਤ ਉੱਤੇ 1519 ਈ. ਤੋਂ 1526 ਤੱਕ ਪੰਜ ਹਮਲੇ ਕੀਤੇ। ਬਾਬਰ ਨੇ ਭਾਰਤ ਉੱਤੇ ਪਹਿਲਾ ਹਮਲਾ 1519 ਈ. ਵਿੱਚ ਖ਼ਰੂਦੀ ਜਾਤੀ ਯੂਸਫਜਾਈ ਦੇ ਵਿਰੁੱਧ, ਦੂਜਾ ਹਮਲਾ 1519 ਈ. ਵਿੱਚ, ਤੀਜਾ ਹਮਲਾ 1520 ਈ. ਵਿੱਚ, ਚੌਥਾ ਹਮਲਾ 1524 ਈ. ਵਿੱਚ, ਪੰਜਵਾਂ ਹਮਲਾ 1525-1526 ਈ. ਵਿੱਚ ਕੀਤਾ। ਇਸ ਤੋਂ ਇਲਾਵਾ ਬਾਬਰ ਨੇ 1526 ਈ. ਪਾਨੀਪਤ ਦੀ ਲੜਾਈ 1527 ਈ. ਵਿੱਚ ਖਾਨਵਾ ਦੀ ਲੜਾਈ,1528 ਈ. ਵਿੱਚ ਚੰਦੇਰੀ ਦੀ ਲੜਾਈ 1529 ਈ. ਵਿੱਚ ਘਾਗਰਾ ਦੀ ਲੜਾਈ ਲੜੀ। ਅੰਤ 26 ਦਸੰਬਰ 1530 ਈ. ਵਿੱਚ ਬਾਬਰ ਦੀ ਮੌਤ ਹੋ ਗਈ। ਮੌਤ ਦੇ ਬਾਅਦ ਬਾਬਰ ਦੇ ਮ੍ਰਿਤਕ ਸਰੀਰ ਨੂੰ ਆਗਰੇ ਤੋਂ ਕਾਬਲ ਲੈ ਜਾਇਆ ਗਿਆ ਅਤੇ ਉੱਥੇ ਇੱਕ ਸੁੰਦਰ ਸਥਾਨ 'ਤੇ ਦਫ਼ਨਾ ਦਿੱਤਾ ਗਿਆ।

# ਕਾਤਲ ਦੀ ਪਛਾਣ

**ਸੁਜਾਨ ਸਿੰਘ**

ਮਹਾਂਨਗਰ ਵਿੱਚ ਤਿੰਨ ਦਿਨ ਜਬਰ ਜ਼ੁਲਮ ਦਾ ਤੂਫ਼ਾਨ ਆਇਆ ਰਿਹਾ ਸੀ। ਸ਼ਹਿਰ ਦੇ ਬਾਹਰਲੇ ਇਲਾਕਿਆਂ ਵਿੱਚ ਤੇ ਕੁਝ ਵਿਚਲੇ ਇਲਾਕਿਆਂ ਵਿੱਚ ਵੀ ਲਾਟਾਂ ਉੱਠਦੀਆਂ ਰਹੀਆਂ ਸਨ ਤੇ ਧੂੰਏ ਦੇ ਬੱਦਲ ਆਸਮਾਨ ਨੂੰ ਛੂੰਹਦੇ ਰਹੇ ਸਨ। ਦੁਕਾਨਾਂ ਲੁੱਟੀਆਂ ਗਈਆਂ ਸਨ ਤੇ ਬੂਹੇ ਖੁੱਲ ਪਏ ਸਨ, ਜਿਵੇਂ ਕਿਸੇ ਅੱਸੀ ਸਾਲ ਦੇ ਗ਼ਰੀਬ ਬੁੱਢੇ ਦਾ ਦੰਦਾਂ ਰਹਿਤ ਮੂੰਹ। ਵਿੱਚ ਵਿੱਚ ਕਈ ਦੁਕਾਨਾਂ ਬਿਲਕੁਲ ਬਚੀਆਂ ਹੋਈਆਂ ਸਨ ਜਿਨਾਂ ਉੱਤੇ ਬਹੁਗਿਣਤੀ ਭਾਈਚਾਰੇ ਦੀ ਮਾਲਕੀਅਤ ਜ਼ਾਹਰ ਕਰਦੇ ਸਾਈਨ ਬੋਰਡ ਲੱਗੇ ਹੋਏ ਸਨ। ਜਵਾਨ ਤੇ ਅਧਖੜ ਸਿੱਖ ਚੁਣ ਚੁਣ ਕੇ ਮਾਰੇ ਗਏ ਸਨ, ਜਵਾਨ ਕੁੜੀਆਂ ਅਗਵਾ ਕੀਤੀਆਂ ਗਈਆਂ ਸਨ। ਕਈਆਂ ਨਾਲ ਬਲਾਤਕਾਰ ਕਰਕੇ ਕਤਲ ਕਰ ਦਿੱਤੀਆਂ ਗਈਆਂ ਸਨ।

ਸਾੜ ਫੂਕ ਤੇ ਕਤਲੋਗਾਰਤ ਕਰਨ ਵਾਲੇ ਹਜੂਮ ਜਾਂ ਝੁੱਗੀ ਝੋਂਪੜੀ ਵਾਸੀਆਂ ਦੇ ਸਨ ਜਾਂ ਓਪਰੇ ਲੋਕਾਂ ਦੇ ਜੋ ਮਹਾਂਨਗਰ ਦੇ ਵਸਨੀਕ ਨਹੀਂ ਸਨ। ਇਲਾਕੇ ਦੇ ਗੁੰਡੇ ਉਨਾਂ ਦੀ ਅਗਵਾਈ ਕਰ ਰਹੇ ਸਨ ਤੇ ਉਨਾਂ ਦੀ ਅਗਵਾਈ ਕਰ ਰਹੇ ਸਨ ਕੁਝ ਸਿਆਸੀ ਆਗੂ। ਇਉਂ ਮਾਲੂਮ ਹੁੰਦਾ ਸੀ ਕਿ ਇਹ ਕਤਲੋਗਾਰਤ ਕਿਸੇ ਗਿਣੀ ਮਿਥੀ ਸਾਜ਼ਿਸ਼ ਅਧੀਨ ਹੋ ਰਹੀ ਹੋਵੇ। ਆਗੂਆਂ ਕੋਲ ਘਰਾਂ ਦੇ ਨੰਬਰਾਂ ਦੀਆਂ ਸੂਚੀਆਂ ਸਨ ਤੇ ਸਿੱਖਾਂ ਦੇ ਘਰਾਂ ਨੂੰ ਚੁਣ ਚੁਣ ਕੇ, ਉਨਾਂ ਦੇ ਜੀਅ ਕਤਲ ਤੇ ਅਗਵਾ ਕੀਤੇ ਜਾ ਰਹੇ ਸਨ। ਘਰਾਂ ਨੂੰ ਲੁੱਟ ਕੇ ਅੱਗਾਂ ਲਾਈਆਂ ਜਾ ਰਹੀਆਂ ਸਨ, ਅੱਗਾਂ ਲਾਉਣ ਲਈ ਇਹ ਕਾਤਲ ਗਰੋਹ ਮਣਾਂ ਮੂੰਹੀਂ ਪੈਟਰੋਲ, ਮਿੱਟੀ ਦਾ ਤੇਲ ਪੀਪਿਆਂ, ਕੈਨਾਂ ਅਤੇ ਡਰੰਮਾਂ ਵਿੱਚ ਲਈ ਫਿਰਦੇ ਸਨ। ਪੈਟਰੋਲ ਨੂੰ ਇੱਕ ਨਵੇਂ ਪਰਯੋਗ ਵਿਚ ਲਿਆਇਆ ਜਾ ਰਿਹਾ ਸੀ। ਕਿਸੇ ਨੂੰ ਲੋਹੇ ਦੀਆਂ ਸੀਖਾਂ, ਡਾਂਗਾਂ, ਕੁਹਾੜੀਆਂ ਨਾਲ ਅਧਮੋਇਆਂ ਕੀਤਾ, ਪੈਟਰੋਲ ਉੱਤੇ ਪਾਇਆ ਅਤੇ ਅੱਗ ਲਾ ਦਿੱਤੀ, ਜਿਉਂਦੇ ਉੱਤੇ ਹੀ ਪੈਟਰੋਲ ਸੁੱਟਿਆ, ਦੂਰੋਂ ਹੀ ਤੀਲੀ ਦਿਖਾਈ; ਭਬੂਕਾ ਉੱਠਿਆ, ਸਰੀਰ ਡਿੱਗਿਆ ਤੇ ਰੂਹ ਪਰਵਾਜ਼ ਕਰ ਗਈ ਜਾਂ ਟਾਇਰ ਨੂੰ ਅੱਗ ਲਾਈ ਤੇ ਜਿਊਂਦੇ ਆਦਮੀ ਦੇ ਗਲ ਵਿਚ ਪਾ ਦਿੱਤਾ ਅਤੇ ਉਸਨੂੰ ਤੜਫਦਾ, ਭੁੜਕਦਾ, ਭੱਜਦਾ ਦੇਖ ਕੇ ਗਿੱਧਿਆਂ ਦਾ ਤਾਲ ਦਿੱਤਾ ਗਿਆ। ਕਿੰਨਾ ਭਿਆਨਕ ਸੀ ਇਹ ਨਾਚ! ਜਿਊਂਦੇ ਸੜਨ ਵਾਲਿਆਂ ਦੀਆਂ ਚੀਕਾਂ ਦਾ ਪੱਥਰ ਦਿਲਾਂ ਉੱਤੇ ਕੋਈ ਅਸਰ ਨਹੀਂ ਹੋ ਰਿਹਾ ਸੀ। ਬਚੀਆਂ ਹੋਈਆਂ ਵਿਧਵਾਵਾਂ, ਔਤਰੀਆਂ ਬਣਾ ਦਿੱਤੀਆਂ ਮਾਵਾਂ ਅਤੇ ਯਤੀਮ ਬੱਚੇ, ਬੱਚੀਆਂ ਲਈ ਰਫਿਊਜੀ ਕੈਂਪ ਬਣਾ ਦਿੱਤੇ ਗਏ ਸਨ। ਇਹ ਦੇਸ਼ ਦੀ ਵੰਡ ਵੇਲੇ ਦੇ ਰਫਿਊਜੀ ਕੈਂਪਾਂ ਤੋਂ ਭਿੰਨ ਸਨ, ਇਹ ਆਪਣੇ ਦੇਸ਼ ਵਾਲਿਆਂ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਮਾਰ ਕੇ, ਬਚ ਗਏ ਯਤੀਮ ਬੱਚਿਆਂ, ਬੇਸਹਾਰਾ ਬੁੱਢਿਆਂ ਅਤੇ ਵਿਧਵਾਵਾਂ ਲਈ ਬਣਾਏ ਸਨ।

ਇੱਕ ਇਹੋ ਜਿਹਾ ਹੀ ਕੈਂਪ ਮਹਾਂਨਗਰ ਦੇਨਦੀਓਂ ਪਾਰਲੇ ਹਿੱਸੇ ਵਿਚ ਬਣਾਇਆ ਗਿਆ ਸੀ। ਇਸ ਕੈਂਪ ਵਿੱਚ ਕਈ ਅਜਿਹੇ ਨੌਜਵਾਨ ਵੀ ਸਨ ਜਿਨਾਂ ਦੀ ਜਾਨ ਬਚਾਉਣ ਲਈ, ਉਨਾਂ ਦੇ ਦੂਸਰੇ ਧਰਮਾਂ ਦੇ ਮਿੱਤਰਾਂ ਨੇ ਉਨਾਂ ਦੇ ਵਾਲ ਕੱਟ ਕੇ, ਹਜ਼ਾਮਤ ਕਰਕੇ ਇਨਾਂ ਅਧਮੂਲ ਦੇ ਦਿਨਾਂ ਵਿੱਚ ਆਪਣੇ ਘਰਾਂ ਵਿਚ ਰੱਖਣ ਦਾ ਖ਼ਤਰਾ ਮੁੱਲ ਲਿਆ ਸੀ ਅਤੇ ਮਗਰੋਂ ਕੈਂਪ ਵਿੱਚ ਪਹੁੰਚਾਇਆ ਸੀ। ਇਕ ਬੁੱਢਾ ਝੂਰ ਰਿਹਾ ਸੀ ਜਿਸ ਦਾ ਇੱਕੋ ਇੱਕ ਪੁੱਤਰ ਅਤੇ ਦੋ ਪੋਤਰੇ ਸਮੇਂ ਤੋਂ ਪਹਿਲਾਂ ਰੱਬ ਦੇ ਘਰ ਭੇਜ ਦਿੱਤੇ ਗਏ ਸਨ। ਔਹ ਪਥਰਾਈ ਨਜ਼ਰ ਵਾਲੀ ਅੱਧਖੜ ਤੀਵੀਂ, ਜਿਸ ਦੇ ਪਤੀ ਨੂੰ ਮਾਰ ਕੇ ਪੈਟਰੋਲ ਪਾ ਕੇ ਅੱਗ ਲਾ ਦਿੱਤੀ ਗਈ ਸੀ, ਘਰ ਦਾ ਫਰਨੀਚਰ ਪਤੀ ਦੀ ਬਲਦੀ ਲਾਸ਼ ਉੱਤੇ ਪਾਉਂਦੀ ਰਹੀ ਸੀ ਤਾਂ ਜੁ ਉਸ ਦੇ ਪਤੀ ਦੀ ਦੇਹ ਦਾ ਪੂਰੀ ਤਰਾਂ ਸਸਕਾਰ ਹੋ ਜਾਵੇ। ਦੋ, ਤਿੰਨ ,ਚਾਰ ਸਾਲਾਂ ਦੇ ਕਈ ਬੱਚੇ ਇੱਕ ਥਾਂ ਢੇਰੀ ਹੋਏ ਹੋਏ ਸਨ ਜਿਨਾਂ ਨੂੰ ਪਤਾ ਨਹੀਂ ਸੀ ਕਿ ਕੀ ਹੋ ਗਿਆ ਹੈ। ਇਕ ਘਰ ਦੀਆਂ ਸੱਤ ਵਿਧਵਾਵਾਂ ਸਨ ਜਿਨਾਂ ਦੇ ਵੱਡੇ ਪਰਿਵਾਰ ਵਿਚੋਂ ਕੋਈ ਮਰਦ ਨਹੀਂ ਸੀ ਬਚਿਆ। ਸਿਆਲ ਦੇ ਦਿਨਾਂ ਵਿੱਚ ਇਨਾਂ ਸਭਨਾਂ ਕੋਲ ਠੰਢ ਤੋਂ ਬਚਣ ਲਈ ਕੋਈ ਸਾਧਨ ਨਹੀਂ ਸਨ।

ਦਿਨ ਚੜਿਆ, ਸੂਰਜ ਨਿਕਲਿਆ, ਹੱਡਾਂ ਨੂੰ ਸੇਕ ਲੱਗਾ। ਕੂਕਾਂ ਅਤੇ ਚੀਕਾਂ ਪੁਕਾਰਾਂ ਨੇ ਜਾ ਅੰਬਰ ਨੂੰ ਛੋਹਿਆ। ਟਰੱਕ ਆ ਗਏ ਜਿਨਾਂ ਵਿੱਚ ਪੁਰਾਣੇ ਕੰਬਲ ਅਤੇ ਰਜਾਈਆਂ ਸਨ। ਸੇਵਾਦਾਰ ਇਨਾਂ ਨੂੰ ਵੰਡਣ ਲੱਗੇ। ਕੁਝ ਲੈ ਲੈਂਦੇ ਸਨ, ਕੁਝ ਬੇਪ੍ਰਵਾਹੀ ਨਾਲ ਉਨਾਂ ਅੱਗੇ ਪਿਆਂ ਨੂੰ ਘੂਰ ਘੂਰ ਵੇਖਦੇ ਰਹਿੰਦੇ ਸਨ ਅਤੇ ਕਈ ਦੰਦੋੜਿੱਕੇ ਵਾਲੀ ਠੰਢ ਦੇ ਹੁੰਦਿਆਂ ਵੀ ਵਗਾਹ ਮਾਰਦੇ ਸਨ। ਕਈ ਬਦਅਸੀਸਾਂ ਦੇਂਦੇ ਸਨ, ਕੁਝ ਗਾਲਾਂ ਉੱਤੇ ਵੀ ਉਤਰ ਆਉਂਦੇ ਸਨ।

ਇੱਕ ਜਵਾਨ ਤੀਵੀਂ ਸੁੰਨ ਵੱਟਾ ਹੋਈ ਹੋਈ ਸੀ, ਕਦੇ ਕਦੇ ਪਾਗਲਾਂ ਵਾਂਗ ਬੁੜਬੁੜਾਉਂਦੀ ਸੀ। ਦਿਨ ਚੜਨ ਉੱਤੇ ਦੇਗਾਂ, ਵਲਟੋਹੇ ਅਤੇ ਲੋਹਾਂ ਆ ਗਈਆਂ ਸਨ। ਫ਼ੌਜੀ ਟਰੱਕਾਂ ਵਿੱਚ ਰਾਸ਼ਨ ਆ ਰਿਹਾ ਸੀ। ਲੰਗਰ ਵਾਲੀ ਥਾਂ ਉੱਤੇ ਕਨਾਤਾਂ, ਛੋਲਦਾਰੀਆਂ, ਚਾਨਣੀਆਂ ਲੱਗ ਗਈਆਂ ਸਨ।




ਖੱਦਰ ਦੇ ਕੱਪੜਿਆਂ ਵਾਲੇ ਵਲੰਟੀਅਰ ਹਦਾਇਤਾਂ ਦੇ ਕੇ ਮਜ਼ਦੂਰਾਂ, ਦਿਹਾੜੀਦਾਰਾਂ ਅਤੇ ਲਾਂਗਰੀਆਂ ਕੋਲੋਂ ਕੰਮ ਸ਼ੁਰੂ ਕਰਵਾ ਰਹੇ ਸਨ। ਬਾਲਣ ਦੇ ਵੱਡੇ ਵੱਡੇ ਮੋਛਿਆਂ ਦਾ ਟਰੱਕ ਲੱਥ ਗਿਆ ਸੀ। ਕੁਝ ਲੋਕ ਜ਼ਮੀਨ ਪੁੱਟ ਕੇ ਚੁੱਲੇ ਅਤੇ ਕਈ ਪੱਕੀਆਂ ਇੱਟਾਂ ਦੀਆਂ ਅੰਗੀਠੀਆਂ ਖੜੀਆਂ ਕਰ ਰਹੇ ਸਨ। ਰਾਤ ਦੀਆਂ ਪੱਕੀਆਂ ਰੋਟੀਆਂ ਅਤੇ ਬਾਜ਼ਾਰੀ ਅਚਾਰ ਆ ਗਿਆ ਸੀ। ਇੱਕ ਅੰਗੀਠੀ ਵਿੱਚ ਲੱਕੜਾਂ ਨੂੰ ਪਲੀਤਾ ਲਾ ਕੇ ਚਾਹ ਲਈ ਇੱਕ ਦੇਗ ਧਰ ਕੇ ਉਸ ਵਿੱਚ ਬਾਲਟੀਆਂ ਨਾਲ ਪਾਣੀ ਪਾਇਆ ਜਾ ਰਿਹਾ ਸੀ। ਕਿਸੇ ਵੇਲੇ ਕਿਸੇ ਤੀਵੀਂ ਦੇ ਵੈਣ ਪਾਉਣ ਦੀ ਦਿਲ ਚੀਰਵੀਂ ਕੂਕ ਨਿਕਲਦੀ ਤਾਂ ਕਾਮੇ ਕੰਮ ਰੋਕ ਕੇ ਉਸ ਪਾਸੇ ਦੇਖਣ ਲੱਗ ਪੈਂਦੇ ਸਨ। ਕਿਸੇ ਕੁੱਟੇ ਮਾਰੇ ਬਜ਼ੁਰਗ ਦੀ ਗੁੱਝੀ ਸੱਟ ਦੀ ਪੀੜ ਚਸਕ ਉੱਠਦੀ ਤਾਂ ਉਹ ਚੀਕ ਉੱਠਦਾ ਸੀ। ਰੈੱਡ ਕਰੌਸ ਦੀ ਇੱਕ ਵੈਨ ਆ ਗਈ ਸੀ ਜਿਹੜੀ ਇਹੋ ਜਿਹੇ ਲੋਕਾਂ ਨੂੰ ਹਸਪਤਾਲ ਪਹੁੰਚਾਉਂਦੀ ਸੀ। ਯਤੀਮ ਉਦਾਸ ਬੱਚੇ ਖੇਡਣ ਦੀ ਥਾਂ ਉੱਤੇ ਇੱਕ ਜਗਾ ਗੁੱਛਾ ਮੁੱਛਾ ਹੋਏ ਪਏ ਸਨ। ਕਈ ਅਚਾਨਕ ਚੀਕਾਂ ਮਾਰਦੇ, ਡੁਸਕਦੇ ਅਤੇ ਕਈ ਗੁੰਮ ਸੁੰਮ ਸਨ। ਹਰਕਤ ਦੇ ਸੋਮੇ ਮਨੁੱਖ ਬੇਹਰਕਤ ਪਏ ਹੋਏ ਸਨ। ਮਨੁੱਖਾਂ ਦਾ ਕੀ ਹਾਲ ਕਰ ਦਿੱਤਾ ਗਿਆ ਸੀ! ਕੁਝ ਨੌਜਵਾਨ ਜਿਹੜੇ ਆਪਣੇ ਬਚਾਉਣ ਵਾਲਿਆਂ ਨੂੰ ਬਚਾਉਣ ਵੱਲੋਂ ਅਤੇ ਆਪ ਆਪਣੇ ਸਿਰ ਮੂੰਹ ਮੁੰਨਾ ਕੇ ਬਚੇ ਸਨ, ਬਹੁਤ ਬੇਇੱਜ਼ਤੀ ਮਹਿਸੂਸ ਕਰ ਰਹੇ ਸਨ। ਉਹ ਆਪਣੀਆਂ ਅੱਖਾਂ ਨਾਲ ਆਪਣੇ ਅੰਦਰ ਦੇਖਦੇ ਅਤੇ ਸਿਰ ਹਿਲਾਉਂਦੇ ਸਨ। ਇਹ ਸਿਰ ਹਿਲਾਉਣਾ ਪਛਤਾਵੇ ਦਾ ਸੀ ਕਿ ਬਦਲਾ ਲੈਣ ਦਾ, ਇਸਦਾ ਨਿਰਣਾ ਕਰਨਾ ਮੁਸ਼ਕਲ ਸੀ। ਦੁਪਹਿਰ ਤੱਕ ਕੈਂਪ ਦੇ ਲੋਕਾਂ ਲਈ ਖਾਣੇ ਦਾ ਮਾੜਾ ਮੋਟਾ ਪ੍ਰਬੰਧ ਹੋ ਗਿਆ ਸੀ ਜਿਸ ਨਾਲ ਕਈਆਂ ਨੇ ਆਪਣੇ ਪੇਟਾਂ ਨੂੰ ਝੁਲਕਾ ਦਿੱਤਾ। ਕਈਆਂ ਨੇ ਕੁਝ ਵੀ ਨਹੀਂ ਖਾਧਾ, ਸਿਰਫ਼ ਪਾਣੀ ਹੀ ਪੀਤਾ। ਇੱਕ ਦੋ ਜਨਾਨੀਆਂ ਨੇ ਪਾਣੀ ਵੀ ਨਹੀਂ ਪੀਤਾ ਜਿਵੇਂ ਉਨਾਂ ਨੇ ਭੁੱਖੀਆਂ ਪਿਆਸੀਆਂ ਰਹਿ ਕੇ ਸਤੀ ਹੋਣ ਦਾ ਨਿਸ਼ਚਾ ਕੀਤਾ ਹੋਇਆ ਹੋਵੇ। ਉਨਾਂ ਵਿੱਚ ਉਹ ਪਥਰਾਈ ਨਜ਼ਰ ਵਾਲੀ ਜ਼ਨਾਨੀ ਵੀ ਸੀ ਜਿਸ ਦੇ ਮਿੱਟੀ ਨਾਲ ਲਿਬੜੇ ਲੰਮੇ ਵਾਲ ਗਲ ਵਿੱਚ ਪਏ, ਪਿੱਠ ਉੱਤੇ ਲਮਕੇ ਅਤੇ ਚਿਹਰੇ ਉੱਤੇ ਖਿਲਰੇ ਹੋਏ ਸਨ। ਉਸ ਦੇ ਸਹੁਰਿਆਂ ਅਤੇ ਪੇਕਿਆਂ ਵਿਚੋਂ ਕੋਈ ਵੀ ਨਹੀਂ ਸੀ ਬਚਿਆ।

ਦੁਪਹਿਰ ਮਗਰੋਂ ਇੱਕ ਝੰਡੇ ਵਾਲੀ ਲੰਮੀ ਕਾਰ ਕੈਂਪ ਵਿੱਚ ਆਈ ਜਿਸ ਦੀ ਡਿੱਗੀ ਵਿਚੋਂ ਫਲਾਂ ਦੀਆਂ ਪੇਟੀਆਂ ਉਤਾਰੀਆਂ ਗਈਆਂ ਅਤੇ ਉਨਾਂ ਨੂੰ ਖੋਲਿਆ ਗਿਆ। ਕਾਰ ਦਾ ਮਾਲਕ ਖੱਦਰਧਾਰੀ ਸੀ ਜਿਸ ਨੇ ਚੂੜੀਦਾਰ ਪਜਾਮਾ ਅਤੇ ਗਰਮ ਖੱਦਰ ਦੀ ਅਚਕਨ ਪਹਿਨੀ ਹੋਈ ਸੀ। ਨੋਕਦਾਰ ਟੋਪੀ ਉਸ ਦੇ ਸਿਰ ਉੱਤੇ ਥੋੜੀ ਜਿਹੀ ਇੱਕ ਪਾਸੇ ਟਿਕੀ ਹੋਈ ਸੀ। ਇਹ ਦਰਮਿਆਨੇ ਕੱਦ ਦਾ ਨਾ ਮੋਟਾ ਨਾ ਪਤਲਾ ਆਦਮੀ ਸੀ ਜਿਸਦੇ ਚਿਹਰੇ ਉੱਤੇ ਦੁੱਖ ਅਤੇ ਹਮਦਰਦੀ ਦੇ ਚਿੰਨ ਸਨ। ਸਾਰੇ ਕੈਂਪ ਵਿੱਚ ਤੇਜ਼ ਹਵਾ ਵਾਂਗ ਖ਼ਬਰ ਫੈਲ ਗਈ ਕਿ ਲੀਡਰ ਸਾਹਿਬ ਆਪਣੇ ਹੱਥੀਂ ਕੈਂਪ ਨਿਵਾਸੀਆਂ ਨੂੰ ਫਲ ਵੰਡਣਗੇ।

ਕੁਝ ਚਿਰ ਮਗਰੋਂ ਲੀਡਰ ਸਾਹਿਬ ਫਲ ਵੰਡਣ ਲਈ ਤੁਰ ਪਏ। ਇੱਕ ਆਦਮੀ ਖੁੱਲੀ ਹੋਈ ਪੇਟੀ ਨੂੰ ਫੜੀ ਉਨਾਂ ਦੇ ਮਗਰ ਮਗਰ ਤੁਰ ਰਿਹਾ ਸੀ ਅਤੇ ਉਹ ਉਸ ਵਿੱਚੋਂ ਸੇਬ ਚੁੱਕ ਚੁੱਕ ਵੰਡਦੇ ਜਾ ਰਹੇ ਸਨ। ਬਹੁਤ ਲੋਕਾਂ ਨੇ ਸੇਬ ਲੈ ਲਏ। ਕੁਝ ਕਤਾਰਾਂ ਵਿੱਚ ਖੜੇ ਹੀ ਨਹੀਂ ਹੋਏ। ਬੱਚਿਆਂ ਨੇ ਸੇਬ ਲੈ ਲਏ, ਨੇਤਾ ਜੀ ਕਦੇ ਕਦੇ ਕਿਸੇ ਬੱਚੇ ਨੂੰ ਪਿਆਰ ਵੀ ਕਰਦੇ। ਕਿਸੇ ਨੇ ਪਥਰਾਈਆਂ ਹੋਈਆਂ ਅੱਖਾਂ ਵਾਲੀ ਅੱਧਖੜ ਤੀਵੀਂ ਬਾਰੇ ਲੀਡਰ ਸਾਹਿਬ ਨੂੰ ਦੱਸਿਆ। ਲੀਡਰ ਸਾਹਿਬ ਉਸ ਜਨਾਨੀ ਵੱਲ ਉਚੇਚੇ ਵਧੇ ਪਰ ਉਸ ਨੇ ਆਏ ਆਗੂ ਵੱਲ ਵੇਖਿਆ ਹੀ ਨਾ। ਆਗੂ ਨੇ ਦੁੱਖ ਨਾਲ ਚੋ ਚੋ ਪੈਂਦੇ ਹਮਦਰਦੀ ਦੇ ਸ਼ਬਦ ਕਹੇ ਅਤੇ ਸੇਬ ਪੇਸ਼ ਕੀਤੇ। ਉਸ ਇਸਤਰੀ ਨੇ ਨਾ ਸੇਬਾਂ ਵੱਲ ਅਤੇ ਨਾ ਹੀ ਕਿਸੇ ਹੋਰ ਵੱਲ ਧਿਆਨ ਕੀਤਾ ਜਿਵੇਂ ਉਹ ਇੱਕ ਪੱਥਰ ਦੀ ਮੂਰਤ ਹੋਵੇ। ਕਿਸੇ ਜਨਾਨੀ ਨੇ ਉਸ ਨੂੰ ਹਲੂਣ ਕੇ ਕਿਹਾ, ‘ਦੇਖ ਬੀਬਾ, ਲੀਡਰ ਸਾਹਿਬ ਆਪ ਆਏ ਹਨ।’ ਉਸ ਤੀਵੀਂ ਦੀ ਨਜ਼ਰ ਲੀਡਰ ਸਾਹਿਬ ਉੱਤੇ ਪਈ। ਉਹ ਨਜ਼ਰ ਕਾਫ਼ੀ ਚਿਰ ਉੱਥੇ ਹੀ ਟਿਕੀ ਰਹੀ। ਫਿਰ ਅਚਾਨਕ ਉਹ ਕੂਕੀ, ‘ਇਹੋ ਹੈ, ਇਹੋ ਹੈ।’ ਫਿਰ ‘ਇਹੋ ਹੈ, ਇਹੋ ਹੈ’ ਕਰਦਿਆਂ ਉੱਠ ਕੇ ਉਸ ਤੀਵੀਂ ਨੇ ਝੱਟ ਖੱਦਰਪੋਸ਼ ਲੀਡਰ ਦੀ ਬਾਂਹ ਨੂੰ ਹੱਥ ਪਾ ਲਿਆ। ਲੀਡਰ ਸਾਹਿਬ ਨੇ ਸਾਰੇ ਜ਼ੋਰ ਦੇ ਝਟਕੇ ਨਾਲ ਆਪਣੀ ਬਾਂਹ ਉਸ ਦੀ ਪਕੜ ਵਿਚੋਂ ਛੁਡਾ ਲਈ ਅਤੇ ਤਿੱਖੀ ਚਾਲੇ ਉਲਟੇ ਰੁਖ਼ ਤੁਰ ਪਏ। ਉਸ ਤੀਵੀਂ ਨੂੰ ‘ਇਹੋ ਈ ਏ, ਇਹੋ ਈ ਏ’ ਕਹਿੰਦਿਆਂ ਮਗਰ ਭੱਜਦੀ ਦੇਖ ਲੀਡਰ ਸਾਹਿਬ ਵੀ ਆਪਣੀ ਕਾਰ ਵੱਲ ਭੱਜ ਉੱਠੇ। ‘ਇਹ ਪਾਗਲ ਹੋ ਗਈ ਹੈ।’ ਉਨਾਂ ਦੌੜੇ ਜਾਂਦਿਆਂ ਕਿਹਾ ਅਤੇ ਤੇਜ਼ੀ ਨਾਲ ਦਰਵਾਜ਼ਾ ਖੋਲ ਕੇ ਕਾਰ ਵਿੱਚ ਬੈਠਦਿਆਂ ਹੀ ਫੁਰਤੀ ਨਾਲ ਕਾਰ ਸਟਾਰਟ ਕੀਤੀ ਅਤੇ ਔਹ ਗਏ, ਔਹ ਗਏ। ਉਨਾਂ ਦਾ ਡਰਾਈਵਰ ਉੱਥੇ ਹੀ ਹੈਰਾਨ ਖੜਾ ਰਹਿ ਗਿਆ। ਉਹ ਤੀਂਵੀ ਕੂਕੀ ਜਾ ਰਹੀ ਸੀ, ‘ਉਹੋ ਸੀ, ਉਹੋ ਸੀ, ਇਹ ਬੁੱਚੜ! ਉਨਾਂ ਕਾਤਲਾਂ ਦਾ ਆਗੂ, ਜਿਨਾਂ ਮੇਰੇ ਸਾਰੇ ਪਰਿਵਾਰ ਨੂੰ ਕਤਲ ਕੀਤਾ, ਸਾਡੇ ਘਰ ਨੂੰ ਅੱਗ ਲਾਈ ਤੇ ਤੁਸਾਂ ਉਸ ਨੂੰ ਜਾਣ ਦਿੱਤਾ, ਹਾਏ ਤੁਸਾਂ ਉਹਨੂੰ ਜਾਣ ਦਿੱਤਾ।’ ਵਲੰਟੀਅਰ ਕਹਿਣ ਲੱਗੇ, ‘ਠੀਕ ਹੀ, ਇਹ ਪਾਗਲ ਹੋ ਗਈ ਐ।’ ਕਈ ਮਜ਼ਲੂਮਾਂ ਨੇ ਇੱਕ ਦੂਜੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਬਿਨਾਂ ਬੋਲਿਆਂ ਕਿਹਾ, ‘ਇਹ ਤੀਵੀਂ ਪਾਗਲ ਨਹੀਂ, ਕਹਿਰ ਅਤੇ ਜ਼ੁਲਮ ਦੀ ਮਾਰੀ ਹੋਈ ਐ, ਪਰ ਸੱਚੀ ਐ।’


**ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ**

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ






# ਦਿੱਲੀ ਦਾ ਸਿੱਖ ਇਤਿਹਾਸ ਇਕ ਨਿਵੇਕਲੀ ਖੋਜ

ਪੁਸਤਕ ਰੀਵਿਊ



**ਸਰਬਜੀਤ ਕੌਰ**
**ਰਿਸਰਚ ਸਕੌਲਰ ਪੰਜਾਬੀ ਯੂਨਿਵਰਸਿਟੀ, ਪਟਿਆਲਾ**

ਅਭੀਨਾਸ਼ ਮਾਹਪਾਤਰਾ ਜੋ ਕਿ ਉੜੀਸਾ ਦੇ ਸਿੱਖ ਹਿਸਟੋਰੀਅਨ ਅਤੇ ਪੰਜਾਬੀ ਗਲੋਬਲ ਫਾਊਂਡੇਸ਼ਨ ਉੜੀਸਾ ਚੈਪਟਰ ਦੇ ਪ੍ਰਧਾਨ ਹਨ। ਉਨਾਂ ਦੁਆਰਾ ਲਿਖੀ ਪੁਸਤਕ
**The Sikh History of Delhi***
**(A Research Under the Aegis of S.G.P.C. Sikh Mission, Delhi)** ਇਸ ਪੁਸਤਕ ਦੀ ਪਰਸਤਾਵਨਾ ਸੁਰਿੰਦਰ ਪਾਲ ਸਿੰਘ ਸਮਾਣਾ ਇੰਚਾਰਜ ਸਿੱਖ ਮਿਸ਼ਨ ਦਿੱਲੀ, ਐਸ ਜੀ ਪੀ ਸੀ ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਕੀਤੀ ਗਈ ਹੈ। ਪਬਲੀਕੇਸ਼ਨ ਬਿਊਰੋ ਪੰਜਾਬੀ ਗਲੋਬਲ ਫਾਊਂਡੇਸ਼ਨ ਉੜੀਸਾ ਚੈਪਟਰ ਵਲੋਂ ਇਸ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਪੁਸਤਕ ਦੇ ਕੁਲ 82 ਪੰਨੇ ਹਨ। ਅੰਗ੍ਰੇਜ਼ੀ ਵਿਚ ਛਪੀ ਇਸ ਪੁਸਤਕ ਨੂੰ ਪੜਨ ਦੀ ਉਤਸੁਕਤਾ ਉਸ ਸਮੇਂ ਮਨ ਵਿਚ ਪੈਦਾ ਹੋਈ ਜਦੋਂ ਇਸ ਪੁਸਤਕ ਦੀ ਰਹਿਬਰਾਂ ਨੂੰ ਸੰਬੋਧਨ ਸ਼ੈਲੀ ਨੇ ਮਨ ਉਤੇ ਗਹਿਰਾ ਪ੍ਰਭਾਵ ਪਾਇਆ।

ਜਦੋਂ ਕਿਤਾਬ ਪੜ ਰਹੀ ਸੀ, ਮੈਂ ਮਹਿਸੂਸ ਕੀਤਾ ਜੋ ਜੋ ਸ਼ਬਦ ਲਿਖਿਆ ਗਿਆ ਹੈ ਅਸੀਂ ਉਸ ਨੂੰ ਖੁਦ ਜੀ ਰਹੇ ਹਾਂ, ਕਹਿਣ ਤੋਂ ਭਾਵ ਸਾਡੀ ਰੂਹ ਉਨਾਂ ਥਾਵਾਂ ਦੇ ਦਰਸ਼ਨ ਕਰ ਰਹੀ ਹੈ ਜਿੱਥੇ ਜਿੱਥੇ ਗੁਰੂ ਸਾਹਿਬਾਨ ਗਏ ਸਨ। ਲੇਖਕ ਦੀ ਕਲਮ ਉਸ ਅਕਾਲ ਪੁਰਖ ਦੀ ਬਖਸ਼ੀ ਹੋਈ ਉਹ ਸੁਨਹਿਰੀ ਦਾਤ ਹੈ ਜੋ ਹਰ ਇਕ ਇਨਸਾਨ ਨੂੰ ਪ੍ਰਾਪਤ ਨਹੀਂ ਹੁੰਦੀ । ਵਿਰਲੀਆਂ ਰੂਹਾਂ ਇਸ ਜੱਗ ਉੱਤੇ ਹਨ ਜਿਨਾਂ ਨੂੰ ਕਲਮ ਦੀ ਦਾਤ ਦੇ ਨਾਲ ਨਾਲ ਗਿਆਨ ਦਾ ਭੰਡਾਰ ਵੀ ਬਖਸ਼ਿਸ਼ ਹੁੰਦਾ ਹੈ। ਗਿਆਨ ਦਾ ਭੰਡਾਰ ਸ਼ਬਦ ਇਸ ਲਈ ਵਰਤ ਰਹੀ ਹਾਂ ਕਿਉਂਕਿ ਲੇਖਕ ਨੇ ਇਸ ਕਿਤਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਪਰਸ਼ੀਅਨ ਸਰੋਤਾਂ ਨੂੰ ਅਧਾਰ ਬਣਾ ਕੇ ਗੁਰੂ ਸਾਹਿਬਾਨਾਂ ਤੇ ਸਿੰਘ ਸੂਰਮਿਆਂ ਦੀ ਦਿੱਲੀ ਯਾਤਰਾ ਤੇ ਸ਼ਹੀਦੀ ਨੂੰ ਬਿਆਨ ਕੀਤਾ ਹੈ। ਲੇਖਕ ਆਪਣੀ ਕਿਤਾਬ ਦੀ ਸ਼ੁਰੂਆਤ ਗੁਰੂ ਨਾਨਕ ਪਾਤਸ਼ਾਹ ਹਜ਼ੂਰ ਦੁਆਰਾ ਲੋਕਾਈ ਨੂੰ ਦਿੱਤੇ ਪੈਗ਼ਾਮ ਤੋਂ ਕਰਦਾ ਹੈ। ਇਸ ਪੁਸਤਕ ਦੇ ਕੁਝ ਅਜਿਹੇ ਸ਼ਬਦ ਜੋ ਰੂਹ ਤੱਕ ਚਲ ਜਾਂਦੇ ਹਨ, ਉਹ ਲੇਖਕ ਦੀ ਅੱਤ ਡੂੰਘਾਈ ਸੋਚ ਨੂੰ




ਬਿਆਨ ਕਰਦੇ ਹਨ, ਜਿਵੇਂ ਕਰਾਮਾਤ ਦੇ ਸੰਕਲਪ ਨੂੰ ਦੱਸਦੇ ਹੋਏ ਗੁਰੂ ਨਾਨਕ ਪਾਤਸ਼ਾਹ ਜੀ ਦੁਆਰਾ ਬੋਲੇ ਸ਼ਬਦ 'ਚਮਤਕਾਰ ਕਰਨਾ ਕੋਈ ਖੇਡ ਨਹੀਂ ਹੈ ਇਹ ਕੇਵਲ ਅਕਾਲ ਪੁਰਖ ਦੇ ਹੁਕਮ ਅਧੀਨ ਹੀ ਹੁੰਦਾ ਹੈ' ਇਹ ਸ਼ਬਦ ਸਿੱਖੀ ਵਿਚਲੇ ਆਲੋਚਕ ਦ੍ਰਿਸ਼ਾਂ ਨੂੰ ਬਿਆਨ ਕਰਦਾ ਹੈ ।

ਦਿੱਲੀ ਵਿਚ ਗੁਰੂ ਨਾਨਕ ਜੋਤ ਦਾ ਆਗਮਨ ਦਰਸਾਉਂਦੇ ਹੋਏ ਗੁਰੂ ਘਰ ਜਿਨਾਂ ਵਿੱਚ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ 'ਗੁਰਦੁਆਰਾ ਮਜਨੂੰ ਦਾ ਟਿੱਲਾ', 'ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ' ਸ੍ਰੀ ਗੁਰੂ ਹਰਿਗੋਬਿੰਦ ਸਰ ਸਾਹਿਬ' ਸਥਾਪਿਤ ਹਨ । ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰ ਰਾਇ ਜੀ 'ਗੁਰਦੁਆਰਾ ਸ੍ਰੀ ਗੁਰੂ ਹਰ ਰਾਏ ਸਾਹਿਬ ਜੀ' ਜਿੱਥੇ ਕਿ ਪਹਿਲਾਂ ਇਕ ਪੁਰਾਤਨ ਮੰਜੀ ਸੀ ਅਤੇ ਇਸ ਦੀ ਸਾਂਭ ਸੰਭਾਲ ਭਾਈ ਗੌਂਡਾ ਜੀ ਦੁਆਰਾ ਕੀਤੀ ਗਈ। ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦਾ ਦਿੱਲੀ ਵਿੱਚ ਆਗਮਨ ਰਾਜਾ ਮਿਰਜ਼ਾ ਜੈ ਸਿੰਘ ਦੇ ਸੱਦੇ ਉੱਤੇ ਹੁੰਦਾ ਹੈ । ਜਿਸ ਸਮੇਂ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਭਿਆਨਕ ਬੀਮਾਰੀ ਦਾ ਸ਼ਿਕਾਰ ਹੋਏ ਉਸ ਸਮੇਂ ਮਾਤਾ ਸੁਲੱਖਣੀ ਨਾਲ ਕੀਤੀ ਗਈ ਵਾਰਤਲਾਪ ਨੂੰ ਲੇਖਕ ਬੜੇ ਹੀ ਸੁਚੱਜੇ ਢੰਗ ਨਾਲ ਭਾਵਨਾਤਮਕ ਸ਼ਬਦਾਂ ਵਿੱਚ ਬਿਆਨ ਕਰਦਾ ਹੈ ਜਿਨਾਂ ਨੂੰ ਪੜਦੇ ਸਾਰ ਦਿਮਾਗ ਵਿਚ ਇਕ ਤਸਵੀਰ ਬਣਨੀ ਸ਼ੁਰੂ ਹੋ ਜਾਂਦੀ ਹੈ ਜੋ ਉਸ ਸਮੇਂ ਵਿੱਚ ਲੈ ਜਾਂਦੀ ਹੈ ਜਿਸ ਸਮੇਂ ਵਿੱਚ ਇਹ ਵਾਰਤਾਲਾਪ ਹੋਈ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਉਚਾਰੇ ਸ਼ਬਦ' ਜੋ ਮਨੁੱਖ ਸਰੀਰ ਲੈ ਕੇ ਇਸ ਧਰਤੀ ਉੱਤੇ ਆਇਆ ਹੈ ਉਸ ਨੂੰ ਦੁੱਖ, ਤਕਲੀਫ਼ਾਂ ਬਿਮਾਰੀਆਂ ਇਨਾਂ ਸਭਨਾਂ ਨੂੰ ਇੱਕੋ ਜਿਹਾ ਸਮਝਣਾ ਚਾਹੀਦਾ ਹੈ' ਤੇ ਇਸੇ ਵਾਰਤਾਲਾਪ ਦਾ ਇਕ ਹੋਰ ਵਾਕ 'ਤੁਸੀਂ ਸੱਚੇ ਦੀ ਇੱਛਾ ਅਨੁਸਾਰ ਜੀਵਨ ਨੂੰ ਸਮਝਣਾ ਆਰੰਭ ਕਰੋ ਪ੍ਰਮਾਤਮਾ ਖੁਸ਼ੀ ਅਤੇ ਦੁੱਖ ਨੂੰ ਤੁਹਾਡੇ ਲਈ ਇੱਕੋ ਜਿਹੇ ਬਣਾ ਦੇਵੇਗਾ, ਅਕਾਲ ਦੇ ਹੁਕਮ ਵਿੱਚ ਜੀਵਨ ਬਸਰ ਕਰਨਾ ਹੀ ਅਸਲ ਜੀਵਨ ਹੈ । ਇਨਾਂ ਸਾਰੇ ਸ਼ਬਦਾਂ ਨੇ ਮਨ ਉਤੇ ਬਹੁਤ ਹੀ ਗਹਿਰਾ ਪ੍ਰਭਾਵ ਪਾਇਆ । ਗੁਰੂ ਹਰਿਕ੍ਰਿਸ਼ਨ ਜੀ ਨਾਲ ਸਬੰਧਤ ਗੁਰਦੁਆਰਾ 'ਸ੍ਰੀ ਬਾਲਾ ਸਾਹਿਬ' ਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਸੁਸ਼ੋਭਿਤ ਹਨ। ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦਿੱਲੀ ਫੇਰੀ ਦੇ ਦੌਰਾਨ ਉਨਾਂ ਦੇ ਸ਼ਰਧਾਲੂਆਂ ਦਾ ਵੇਰਵਾ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਚਾਨਣ ਪੈਦਾ ਕਰਦਾ ਹੈ । ਗੁਰੂ ਤੇਗ ਬਹਾਦਰ ਜੀ ਨਾਲ ਸਬੰਧਿਤ ਦਿੱਲੀ ਦਾ ਜੋ ਵੀ ਇਤਿਹਾਸ ਸੀ ਹੁਣ ਤੱਕ ਪੜਿਆ ਸੀ ਉਸ ਵਿੱਚ ਕਿਤੇ ਵੀ ਇਨਾਂ ਸ਼ਰਧਾਲੂਆਂ ਦਾ ਕੋਈ ਵੀ ਜ਼ਿਕਰ ਨਹੀਂ ਸੀ । ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਪਹਿਲਾਂ ਹੋਈ ਵਾਰਤਾਲਾਪ ਵਿੱਚ ਜਦੋਂ ਔਰੰਗਜ਼ੇਬ ਨੇ ਗੁਰੂ ਪਾਤਸ਼ਾਹ ਨੂੰ ਕਰਾਮਾਤ ਦਿਖਾਉਣ ਦੇ ਲਈ ਕਿਹਾ ਤਾਂ ਗੁਰੂ ਪਾਤਸ਼ਾਹ ਨੇ ਅੱਗੋਂ ਜਵਾਬ ਦਿੱਤਾ 'ਅਕਾਲ ਪੁਰਖ ਨੇ ਮੈਨੂੰ ਗ਼ਰੀਬਾਂ ਦੀ ਰੱਖਿਆ ਤੇ ਲੋੜਵੰਦਾਂ ਦੀ ਸਹਾਇਤਾ ਲਈ ਸ਼ਕਤੀ ਦਿੱਤੀ ਹੈ ਨਾ ਕਿ ਕੋਈ ਚਮਤਕਾਰ ਦਿਖਾਉਣ ਦੇ ਲਈ, ਰੱਬ ਦੇ ਸੇਵਕ ਚਮਤਕਾਰ ਦਿਖਾਉਂਦੇ ਹੋਏ ਚੰਗੇ ਨਹੀਂ ਲੱਗਦੇ ਕਿਉਂਕਿ ਜੇਕਰ ਉਹ ਅਜਿਹਾ ਕੁਝ ਕਰਦੇ ਤਾਂ ਉਹ ਉਸ ਅਕਾਲ ਦੇ ਹੁਕਮ ਦੀ ਉਲੰਘਣਾ ਹੈ ਇੱਥੇ ਅਸੀਂ ਸਿਰ ਦੇਣ ਦੇ ਲਈ ਆਏ ਹਾਂ ਜਿਸ ਦੇ ਲਈ ਅਸੀਂ ਤਿਆਰ ਹਾਂ' ਅਜਿਹੀ ਅਣਦੇਖੀ ਤੇ ਅਣਸੁਣੇ ਵੇਰਵਿਆਂ ਨੂੰ ਲੇਖਕ ਨੇ ਇਸ ਕਿਤਾਬ ਵਿਚ ਪਾ ਕੇ ਸ਼ਬਦਾਂ ਨੂੰ ਜਿਉਂਦਾ ਕਰ ਦਿੱਤਾ ਹੈ । ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ ਭਾਈ ਦਿਆਲਾ ਜੀ ਦੀ ਸ਼ਹੀਦੀ, ਗੁਰੂ ਪਾਤਸ਼ਾਹ ਜੀ ਨੂੰ ਸਮਰਪਿਤ ਅਤੇ ਉਨਾਂ ਦੇ ਗੁਰੂ ਪ੍ਰਤੀ ਪ੍ਰੇਮ ਭਾਵਨਾ ਨੂੰ ਉਜਾਗਰ ਕਰਦੀ ਹੈ ਜਿਸ ਵਿੱਚ ਕਿਹਾ ਗਿਆ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ।। ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।।' ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦੀ ਸ਼ਹੀਦੀ ਜੋ ਵਰਣਨ ਇਸ ਵਿਚ ਕੀਤਾ ਗਿਆ ਹੈ ਇਸ ਨੂੰ ਪੜਨ ਸਾਰ ਉਹ ਸਾਰਾ ਦ੍ਰਿਸ਼ ਅੱਖਾਂ ਦੇ ਸਾਹਮਣੇ ਆ ਜਾਂਦਾ ਹੈ ਜੋ ਗੁਰੂ ਪਾਤਸ਼ਾਹ ਦੀ ਸ਼ਹੀਦੀ ਦੇ ਵਕਤ ਵਾਪਰਿਆ ਸੀ । ਦਿੱਲੀ ਵਿੱਚ ਸੁਸ਼ੋਭਿਤ ਗੁਰਦੁਆਰਾ ਰਕਾਬਗੰਜ ਸਾਹਿਬ ਤੇ ਗੁਰਦੁਆਰਾ ਸ਼ੀਸ਼ ਗੰਜ ਸਾਹਿਬ ਦਾ ਵਰਣਨ ਥੋੜੇ ਸ਼ਬਦਾਂ ਵਿਚ ਵੀ ਡੂੰਘੀ ਜਾਣਕਾਰੀ ਪ੍ਰਦਾਨ ਕਰ ਜਾਂਦਾ ਹੈ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਗੁਰਗੱਦੀ ਤੇ ਉਨਾਂ ਦੁਆਰਾ ਖ਼ਾਲਸਾ ਪੰਥ ਦੀ ਸਾਜਨਾ ਸਬੰਧੀ ਦਿੱਤੇ ਵੇਰਵੇ ਇਕ ਨਵੀਂ ਜਾਣਕਾਰੀ ਪ੍ਰਦਾਨ ਕਰਦੇ ਹਨ । ਭਾਈ ਸਤੀ ਦਾਸ ਤੇ ਭਾਈ ਮਤੀ ਦਾਸ ਜੀ ਦੇ ਪਰਿਵਾਰ ਸਬੰਧੀ ਜੋ ਜਾਣਕਾਰੀ ਇਸ ਕਿਤਾਬ ਵਿਚ ਦਿੱਤੀ ਗਈ ਹੈ ਉਸ ਦਾ ਵੇਰਵਾ ਅੱਜ ਤੱਕ ਕਿਸੇ ਵੀ ਸਿੱਖ ਇਤਿਹਾਸਕਾਰ ਨੇ ਆਪਣੀਆਂ ਕਿਤਾਬਾਂ ਵਿੱਚ ਨਹੀਂ ਦਿੱਤਾ, ਲੇਖਕ ਦੀ ਇਹ ਖੋਜ ਸਿੱਖ ਇਤਿਹਾਸ ਵਿੱਚ ਇਕ ਨਵੇਕਲਾਪਨ ਲੈ ਕੇ ਆਈ ਹੈ । ਦਿੱਲੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਫੇਰੀ ਦਿੱਲੀ ਦੇ ਇਤਿਹਾਸ ਨੂੰ ਬ੍ਰਹਿਮੰਡੀ ਸ਼ੋਆਂ ਵਿੱਚ ਬਦਲ ਦਿੰਦੀ ਹੈ । ਗੁਰੂ ਸਾਹਿਬਾਨਾਂ ਤੋਂ ਬਾਅਦ ਸਿੱਖ ਯੋਧਿਆਂ ਦਾ ਦਿੱਲੀ ਵਿੱਚ ਆਗਮਨ ਜਿਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜੀਆ ਅਤੇ ਬਘੇਲ ਸਿੰਘ ਧਾਲੀਵਾਲ ਦਾ ਸੰਖੇਪ ਵਰਣਨ ਉਨਾਂ ਦੇ ਨਾਇਕਤਵ ਨੂੰ ਉਜਾਗਰ ਕਰ ਜਾਂਦਾ ਹੈ । ਲੇਖਕ ਦੀ ਸੋਚ ਬ੍ਰਹਿਮੰਡੀ ਹਰਫ਼ਾਂ ਨੂੰ ਬਿਆਨ ਬਿਆਨ ਕਰਦੀ ਹੈ ਇਸ ਦਾ ਅਨੁਭਵ ਜਦੋਂ ਮੈਂ ਕਿਤਾਬ ਨੂੰ ਪੜ ਰਹੀ ਸੀ , ਉਦੋਂ ਮੇਰੀ ਰੂਹ ਦਿੱਲੀ ਵਿੱਚ ਉਨਾਂ ਥਾਵਾਂ ਉੱਤੇ ਘੁੰਮ ਰਹੀ ਸੀ ਜਿੱਥੇ ਗੁਰੂ ਸਹਿਬਾਨ ਗਏ ਸਨ, ਗੁਰੂ ਨਾਨਕ ਪਾਤਸ਼ਾਹ ਜੀ ਦੀ ਉਦਾਸੀ ਤੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੱਕ ਮਨ ਵੈਰਾਗਮਈ ਸਥਿਤੀ ਵਿੱਚ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਆਗਮਨ ਖ਼ਾਲਸਾ ਪੰਥ ਦੀ ਸਥਾਪਨਾ ਤੇ ਸਿੰਘ ਸੂਰਮੇ ਦੀ ਬਹਾਦਰੀ ਮਨ ਵਿੱਚ ਬੀਰਰਸੀ ਭਾਵਨਾ ਨੂੰ ਉਜਾਗਰ ਕਰ ਰਹੀਆਂ ਸਨ ।

ਇਸ ਪੁਸਤਕ ਦੀ ਅਸਲ ਖ਼ੂਬਸੂਰਤੀ ਜੋ ਇਸ ਦੀ ਵਿਲੱਖਣਤਾ ਨੂੰ ਦਰਸਾਉਂਦੀ ਹੈ ਪਹਿਲੀ, ਗੁਰੂ ਹਰ ਰਾਇ ਜੀ ਦੀ ਦਿੱਲੀ ਯਾਤਰਾ ਨੂੰ ਬਿਆਨ ਕਰਨਾ ਇਸ ਦੇ ਨਾਲ ਹੀ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਜਹਾਂਗੀਰ ਤੇ ਉਸ ਦੀ ਪਤਨੀ ਨਾਲ ਮੁਲਾਕਾਤ ਦਾ ਵੇਰਵਾ ਕਿਸੇ ਵੀ ਹੋਰ ਸਿੱਖ ਇਤਿਹਾਸਕ ਕਿਤਾਬਾਂ ਵਿੱਚ ਨਹੀਂ ਮਿਲਦਾ । ਇਸ ਦੇ ਨਾਲ ਹੀ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦਾ ਵੇਰਵਾ ਹਰ ਇਕ ਇਤਿਹਾਸਕਾਰ ਨੇ ਦਿੱਤਾ ਹੈ ਪਰ ਇਹ ਗੁਰੂਘਰ ਕਿਵੇਂ ਬਣੇ, ਇਸ ਦਾ ਵੇਰਵਾ ਲੇਖਕ ਦੁਆਰਾ ਬਹੁਤ ਹੀ ਸੁਚੱਜੇ ਢੰਗ ਨਾਲ ਦਿੱਤਾ ਗਿਆ ਹੈ, ਜਿਸ ਵਿੱਚ ਗੁਰੂ ਅਮਰਦਾਸ ਜੀ ਦੇ ਸਮੇਂ ਉਨਾਂ ਦੇ ਸੱਚੇ ਸ਼ਰਧਾਲੂ ਜਿਨਾਂ ਵਿੱਚ ਅੱਲਾ ਯਾਰ ਤੇ ਭਾਈ ਪਾਰੋ ਦਾ ਜ਼ਿਕਰ ਕੀਤਾ ਗਿਆ ਹੈ ਜਿਨਾਂ ਨੇ ਦਿੱਲੀ ਵਿੱਚ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ।

ਦੂਜੀ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਦੇ ਬੰਸਾਵਲੀਨਾਮਾ ਦੇ ਨਾਲ ਉਨਾਂ ਦੇ ਪਰਿਵਾਰ ਦਾ ਸਾਰਾ ਇਤਿਹਾਸ ਲਿਖਿਆ ਗਿਆ ਹੈ। ਇਸ ਦੇ ਨਾਲ ਹੀ ਉਨਾਂ ਦੇ ਘਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਅਕਾਲ ਤਖ਼ਤ ਸਾਹਿਬ ਜੀ ਦੇ ਜੋ ਹੁਕਮਨਾਮੇ ਹਨ ਉਨਾਂ ਨੂੰ ਕਿਸੇ ਵੀ ਇਤਿਹਾਸਕਾਰ ਨੇ ਜ਼ਿਕਰ ਨਹੀਂ ਕੀਤਾ। ਸਿੱਖੀ ਨੂੰ ਜਾਨਣ ਵਾਲੇ ਅਤੇ ਉਸ ਨੂੰ ਪਿਆਰ ਕਰਨ ਵਾਲੀਆਂ ਸਾਰੀਆਂ ਰੂਹਾਂ ਨੂੰ ਇਹ ਕਿਤਾਬ ਜਰੂਰ ਪੜਨੀ ਚਾਹੀਦੀ ਹੈ। ਸਿਰ ਝੁਕਦਾ ਏ ਅਜਿਹੀਆਂ ਰੂਹਾਂ ਦੇ ਅੱਗੇ, ਜਿਨਾਂ ਦੀਆਂ ਕਲਮਾਂ ਵਿੱਚ ਬ੍ਰਹਿਮੰਡੀ ਹਰਫ਼ਾਂ ਦਾ ਵਾਸ ਹੋਵੇ ।ਉਨਾਂ ਰੂਹਾਂ ਵਿਚੋਂ ਹੀ ਅਭਿਨਾਸ਼ ਮਾਹਾਪਾਤਰਾ ਜੀ ਇਕ ਹਨ, ਜਿਨਾਂ ਦੀ ਕਲਮ ਸਦਾ ਸੱਚ ਦਾ ਪੈਗਾਮ ਤੇ ਰੂਹਾਨੀਅਤ ਦੀ ਰਮਜ਼ ਨੂੰ ਬਿਆਨ ਕਰਦੀ ਹੈ ।



# ਪੰਜਾਬੀ ਪਹਿਰਾਵੇ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਗਹਿਣੇ

**ਬਹਾਦਰ ਸਿੰਘ ਗੋਸਲ**

ਜਦੋਂ ਤੋਂ ਮਨੁੱਖੀ ਜੀਵਨ ਹੋਂਦ ਵਿਚ ਆਇਆ ਹੈ ਉਦੋਂ ਤੋਂ ਹੀ ਉਸ ਦੇ ਜੀਵਨ ਵਿਚ ਵੱਖ-ਵੱਖ ਸ਼ੌਕ ਵੀ ਉਤਪੰਨ ਹੋਏ ਹਨ। ਇਨਾਂ ਸ਼ੌਕਾਂ ਵਿਚ ਇਕ ਸ਼ੌਕ ਰਿਹਾ ਹੈ ਆਪਣੇ ਤਨ ਨੂੰ ਸ਼ਿੰਗਾਰਨ ਲਈ ਵੱਖ-ਵੱਖ ਗਹਿਣਿਆਂ ਦੀ ਵਰਤੋਂ। ਭਾਵੇਂ ਸੋਨੇ ਚਾਂਦੀ ਦੇ ਗਹਿਣਿਆਂ ਦੀ ਉਤਪਤੀ ਕਾਰਨ ਇਹ ਸ਼ੌਕ ਮਨੁੱਖ ਨੂੰ ਮਹਿੰਗਾ ਪੈਂਦਾ ਸੀ, ਪਰ ਇਹ ਸ਼ੌਕ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ। ਇਹ ਸ਼ੌਕ ਮਰਦਾਂ ਅਤੇ ਔਰਤਾਂ ਦੋਵਾਂ ਵਿਚ ਸਮੇਂ ਦੇ ਨਾਲ ਨਾਲ ਜਿੱਥੇ ਬਦਲਦਾ ਗਿਆ, ਉੱਥੇ ਵਧਦਾ ਵੀ ਗਿਆ।

ਇਨਾਂ ਗਹਿਣਿਆਂ ਵਿਚ ਵੱਖ ਵੱਖ ਕਿਸਮਾਂ ਦੇ ਗਹਿਣੇ ਜਿਨਾਂ ਵਿਚ ਸੱਗੀ ਫੁੱਲ, ਕੈਂਠੇ, ਝਾਂਜਰਾਂ, ਤਵੀਤੀਆਂ, ਛੱਲੇ-ਮੁੰਦੀਆਂ, ਕੜੇ, ਲੌਂਗ, ਚੂੜੀਆਂ, ਗਲ਼ ਲਈ ਹਾਰ, ਕੰਨਾਂ ਲਈ ਵਾਲੀਆਂ, ਮੱਥੇ ਲਈ ਟਿੱਕਾ ਆਦਿ ਅਨੇਕਾਂ ਪ੍ਰਕਾਰ ਦੇ ਗਹਿਣੇ ਪ੍ਰਚਲਤ ਹੋ ਗਏ। ਇੱਥੋਂ ਤੱਕ ਕਿ ਇਨਾਂ ਗਹਿਣਿਆਂ ਨੂੰ ਸਮਾਜਿਕ ਲੋੜ ਵਜੋਂ ਸਮਝਿਆ ਜਾਣ ਲੱਗਿਆ ਅਤੇ ਇਸ ਨੂੰ ਪਰਿਵਾਰ ਦੀ ਪੂੰਜੀ ਵੀ ਦੱਸਿਆ ਜਾਣ ਲੱਗਿਆ। ਲੜਕਿਆਂ ਅਤੇ ਲੜਕੀਆਂ ਦੇ ਵਿਆਹਾਂ ਵਿਚ ਇਸ ਨੂੰ ਦਿਖਾਵੇ ਦਾ ਸਾਮਾਨ ਸਮਝਿਆ ਜਾਣ ਲੱਗਾ। ਇਸ ਨਾਲ ਪਰਿਵਾਰਾਂ ਦਾ ਆਰਥਿਕ ਬੋਝ ਵੀ ਵਧਣ ਲੱਗਿਆ ਅਤੇ ਜਦੋਂ ਵੀ ਕਿਸੇ ਪਰਿਵਾਰ ਵਿਚ ਕਿਸੇ ਲੜਕੇ ਜਾਂ ਲੜਕੀ ਦਾ ਵਿਆਹ ਹੁੰਦਾ ਤਾਂ ਗਹਿਣੇ ਖ਼ਰੀਦਣਾ ਮੁੱਖ ਕੰਮ ਸਮਝਿਆ ਜਾਂਦਾ ਅਤੇ ਵਿਆਹ ਦਾ ਅੱਧਾ ਖ਼ਰਚਾ ਵੀ ਗਹਿਣਿਆਂ ਉੱਤੇ ਹੀ ਹੋ ਜਾਂਦਾ। ਵਿਆਹਾਂ ਵਿਚ ਵੀ ਵਰੀ ਦੀ ਰਸਮ ਅਤੇ ਖੱਟ ਦੀ ਰਸਮ ਬੜੀ ਅਹਿਮ ਹੁੰਦੀ ਜਦੋਂ ਦੋਹਾਂ ਪਰਿਵਾਰਾਂ ਪੇਕਿਆਂ ਅਤੇ ਸਹੁਰਿਆਂ ਵੱਲੋਂ ਵਿਆਹ ਵਿਚ ਦਿੱਤੇ ਜਾਣ ਵਾਲੇ ਗਹਿਣਿਆਂ ਦਾ ਪ੍ਰਦਰਸ਼ਨ ਹੁੰਦਾ।

ਇਸ ਤਰਾਂ ਗਹਿਣਿਆਂ ਦਾ ਅਦਾਨ ਪ੍ਰਦਾਨ ਇਕ ਰੀਤ ਹੀ ਬਣ ਗਈ, ਪਰ ਇਹ ਰੀਤ ਸਮੇਂ ਦੇ ਨਾਲ ਨਾਲ ਪੰਜਾਬੀ ਸੱਭਿਆਚਾਰਕ ਰੰਗ ਵੀ ਧਾਰਨ ਕਰ ਗਈ। ਹਰ ਤਰਾਂ ਦੇ ਗਹਿਣਿਆਂ 'ਤੇ ਪੰਜਾਬੀ ਲੋਕ ਗੀਤ, ਕਹਾਣੀਆਂ, ਅਖੌਤਾਂ, ਮੁਹਾਵਰੇ ਅਤੇ ਗੀਤ ਬਣ ਗਏ। ਬਣਦੇ ਵੀ ਕਿਉਂ ਨਾ ਜਦੋਂ ਇਕ ਨੌਜਵਾਨ ਆਪਣੇ ਵਿਆਹ ਤੋਂ ਬਾਅਦ ਪੰਜਾਬੀ ਪਹਿਰਾਵੇ ਵਿਚ ਮਾਵੇ



ਵਾਲੀ ਪੱਗ ਬੰਨ, ਗਲ਼ ਵਿਚ ਸੁਨਹਿਰੀ ਕੈਂਠਾ ਪਾ ਕੇ ਆਪਣੇ ਸਹੁਰੇ ਘਰ ਜਾਂਦਾ ਤਾਂ ਸਾਰਾ ਪਿੰਡ ਉਸ ਨੂੰ ਦੇਖਦਾ ਹੀ ਰਹਿ ਜਾਂਦਾ ਅਤੇ ਉਸ ਪ੍ਰਾਹੁਣੇ ਦੀਆਂ ਘਰ ਘਰ ਗੱਲਾਂ ਹੁੰਦੀਆਂ। ਜਦੋਂ ਸਾਰਾ ਪਿੰਡ ਹੀ ਉਸ ਨਵੇਂ ਆਏ ਪ੍ਰਾਹੁਣੇ ਦੀ ਸ਼ਾਨਦਾਰ ਦਿੱਖ ਦੀ ਗੱਲ ਕਰ ਰਿਹਾ ਹੁੰਦਾ ਤਾਂ ਉਸ ਦੀ ਨਵ ਵਿਆਹੀ ਦੇ ਤਾਂ ਧਰਤੀ 'ਤੇ ਪੈਰ ਨਾ ਟਿਕਦੇ ਅਤੇ ਉਹ ਆਪਣੀਆਂ ਸਹੇਲੀਆਂ ਦੇ ਝੁੰਡ ਵਿਚੋਂ ਦੌੜ ਆਪਣੇ ਘਰ ਜਾ ਕੇ ਮਾਂ ਨੂੰ ਕੁਝ ਇਸ ਤਰਾਂ ਕਹਿੰਦੀ:

**ਦੇਖ ਕੈਂਠੇ ਵਾਲਾ ਆ ਗਿਆ ਪ੍ਰਾਹੁਣਾ**
**ਨੀਂ ਮਾਏ ਤੇਰੇ ਕੰਮ ਨਾ ਮੁੱਕੇ।**

ਇਸ ਤਰਾਂ ਇਕ ਨਹੀਂ ਅਨੇਕਾਂ ਲੋਕ ਗੀਤ ਇਨਾਂ ਗਹਿਣਿਆਂ ਬਾਰੇ ਪੰਜਾਬੀ ਸੱਭਿਆਚਾਰ ਵਿਚ ਆਪਣੀ ਥਾਂ ਬਣਾ ਗਏ। ਇਸੇ ਤਰਾਂ ਝਾਂਜਰਾਂ ਬਾਰੇ ਅਨੇਕਾਂ ਲੋਕ ਗੀਤ ਸੁਣੇ ਜਾਂਦੇ ਹਨ ਜਿਵੇਂ :

**ਪੈਰ ਧੋ ਕੇ, ਝਾਂਜਰਾਂ ਪਾਉਂਦੀ,**
**ਮੇਲਦੀ ਆਉਂਦੀ ਕਿ ਸ਼ੌਕਣ ਮੇਲੇ ਦੀ**

ਕੋਈ ਵੀ ਗਹਿਣਾ ਭਾਵੇਂ ਛੋਟਾ ਹੋਵੇ ਜਾਂ ਵੱਡਾ ਉਨਾਂ ਬਾਰੇ ਗੀਤ ਤਾਂ ਮਨੁੱਖੀ ਦਿਲਾਂ ਨੂੰ ਧੁਰ ਅੰਦਰੋਂ ਹਲੂਣਾ ਦੇ ਜਾਂਦੇ। ਜਿਵੇਂ ਛੋਟਾ ਜਿਹਾ ਗਹਿਣਾ ਲੌਂਗ ਪੰਜਾਬ ਦੀ ਹਵਾ ਵਿਚ ਇਵੇਂ ਘੁਲਿਆ ਕਿ ਹਰ ਪੰਜਾਬੀ ਦੀ ਜੁਬਾਨ 'ਤੇ ਹੁੰਦਾ ਸੀ:

**ਤੂੰ ਨਿਗਾ ਮਾਰਦਾ ਆਈ ਵੇਂ,**
**ਮੇਰਾ ਲੌਂਗ ਗੁਆਚਾ।**

ਇੱਥੋਂ ਤਕ ਕਿ ਪੰਜਾਬੀ ਅੱਲੜਾਂ ਵਿਚ ਪ੍ਰੇਮ ਦੀ ਤੱਕਣੀ ਤੋਂ ਬਾਅਦ ਛੱਲੇ-ਮੁੰਦੀਆਂ ਵਟਾਉਣ ਅਤੇ ਇਕ ਦੂਜੇ ਨੂੰ ਨਿਸ਼ਾਨੀਆਂ ਵਜੋਂ ਦੇਣ ਦੀ ਰੀਸ ਜਿਹੀ ਚੱਲ ਪਈ। ਪੁਰਾਣੇ ਸਮੇਂ ਵਿਚ ਨੌਜਵਾਨ ਵੀ ਆਪਣੇ ਕੰਨਾਂ ਵਿਚ ਸੋਨੇ ਦੀਆਂ ਨੱਤੀਆਂ ਬਣਵਾ ਕੇ ਪਾਉਣ ਲੱਗੇ। ਇਹ ਨੱਤੀਆਂ ਸੋਨਾ ਮਹਿੰਗਾ ਹੋਣ ਕਾਰਨ ਘੱਟ ਮੁੱਲ ਵਿਚ ਪਤਲੀਆਂ ਪਤਲੀਆਂ ਅਰਧ ਚੰਦਰਮਾ ਦੀ ਸ਼ਕਲ ਵਿਚ ਬਣੀਆਂ ਹੁੰਦੀਆਂ ਸਨ ਅਤੇ ਪੰਜਾਬੀ ਗੱਭਰੂ ਇਹ ਨੱਤੀਆਂ ਪਾ ਕੇ ਆਪਣੇ ਆਪ ਵਿਚ ਬੜਾ ਮਾਣ ਮਹਿਸੂਸ ਕਰਦੇ ਸਨ ਕਿਉਂਕਿ ਉਨਾਂ ਦਿਨਾਂ ਵਿਚ ਆਮ ਪਰਿਵਾਰਾਂ ਦੀ ਆਰਥਿਕ ਸਥਿਤੀ ਇੰਨੀ ਚੰਗੀ ਨਹੀਂ ਸੀ ਹੁੰਦੀ, ਪਰ ਗਹਿਣੇ ਪਾਉਣ ਦਾ ਸ਼ੌਕ ਹਰ ਨੌਜਵਾਨ ਅਤੇ ਮੁਟਿਆਰ ਵਿਚ ਬਣਿਆ ਹੋਇਆ ਸੀ। ਕੋਈ ਪ੍ਰੇਮੀ ਜਦੋਂ ਕੋਈ ਪਿਆਰ ਨਿਸ਼ਾਨੀ ਆਪਣੀ ਪ੍ਰੇਮਿਕਾ ਨੂੰ ਦੇਣਾ ਚਾਹੁੰਦਾ ਤਾਂ ਇਹ ਨੱਤੀਆਂ ਬਹੁਤ ਹੀ ਵਡਮੁੱਲੀਆਂ ਬਣ ਜਾਂਦੀਆਂ ਸਨ ਤਾਂ ਉਹ ਪਿਆਰ ਭਰੇ ਮਨ ਨਾਲ ਕਹਿੰਦਾ:

**ਲੈ ਜਾ ਨੱਤੀਆਂ ਘੜਾ ਲਈ ਪਿੱਪਲ ਪੱਤੀਆਂ**
**ਕਿਸੇ ਕੋਲ ਗੱਲ ਨਾ ਕਰੀਂ।**

ਇਸ ਤਰਾਂ ਇਹ ਨੱਤੀਆਂ ਜੋ ਭਾਵੇਂ ਗਹਿਣਿਆਂ ਦੀ ਕਿਸਮ ਵਿਚ ਬਹੁਤ ਹਲਕੀਆਂ ਅਤੇ ਸਸਤੀਆਂ ਹੁੰਦੀਆਂ, ਪਰ ਇਹ ਪੰਜਾਬੀ ਸੱਭਿਆਚਾਰ ਵਿਚ ਉੱਚ ਸਥਾਨ ਰੱਖਦੀਆਂ ਹਨ। ਇਨਾਂ ਨੱਤੀਆਂ ਨੂੰ ਪੇਂਡੂ ਨੌਜਵਾਨ ਵਿਸ਼ੇਸ਼ ਤਰਜੀਹ ਦਿੰਦੇ ਸਨ, ਪਰ ਇਹ ਨੱਤੀਆਂ ਆਮ ਤੌਰ 'ਤੇ ਵਿਸ਼ੇਸ਼ ਜਾਤੀ ਵਰਗ ਦੇ ਮੁੰਡੇ ਕੁੱਝ ਜ਼ਿਆਦਾ ਹੀ ਪਾਉਂਦੇ ਸਨ।

ਪਿੱਪਲ ਪੱਤੀਆਂ ਭਾਵੇਂ ਬਹੁਤ ਹਲਕੀਆਂ, ਛੋਟੀਆਂ ਅਤੇ ਸਭ ਤੋਂ ਸਸਤੇ ਗਹਿਣਿਆਂ ਵਿਚ ਗਿਣੀਆਂ ਜਾਂਦੀਆਂ ਸਨ, ਪਰ ਇਨਾਂ ਪਿੱਪਲ ਪੱਤੀਆਂ ਨੂੰ ਪਹਿਨਣ ਦਾ ਔਰਤਾਂ ਵਿਚ ਬੜਾ ਰੁਝਾਨ ਅਤੇ ਚਾਅ ਹੁੰਦਾ ਸੀ। ਜਿਸ ਤਰਾਂ ਪੰਜਾਬੀ ਔਰਤਾਂ ਨੱਕ ਵਿਚ ਲੌਂਗ ਪਹਿਨ ਕੇ ਮਾਣ ਮਹਿਸੂਸ ਕਰਦੀਆਂ ਹਨ। ਉਸੇ ਤਰਾਂ ਇਹ ਮਾਮੂਲੀ ਦਿਖਣ ਵਾਲੀਆਂ ਪਿੱਪਲ ਪੱਤੀਆਂ ਗਰੀਬ ਪੇਂਡੂ ਔਰਤਾਂ ਦਾ ਦਿਲ ਪਸੀਜ ਲੈਂਦੀਆਂ ਸਨ। ਇਸ ਤਰਾਂ ਬਾਕੀ ਗਹਿਣਿਆਂ ਦੇ ਨਾਲ ਨਾਲ ਅਤੇ ਖ਼ਾਸ ਕਰਕੇ ਔਰਤਾਂ ਵੱਲੋਂ ਕੰਨਾਂ ਵਿਚ ਪਹਿਨੀਆਂ ਗਈਆਂ ਵਾਲੀਆਂ ਲਈ ਇਨਾਂ ਪਿੱਪਲ ਪੱਤੀਆਂ ਦਾ ਸਥਾਨ ਵੀ ਅਹਿਮ ਬਣ ਜਾਂਦਾ ਹੈ। ਭਾਵੇਂ ਕੁਝ ਵੀ ਹੋਵੇ ਇਹ ਨੱਤੀਆਂ ਅਤੇ ਪਿੱਪਲ ਪੱਤੀਆਂ ਸਾਡੇ ਪੰਜਾਬੀ ਪਹਿਰਾਵੇ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣੀਆਂ ਰਹੀਆਂ ਹਨ।

## ਧਰਮ ਪਰਿਵਰਤਨ ਬਨਾਮ...

ਅੰਮ੍ਰਿਤ ਛੱਕਣ ਦਾ ਹਊਆ ਇਸ ਵਰਤਾਰੇ ਦਾ ਇੱਕ ਪਹਿਲੂ ਹੈ। ਅੰਮ੍ਰਿਤ ਛਕਣ ਦਾ ਭਾਵ ਸਿੱਖੀ ਵਿੱਚ ਦਾਖਲ ਹੋਣਾ ਸੀ ਪਰ ਅੰਮ੍ਰਿਤਧਾਰੀ ਦੀ ਜ਼ਿੰਦਗੀ ਨੂੰ ਇੰਨਾ ਔਖਾ ਚਿਤਰ ਦਿੱਤਾ ਗਿਆ ਕਿ ਦਾਖਲੇ ਨੂੰ ਹੀ ਡਿਗਰੀ ਸਮਝ ਲਿਆ ਗਿਆ ਹੈ। ਬਈ ਜਿਸ ਨੇ ਅੰਮ੍ਰਿਤ ਛੱਕ ਲਿਆ ਉਹ ਮੰਜ਼ਲ ਤੇ ਪਹੁੰਚ ਗਿਆ ਇਹ ਦੂਜਾ ਪਹਿਲੂ ਵੀ ਪਹਿਲੇ ਪਹਿਲੂ ਵਾਂਗ ਹੀ ਲੋਕਾਂ ਨੂੰ ਅੰਮ੍ਰਿਤਧਾਰੀ ਹੋਣ ਤੋਂ ਰੋਕਦਾ ਹੈ। ਜੇ ਦਰਿਆ, ਸੋਮੇ ਨੂੰ ਹੀ ਸਮੁੰਦਰ ਸਮਝ ਕੇ ਰੁੱਕ ਜਾਵੇ ਤਾਂ ਉਹ ਛੱਪੜ ਦਾ ਰੂਪ ਧਾਰਨ ਕਰਦਾ ਹੋਇਆ, ਆਲਾ ਦੁਆਲਾ ਗੰਦਾ ਹੀ ਕਰੇਗਾ। ਇਸੇ ਤਰ੍ਹਾਂ ਕਾਫ਼ੀ ਲੋਕ ਅੰਮ੍ਰਿਤ ਛੱਕ ਕੇ ਅਕਾਲ ਪੁਰਖ ਵੱਲ ਸਫ਼ਰ ਸ਼ੁਰੂ ਕਰਨ ਦੀ ਬਜਾਏ ਰੁੱਕ ਜਾਂਦੇ ਹਨ, ਆਪਣੇ ਆਪ ਨੂੰ ਮੰਜ਼ਲ ਤੇ ਪਹੁੰਚੇ ਸਮਝਕੇ ਦੂਜਿਆਂ ਨਾਲ਼ੋਂ ਉੱਤਮ ਮੰਨਣ ਲੱਗ ਜਾਂਦੇ ਹਨ। ਇਸ ਸ਼੍ਰੇਣੀ ਦੇ ਲੋਕ ਸਾਡੀਆਂ ਤਕਰੀਬਨ-ਤਕਰੀਬਨ ਸਭ ਧਾਰਮਿਕ ਸੰਸਥਾਵਾਂ ਤੇ ਕਾਬਜ਼ ਹਨ। ਦਾਖਲੇ ਨੂੰ ਡਿਗਰੀ ਸਮਝਣ ਕਰਕੇ ਇਹ ਸਿੱਖੀ ਕਮਾਉਣ ਦੀ ਥਾਂ ਆਮ ਲੋਕਾਂ ਤੋਂ ਵੀ ਘਟੀਆ ਵਿਹਾਰ ਕਰਦੇ ਹਨ ਅਜਿਹੇ ਲੋਕਾਂ ਦੀ ਇੱਕ ਗਲਤੀ ਹੀ ਉਹਨਾਂ ਦੇ ਦਾਇਰੇ ਮੁਤਾਬਕ ਦਰਜਨਾਂ/ਸੈਂਕੜੇ/ਹਜ਼ਾਰਾਂ/ਲੱਖਾਂ ਗਲਤੀਆਂ ਬਰਾਬਰ ਹੁੰਦੀ ਹੈ। ਕਿਉਂਕਿ ਉਹ ਇੱਕ ਗਲਤੀ ਹੀ ਪਤਾ ਨਹੀਂ ਕਿੰਨੇ ਕੁ ਲੋਕਾਂ ਦੀ ਸ਼ਰਧਾ ਤੋੜਨ ਦਾ ਸਬੱਬ ਬਣ ਜਾਂਦੀ ਹੈ ਗੁਰਦੁਆਰੇ ਦੇ ਦੋ ਅਹੁਦੇਦਾਰਾਂ ਦੀ ਆਪਸੀ ਲੜਾਈ ਸਿਰਫ਼ ਦੋ ਮਨੁੱਖਾਂ ਦੀ ਲੜਾਈ ਨਹੀਂ ਹੁੰਦੀ ਉਹ ਸੈਕੜੇਂ/ਹਜ਼ਾਰਾਂ ਨੂੰ ਗੁਰੂ ਤੋਂ ਦੂਰ ਕਰਨ ਲਈ ਜ਼ੁੰਮੇਵਾਰ ਬਣ ਜਾਂਦੇ ਹਨ। ਜਿਵੇਂ ਦਰਿਆ ਦਾ ਪਾਣੀ ਸਮੁੰਦਰ ਵੱਲ ਸਫ਼ਰ ਕਰਦਾ ਹੋਇਆ ਰਸਤੇ ਵਿੱਚ ਲੋਕਾਈ ਦੇ ਕਾਰਜ ਸੁਆਰਦਾ ਤੁਰਿਆ ਜਾਂਦਾ ਹੈ ਪਰ ਰੁਕਿਆ ਪਾਣੀ ਵਾਤਾਵਰਣ ਵਿੱਚ ਬਦਬੂ ਸਮੇਤ ਬਹੁਤ ਕੁਝ ਗੰਦਾ ਫੈਲਾਉਣ ਦਾ ਕਾਰਣ ਬਣ ਜਾਂਦਾ ਹੈ। ਠੀਕ ਇਸੇ ਤਰ੍ਹਾਂ ਹੀ ਅੰਮ੍ਰਿਤ ਛੱਕਣ ਨੂੰ ਦਾਖਲਾ ਸਮਝ ਕੇ "ਗੁਰੁ ਦਰੀਆਉ" ਵਿੱਚ ਰੱਬੀ ਸਫ਼ਰ ਤਹਿ ਕਰਦਾ ਹੋਇਆ ਗੁਰਸਿੱਖ ਸਮਾਜ ਦੇ ਕਾਰਜ ਸੁਆਰਦਾ ਹੋਇਆ ਅੱਗੇ ਵੱਧਦਾ ਜਾਂਦਾ ਹੈ ਪਰ ਅੰਮ੍ਰਿਤ ਛੱਕਣ ਨੂੰ ਹੀ ਮੰਜ਼ਲ ਸਮਝਣ ਵਾਲੇ ਲੋਕ ਇੰਨੀ ਬੁਰੀ ਤਰ੍ਹਾਂ ਖੜੋਤ ਵਿੱਚ ਜਕੜੇ ਜਾਂਦੇ ਹਨ ਕਿ ਆਪਣੇ ਆਲੇ ਦੁਆਲੇ ਨੂੰ ਈਰਖਾ, ਹਉਮੈ ਨਾਲ ਇਸ ਹੱਦ ਤੱਕ ਬਦਬੂਦਾਰ ਬਣਾ ਦਿੰਦੇ ਹਨ ਕਿ ਆਮ ਲੋਕ ਅੰਮ੍ਰਿਤਧਾਰੀਆਂ ਤੋਂ ਤਾਂ ਦੂਰ ਹੁੰਦੇ ਹੀ ਹਨ, ਸਗੋਂ ਉਹਨਾਂ ਵਿੱਚ ਖ਼ੁਦ ਅੰਮ੍ਰਿਤ ਛੱਕਣ ਦੀ ਭਾਵਨਾ ਪੈਦਾ ਹੋਣ ਦੀ ਸੰਭਾਵਨਾ ਹੀ ਮੁੱਕ ਜਾਂਦੀ ਹੈ।

ਇਹਨਾਂ ਡਰ ਅਤੇ ਮੰਜ਼ਲ ਵਾਲੇ ਪਹਿਲੂਆਂ ਤੋਂ ਨਿਰਲੇਪ ਪ੍ਰੇਮ ਵਾਲੇ ਮਾਰਗ ਦੇ ਪਾਂਧੀ ਹੀ ਸਿੱਖੀ ਦੇ ਪ੍ਰਚਾਰਕ ਹਨ। ਅਜਿਹੇ ਲੋਕ ਹੀ ਸਿੱਖੀ ਦੇ ਬੂਟੇ ਦੇ ਖ਼ੁਸ਼ਬੂਆਂ ਵੰਡਣ ਵਾਲੇ ਫੁੱਲ ਹਨ। ਫੁੱਲ ਨਹੀਂ ਚੰਦਨ ਹਨ ਐਹੋ ਜਿਹੇ ਸਿੱਖ ਜਿਨ੍ਹਾਂ ਦੀ ਸੰਗਤ ਨਾਲ ਸਿੱਖ ਧਰਮ ਵਿੱਚ ਪ੍ਰਵੇਸ਼ ਕਰਨ ਵਾਲਿਆਂ ਦਾ ਕੋਈ ਵੀ ਧਰਮ ਪਰਿਵਰਤਨ ਨਹੀਂ ਕਰ ਸਕਦਾ। ਇਹੋ ਲੋਕ ਹੀ ਅਸਲੀ ਧਰਮ ਪ੍ਰਚਾਰਕ ਹਨ। ਜਦੋਂ ਮਾਪਿਆਂ ਵਿੱਚੋਂ ਸਿੱਖੀ ਦੀ ਇਹੋ ਜਿਹੀ ਸੁਗੰਧ ਆਉਣ ਲੱਗ ਜਾਵੇਗੀ ਤਾਂ ਬਹੁਤੇ ਬੱਚੇ ਖ਼ੁਦ-ਬਖ਼ੁਦ ਸਿੱਖੀ ਦੇ ਵਿਹੜੇ ਵਿੱਚ ਦਾਖਲ ਹੋਣ ਲਈ ਉਤਸੁਕ ਹੋਣਗੇ।

ਫਿਰ ਉਹ ਬਾਬਾ ਫ਼ਤਿਹ ਸਿੰਘ ਵਾਂਗ ਮਜ਼ਬੂਤ ਹੋਣਗੇ ਜਿਨ੍ਹਾਂ ਨੂੰ ਕੋਈ ਨਵਾਬ ਵੀ ਝੁਕਾ ਨਹੀਂ ਸਕੇਗਾ। ਸਾਡੇ ਵਰਗੇ ਨਹੀਂ ਜਿਨ੍ਹਾਂ ਦਾ ਟਾਕਰਾ ਕਦੇ ਕਿਸੇ ਨਵਾਬ ਨਾਲ ਤਾਂ ਨਹੀਂ ਹੋਣਾ ਪਰ ਕਿਸੇ ਨਚਾਰ ਨੂੰ ਵੇਖ ਕੇ ਹੀ ਉਹ "ਗੁਰਮਖਿ ਗਾਡੀ ਰਾਹੁ" ਤੋਂ ਭਟਕ ਕੇ "ਸਾਬਤ ਸੂਰਤਿ" ਛੱਡ ਆਪਣੀ ਸ਼ਕਲ ਉਸ ਨਚਾਰ ਵਰਗੀ ਬਣਾਉਣ ਨੂੰ ਤਿਆਰ ਹੋ ਜਾਨੇਂ ਹਾਂ।

ਹੈਰਾਨੀ ਦੀ ਗੱਲ ਹੈ ਕਿ ਕਸ਼ਮੀਰ ਵਿੱਚ ਸਿੱਖ ਬੱਚੀਆਂ ਦੀ ਘਟਨਾ ਦਾ ਤਾਂ ਸਿੱਖ ਜਗਤ ਨੇ ਵੱਡੇ ਪੱਧਰ ਤੇ ਨੋਟਿਸ ਲਿਆ ਪਰ ਲੱਖਾਂ ਹੀ ਸਿੱਖ ਬੱਚੇ-ਬੱਚੀਆਂ, ਹੇਅਰ ਸਲੂਨਾਂ/ਬਿਊਟੀ ਪਾਰਲਰਾਂ ਵਿੱਚ ਪੱਲਿਓਂ ਪੈਸੇ ਦੇ ਕੇ ਨਿੱਤ ਹੀ ਬੇਅਦਬੀ ਕਰਵਾਉਂਦੇ ਹਨ, ਉਸ ਬਾਰੇ ਕਦੇ ਵਿਆਪਕ ਪੱਧਰ ਤੇ ਚਿੰਤਾ ਨਹੀਂ ਕੀਤੀ ਗਈ। ਹਾਲਾਂਕਿ ਇਹਨਾਂ ਬੱਚਿਆਂ ਵਿੱਚ ਸਾਡੇ ਧਾਰਮਿਕ, ਸਿਆਸੀ ਅਤੇ ਸਮਾਜਿਕ ਮੋਹਰੀਆਂ ਦੇ ਧੀਆਂ-ਪੁੱਤ ਵੀ ਸ਼ਾਮਲ ਹਨ।

ਗੁਰੂ, ਗ੍ਰੰਥ ਅਤੇ ਪੰਥ ਦੋਵਾਂ ਵਿੱਚ ਹੈ। ਗ੍ਰੰਥ ਦੀ ਬੇਅਦਬੀ ਬਿਗਾਨੇ (ਪਰ ਉਹਨਾਂ ਵਿੱਚੋਂ ਵੀ ਬਹੁਤੇ ਸਿੱਖਾਂ ਦੇ ਘਰੇ ਵਿੱਚ ਹੀ ਪੈਦਾ ਹੋਏ ਸਨ) ਕਰ ਰਹੇ ਨੇ ਤੇ ਪੰਥ ਦੇ ਬੱਚੇ ਆਪਣੀ ਬੇਅਦਬੀ ਪੱਲਿਓਂ ਪੈਸੇ ਖਰਚਕੇ ਕਰ ਰਹੇ ਹਨ।

ਭਾਈ ਜੋਧ ਸਿੰਘ ਦੇ ਬੋਲ ਸਮਝਦੇ ਹੋਏ ਗੱਲ ਮੁਕਾਈਏ ਕਿ ਰਸਾਤਲ ਵੱਲ ਜਾਂਦੇ ਇਸ ਰੁਝਾਨ ਨੂੰ ਠੱਲ੍ਹ ਓਦੋਂ ਹੀ ਪਾਈ ਜਾ ਸਕੇਗੀ, ਜਦੋਂ ਬੱਚੇ ਦੇ ਜਨਮ ਤੋਂ 20-25 ਸਾਲ ਪਹਿਲਾਂ ਉਸਦੇ ਪਾਲਣਹਾਰਿਆਂ ਨੂੰ ਸਿੱਖੀ ਦੀ ਗੁੜ੍ਹਤੀ ਦਿੱਤੀ ਜਾਵੇਗੀ।

ਕਹਿੰਦੇ ਕਿ ਰੁੱਖ ਲਾਉਣ ਦਾ ਢੁਕਵਾਂ ਸਮਾਂ ਅੱਜ ਤੋਂ 20-25 ਵਰ੍ਹੇ ਪਹਿਲਾਂ ਸੀ, ਜੇ ਉਦੋਂ ਲਾਇਆ ਹੁੰਦਾ ਤਾਂ ਹੁਣ ਨੂੰ ਸੰਘਣੀ ਛਾਂ ਮਾਣਦੇ ਹੁੰਦੇ ਜੇ 25 ਸਾਲ ਪਹਿਲਾਂ ਖੁੰਝ ਗਏ ਤਾਂ ਉਸ ਮਗਰੋਂ ਰੁੱਖ ਲਾਉਣ ਦਾ ਦੂਜਾ ਢੁਕਵਾਂ ਸਮਾਂ ਅੱਜ ਹੈ।

ਜੇ ਅਸੀਂ 25 ਵਰ੍ਹੇ ਪਹਿਲਾਂ ਆਪਣੇ ਵਿਵਹਾਰ ਰਾਹੀਂ ਸਿੱਖੀ ਦੀ ਸਿੱਖਿਆ ਦੇਣੀ ਸ਼ੁਰੂ ਨਾ ਕਰ ਸਕੇ ਤਾਂ ਹੁਣ ਢੁਕਵਾਂ ਵੇਲਾ ਹੈ ਕਿ ਸਾਰੇ ਤੌਖਲੇ ਡਰ ਛੱਡਦੇ ਹੋਏ ਨਿਰਭਉ ਹੋ ਕੇ ਕਲਗ਼ੀਧਰ ਦੇ ਸਕੂਲ ਵਿੱਚ ਦਾਖਲ ਹੋਈਏ, ਅਤੇ ਦਾਖਲ ਹੋਣ ਮਗਰੋਂ ਆਪਣੀ ਯਾਤਰਾ ਅਰੰਭ ਕਰਦੇ ਹੋਏ ਆਖਰੀ ਸਾਹ ਤੱਕ ਜਾਰੀ ਰੱਖੀਏ "ਗੁਰੁ ਦਰੀਆਉ" ਵਿੱਚ ਵਹਿੰਦੇ ਪਾਣੀ ਵਾਂਗ ਲੋਕਾਈ ਦੇ ਕਾਰਜ ਸੁਆਰਦੇ ਹੋਏ "ਸਹੁ ਸਮੁੰਦਰ" ਤੱਕ ਪਹੁੰਚਣ ਲਈ ਹਮੇਸ਼ਾਂ ਯਤਨਸ਼ੀਲ ਅਤੇ ਕਾਰਜਸ਼ੀਲ ਰਹੀਏ "ਗੁਰ ਪ੍ਰਸਾਦਿ" ਦੀ ਡਿਗਰੀ ਯਕੀਨਨ ਹੀ ਸਾਡੇ "ਵਹਿੰਦੇ ਦਰਿਆਵਾਂ" ਦੇ ਕੰਢਿਆਂ ਤੇ ਮੁੜ ਹਰਿਆਲੀ ਨੂੰ ਮੋੜ ਲਿਆਵੇਗੀ।

**ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ॥**
**ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ ॥੧॥**

## ਵਿਦਿਆਰਥੀ ਅਤੇ ਪਾਲੇਟਿਕਸ




ਮੈਂ 'ਸ਼ਹੀਦ ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ ਦੀਆਂ ਲਿਖਤਾਂ' ਨਾਮਕ ਕਿਤਾਬ ਪੜ ਰਿਹਾ ਸੀ, ਜਿਸ ਦੇ ਸੰਪਾਦਕ ਪ੍ਰੋਫੈਸਰ ਜਗਮੋਹਨ ਸਿੰਘ ਜੀ ਹਨ। ਇਸ ਕਿਤਾਬ ਵਿਚ ਵਿਦਿਆਰਥੀ ਅਤੇ ਪਾਲੇਟਿਕਸ ਵਿਸ਼ੇ ਦਾ ਜ਼ਿਕਰ ਸੀ।

ਵਿੱਚ ਇੱਕ ਲੇਖ 'ਕਿਰਤੀ' ਵਿੱਚ ਛਪਿਆ ਸੀ, ਸਮੇਂ ਦੇ ਕਈ ਲੀਡਰ ਵਿਦਿਆਰਥੀਆਂ ਨੂੰ ਰਾਜਨੀਤੀ ਵਿਚ ਹਿੱਸਾ ਨਾ ਲੈਣ ਲਈ ਸਲਾਹ ਦਿੰਦੇ ਸਨ ਜਿਸ ਦੇ ਜਵਾਬ ਵਿੱਚ ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ ਦੀ ਕਲਮ ਵਿਚੋਂ ਵਿਦਿਆਰਥੀ ਅਤੇ ਪਾਲੇਟਿਕਸ ਲੇਖ ਨਿਕਲ਼ਿਆ।

ਉਸ ਸਮੇਂ ਬੜਾ ਭਾਰੀ ਰੌਲਾ ਏਸ ਗੱਲ ਦਾ ਸੁਣਿਆ ਜਾ ਰਿਹਾ ਸੀ ਕਿ ਪੜਨ ਵਾਲੇ ਨੌਜਵਾਨ ਰਾਜਸੀ ਜਾਂ ਰਾਜਨੀਤਿਕ ਕੰਮ ਵਿਚ ਹਿੱਸਾ ਨਾ ਲੈਣ।

ਲੇਖ ਵਿੱਚ ਭਗਤ ਸਿੰਘ ਲਿਖਦੇ ਹਨ ਕਿ ਸਾਡੀ ਵਿੱਦਿਆ ਨਿਕੰਮੀ ਹੁੰਦੀ ਹੈ ਅਤੇ ਵਿਦਿਆਰਥੀ ਦੁਨੀਆਂ ਨੂੰ ਛੱਡ ਕੇ ਆਪਣੇ ਮੁਲਕ ਦੀਆਂ ਗੱਲਾਂ ਵਿੱਚ ਹਿੱਸਾ ਨਹੀਂ ਲੈਂਦੇ। ਜਿਨਾਂ ਨੌਜਵਾਨਾਂ ਨੇ ਕੱਲ ਨੂੰ ਮੁਲਕ ਦੀ ਵਾਗਡੋਰ ਹੱਥ ਵਿੱਚ ਲੈਣੀ ਹੈ ਉਨਾਂ ਨੂੰ ਹੀ ਅੱਜ ਅਕਲ ਦੇ ਅੰਨੇ ਬਣਾਏ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦਾ ਜੋ ਨਤੀਜਾ ਨਿਕਲੇਗਾ ਉਹ ਸਾਨੂੰ ਆਪ ਹੀ ਸਮਝ ਜਾਣਾ ਚਾਹੀਦਾ ਹੈ।

ਅਸੀਂ ਇਹ ਮੰਨਦੇ ਹਾਂ ਕਿ ਵਿਦਿਆਰਥੀ ਦਾ ਮੁੱਖ ਕੰਮ ਵਿਦਿਆ ਪੜਨਾ ਹੈ, ਉਸ ਨੂੰ ਆਪਣੀ ਸਾਰੀ ਤਵੱਜੋਂ ਉਸ ਪਾਸੇ ਵੱਲ ਲਾ ਦੇਣੀ ਚਾਹੀਦੀ ਹੈ। ਪਰ ਕੀ ਦੇਸ਼ ਦੇ ਹਾਲਾਤ ਦਾ ਗਿਆਨ, ਉਨਾਂ ਦੇ ਸੁਧਾਰ ਅਤੇ ਉਪਾਅ, ਸੋਚਣ ਦੀ ਯੋਗਤਾ ਪੈਦਾ ਕਰਨਾ ਉਸੇ ਵਿਦਿਆ ਵਿਚ ਸ਼ਾਮਿਲ ਨਹੀਂ ? ਜੇ ਨਹੀਂ ਤਾਂ ਅਸੀਂ ਉਸ ਵਿੱਦਿਆ ਨੂੰ ਵੀ ਨਿਕੰਮਾ ਸਮਝਦੇ ਹਾਂ ਜੋ ਕੇਵਲ ਕਲਰਕੀ ਕਰਨ ਵਾਸਤੇ ਹੀ ਹਾਸਲ ਕੀਤੀ ਜਾਵੇ।

ਮੇਰੀ ਅੱਜ ਦੇ ਸਮੇਂ ਦੇ ਨੌਜੁਆਨਾਂ ਨੂੰ ਇਹ ਅਪੀਲ ਹੈ ਕਿ ਸਾਨੂੰ ਵਿਦਿਆ ਹਾਸਲ ਕਰਨ ਦੇ ਨਾਲ-ਨਾਲ ਦੇਸ਼ ਦੀ ਵਰਤਮਾਨ ਸਥਿਤੀ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਅੱਜ ਸਾਨੂੰ ਭਾਰੀ ਇਨਕਲਾਬ ਦੀ ਜ਼ਰੂਰਤ ਹੈ, ਜਿਸ ਲਈ ਸਾਨੂੰ ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ ਨੂੰ ਪੜਨ ਦੀ ਲੋੜ ਹੈ। ਪਾਲੇਟਿਕਸ ਦਾ ਵੀ ਗਿਆਨ ਸਾਨੂੰ ਹਾਸਿਲ ਕਰਨਾ ਪੈਣਾ ਹੈ ਤਾਂ ਜੋ ਆਪਾਂ ਹਾਕਮਾਂ ਨੂੰ ਸਵਾਲ ਜਵਾਬ ਕਰ ਸਕੀਏ। ਵਰਨਾ ਕੋਈ ਬਚਣ ਦਾ ਕੋਈ ਹੋਰ ਉਪਾਅ ਨਜ਼ਰ ਨਹੀਂ ਆਉਂਦਾ।

ਆਓ ਆਪਾਂ ਸਾਰੇ ਮਿਲਕੇ ਤਿੰਨ ਕਾਲੇ ਕਾਨੂੰਨਾਂ ਖਿਲਾਫ਼ ਚੱਲ ਰਹੀ ਜੰਗ ਵਿੱਚ ਆਪਣੀ ਮਜ਼ਬੂਤੀ ਅਤੇ ਅਡੋਲ ਬਹਾਦਰੀ ਰਾਹੀਂ ਆਪਣੀ ਜਾਗ੍ਰਿਤੀ ਦਾ ਸਬੂਤ ਦੇਈਏ।

ਕਿਉਂਕਿ ਵਿਦਿਆਰਥੀ ਕੱਲ ਦਾ ਨੇਤਾ ਹੈ, ਇਸ ਲਈ ਸਾਨੂੰ ਕੇਵਲ ਕਲਰਕੀ ਵਿਦਿਆ ਨਹੀਂ, ਇਨਕਲਾਬੀ ਵਿਦਿਆ ਪੜਨ ਦੀ ਵੀ ਲੋੜ ਹੈ, ਜੋ ਆਪਾਂ ਨੂੰ ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ, ਭਾਰਤ ਦੀ ਅਜ਼ਾਦੀ ਲਈ ਸ਼ਹੀਦਾਂ, ਹੋਰ ਬਹੁਤ ਸਾਰੇ ਵਿਦਵਾਨਾਂ ਦੀਆਂ ਲਿਖਤਾਂ ਵਿਚੋਂ ਮਿਲ ਸਕਦੀ ਹੈ।

**ਇਨਕਲਾਬ ਜ਼ਿੰਦਾਬਾਦ।**

**ਨਵਦੀਪ ਸਿੰਘ ਵਿਰਕ**

# ਵਰਦੀ-ਧਾਰੀਆਂ ਵਲੋਂ ਢਾਹਿਆ ਕਹਿਰ



**ਡਾ. ਹਰਸ਼ਿੰਦਰ ਕੌਰ, ਐਮ. ਡੀ.**

'ਆਓ ਨਿਰਲੱਜ ਹਿੰਦੁਸਤਾਨੀ ਸੂਰਮਿਓ, ਸਾਡਾ ਵੀ ਬਲਾਤਕਾਰ ਕਰੋ'- ਇਹ ਨਾਅਰੇ ਭਾਰਤੀ ਫ਼ੌਜੀਆਂ ਵਿਰੁੱਧ ਮਨੀਪੁਰ ਦੀਆਂ ਔਰਤਾਂ ਨੇ ਨਿਰਵਸਤਰ ਹੋ ਕੇ ਲਾਏ ਸਨ। ਕਾਰਨ ? ਭਾਰਤੀ ਪੈਰਾਮਿਲਟਰੀ 17ਵੀਂ ਅਸਾਮ ਰਾਈਫਲ ਨੇ 11 ਜੁਲਾਈ ਸੰਨ 2004 ਵਿਚ ਮਨੀਪੁਰ ਦੀ 32 ਸਾਲਾ ਔਰਤ ਥੰਗਜਾਮ ਮਨੋਰਮਾ ਨੂੰ ਬਲਾਤਕਾਰ ਕਰਨ ਬਾਅਦ ਭਿਆਨਕ ਤਸੀਹੇ ਦੇ ਕੇ ਗੋਲੀਆਂ ਨਾਲ ਵਿੰਨ ਕੇ ਬੁਰੀ ਤਰਾਂ ਕੱਟੀ-ਵੱਢੀ ਨਿਰਵਸਤਰ ਲਾਸ਼ ਬਣਾ ਕੇ ਉਸ ਦੇ ਘਰ ਤੋਂ ਤਿੰਨ ਕਿਲੋਮੀਟਰ ਦੂਰ ਨਿਰਵਸਤਰ ਹੀ ਸੁੱਟ ਦਿੱਤਾ ਸੀ। ਉਸ ਨੂੰ 10 ਜੁਲਾਈ 2004 ਨੂੰ ਉਸ ਦੇ ਘਰੋਂ ਚੁੱਕ ਲਿਆ ਗਿਆ ਸੀ। ਕਮਾਲ ਤਾਂ ਇਹ ਸੀ ਕਿ ਗੋਲੀਆਂ ਨਾਲ ਵਿੰਨੀ ਲਾਸ਼ ਦੇ ਆਸ-ਪਾਸ ਇਕ ਬੂੰਦ ਵੀ ਲਹੂ ਨਹੀਂ ਸੀ ਡਿੱਗਿਆ ਹੋਇਆ। ਉਸ ਦੇ ਅੰਦਰੂਨੀ ਅੰਗਾਂ ਦੇ ਆਸ-ਪਾਸ ਅਣਗਿਣਤ ਗੋਲੀਆਂ ਮਾਰੀਆਂ ਹੋਈਆਂ ਸਨ। ਪੱਟ ਵੀ ਗੋਲੀਆਂ ਨਾਲ ਵਿੰਨੇ ਪਏ ਸਨ। ਜ਼ਿਲਾ ਸੈਸ਼ਨ ਜੱਜ ਨੇ ਇਨਕੁਆਰੀ ਦੌਰਾਨ ਸਪੱਸ਼ਟ ਕੀਤਾ ਸੀ ਕਿ ਉਸ ਤੋਂ ਵੱਧ ਭਿਆਨਕ ਤਰੀਕੇ ਹਾਲੇ ਤੱਕ ਕਿਸੇ ਵੀ ਕੈਦ ਵਿਚ ਫੜੇ ਹੋਏ ਬੰਦੇ ਦਾ ਕਤਲ ਨਹੀਂ ਹੋਇਆ। ਰਾਤ ਨੂੰ ਆਰਾਮ ਨਾਲ ਘਰ ਬੈਠੀ ਮਨੋਰਮਾ ਨੂੰ ਘੜੀਸ ਕੇ ਉਸੇ ਦੇ ਘਰ ਦੇ ਬਾਹਰ ਰੱਜ ਕੇ ਮਾਰਿਆ ਕੁੱਟਿਆ ਤੇ ਅਨੇਕ ਵਾਰ ਬਲਾਤਕਾਰ ਕਰਨ ਤੋਂ ਬਾਅਦ ਟੱਟੀ ਵਾਲੇ ਰਾਹ ਅੰਦਰ ਵੱਟੇ ਭਰ ਕੇ 16 ਗੋਲੀਆਂ ਉਸੇ ਥਾਂ ਤੋਂ ਆਰ-ਪਾਰ ਕੱਢ ਸੁੱਟੀਆਂ ਸਨ। ਰਿਪੋਰਟ ਅਨੁਸਾਰ ਲਗਭਗ 37 ਜਣਿਆਂ ਨੇ ਰਾਤ ਨੂੰ ਉਸ ਨਾਲ ਵਹਿਸ਼ੀਆਨਾ ਤਰੀਕੇ ਨਾਲ ਬਲਾਤਕਾਰ ਕੀਤਾ ਸੀ। ਸਵੇਰੇ ਲਾਸ਼ ਪੁਲਿਸ ਸਟੇਸ਼ਨ ਤੋਂ ਇਕ ਕਿਲੋਮੀਟਰ ਦੂਰ ਸੁੱਟ ਦਿੱਤੀ ਸੀ।

ਇਹੀ ਕਾਰਨ ਸੀ ਕਿ ਵਿਰੋਧ ਕਰਨ ਲਈ 30 ਔਰਤਾਂ ਨਾਅਰੇ ਲਾਉਣ ਉਤੇ ਮਜਬੂਰ ਹੋ ਗਈਆਂ।

ਸੰਨ 1991 ਤੋਂ 1995 ਤੱਕ ਕਰੋਸ਼ੀਆ ਤੇ ਬੌਸਨੀਆ ਵਿਚਲੀ ਜੰਗ ਵਿਚ ਬੌਸਨੀਆ ਦੀਆਂ ਮੁਸਲਮਾਨ ਔਰਤਾਂ ਨਾਲ ਫੌਜੀਆਂ ਨੇ ਰੱਜ ਕੇ ਬਲਾਤਕਾਰ ਕੀਤਾ ਸੀ। ਇਸ ਨੂੰ 'ਐਥਨਿਕ ਕਲੀਨਿੰਗ' ਜਾਂ ਨਸਲਕੁਸ਼ੀ ਦਾ ਜ਼ਰੀਆ ਮੰਨ ਕੇ ਜਾਇਜ਼ ਕਰਾਰ ਦੇ ਦਿੱਤਾ ਗਿਆ। ਉਸ ਵਿਚ ਸਮੂਹਿਕ ਬਲਾਤਕਾਰ ਕਰਨ ਤੋਂ ਬਾਅਦ ਜਬਰੀ ਗਰਭ ਠਹਿਰਾਇਆ ਗਿਆ ਤਾਂ ਜੋ 'ਬੀਜ' ਨਾਸ ਕੀਤਾ ਜਾ ਸਕੇ।

ਸੰਨ 2004 ਵਿਚ ਕਸ਼ਮੀਰ ਵਿਚ 16 ਸਾਲਾ ਹਮੀਦਾ ਦਾ ਭਾਰਤੀ ਫੌਜੀ ਅਫਸਰ ਨੇ ਬਲਾਤਕਾਰ ਕੀਤਾ ਤਾਂ ਅੰਤਰਰਾਸ਼ਟਰੀ ਪੱਧਰ ਉਸਤੇ ਆਵਾਜ਼ ਉੱਠੀ। ਉਦੋਂ ਇੰਗਲੈਂਡ ਦੀਆਂ ਵੱਖੋ ਵੱਖ ਅਖ਼ਬਾਰਾਂ ਵਿਚ ਖ਼ਬਰ ਛਪੀ ਕਿ ਫ਼ੌਜੀਆਂ ਨੇ 23 ਤੋਂ 100 ਕਸ਼ਮੀਰੀ ਔਰਤਾਂ ਦਾ 'ਆਰਮੀ ਸਰਚ ਅਪਰੇਸ਼ਨ' ਦੌਰਾਨ ਰੱਜ ਕੇ ਕਈ-ਕਈ ਵਾਰ ਬਲਾਤਕਾਰ ਕੀਤਾ, ਜਿਨਾਂ ਵਿਚ ਸਭ ਤੋਂ ਛੋਟੀ ਬੱਚੀ 11 ਸਾਲ ਦੀ ਸੀ ਤੇ ਸਭ ਤੋਂ ਵੱਡੀ 60 ਸਾਲਾ ਔਰਤ ਸੀ।

ਫਿਰ ਡੋਗਰਾ ਬਟਾਲੀਅਨ ਵਲੋਂ ਸੰਨ 1947 ਵਿਚ ਮੀਰਪੁਰ ਵਿਖੇ ਸਿੱਖ ਤੇ ਮੁਸਲਮਾਨ ਔਰਤਾਂ ਦੇ ਬੁੱਚੜਾਂ ਵਾਂਗ ਕੀਤੇ ਬਲਾਤਕਾਰ ਵੀ ਉਜਾਗਰ ਹੋਏ। ਪਾਕਿਸਤਾਨੀ ਪਸ਼ਤੂਨਾਂ ਨੇ ਵੀ ਬੇਅੰਤ ਮੁਸਲਮਾਨ ਔਰਤਾਂ ਦਾ ਸਤਿਭੰਗ ਕੀਤਾ। ਉਦੋਂ ਜਿਹੜਾ ਵੀ ਆਵਾਜ਼ ਚੁੱਕਣ ਦੀ ਕੋਸ਼ਿਸ਼ ਕਰਦਾ ਤੇ ਫੌਜੀ ਵਰਦੀ ਹੇਠ ਲੁਕੇ ਹੈਵਾਨਾਂ ਬਾਰੇ ਗੱਲ ਕਰਨ ਲਗਦਾ ਤਾਂ ਦੇਸ਼ਧ੍ਰੋਹ ਹੇਠ ਫੜ ਲਿਆ ਜਾਂਦਾ। ਇਨਾਂ ਬਲਾਤਕਾਰਾਂ ਦੀਆਂ ਚੀਕਾਂ ਦਫ਼ਨ ਹੋ ਕੇ ਰਹਿ ਗਈਆਂ।

ਸੰਨ 1988 ਵਿਚ ਜੰਮੂ-ਕਸ਼ਮੀਰ ਵਿਚ ਅਣਗਿਣਤ ਬੁੱਧੀਜੀਵੀਆਂ ਤੇ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਨੇ ਅਖ਼ੀਰ ਚੁੱਪੀ ਤੋੜੀ ਤੇ ਮੰਨਿਆ ਕਿ ਨਾ ਸਿਰਫ ਭਾਰਤੀ ਫੌਜੀ, ਬਲਕਿ ਸੀ. ਆਰ. ਪੀ. ਐਫ. ਅਤੇ ਬੀ. ਐਸ. ਐਫ ਦੇ ਜਵਾਨਾਂ ਨੇ ਵੀ ਔਰਤਾਂ ਉਤੇ ਅਣਮਨੁੱਖੀ ਤਸ਼ੱਦਦ ਢਾਹਿਆ ਅਤੇ ਰੱਜ ਕੇ ਸਰੀਰਕ ਸ਼ੋਸਣ ਕੀਤਾ। ਇਨਾਂ ਸਾਰੇ ਤੱਥਾਂ ਨੂੰ ਸਰਕਾਰ ਨੇ ਨਕਾਰ ਦਿੱਤਾ ਤੇ ਸਭ ਨੂੰ ਮੂੰਹ ਬੰਦ ਕਰਨ ਲਈ ਕਹਿ ਦਿੱਤਾ।

ਇਸੇ ਸਦਕਾ ਕਈ ਅੱਤਵਾਦੀਆਂ ਨੇ ਵੀ ਦਾਅ ਲਾ ਕੇ ਜਿਹੜੀ ਬੱਚੀ ਹੱਥ ਲੱਗੀ, ਬਲਾਤਕਾਰ ਕਰ ਛੱਡੀ ਤੇ ਨਾਂ ਫ਼ੌਜੀਆਂ ਦਾ ਲਗਾ ਦਿੱਤਾ।

ਸੰਨ 1988 ਵਿਚ ਇਸ ਕਹਿਰ ਦੇ ਵਿਰੁੱਧ ਆਵਾਜ਼ ਨਾ ਉਠਦੀ ਵੇਖ ਮੁਸਲਮਾਨਾਂ ਨੇ ਵੀ ਕਸ਼ਮੀਰੀ ਪੰਡਤਾਂ ਦੇ ਘਰ-ਬਾਰ ਲੁੱਟ ਕੇ ਉਨਾਂ ਦੀਆਂ ਬੇਟੀਆਂ ਤੇ ਔਰਤਾਂ ਦੀ ਰੱਜ ਕੇ ਪੱਤ ਲੁੱਟੀ। ਇਹ ਸਭ ਸੰਨ 1989 ਤੱਕ ਚੱਲਦਾ ਰਿਹਾ। ਇਨਾਂ ਸਭ ਦੇ ਸਬੂਤ ਅੱਖੀ ਵੇਖੇ ਗਵਾਹਾਂ ਨੇ ਮੀਡੀਆ ਸਾਹਮਣੇ ਰੱਖੇ ਤੇ ਖ਼ਬਰਾਂ ਵੀ ਛਪੀਆਂ ਪਰ ਸਰਕਾਰਾਂ ਨੇ ਗੱਲ ਦਬਾ ਦਿੱਤੀ।

'ਹਿਊਮਨ ਰਾਈਟਸ ਵਾਚ' ਦੇ ਨੁਮਾਇੰਦਿਆਂ ਨੂੰ ਹਾਲਾਂਕਿ ਬਹੁਤ ਧਮਕੀਆਂ ਮਿਲੀਆਂ ਪਰ ਉਨਾਂ ਨੇ ਸੰਨ 1990 ਵਿਚ ਅੱਤਵਾਦੀਆਂ ਵਲੋਂ ਕੀਤੇ ਔਰਤਾਂ ਦੇ ਬਲਾਤਕਾਰ ਅਤੇ ਫਿਰ ਬੁਰੀ ਤਰਾਂ ਗੋਲੀਆਂ ਮਾਰ ਕੇ ਜਾਂ ਵੱਢ-ਟੁੱਕ ਕੇ ਕੀਤੇ ਕਤਲਾਂ ਬਾਰੇ ਜ਼ਿਕਰ ਕੀਤਾ। ਬਥੇਰੀ ਥਾਂ 'ਤੇ ਘਰ ਦੇ ਮਰਦਾਂ ਨੂੰ ਫੜਨ ਲਈ ਉਨਾਂ ਦੀਆਂ ਔਰਤਾਂ ਨੂੰ ਚੁੱਕ ਲਿਆ ਜਾਂਦਾ ਰਿਹਾ। ਕਈ ਥਾਈਂ ਪਿਤਾ ਨੂੰ ਤਸੀਹੇ ਦੇ ਕੇ ਉਸ ਦੇ ਸਾਹਮਣੇ ਧੀ ਦਾ ਜਬਰ-ਜਨਾਹ ਕੀਤਾ ਗਿਆ। ਕਈ ਵਾਰ ਪੂਰੇ ਟੱਬਰ ਨੂੰ ਗੋਲੀਆਂ ਨਾਲ ਭੁੰਨ ਦੇਣ ਦੀ ਧਮਕੀ ਦੇ ਕੇ, ਕੁੜੀਆਂ ਚੁੱਕ ਕੇ ਜਬਰੀ ਵਿਆਹ ਦਿੱਤੀਆਂ ਗਈਆਂ ਤੇ ਫਿਰ ਦੇਹ ਵਪਾਰ ਵੱਲ ਧੱਕ ਦਿੱਤੀਆਂ ਗਈਆਂ।

ਜਦੋਂ ਅੱਤ ਹੀ ਹੋ ਗਈ ਤਾਂ ਸੰਨ 1992 ਵਿਚ ਲੋਕ ਇਸ ਜੁਰਮ ਵਿਰੁੱਧ ਸੜਕਾਂ 'ਤੇ ਉਤਰ ਪਏ। ਸੰਨ 2010 ਵਿਚ ਅਮਰੀਕਾ ਨੇ ਵੀ ਕਸ਼ਮੀਰ ਵਿਚਲੀਆਂ ਵਧੀਕੀਆਂ ਦਾ ਪਰਦਾਫਾਸ਼ ਕੀਤਾ ਕਿ ਨਾ ਸਿਰਫ ਅਤਿਵਾਦੀ ਬਲਕਿ ਵਰਦੀਧਾਰੀ ਸਰਕਾਰੀ ਕਰਮਚਾਰੀ ਵੀ ਔਰਤਾਂ ਦੇ ਸ਼ੋਸ਼ਣ ਵਿਚ ਬਰਾਬਰ ਦਾ ਹਿੱਸਾ ਪਾ ਰਹੇ ਹਨ। ਇਨਾਂ ਜੁਰਮਾਂ ਦੀ ਅਸਲ ਗਿਣਤੀ ਇਸ ਲਈ ਸਾਹਮਣੇ ਨਹੀਂ ਆ ਰਹੀ ਕਿਉਂਕਿ ਟੱਬਰਾਂ ਨੂੰ ਹੱਦੋਂ ਵੱਧ ਡਰਾ ਧਮਕਾ ਕੇ ਚੁੱਪ ਕਰਵਾ ਦਿੱਤਾ ਜਾਂਦਾ ਹੈ। ਹਾਲਾਤ ਏਨੇ ਬਦਤਰ ਹੋ ਗਏ ਕਿ ਇੱਕ ਡਾਕਟਰ ਨੂੰ ਵੀ ਆਵਾਜ਼ ਚੁੱਕਣ ਦੇ ਜੁਰਮ ਵਿਚ ਹਿਜਬੁਲ-ਮੁਜਾਹੀਦੀਨ ਤੇ ਅਲ-ਜਿਹਾਦ ਦੇ ਕਾਰਕੁੰਨਾਂ ਨੇ ਮਾਰ ਮੁਕਾਇਆ।

ਉਦੋਂ ਤੱਕ ਸਭ ਨੂੰ ਇਹ ਸਪੱਸ਼ਟ ਹੋ ਗਿਆ ਸੀ ਕਿ ਬਲਾਤਕਾਰ ਨੂੰ ਸਰਕਾਰੀ ਪੱਧਰ ਉੱਤੇ ਜੰਗ ਦਾ 'ਹਥਿਆਰ' ਮੰਨ ਲਿਆ ਗਿਆ ਹੈ ਤੇ ਇਸ ਨੂੰ ਬਕਾਇਦਾ ਹਰੀ ਝੰਡੀ ਦੇ ਦਿੱਤੀ ਹੋਈ ਸੀ। ਸੰਨ 1996 ਦੀ ਹਿਊਮਨ ਰਾਈਟਸ ਰਿਪੋਰਟ ਵਿਚ ਇਹ ਵੀ ਜੱਗ ਜਾਹਿਰ ਹੋ ਗਿਆ ਕਿ ਖਾੜਕੂਵਾਦ ਨੂੰ ਰੋਕਣ ਲਈ ਬਲਾਤਕਾਰ ਇਕ ਜਾਇਜ਼ ਹਥਿਆਰ ਮੰਨਿਆ ਗਿਆ ਹੈ। ਖਾੜਕੂਆਂ ਦੀਆਂ ਧੀਆਂ, ਭੈਣਾਂ, ਮਾਵਾਂ ਉਤੇ ਜਬਰ ਢਾਹੁਣਾ ਵੀ ਇਕ ਢੰਗ ਮੰਨ ਲਿਆ ਗਿਆ, ਜਿਸ ਨਾਲ ਉਹ ਛੇਤੀ ਟੁੱਟ ਜਾਣ। ਫਿਰ ਬਲਾਤਕਾਰ ਨੂੰ ਫੌਜੀ ਹਮਲੇ ਦਾ ਇਕ ਲਾਜ਼ਮੀ ਹਿੱਸਾ ਬਣਾ ਦਿੱਤਾ ਗਿਆ।

ਸੀਮਾ ਕਾਜ਼ੀ ਨੇ ਰਿਪੋਰਟ ਜਾਰੀ ਕੀਤੀ ਜਿਸ ਵਿਚ ਭਾਰਤੀ ਫੌਜੀ ਮੰਨੇ ਕਿ ਉਨਾਂ ਨੇ ਬੇਅੰਤ ਜਬਰ ਜਨਾਹ ਕੀਤੇ ਸਨ ਜੋ ਉਨਾਂ ਬਤੌਰ ਸੀਨੀਅਰ ਅਫਸਰਾਂ ਦੇ ਹੁਕਮਾਂ ਤਹਿਤ ਕੀਤੇ ਸਨ। ਇਹ ਤੱਥ ਯੂਨਾਈਟਿਡ ਨੇਸ਼ਨਜ਼ ਦੇ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਵੀ ਪੇਸ਼ ਕੀਤੇ ਗਏ, ਜਿਸ ਦੇ ਦਿਲ ਕੰਬਾਊ ਅੰਕੜਿਆਂ ਨੇ ਦੁਨੀਆ ਹਿਲਾ ਦਿੱਤੀ। ਵੱਖੋ-ਵੱਖ ਜੰਗਾਂ ਵਿਚ ਫੌਜੀਆਂ ਵੱਲੋਂ ਕੁੜੀਆਂ ਦੇ ਹੋਸਟਲਾਂ ਨੂੰ ਹਰਮ ਬਣਾ ਕੇ ਰੱਖ ਲਿਆ ਗਿਆ ਤੇ ਉਦੋਂ ਤੱਕ ਸਰੀਰਕ ਸ਼ੋਸ਼ਣ ਕੀਤਾ ਗਿਆ ਜਦ ਤੱਕ ਕਿ ਉਨਾਂ ਨੂੰ ਗਰਭ ਨਾ ਠਹਿਰ ਗਿਆ। ਕਾਰਨ ਇਹ ਦਿੱਤਾ ਗਿਆ ਕਿ ਬੀਜ ਨਾਸ ਕਰਨ ਦੇ ਨਾਲ ਨਾਲ ਅੱਗੋਂ ਪਨੀਰੀ ਹੀ ਨਵੀਂ ਪੈਦਾ ਹੋ ਜਾਵੇ ਤਾਂ ਪੱਕੀ ਤਰਾਂ ਨਸਲਕੁਸ਼ੀ ਹੋ ਜਾਂਦੀ ਹੈ।

ਬੁਰਦਵਾਨ ਯੂਨੀਵਰਸਿਟੀ ਦੀ ਡਾ. ਮਾਇਤੀ ਨੇ ਵੀ ਫੌਜੀਆਂ ਤੇ ਖ਼ੂਬਸੂਰਤ ਕਸ਼ਮੀਰੀ ਔਰਤਾਂ ਦੀ ਇੰਟਰਵਿਊ ਕਰ ਕੇ ਖੋਜ ਛਾਪੀ ਕਿ ਹਰ ਥਾਂ ਦੁਸ਼ਮਨੀ ਲਾਹੁਣ ਲਈ ਔਰਤਾਂ ਦਾ ਹੀ ਸਰੀਰਕ ਸ਼ੋਸ਼ਣ ਕਰਨਾ ਨਵਾਂ ਢੰਗ ਇਖ਼ਤਿਆਰ ਕਰ ਲਿਆ ਹੋਇਆ ਹੈ। ਨਾ ਸਿਰਫ਼ ਜੰਗਾਂ ਵਿਚ, ਬਲਕਿ ਟੱਬਰਾਂ ਦੀ ਆਪਸੀ ਦੁਸ਼ਮਨੀ, ਦੋਸਤੀ ਵਿਚ ਖਟਾਸ, ਪੁਲਿਸ ਕੇਸ ਜਾਂ ਕਿਸੇ ਵੀ ਤਰਾਂ ਦੀ ਸ਼ਿਕਾਇਤ ਵਿਚ ਘਰ ਵਿਚਲੀ ਔਰਤ ਹੀ ਪਹਿਲਾਂ ਸ਼ਿਕਾਰ ਬਣੀ ਹੈ। ਤਸ਼ੱਦਦ ਏਨਾ ਹੱਦੋਂ ਵੱਧ ਹੁੰਦਾ ਹੈ ਕਿ ਉਸ ਦੀ ਆਵਾਜ਼ ਕੋਈ ਵੀ ਬਣਦਾ ਹੀ ਨਹੀਂ। ਇਸੇ ਲਈ ਬਹੁਤੀ ਵਾਰ ਹੱਦਾਂ ਟੱਪ ਜਾਣ ਬਾਅਦ ਔਰਤਾਂ ਹੀ ਬਲਾਤਕਾਰ ਵਿਰੁੱਧ ਆਵਾਜ਼ ਚੁੱਕਣ ਉਤੇ ਮਜਬੂਰ ਹੋ ਜਾਂਦੀਆਂ ਹਨ। ਜੇਲਾਂ ਵਿਚ ਡੱਕੀਆਂ ਔਰਤਾਂ ਉੱਤੇ ਤਾਂ ਏਨਾ ਜ਼ੁਲਮ ਹੁੰਦਾ ਹੈ ਕਿ ਕਲਮ ਵੀ ਲਿਖਣ ਤੋਂ ਇਨਕਾਰੀ ਹੋ ਜਾਂਦੀ ਹੈ।

ਸੰਨ 2021 ਦੀ ਤਸਵੀਰ ਵੀ ਕੁੱਝ ਵੱਖ ਨਹੀਂ ਹੈ। ਜਿੱਥੇ ਸੰਘਰਸ਼ਸ਼ੀਲ ਕੌਮਾਂ ਨੂੰ ਢਾਅ ਲਾਉਣ ਲਈ ਉਨਾਂ ਦੀਆਂ ਔਰਤਾਂ ਦੀ ਬੇਪਤੀ ਆਮ ਗੱਲ ਬਣ ਚੁੱਕੀ ਹੈ, ਉੱਥੇ ਹੀ ਘੱਟ ਗਿਣਤੀ ਕੌਮਾਂ ਤੇ ਆਦਿਵਾਸੀਆਂ ਦੀਆਂ ਬੇਟੀਆਂ ਦਾ ਵੀ ਰੱਜ ਕੇ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ।

ਇਸ ਮਹੀਨੇ ਛੱਤੀਸਗੜ ਦੇ ਬੀਜਾਪੁਰ ਵਿਚ ਵੀ ਸਪੈਸ਼ਲ ਫੋਰਸ ਦੇ ਜਵਾਨਾਂ ਨੇ ਘਰ ਸੁੱਤੀ ਆਦਿਵਾਸੀ ਬੇਟੀ ਨਾਲ ਸਮੂਹਕ ਬਲਾਤਕਾਰ ਕਰਕੇ, ਉਸ ਦੀਆਂ ਛਾਤੀਆਂ ਵੱਢ ਦਿੱਤੀਆਂ ਅਤੇ ਪੱਟਾਂ ਅਤੇ ਹੱਥਾਂ ਨੂੰ ਤੇਜ਼ਧਾਰ ਹਥਿਆਰਾਂ ਨਾਲ ਵੱਢ ਸੁੱਟਿਆ। ਇੱਕ ਨਿਹੱਥੀ ਕੁੜੀ ਉੱਤੇ ਵਹਿਸ਼ੀ ਜੱਲਾਦਾਂ ਨੇ ਆਪਣੀ ਮਰਦਾਨਗੀ ਵਿਖਾਈ। ਲਾਅਣਤ ਹੈ ! ਲੱਖ ਲਾਅਣਤ !!

ਕੇਰਲ ਵਿਚ ਵੀ ਇਕ ਸਮਾਂ ਸੀ ਜਦੋਂ ਦਲਿਤ ਔਰਤਾਂ ਨੂੰ ਆਪਣੇ ਹੀ ਕੁੱਖੋਂ ਜੰਮੇ ਬੱਚੇ ਨੂੰ ਦੁੱਧ ਪਿਆਉਣ ਲਈ ਟੈਕਸ ਦੇਣਾ ਪੈਂਦਾ ਸੀ। ਉਦੋਂ ਉਨਾਂ ਨੂੰ ਆਪਣੀਆਂ ਛਾਤੀਆਂ ਢਕਣ ਦੀ ਵੀ ਮਨਾਹੀ ਸੀ। ਜਦੋਂ ਇਕ ਦਲਿਤ ਔਰਤ ਨਾਂਗੇਲੀ ਕੋਲ ਆਪਣੇ ਬੱਚੇ ਨੂੰ ਦੁੱਧ ਪਿਆਉਣ ਵਾਸਤੇ ਟੈਕਸ ਭਰਨ ਲਈ ਪੈਸੇ ਨਹੀਂ ਸਨ ਤਾਂ ਉਸ ਤੋਂ ਉਸ ਦਾ ਨਵਜੰਮਿਆ ਬੱਚਾ ਖੋਹ ਲਿਆ ਗਿਆ। ਰੋਸ ਵਜੋਂ ਉਸ ਨੇ ਆਪਣੀਆਂ ਛਾਤੀਆਂ ਆਪ ਹੀ ਵੱਢ ਦਿੱਤੀਆਂ ਤੇ ਉਸ ਦੀ ਮੌਤ ਹੋ ਗਈ। ਉਸ ਦੇ ਘਰਵਾਲੇ ਨੇ ਵੀ ਉਸਦਾ ਇਹ ਹਾਲ ਵੇਖ ਆਤਮਹੱਤਿਆ ਕਰ ਲਈ। ਉਸ ਤੋਂ ਬਾਅਦ ਹੀ ਲੋਕਾਂ ਵਿਚ ਜਾਗ੍ਰਿਤੀ ਆਈ ਅਤੇ ਉਨਾਂ ਸੰਨ 1812 ਵਿਚ ਇਸ ਮਨੁੱਖੀ ਅਧਿਕਾਰਾਂ ਦੇ ਕਤਲ ਕਰਦੇ ਬੇਹੁਦਾ ਟੈਕਸ ਦਾ ਡਟ ਕੇ ਵਿਰੋਧ ਕੀਤਾ। ਅਖੀਰ ਦਲਿਤ ਮਾਂ ਨੂੰ ਆਪਣੇ ਹੀ ਬੱਚੇ ਨੂੰ ਦੁੱਧ ਪਿਆਉਣ ਦਾ ਹੱਕ ਮਿਲ ਗਿਆ, ਪਰ ਛਾਤੀ ਢਕਣ ਦਾ ਹੱਕ ਨਹੀਂ ਦਿੱਤਾ ਗਿਆ। ਇਸ ਵਾਸਤੇ ਅੱਗੋਂ 40 ਸਾਲ ਹੋਰ ਜੰਗ ਵਿੱਢੀ ਗਈ ਤੇ ਅਖੀਰ ਇਸ ਬਗ਼ਾਵਤ ਅੱਗੇ ਰਾਜਿਆਂ ਨੂੰ ਝੁਕਣਾ ਪਿਆ ਤੇ ਔਰਤ ਨੂੰ ਹੱਕ ਮਿਲਿਆ ਕਿ ਉਹ ਇਸ ਮਰਦ ਪ੍ਰਧਾਨ ਸਮਾਜ ਅੱਗੇ ਆਪਣਾ ਸਰੀਰ ਢੱਕ ਸਕੇਗੀ।

ਹੱਦ ਹੀ ਹੈ ਕਿ ਨੰਬੂਦਰੀ ਔਰਤਾਂ ਆਪਣਾ ਸਰੀਰ ਵੀ ਉੱਚੀ ਜਾਤ ਵਾਲਿਆਂ ਅੱਗੇ ਢਕ ਕੇ ਨਹੀਂ ਸਨ ਨਿਕਲ ਸਕਦੀਆਂ। ਜੇ ਕੋਈ ਔਰਤ ਜ਼ੁਅੱਰਤ ਕਰਦੀ ਸੀ ਤਾਂ ਰੱਸੀਆਂ ਨਾਲ ਬੰਨ ਕੇ ਪੁੱਠਾ ਲਟਕਾ ਕੇ ਸਜ਼ਾ ਦਿੱਤੀ ਜਾਂਦੀ ਸੀ ਤੇ ਸਰੇ ਬਾਜ਼ਾਰ ਨਗਨ ਕਰਕੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਸੀ। ਲੰਬੇ ਡੰਡੇ ਅੱਗੇ ਛੁਰੀ ਬੰਨ ਕੇ ਔਰਤਾਂ ਦੇ ਕਪੜੇ ਪਾੜੇ ਜਾਂਦੇ ਸਨ ਤਾਂ ਜੋ ਉੱਚੀ ਜਾਤੀ ਵਾਲਿਆਂ ਦੇ ਸੁੱਚੇ ਹੱਥ ਕਿਤੇ ਜੂਠੇ ਨਾ ਹੋ ਜਾਣ ਪਰ ਔਰਤ ਦਾ ਜਿਸਮ ਹੰਢਾਉਣ ਵੇਲੇ ਇਹ 'ਸੁੱਚ' ਗ਼ਾਇਬ ਹੋ ਜਾਂਦੀ ਸੀ।

ਇਸ ਅਖੌਤੀ ਸੱਭਿਅਕ ਸਮਾਜ ਦੇ ਰਾਖ਼ਸ਼ਾਂ ਨੇ ਔਰਤਾਂ ਦਾ ਅਪਮਾਨ ਕਰਨ ਦੇ ਢੰਗ ਹੀ ਵੱਖ ਲੱਭੇ ਸਨ।

ਪੁਲਸੀਆ ਵਰਦੀ ਵਿਚ ਲੁਕੇ ਵਹਿਸ਼ੀ ਦਰਿੰਦਿਆਂ ਦਾ ਸੱਚ ਖ਼ਬਰਾਂ ਵਿਚ ਛਪ ਚੁੱਕਿਆ ਹੋਇਆ ਹੈ। ਔਰਤਾਂ ਦੇ ਮੂੰਹ ਵਿਚ ਪਿਸ਼ਾਬ ਕਰਨ ਤੋਂ ਲੈ ਕੇ ਨਿਰਵਸਤਰ ਕਰਕੇ ਸਮੂਹਿਕ ਬਲਾਤਕਾਰ ਤੇ ਅੰਦਰੂਨੀ ਅੰਗਾਂ ਵਿਚ ਚੀਰੇ ਪਾ ਕੇ ਮਿਰਚਾਂ ਪਾਉਣੀਆਂ ਤੇ ਉਨਾਂ ਦੇ ਟੱਬਰਾਂ ਸਾਹਮਣੇ ਉਨਾਂ ਨੂੰ ਜ਼ਲੀਲ ਕਰਨਾ ਜਾਂ ਪੁੱਤਰਾਂ ਅੱਗੇ ਮਾਂ ਨੂੰ ਨਿਰਵਸਤਰ ਕਰਨਾ ਆਮ ਜਿਹੀ ਘਟਨਾ ਬਣ ਕੇ ਰਹਿ ਚੁੱਕੀ ਹੈ।

ਇਸ ਸਭ ਤੋਂ ਬਾਅਦ ਜਦੋਂ ਭਾਰਤ ਸਰਕਾਰ ਕੋਲੋਂ ਤਮਗ਼ੇ ਪ੍ਰਾਪਤ ਕਰਕੇ ਇਹ ਵਰਦੀਧਾਰੀ ਹੈਵਾਨ ਫ਼ਖ਼ਰ ਨਾਲ ਛਾਤੀ ਤਾਣ ਕੇ ਤੁਰਦੇ ਹਨ ਅਤੇ ਵਡਿਆਏ ਜਾਂਦੇ ਹਨ ਤਾਂ ਇਸ ਦਾ ਕੀ ਮਤਲਬ ਕੱਢਣਾ ਚਾਹੀਦਾ ਹੈ ?

ਕੀ ਇਹ ਵਡਿਆਈ ਮਾਸੂਮ ਬਾਲੜੀਆਂ ਦਾ ਬਲਾਤਕਾਰ ਕਰਨ ਦੀ ਜਾਂ ਮਾਸੂਮ ਬੇਕਸੂਰ ਔਰਤਾਂ ਦੀ ਬੇਪਤੀ ਕਾਰਨ ਮਿਲਦੀ ਹੈ ?

ਅੱਤਵਾਦ ਦੇ ਨਾਂਅ ਹੇਠ ਬਲਾਤਕਾਰ ਕਰਨ ਦੀ ਖੁੱਲ ਦੇਣ ਵਾਲੇ ਕੌਣ ਹਨ ? ਬੰਦੂਕ ਦੀ ਨੋਕ ਉਤੇ ਘਰ ਸੁੱਤੀਆਂ ਨਾਬਾਲਗ ਬੇਟੀਆਂ ਨੂੰ ਚੁੱਕਣਾ ਤੇ ਝੂਠੇ ਪੁਲਿਸ ਮੁਕਾਬਲਿਆਂ ਹੇਠ ਤਸੀਹੇ ਦੇ ਕੇ ਮਾਰ ਮੁਕਾਉਣਾ ਕਿਵੇਂ ਜਾਇਜ਼ ਠਹਿਰਾਇਆ ਜਾਂਦਾ ਹੈ ?

'ਭਾਰਤ ਦੇ ਰਾਖਿਆਂ' ਤੇ 'ਕਾਨੂੰਨ ਦੇ ਰਾਖਿਆਂ' ਦੀ ਇਸ ਬੁਰਛਾਗਰਦੀ ਨੂੰ ਨੰਗਾ ਕਰਨ ਵਾਲਿਆਂ ਉਤੇ ਝੂਠੇ ਕੇਸ ਪਾ ਕੇ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਜਾਂਦਾ ਹੈ। ਉਹ ਕਿਵੇਂ ਜਾਇਜ਼ ਕਰਾਰ ਹੁੰਦਾ ਹੈ ?

ਅੰਤ ਵਿਚ ਇਹੀ ਕਹਿਣਾ ਹੈ ਕਿ ਹਰ ਵਰਧੀਧਾਰੀ ਜਵਾਨ ਮਾੜਾ ਨਹੀਂ ਹੁੰਦਾ, ਪਰ ਜੇ ਉਹ ਆਪਣੇ ਸਾਥੀਆਂ ਦੀਆਂ ਕੋਝੀਆਂ ਹਰਕਤਾਂ ਨੂੰ ਵੇਖ ਕੇ ਚੁੱਪੀ ਧਾਰਦਾ ਹੈ ਤਾਂ ਉਹ ਵੀ ਜੁਰਮ ਵਿਚ ਬਰਾਬਰ ਦਾ ਭਾਗੀਦਾਰ ਮੰਨਿਆ ਜਾਂਦਾ ਹੈ। ਬਲਾਤਕਾਰੀ ਪੁਲਿਸ ਕਰਮੀ ਵਿਰੁੱਧ ਵੀ ਜੇ ਉਸ ਦੇ ਸਾਥੀਆਂ ਵਲੋਂ ਨਿਖੇਧੀ ਨਹੀਂ ਕੀਤੀ ਜਾਂਦੀ ਤਾਂ ਉਹ ਵੀ ਜੁਰਮ ਵਿਚ ਸ਼ਾਮਲ ਹੀ ਮੰਨੇ ਜਾਣਗੇ।

ਅੱਜ ਸਮਾਂ ਹੈ ਇਕਜੁੱਟ ਹੋ ਕੇ ਸਿਸਟਮ ਵਿਰੁੱਧ ਜੰਗ ਛੇੜਨ ਦਾ, ਜੋ ਵਹਿਸ਼ੀਆਨਾ ਹਰਕਤਾਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਜੇ ਮਾਂ ਦੇ ਦੁੱਧ ਦਾ ਕਰਜ਼ਾ ਲਾਹੁਣਾ ਹੈ ਤਾਂ ਕੁੰਭਕਰਨੀ ਨੀਂਦ ਤੋਂ ਹੁਣ ਜਾਗੀਏ, ਨਹੀਂ ਤਾਂ ਅਗਲਾ ਸ਼ਿਕਾਰ ਅਸੀਂ ਹੋ ਸਕਦੇ ਹਾਂ।



## ਪਿੰਗਲੇ ਅਤੇ ਅਨਾਥਾਂ ਦੀ

**ਲਾਹੌਰ ਵਿੱਚ (1924/47)**

ਉਹ ਦਸਵੀਂ ਜਮਾਤ ਵਿਚੋਂ ਫੇਲ ਹੋ ਗਿਆ ਪਰ ਉਸਦੀ ਮਾਂ, ਜਿਸਨੇ ਮਿੰਟਗੁਮਰੀ ਤੋਂ ਲਾਹੌਰ ਆਕੇ ਸਰ ਗੰਗਾ ਰਾਮ ਹਸਪਤਾਲ ਵਿਚ ਨੌਕਰੀ ਕਰ ਲਈ ਸੀ, ਨੇ ਲਾਹੌਰ ਬੁਲਾ ਕੇ ਸ.ਬ.ਖਾਲਸਾ ਹਾਈ ਸਕੂਲ ਤੋਂ ਮੁੜ ਦਸਵੀਂ ਦਾ ਇਮਤਿਹਾਨ ਦਿਵਾਇਆ। ਇਮਤਿਹਾਨ ਤੱਕ ਉਹ ਸਕੂਲ ਦੇ ਹੋਸਟਲ ਵਿਚ ਹੀ ਰਿਹਾ। ਇਮਤਿਹਾਨ ਤੋਂ ਪਿੱਛੋਂ ਹਰਨਾਮ ਸਿੰਘ ਆਟੇ ਵਾਲੇ ਨੇ, ਜਿਨਾਂ ਦੇ ਘਰ ਉਨਾਂ ਦੀ ਮਾਂ ਨੌਕਰੀ ਕਰਦੀ ਸੀ, ਰਾਮਜੀ ਨੂੰ ਆਪਣੇ ਘਰ ਵਿਚ ਹੀ ਰੱਖ ਲਿਆ ਅਤੇ ਕਿਹਾ, ਨਤੀਜੇ ਤੱਕ ਤੂੰ ਗੁਰਦਵਾਰਾ ਡੇਹਰਾ ਸਾਹਿਬ ਚਲਾ ਜਾਇਆ ਕਰ, ਉਥੇ ਹੱਥਾਂ ਦੀ ਅਨੇਕ ਪ੍ਰਕਾਰ ਦੀ ਸੇਵਾ ਕਰਿਆ ਕਰ ਅਤੇ ਸ਼ਾਮ ਨੂੰ ਘਰ ਆ ਜਾਇਆ ਕਰ। ਜਿਸ ਬੰਦੇ ਨੇ ਵੀ ਕੁਝ ਪ੍ਰਾਪਤ ਕੀਤਾ ਹੈ, ਉਹ ਉਸਨੇ ਗੁਰੂ-ਘਰ ਤੋਂ ਹੀ ਪ੍ਰਾਪਤ ਕੀਤਾ ਹੈ। ਇੰਜ ਉਹ ਗੁ.ਡੇਹਰਾ ਸਾਹਿਬ ਜਾਣ ਲੱਗ ਪਿਆ। ਇਥੇ ਉਸਦਾ ਨਾਂ ਪੂਰਨ ਸਿੰਘ ਰੱਖਿਆ ਗਿਆ ਅਤੇ ਪਿੱਛੋਂ ਪੰਥ ਦੇ ਦਿਮਾਗ ਗਿਆਨੀ ਕਰਤਾਰ ਸਿੰਘ ਨੇ ਨਾਲ 'ਭਗਤ' ਸ਼ਬਦ ਜੋੜ ਦਿੱਤਾ। ਇੰਜ ਉਹ ਰਾਮਜੀ ਦਾਸ ਤੋਂ ਭਗਤ ਪੂਰਨ ਸਿੰਘ ਬਣ ਗਿਆ। ਉਨਾਂ ਦੀ ਮਾਂ ਸ.ਹਰਨਾਮ ਸਿੰਘ ਦੇ ਲੜਕੇ ਸ. ਹਰੀ ਸਿੰਘ ਨੂੰ ਕਹਿੰਦੀ ਰਹਿੰਦੀ ਸੀ ਕਿ ਆਪਣੇ ਬੈਂਕ ਵਿਚ ਪੂਰਨ ਸਿੰਘ ਨੂੰ ਨੌਕਰੀ ਦੇ ਦੇਵੋ। ਪਰ ਸ. ਹਰਨਾਮ ਸਿੰਘ ਨੇ ਆਪਣੇ ਪੁੱਤਰ ਨੂੰ ਕਹਿ ਦਿੱਤਾ, ਅਸੀਂ ਪੂਰਨ ਸਿੰਘ ਨੂੰ ਆਪਣਾ ਨੌਕਰ ਨਹੀਂ ਰੱਖ ਸਕਦੇ; ਇਸ ਤੋਂ ਗੁਰੂ ਨੇ ਆਪਣੇ ਕੰਮ ਲੈਣੇ ਹਨ। ਸ. ਹਰਨਾਮ ਸਿੰਘ ਨੇ ਉਸਦੀ ਮਾਂ ਨੂੰ ਇਹ ਵੀ ਕਹਿ ਦਿੱਤਾ ਸੀ, 'ਮਾਈ, ਤੇਰਾ ਪੁੱਤ ਵੱਡਾ ਆਦਮੀ ਬਣੇਗਾ'। ਗੁ. ਡੇਹਰਾ ਸਾਹਿਬ ਵਿਚ ਕੰਮ ਕਰਦਿਆਂ ਵੇਖਕੇ ਮਹੰਤ ਤੇਜਾ ਸਿੰਘ ਨੇ ਪੂਰਨ ਸਿੰਘ ਨੂੰ ਬਹੁਤ ਪਿਆਰ ਅਤੇ ਉਤਸ਼ਾਹ ਦਿੱਤਾ। ਉਹ ਇਸ਼ਨਾਨ ਦੀਆਂ ਟੂਟੀਆਂ ਦੀ ਹਲਟੀ ਜੁੱਪੇ ਝੋਟੇ ਨੂੰ ਹੱਕਦੇ, ਪੱਠੇ ਪਾਉਂਦੇ, ਲੰਗਰ ਦੇ ਜੂਠੇ ਭਾਂਡੇ ਮਾਂਜਦੇ, ਤੱਪੜ ਵਿਛਾਉਂਦੇ, ਯਾਤਰੂਆਂ ਦੀ ਰਾਤ ਵੇਲੇ ਸੌਣ ਦੇ ਪ੍ਰਬੰਧ ਦੀ ਦੇਖ-ਭਾਲ ਕਰਦੇ, ਬੇਆਸਰੇ ਰੋਗੀਆਂ ਅਤੇ ਅਪਾਹਿਜਾਂ ਦੀ ਸੇਵਾ ਸੰਭਾਲ ਕਰਦੇ, ਉਨਾਂ ਨੂੰ ਹਸਪਤਾਲ ਲੈਕੇ ਜਾਂਦੇ, ਜੋੜਿਆਂ ਦੀ ਸੇਵਾ ਤੇ ਬੈਠਦੇ ਅਤੇ ਨਾਲੋਂ-ਨਾਲ ਕੀਰਤਨ ਵੀ ਸੁਣਦੇ ਰਹਿੰਦੇ। ਜਦੋਂ ਇਨਾਂ ਕੰਮਾਂ ਤੋਂ ਵਿਹਲ ਮਿਲਦੀ, ਲਾਇਬ੍ਰੇਰੀਆਂ ਵਿਚ ਜਾਕੇ ਅਖਬਾਰਾਂ, ਰਸਾਲੇ ਅਤੇ ਕਿਤਾਬਾਂ ਪੜਦੇ ਰਹਿੰਦੇ ਅਤੇ ਗਿਆਨ ਪ੍ਰਾਪਤ ਕਰਦੇ ਰਹਿੰਦੇ। ਉਹ ਸਰਦੇ-ਪੁੱਜਦੇ ਬੰਦਿਆਂ ਕੋਲੋਂ ਪੈਸੇ ਮੰਗਕੇ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਵੀ ਕਰਦੇ। ਉਨਾਂ ਨੇ ਆਬਾਦੀ ਦੇ ਵਾਧੇ, ਅੰਨ-ਸੰਕਟ, ਜੰਗਲਾਂ ਦੀ ਅੰਦਾ-ਧੁੰਦ ਕਟਾਈ, ਵਾਤਾਵਰਨ ਦੇ ਦੂਸ਼ਿਤ ਹੋਣ, ਪੈਟ੍ਰੋਲ, ਡੀਜ਼ਲ, ਕੋਲੇ ਦੀ ਬੇ-ਤਹਾਸ਼ਾ ਖ਼ਪਤ, ਧਰਤੀ ਦੇ ਖੋਰੇ, ਡੈਮਾਂ ਦੇ ਭਰਨ, ਸਮਾਜਕ ਬੁਰਾਈਆਂ, ਬੇ-ਰੋਜ਼ਗਾਰੀ ਆਦਿ ਦੇ ਮਾੜੇ ਅਸਰਾਂ ਬਾਰੇ ਵੀ ਗਿਆਨ ਪ੍ਰਾਪਤ ਕੀਤਾ ਅਤੇ ਸੋਚਣਾ ਸ਼ੁਰੂ ਕੀਤਾ। ਇਸ ਦੇ ਫਲਸਰੂਪ ਹੀ ਉਨਾਂ ਨੇ ਪਿੰਗਲਵਾੜਾ ਵਿਚ ਛਾਪਾਖਾਨਾ ਲਾ ਕੇ ਇਨਾਂ ਵਿਸ਼ਿਆਂ ਤੇ ਚੋਣਵਾਂ ਸਾਹਿਤ ਛਾਪਿਆ ਅਤੇ ਲੋਕਾਂ ਵਿਚ ਮੁਖਤ ਵੰਡਿਆ।

ਸੰਸਥਾ ਬਨਾਉਣ ਦੀ ਕਲਪਨਾ :

ਭਗਤ ਜੀ ਆਪ ਲਿਖਦੇ ਹਨ, ਬੇ-ਆਸਰੇ ਰੋਗੀਆਂ ਦੀ ਦੁਰ-ਦਸ਼ਾ ਨੂੰ ਵੇਖਕੇ ਜਿੱਥੇ ਮੇਰੇ ਦਿਲ ਵਿਚ ਇਹ ਖਿਆਲ ਪੈਦਾ ਹੋਇਆ ਕਰਦਾ ਕਿ ਮੈਂ ਇਨਾਂ ਲਈ ਇਕ ਅਜਿਹੀ ਸੰਸਥਾ ਬਣਾਵਾਂ ਜਿਹੜੀ ਇਨਾਂ ਨੂੰ ਸੰਭਾਲੇ, ਸਰਕਾਰੀ ਹਸਪਤਾਲਾਂ ਤੋਂ ਇਲਾਜ ਕਰਾਏ, ਉਥੇ ਮੈਨੂੰ ਇਹ ਖਿਆਲ ਵੀ ਪੈਦਾ ਹੋਇਆ ਕਰਦਾ ਕਿ ਮੈਂ ਹੋਰਨਾਂ ਦੇਸ਼ਾਂ ਦੀਆਂ ਪੁਸਤਕਾਂ ਅਤੇ ਰਸਾਲੇ ਪੜਕੇ ਇਹ ਪਤਾ ਕਰਾਂ ਕਿ ਅਗਾਂਹ ਵਧੂ ਦੇਸ਼ਾਂ ਨੇ ਅਜਿਹੇ ਮਸਲੇ ਹੱਲ ਕਰਨ ਲਈ ਕੀ ਕੁਝ ਸੋਚਿਆ ਅਤੇ ਕੀ ਕੁਝ ਕੀਤਾ ਹੈ।

ਮਾਂ ਦੀ ਮੌਤ:

23 ਜੂਨ 1930 ਨੂੰ ਉਨਾਂ ਦੀ ਮਾਂ ਦੀ, ਢਾਈ ਸਾਲ ਬੀਮਾਰ ਰਹਿਣ ਉਪ੍ਰੰਤ, ਛਿਹਰਟਾ ਸਾਹਿਬ ਦੇ ਗੁਰਦੁਆਰੇ ਦੀ ਹੱਦ ਅੰਦਰ ਮੌਤ ਹੋ ਗਈ। ਉਹ ਬਹੁਤ ਕੱਲੇ-ਕੱਲੇ ਮਹਿਸੂਸ ਕਰਨ ਲੱਗੇ। ਨਾਲ ਹੀ ਮਾਂ ਨਾਲ ਕੀਤੇ ਵਾਅਦਿਆਂ ਅਨੁਸਾਰ ਪ੍ਰਾਣੀ-ਮਾਤਰ (ਦੁਖੀ ਤੇ ਬੇ-ਸਹਾਰਾ ਮਨੁੱਖਤਾ) ਦੀ ਸੇਵਾ ਕਰਨ ਬਾਰੇ ਗੰਭੀਰਤਾ ਨਾਲ ਸੋਚਣ, ਪੜਨ ਅਤੇ ਕੰਮ ਕਰਨ ਜੁੱਟ ਪਏ।

ਪਿੰਗਲਵਾੜਾ ਦੀ ਨੀਂਹ:

ਸੰਨ 1934 ਵਿਚ ਇਕ ਚਾਰ ਕੁ ਸਾਲ ਦਾ ਅਪੰਗ (ਲੂਲਾ) ਬੱਚਾ ਤੜਕੇ ਦੇ ਹਨੇਰੇ ਵਿਚ ਗੁ. ਡੇਹਰਾ ਸਾਹਿਬ ਦੇ ਸਾਹਮਣੇ ਚੋਰੀਓਂ ਹੀ ਕੋਈ ਛੱਡ ਗਿਆ ਸੀ। ਇਸ ਬੱਚੇ ਦੀ ਮਾਂ ਚਾਰ ਕੁ ਮਹੀਨੇ ਪਹਿਲਾਂ ਮਰ ਗਈ ਸੀ ਅਤੇ ਪਿਤਾ ਇਸ ਨੂੰ ਚਾਰ ਕੁ ਮਹੀਨੇ ਸੰਭਾਲਣ ਪਿੱਛੋਂ, ਜਿਸ ਜੱਟ ਦੇ ਘਰ ਉਹ ਸੀਰੀ ਸੀ ਉਸਦੇ ਘਰ ਬੱਚੇ ਨੂੰ ਛੱਡ ਕੇ ਆਪ ਅਲੋਪ ਹੋ ਗਿਆ ਸੀ। ਪਿਤਾ ਦੀ ਕੁਝ ਦਿਨ ਉਡੀਕ ਕਰਨ ਉਪ੍ਰੰਤ, ਦੋ ਜ਼ਿਮੀਂਦਾਰ ਬੱਚੇ ਨੂੰ ਅੰਮ੍ਰਿਤਸਰ ਅਤੇ ਲਾਹੌਰ ਦੇ ਯਤੀਮ-ਖਾਨਿਆਂ ਵਿਚ ਲਈ ਫਿਰਦੇ ਰਹੇ ਪਰ ਕਿਉਂਕਿ ਬੱਚਾ ਆਪਣੀ ਕਿਰਿਆ ਆਪ ਸੋਧਨ ਦੇ ਯੋਗ ਨਹੀਂ ਸੀ, ਸਾਰੇ ਪਾਸਿਓਂ ਨਾਂਹ ਹੋ ਗਈ। ਅੰਤ ਵਿਚ ਉਹ ਬੱਚੇ ਨੂੰ ਲੈ ਕੇ ਗੁ. ਡੇਹਰਾ ਸਾਹਿਬ ਵਿਚ ਆਏ। ਪ੍ਰੰਤੂ ਇਥੇ ਵੀ ਅਜਿਹਾ ਬੱਚਾ ਰੱਖਣ ਦਾ ਕੋਈ ਪ੍ਰਬੰਧ ਨਹੀਂ ਹੋ ਸਕਦਾ ਸੀ। ਉਹ ਜ਼ਿਮੀਂਦਾਰ ਰਾਤ ਗੁਰਦੁਆਰਾ ਸਾਹਿਬ ਵਿਚ ਠਹਿਰੇ ਅਤੇ ਤੜਕੇ ਹਨੇਰੇ ਵਿਚ ਬੱਚੇ ਨੂੰ ਛੱਡਕੇ ਆਪ ਚਲੇ ਗਏ। ਬੱਚੇ ਨੂੰ ਖਾਣ, ਪੀਣ ਨੂੰ ਤਾਂ ਸਾਂਭ ਦਿੰਦੇ ਪਰ ਸਾਂਭਣ ਨੂੰ ਕੋਈ ਅੱਗੇ ਨਾ ਆਇਆ। ਜਦੋਂ ਬੱਚਾ ਬਦ-ਹਜ਼ਮੀ ਨਾਲ ਬੀਮਾਰ ਹੋ ਗਿਆ ਅਤੇ ਆਪਣੇ ਹੀ ਮਲ-ਮੂਤਰ ਵਿਚ ਲਿੱਬੜ-ਤਿੱਬੜ ਗਿਆ ਤਾਂ ਗੁ. ਡੇਹਰਾ ਸਾਹਿਬ ਦੇ ਹੈਡ ਗ੍ਰੰਥੀ ਜਥੇਦਾਰ ਅੱਛਰ ਸਿੰਘ ਨੇ ਅਰਦਾਸ ਕਰਕੇ ਇਹ ਬੱਚਾ ਭਗਤ ਜੀ ਦੇ ਹਵਾਲੇ ਕਰ ਦਿੱਤਾ ਅਤੇ ਆਖਿਆ, 'ਪੂਰਨ ਸਿੰਘਾ! ਤੂੰ ਹੀ ਇਸਦੀ ਸੇਵਾ-ਸੰਭਾਲ ਕਰ।' ਅਤੇ ਇੰਜ ਉਸ ਦਿਨ ਹੀ ਜਾਣੋ ਪਿੰਗਲਵਾੜਾ ਦੀ ਨੀਂਹ ਰੱਖੀ ਗਈ। ਭਗਤ ਜੀ ਨੇ ਬੱਚੇ ਨੂੰ ਬੜੇ ਪਿਆਰ ਨਾਲ ਰੱਖਿਆ ਅਤੇ ਉਸਦਾ ਨਾਂ ਵੀ ਪਿਆਰਾ ਸਿੰਘ ਹੀ ਰੱਖਿਆ। 1934 ਤੋਂ 1947 ਤੱਕ ਭਗਤ ਜੀ ਨੇ ਆਪਣੀ ਪਿੱਠ ਅਤੇ ਮੋਢਿਆਂ ਨੂੰ ਹੀ ਉਸਦਾ ਟਿਕਾਣਾ ਬਣਾਈ ਰੱਖਿਆ। ਆਮ ਲੋਕਾਂ ਨੇ ਬੜੀ ਹੈਰਾਨੀ ਅਤੇ ਹਿਕਾਰਤ ਭਰੀਆਂ ਨਜ਼ਰਾਂ ਨਾਲ ਵੇਖਿਆ ਪਰ ਭਗਤ ਜੀ ਸੇਵਾ ਦੀ ਇਸ ਕਠਿਨ ਪ੍ਰੀਖਿਆ ਵਿਚੋਂ ਸਫਲ ਹੋ ਗਏ ਅਤੇ ਕਦੀ ਪਿੱਛਾ ਭਉਂ ਕੇ ਨਾ ਵੇਖਿਆ।

ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਿਫਿਊਜੀ ਕੈਂਪ ਵਿਚ (1808/1947 ਨੂੰ)

ਦੇਸ਼ ਦੀ ਵੰਡ ਸਮੇਂ ਉਹ 18 ਅਗਸਤ 1947 ਨੂੰ ਲਾਹੌਰ ਤੋਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਰਿਫਿਊਜੀ ਕੈਂਪ ਵਿਚ ਪਹੁੰਚੇ। ਉਨਾਂ ਨਾਲ ਇਕ ਮਰੀਜ਼ (ਇਕ ਮਰਨਾਊ ਬੁੱਢਾ), ਪਿੱਠ ਉੱਤੇ ਸਤਾਰਾਂ ਵਰਿਆਂ ਦਾ ਪਿਆਰਾ ਸਿੰਘ ਅਤੇ ਜੇਬ ਵਿਚ ਇਕ ਰੁਪਇਆ ਪੰਜ ਆਨੇ ਸਨ। ਉੱਤੇ-ਤੇੜ ਦੇ ਕਪੜਿਆਂ ਤੋਂ ਬਿਨਾਂ ਉਨਾਂ ਕੋਲ ਹੋਰ ਕੁਝ ਵੀ ਨਹੀਂ ਸੀ। ਕੈਂਪ ਵਿਚ ਰਿਫਿਊਜੀ ਆਉਂਦੇ ਅਤੇ ਅੱਗੇ ਤੁਰੀ ਜਾਂਦੇ। ਇਨਾਂ ਦੀ ਗਿਣਤੀ 23,000 ਤੋਂ 25,000 ਦੇ ਵਿਚ-ਵਿਚ ਰਹਿੰਦੀ। ਇਨਾਂ ਵਿਚ ਕਈ ਬੇ-ਆਸਰੇ ਰੋਗੀ, ਆਪਾਹਿਜ ਅਤੇ ਬੁੱਢੇ ਵੀ ਹੁੰਦੇ। ਭਗਤ ਜੀ ਨੇ ਇਨਾਂ ਨੂੰ ਸਾਂਭਣ ਦੀ ਜਿੰਮੇਂਵਾਰੀ ਆਪਣੇ ਸਿਰ ਆਪ ਹੀ ਲੈ ਲਈ ਸੀ। ਇਹ ਕੈਂਪ 31.12.1947 ਤੱਕ ਰਿਹਾ ਅਤੇ ਇਸ ਦੇ ਕਮਾਂਡੈਂਟ ਪ੍ਰਿੰਸੀਪਲ ਜੋਧ ਸਿੰਘ ਸਨ। ਖਾਲਸਾ ਕਾਲਜ ਤੋਂ ਨਿਕਲਕੇ, ਚੀਫ਼ ਖ਼ਾਲਸਾ ਦੀਵਾਨ ਦੇ ਅੱਗੇ, ਰੇਲਵੇ ਸਟੇਸ਼ਨ ਦੀ ਸੜਕ ਦੇ ਕੰਢੇ ਅਤੇ 01.10.1948 ਤੋਂ ਹਸਪਤਾਲ ਦੇ ਬੂਹੇ ਅੱਗੇ, ਰਾਮ ਬਾਗ ਦੇ ਦਰਵਾਜੇ ਦੇ ਲਾਗੇ ਬੋਹੜ ਦੇ ਹੇਠਾਂ ਭਗਤ ਜੀ ਨੇ, ਅਪਣੇ ਮਰੀਜ਼ਾਂ, ਅਪਾਹਿਜਾਂ ਸਮੇਤ, ਡੇਰਾ ਲਾ ਲਿਆ। ਇੰਜ, ਡੇਢ ਸਾਲ ਤੁਰਦੇ-ਫਿਰਦਿਆਂ ਮਰੀਜ਼ਾਂ ਦੀ ਸੇਵਾ ਸੰਭਾਲ ਕੀਤੀ, ਜਿਸ ਵਿਚ ਘਰਾਂ ਤੋਂ ਪ੍ਰਸ਼ਾਦੇ ਅਗਰਾਹੁਣਾ, ਰੋਗੀਆਂ ਨੂੰ ਸਾਂਭਣਾ, ਹਸਪਤਾਲ ਲਿਜਾਣਾ, ਟੱਟੀਆਂ ਚੁੱਕਣੀਆਂ, ਗੰਦੇ ਕੱਪੜੇ ਧੋਣੇ, ਬਹੁਕਰ ਦੇਣਾ, ਭਾਂਡੇ ਮਾਂਝਣੇ, ਆਦਿ ਸ਼ਾਮਿਲ ਸੀ। ਪੈਸਾ ਕੋਈ ਕੋਲ ਹੈ ਨਹੀਂ ਸੀ। ਇਹ ਸਾਰੇ ਕੰਮ ਭਗਤ ਜੀ ਇਕੱਲੇ ਹੀ ਕਰਦੇ ਰਹੇ। 22 ਮਰੀਜ਼ ਹੋ ਜਾਣ 'ਤੇ ਕੇਵਲ ਸਵੇਰੇ ਇਕ ਸਮੇਂ ਵਾਸਤੇ ਇਕ ਮਿਹਤਰ (ਸਫਾਈ ਸੇਵਕ) ਰੱਖਿਆ ਸੀ। ਇਕ ਪੁਰਾਣਾ ਰਿਕਸ਼ਾ ਲੈ ਕੇ, ਫ੍ਰੇਮ ਸਮੇਤ ਅਗਲਾ ਪਹੀਆ ਕੱਢ ਦਿੱਤਾ ਅਤੇ ਬਾਂਸ ਲਾ ਕੇ, ਰਿਕਸ਼ੇ ਨੂੰ ਧੱਕ ਮਰੀਜ਼ ਹਸਪਤਾਲ ਲੈ ਜਾਂਦੇ। ਭਗਤ ਜੀ ਦੇ ਪਿੰਗਲਵਾੜੇ ਦੀ ਇਹ ਪਹਿਲੀ ਐਂਬੂਲੈਂਸ ਸੀ। ਗੱਲ ਕੀ, ਸਖਤ ਘਾਲਣਾ ਘਾਲਕੇ ਉਹ ਲਾਵਾਰਸ ਬੁੱਢਿਆਂ ਦੀ ਡੰਗੋਰੀ, ਲਾਚਾਰ ਔਰਤਾਂ ਦੇ ਰਖਵਾਲੇ ਅਤੇ ਯਤੀਮ ਬੱਚਿਆਂ ਦੇ ਮਾਂ, ਪਿਓ ਬਣੇ। ਇੰਜ ਸੜਕਾਂ ਦੇ ਕੰਢਿਆਂ 'ਤੇ ਰੁਲਣ ਪਿੱਛੋਂ, ਉਨਾਂ ਨੇ ਸਿਵਲ ਸਰਜਨ ਦੇ ਦਫਤਰ ਲਾਗੇ ਇਕ ਨਿਕਾਸੀ ਕੋਠੀ ਮੱਲ ਲਈ ਜੋ ਬਾਦ ਵਿਚ ਖਾਲੀ ਕਰਨੀ ਪਈ। ਫਿਰ 1950 ਵਿਚ ਇੰਦਰ ਪੈਲੇਸ ਸਿਨੇਮਾ ਦੀ ਨਾ-ਮੁਕੰਮਲ ਇਮਾਰਤ ਵਿਚ ਅਤੇ ਰਾਮ ਤਲਾਈ ਵਾਲੀ ਸਰਾਂ ਵਿਚ ਡੇਰੇ ਲਾਏ।

ਪਿੰਗਲਵਾੜਾ ਬਣਨ ਵਿਚ ਯੋਗਦਾਨ:

ਪਿਆਰਾ ਸਿੰਘ ਤਾਂ ਪਿੰਗਲਵਾੜਾ ਬਣਨ ਦਾ ਕਾਰਨ ਹੈ ਹੀ ਸੀ ਅਤੇ ਹੋਰ ਵੀ ਬਹੁਤ ਸਾਰੇ ਸੁਹਿਰਦ ਅਤੇ ਦਾਨੀ ਸੱਜਣਾਂ ਨੇ ਭਗਤ ਜੀ ਨੂੰ ਬਹੁਤ ਸਹਾਇਤਾ ਦਿੱਤੀ ਅਤੇ ਉਤਸ਼ਾਹ ਵੀ ਦਿੱਤਾ। ਪਰ ਉਨਾਂ ਲਿਖਿਆਂ ਹੈ, ਜੇਕਰ ਨਰੈਣ ਸਿੰਘ ਅਤੇ ਕੁੰਢਾ ਸਿੰਘ ਮੇਰੇ ਨਾਲ ਸੜਕ ਦੇ ਡੇਰੇ ਦੇ ਦਿਨਾਂ ਵਿਚ ਨਾ ਰਹੇ ਹੁੰਦੇ ਤਾਂ ਸ਼ਾਇਦ ਪਿੰਗਲਵਾੜਾ ਹੋਂਦ ਵਿਚ ਨਾ ਆਉਂਦਾ। ਕੁੰਢਾ ਸਿੰਘ ਨੇ ਤਾਂ ਸੇਵਾ ਦੀ ਖਾਤਰ ਪ੍ਰਤਾਪ ਸਿੰਘ ਕੈਰੋਂ ਵੱਲੋਂ ਕੀਤੀ ਚੰਗੀ ਨੌਕਰੀ ਦਿਵਾਉਣ ਦੀ ਪੇਸ਼ਕਸ਼ ਵੀ ਠੁਕਰਾ ਦਿੱਤੀ ਸੀ, ਜਿਨਾਂ ਦਾ ਕੁੰਢਾ ਸਿੰਘ ਸੰਨ 1942 ਦੀ ਕੈਦ ਦਾ ਸਾਥੀ ਸੀ। ਇਸ ਕਾਰਨ ਇਨਾਂ ਦੋ ਸੱਜਣਾਂ ਦਾ ਯੋਗਦਾਨ ਵਰਨਯੋਗ ਹੈ।

ਮੁੱਖ ਦਫ਼ਤਰ ਵਾਲੀ ਥਾਂ 'ਤੇ ਪਿੰਗਲਵਾੜਾ ਦਾ ਬਣਨਾ:

ਬੇ-ਅੰਤ ਧੱਕੇ-ਧੋੜੇ ਖਾਣ ਅਤੇ ਥਾਂ-ਥਾਂ ਭਟਕਣ ਤੋਂ ਬਾਅਦ 27.11.1958 ਨੂੰ ਹੁਣ ਦੇ ਮੁੱਖ ਦਫ਼ਤਰ ਵਾਲੀ ਥਾਂ 16964/- ਰੁਪਏ ਵਿਚ ਭਗਤ ਜੀ ਨੇ ਡਿਸਟ੍ਰਿਕਟ ਰੈਂਟ ਐਂਡ ਮੈਨੇਜਿੰਗ ਅਫ਼ਸਰ ਪਾਸੋਂ ਖ੍ਰੀਦ ਲਈ। ਇਹ ਕੇਂਦਰੀ ਮੁੜ-ਵਸੇਗਾ ਮੰਤਰੀ ਮਿਹਰ ਚੰਦ ਖੰਨਾ ਦੀਆਂ ਹਦਾਇਤਾਂ ਦੇ ਫਲ-ਸਰੂਪ ਸੰਭਵ ਹੋ ਸਕਿਆ, ਜਿਨਾਂ ਨੂੰ ਮੁੱਖ ਮੰਤਰੀ, ਪੰਜਾਬ ਗੋਪੀ ਚੰਦ ਭਾਰਗਵ ਨੇ ਬੇਨਤੀ ਕੀਤੀ ਸੀ। ਮੁੱਖ ਮੰਤਰੀ ਭਗਤ ਜੀ ਦੇ ਲਾਹੌਰ ਦੇ ਦਿਨਾਂ ਦੇ ਪ੍ਰਸੰਸਕ ਸਨ ਅਤੇ ਚੰਗੀ ਤਰਾਂ ਜਾਣੂ ਵੀ। ਇਸ ਤਰਾਂ ਪਿੰਗਲਵਾੜਾ ਬਕਾਇਦਾ ਤੌਰ ਤੇ ਹੋਂਦ ਵਿਚ ਆ ਗਿਆ। ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.), ਅੰਮ੍ਰਿਤਸਰ ਦੇ ਰੂਪ ਵਿਚ ਰਜਿਸਟ੍ਰੇਸ਼ਨ ਮਿਤੀ 06.03.1957 ਨੂੰ ਰਜਿਸਟਰਾਰ ਆਫ ਕੰਪਨੀਜ਼, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਪਾਸੋਂ ਪਹਿਲਾਂ ਹੀ ਕਰਵਾਈ ਜਾ ਚੁੱਕੀ ਸੀ।

ਭਗਤ ਜੀ ਦੀ ਸ਼ਖਸ਼ੀਆਤ ਬਾਰੇ :

ਮਾਂ ਵੱਲੋਂ ਬਚਪਨ ਵਿਚ ਜੋ ਦਇਆ, ਧਰਮ, ਸਤ, ਸੰਤੋਖ ਦੇ ਸੰਸਕਾਰ ਭਗਤ ਜੀ ਨੂੰ ਵਿਰਸੇ ਵਿਚ ਮਿਲੇ ਸਨ, ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਕੀਤੀ ਸੇਵਾ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਗੁਰਬਾਣੀ ਕੀਰਤਨ ਅਤੇ ਗੁਰਦੁਆਰਾ ਸਾਹਿਬ ਦੇ ਸਵੱਛ ਮਾਹੌਲ ਨੇ ਉਨਾਂ ਨੂੰ ਸਿਦਕੀ ਸਿੱਖ ਬਣਾ ਦਿੱਤਾ ਸੀ। ਲਾਇਬ੍ਰੇਰੀਆਂ ਵਿਚੋਂ ਗ੍ਰਹਿਣ ਕੀਤੇ ਗਿਆਨ ਅਤੇ ਨਿਸ਼ਕਾਮ ਸਮਾਜਕ ਸੇਵਾ ਅਤੇ ਲਾਚਾਰ ਤੇ ਲਾਵਾਰਸ ਰੋਗੀਆਂ ਦੀ ਸੰਭਾਲ ਨੇ ਉਨਾਂ ਨੂੰ ਪੂਰਨ ਮਨੁੱਖ ਬਣਾ ਦਿੱਤਾ ਸੀ। ਤਾਂਹੀਓਂ ਹੀ ਤਾਂ ਉਹ (ਭਗਤ ਪੂਰਨ ਸਿੰਘ) ਭਗਤ ਵੀ ਸਨ, ਪੂਰਨ ਵੀ, (ਸਰੀਰਕ, ਮਾਨਸਿਕ ਅਤੇ ਇਖਲਾਕੀ ਤੌਰ 'ਤੇ) ਅਤੇ ਸਿੰਘ (ਸ਼ੇਰ) ਅਰਥਾਤ ਨਿਡਰ ਵੀ ਸਨ। ਦੀਨ-ਦੁਖੀਆਂ ਦੀ ਸੇਵਾ ਦੇ ਨਾਲ-ਨਾਲ ਉਹ ਆਪਣੇ ਸਾਥੀ ਸੇਵਾਦਾਰਾਂ ਦਾ ਵੀ ਹਰ ਦੁੱਖ-ਸੁੱਖ ਵਿਚ ਸਾਥ ਦਿੰਦੇ। ਉਹ ਹਰ ਜੀਵ ਵਿਚ ਰੱਬ ਦੀ ਹੋਂਦ ਮਹਿਸੂਸ ਕਰਦੇ ਅਤੇ ਬਿਨਾਂ ਕਿਸੇ ਜਾਤ-ਪਾਤ, ਧਰਮ, ਰੰਗ, ਨਸਲ ਦੇ ਵਿਤਕਰੇ ਦੇ ਹਰ ਲਾਵਾਰਸ, ਲਾਚਾਰ, ਬੀਮਾਰ, ਪਾਗਲ ਅਤੇ ਅਪਾਹਿਜ ਦੀ ਸੇਵਾ ਕਰਦੇ ਸਨ। ਇਹ ਰੱਬ ਦੀ ਮਿਹਰ ਦਾ ਕ੍ਰਿਸ਼ਮਾ ਹੀ ਹੈ ਕਿ ਉਨਾਂ ਬਹੁਤ ਗੰਭੀਰ ਅਤੇ ਭਿਆਨਕ ਰੋਗਾਂ ਤੋਂ ਗ੍ਰਸੇ ਰੋਗੀਆਂ ਦੀ ਹੱਥੀਂ ਸੇਵਾ ਕੀਤੀ ਪਰ ਉਨਾਂ ਨੂੰ ਕੋਈ ਬੀਮਾਰੀ ਨਾ ਲੱਗੀ। ਲੋਕ ਭਲਾਈ ਦਾ ਕੋਈ ਵੀ ਕੰਮ ਉਨਾਂ ਨੂੰ ਤੁਛ ਜਾਂ ਘਟੀਆ ਨਾ ਜਾਪਦਾ, ਜਿਵੇਂ ਸੜਕਾਂ ਤੇ ਪਏ ਕਿੱਲ, ਖੁਰੀਆਂ, ਕੇਲੇ ਦੇ ਛਿੱਲੜ, ਰੋੜੇ, ਕੱਚ, ਗੋਹਾ, ਟੱਟੀ, ਆਦਿ ਚੁੱਕਣੇ। ਉਹ ਸਿਰਫ ਸਾਈਕਲ, ਰਿਕਸ਼ਾ ਜਾ ਰੇਲ ਗੱਡੀ ਦੇ ਤੀਜੇ ਦਰਜੇ ਵਿਚ ਸਫਰ ਕਰਦੇ ਸਨ।

ਉਨਾਂ ਦਾ ਵਿਸ਼ਵਾਸ ਸੀ ਕਿ ਉਨਾਂ ਨੂੰ ਜੋ ਕੁਝ ਵੀ ਪ੍ਰਾਪਤ ਹੋਇਆ ਹੈ ਉਹ ਗੁਰਦੁਆਰਿਆਂ ਵਿਚੋਂ ਹੀ ਹੋਇਆ ਹੈ, ਭਾਵੇਂ ਉਹ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਸੀ ਜਾਂ ਦਰਬਾਰ ਸਾਹਿਬ ਅੰਮ੍ਰਿਤਸਰ। ਉਹ ਆਪਣੇ-ਆਪ ਨੂੰ ਗੁਰੂ ਘਰ ਦਾ ਝਾੜੂ ਬਰਦਾਰ ਜਾ ਪਹਿਰੇਦਾਰ ਆਖ ਕੇ ਖ਼ੁਸ਼ੀ ਅਤੇ ਫ਼ਖ਼ਰ ਮਹਿਸੂਸ ਕਰਦੇ। ਉਹ ਗੁਰੂ ਦੀ ਮਿਹਰ ਨਾਲੋਂ ਕਿਸੇ ਐਵਾਰਡ ਜਾ ਉਪਾਧੀ ਨੂੰ ਵੱਡਾ ਨਹੀਂ ਮੰਨਦੇ ਸਨ। ਐਕਸ਼ਨ 'ਬਲਿਊ ਸਟਾਰ' ਤੋਂ ਪਿੱਛੋਂ ਉਹ ਪਦਮ ਸ੍ਰੀ ਦੀ ਉਪਾਧੀ ਵਾਪਸ ਮੋੜਕੇ ਬਹੁਤ ਸੰਤੁਸ਼ਟ ਮਹਿਸੂਸ ਕਰਦੇ ਸਨ।

ਹੱਥੀਂ ਨਿਸ਼ਕਾਮ ਸੇਵਾ ਕਰਨਾ ਅਤੇ ਗਿਆਨ ਪ੍ਰਾਪਤ ਕਰਨਾ ਉਨਾਂ ਦਾ ਮਿਸ਼ਨ ਵੀ ਸੀ ਤੇ ਇਸ਼ਕ ਵੀ। ਉਨਾਂ ਦੀ ਬੇਜੋੜ ਸ਼ਖਸ਼ੀਅਤ ਦੇ ਕੁਛ ਅੰਸ਼ ਇਸ ਪ੍ਰਕਾਰ ਹਨ:-

ਤਿਆਗੀ ਇੰਨੇ ਸਨ ਕਿ ਹੱਥੀਂ ਬਣਾਈ ਪਿੰਗਲਵਾੜਾ ਦੀ ਵਿਸ਼ਾਲ ਅਤੇ ਸ਼ਾਨਦਾਰ ਇਮਾਰਤ ਵਿਚ ਉਨਾਂ ਦਾ ਕਮਰਾ ਤਾਂ ਕੀ ਕੋਈ ਅਲਮਾਰੀ ਵੀ ਨਹੀਂ ਸੀ। ਲੰਮਾ ਸਮਾਂ ਤੰਗੀ-ਤੁਰਸ਼ੀ ਕੱਟਣ ਪਿੱਛੋਂ, ਪਿੰਗਲਵਾੜਾ ਨੂੰ ਦਾਨ ਵਜੋਂ ਲੱਖਾਂ ਰੁਪਏ ਆਉਣ ਲਗ ਪਏ ਜੋ ਸਾਰੇ ਦੇ ਸਾਰੇ ਅਪਾਹਜਾਂ, ਬੀਮਾਰਾਂ ਅਤੇ ਲਾਚਾਰਾਂ ਉਤੇ ਖ਼ਰਚ ਕਰ ਦਿੰਦੇ ਅਤੇ ਆਪਣੇ ਕੋਲ ਕੁਝ ਵੀ ਜਮਾ ਨਾ ਕਰਦੇ।

ਇਖ਼ਲਾਕ ਏਨਾ ਉੱਚਾ ਕਿ ਸਮਾਜ ਦੀਆਂ ਸਤਾਈਆਂ ਹੋਈਆਂ ਲਾਚਾਰ ਤੇ ਪਾਗਲ ਔਰਤਾਂ, ਜਿਨਾਂ ਵਿਚ ਸੋਹਣੀਆਂ, ਜਵਾਨ ਲੜਕੀਆਂ ਵੀ ਹੁੰਦੀਆਂ, ਦੇ ਸਿਰਾਂ ਤੇ ਪਿਤਾ ਵਾਲਾ ਹੱਥ ਤਾਂ ਰੱਖਿਆ, ਉਨਾਂ ਦੇ ਮਾਨਸਿਕ ਜਾਂ ਹੋਰ ਭਿਆਨਕ ਰੋਗਾਂ ਦਾ ਇਲਾਜ ਤਾਂ ਕਰਾਇਆ, ਪਰ ਉਨਾਂ ਵੱਲ ਮੈਲੀ ਅੱਖ ਨਾਲ ਕਦੀ ਨਾ ਵੇਖਿਆ। ਜੋ ਰਾਜੀ ਹੋ ਕੇ ਆਪਣਾ ਥਾਂ, ਪਤਾ ਦੱਸ ਸਕੀ ਉਸ ਨੂੰ ਉਸਦੇ ਘਰ ਪਹੁੰਚਾਇਆ। ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਜੁ ਉਨਾਂ ਦੇ ਰੋਮ-ਰੋਮ ਵਿਚ ਵੱਸੀ ਹੋਈ ਸੀ।

ਸੇਵਾ ਭਾਵ ਇਨਾਂ ਦ੍ਰਿੜ ਕਿ ਰੋਗੀਆਂ ਦੇ ਜ਼ਖ਼ਮਾਂ 'ਚੋਂ ਕੀੜਿਆਂ ਤਕ ਵੀ ਆਪ ਕੱਢੇ ਅਤੇ ਕਈਆਂ ਦੇ ਦਸਤਾਂ, ਮੋਸ਼ਨਾਂ ਤੇ ਉਲਟੀਆਂ ਵਾਲੇ ਕਪੜੇ ਹੱਥੀ ਧੋਤੇ, ਪਰ ਘਿਰਨਾ ਨਹੀਂ ਕੀਤੀ ਅਤੇ ਨ ਹੀ ਅੱਕੇ, ਥੱਕੇ। ਸਗੋਂ ਪਿਆਰਾ ਸਿੰਘ ਨੂੰ ਤਾਂ ਆਪਣਾ ਰੱਬ ਵੀ ਆਖ ਦਿੰਦੇ ਕਿ ਜੇ ਇਹ ਮੇਰੇ ਕੋਲ ਨ ਆਉਂਦਾ ਤਾਂ ਪਿੰਗਲਵਾੜਾ ਵੀ ਹੋਂਦ ਵਿਚ ਨਾ ਆਉਂਦਾ।

ਵਚਨ ਦੇ ਏਨੇ ਪੱਕੇ ਕਿ ਜੇ ਮਾਂ ਨੇ ਆਖਿਆ ਕਿ ਪਿਤਾ ਦੀ ਜਾਇਦਾਦ ਵਿਚੋਂ ਹਿੱਸਾ ਨਾ ਲਵੀਂ ਤਾਂ ਉਸ ਪਾਸੇ ਵੱਲ ਕਦੀ ਤੱਕਿਆ ਵੀ ਨਾ। ਜੇ ਮਾਂ ਨਾਲ ਵਾਅਦਾ ਕੀਤਾ ਕਿ 'ਸਾਰੀ ਉਮਰ ਕਵਾਰਾ ਰਹਿਕੇ ਰੱਬ ਦੇ ਹੀ ਕੰਮ ਕਰਾਂਗਾ' ਤਾਂ ਇਸ ਗੱਲ ਤੇ ਆਖਰੀ ਦਮ ਤੱਕ ਪਹਿਰਾ ਦਿੱਤਾ।

ਹਿਰਦੇ ਦੇ ਇੰਨੇ ਕੋਮਲ ਕਿ ਜਦੋਂ ਪਤਾ ਲੱਗਾ ਕਿ ਵਧੀਆ ਚਮੜਾ ਜੀਉਂਦੇ ਪਸ਼ੂਆਂ ਨੂੰ ਕੁੱਟ-ਕੁੱਟ ਕੇ ਮਾਰਨ ਅਤੇ ਉਨਾਂ ਦੀ ਖੱਲ ਲਾਹੁਣ ਨਾਲ ਬਨਦਾ ਹੈ ਤਾਂ ਚਮੜੇ ਦੀ ਬਣੀ ਜੁੱਤੀ ਪਾਉਣੀ ਹੀ ਛੱਡ ਦਿੱਤੀ।

ਬੇ-ਰੋਜ਼ਗਾਰੀ ਦੀ ਇੰਨੀ ਚਿੰਤਾ ਕਿ ਜਦੋਂ ਪਤਾ ਲੱਗਾ ਕਿ ਹੱਥ-ਖੱਡੀ ਦੀ ਥਾਂ ਮਸ਼ੀਨਾਂ ਲੱਗਣ ਨਾਲ ਬੇ-ਰੁਜ਼ਗਾਰੀ ਵੱਧਦੀ ਹੈ ਤਾਂ ਸਾਰੀ ਉਮਰ ਹੱਥ-ਖੱਡੀ ਦਾ ਬੁਣਿਆ ਖੱਦਰ ਹੀ ਪਾਇਆ ਅਤੇ ਆਪਣੇ ਸਾਥੀ ਸੇਵਾਦਾਰਾਂ ਨੂੰ ਵੀ ਹਰ ਮਹੀਨੇ ਤਨਖਾਹ ਦੇ ਨਾਲ ਖਦਰ ਵੀ ਦਿੰਦੇ ਰਹੇ।

ਖੁਰਾਕ ਇੰਨੀ ਸਾਦਾ ਕਿ ਜੋ ਲੰਗਰ ਵਿਚ ਪੱਕਦਾ ਉਹੋ ਹੀ ਖਾਂਦੇ। ਤੰਗੀ-ਤੁਰਸ਼ੀ ਦੇ ਦਿਨਾਂ ਵਿੱਚ ਜੋ ਰੁੱਖੀ-ਮਿੱਸੀ ਮਿਲਦੀ, ਖਾ ਕੇ ਠੰਢਾ ਪਾਣੀ ਪੀ ਲੈਂਦੇ।

ਸਮਾਜਕ ਬੁਰਾਈਆਂ, ਦੇਸ਼ ਨੂੰ ਦਰਪੇਸ਼ ਮਸਲਿਆ, (ਵਧਦੀ ਅਬਾਦੀ, ਵਾਤਾਵਰਨ ਦੇ ਗੰਧਲਾਪਨ, ਕੁਦਰਤੀ ਸੋਮਿਆਂ ਦੀ ਖਪਤ, ਜੰਗਲਾਂ ਦੀ ਅੰਧਾ-ਧੁੰਦ ਕਟਾਈ, ਧਰਤੀ ਦੇ ਖੋਰੇ, ਆਦਿ) ਦੀ ਇੰਨੀ ਚਿੰਤਾ ਕਿ ਇਨਾਂ ਬਾਰੇ ਜਿਥੋਂ ਵੀ ਚੰਗੇ ਲੇਖ ਜਾਂ ਜਾਣਕਾਰੀ ਮਿਲੀ, ਆਪਣੀ ਪ੍ਰੈਸ ਵਿਚ ਛਾਪਕੇ ਮੁਫ਼ਤ ਵੰਡੀ ਤਾਂ ਜੋ ਲੋਕ ਇਨਾਂ ਬਾਰੇ ਸੁਚੇਤ ਹੋਣ, ਸੋਚਣ ਅਤੇ ਸਹਾਈ ਹੋਣ। ਮੁੱਕਦੀ ਗੱਲ, ਧਰਤੀ, ਹਵਾ ਤੇ ਪਾਣੀ ਦੀ ਸਵੱਛਤਾ, ਦੇਸ਼ ਤੇ ਸਮਾਜ ਦੇ ਮਸਲਿਆਂ ਦੇ ਹੱਲ ਅਤੇ ਦੁਖੀ ਮਨੁੱਖਤਾ ਦੀ ਨਿਸ਼ਕਾਮ ਸੇਵਾ ਹੀ ਸਾਰੀ ਉਮਰ ਉਨਾਂ ਦੀ ਚਿੰਤਾ ਬਣੇ ਰਹੇ ਅਤੇ ਇਸ ਪਾਸੇ ਉਨਾਂ ਇੰਨਾ ਕੰਮ ਕੀਤਾ ਕਿ ਇਕ ਮਿਸਾਲ ਕਾਇਮ ਕਰ ਦਿਤੀ।

ਅੰਤਮ ਸਮਾਂ :

ਉਹ 20 ਜੂਨ 1992 ਨੂੰ ਬੀਮਾਰ ਪੈ ਗਏ ਅਤੇ ਉਨਾਂ ਨੂੰ ਵਰਿਆਮ ਸਿੰਘ ਨਰਸਿੰਗ ਹੋਮ ਵਿਚ ਦਾਖਲ ਕਰਵਾ ਦਿੱਤਾ ਗਿਆ, ਜਿੱਥੇ 23 ਜੂਨ ਨੂੰ ਉਨਾਂ ਦਾ ਉਪ੍ਰੇਸ਼ਨ ਹੋਇਆ। ਪਿੱਛੋਂ ਇਕ ਦਿਨ ਹਾਲਤ ਅਚਾਨਕ ਵਿਗੜ ਜਾਣ ਕਰਕੇ ਉਨਾਂ ਨੂੰ ਹਵਾਈ ਜਹਾਜ ਰਾਹੀਂ ਪੀ.ਜੀ. ਆਈ. ਚੰਡੀਗੜ ਲਿਜਾਇਆ ਗਿਆ, ਜਿੱਥੇ ਉਨਾਂ ਦਾ ਇਕ ਹੋਰ ਉਪ੍ਰੇਸ਼ਨ ਹੋਇਆ। ਪਰ, ਨਾਲ ਹੀ ਦਿਲ ਅਤੇ ਫੇਫੜੇ ਦੀ ਤਕਲੀਫ ਹੋ ਗਈ ਅਤੇ ਅੰਤ 5 ਅਗਸਤ 1992 ਨੂੰ ਉਹ ਸਦੀਵੀ ਵਿਛੋੜਾ ਦੇ ਗਏ। ਇਹੋ ਜਿਹੇ ਮਹਾਂਪੁਰਸ਼ ਯੁਗਾਂ ਪਿੱਛੋਂ ਹੀ ਸੰਸਾਰ ਵਿਚ ਆਉਂਦੇ ਹਨ ਅਤੇ ਕੁਦਰਤ ਦੇ ਨਿਯਮ ਅਨੁਸਾਰ ਇਨਾਂ ਨੂੰ ਵੀ ਇਸ ਫਾਨੀ ਸੰਸਾਰ ਤੋਂ ਜਾਣਾ ਪੈਂਦਾ ਹੈ।

ਸਦੀਵੀ ਯਾਦ :

ਭਗਤ ਜੀ ਭਾਵੇਂ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਰਹੇ ਪਰ ਉਹ ਆਪਣੇ ਪਿੱਛੇ, ਪਿੰਗਲਵਾੜਾ ਦੇ ਰੂਪ ਵਿਚ, ਆਪਣੀ ਸਦੀਵੀ ਯਾਦ ਛੱਡ ਗਏ ਹਨ, ਜੋ ਬੇ-ਘਰਿਆਂ ਲਈ ਘਰ, ਬੇ-ਆਸਰਿਆਂ ਲਈ ਆਸਰਾ, ਲਾਵਾਰਸ ਰੋਗੀਆਂ ਲਈ ਹਸਪਤਾਲ ਅਤੇ ਬੱਚਿਆਂ ਲਈ ਭੰਗੂੜਾ ਹੈ। ਇੰਜ, ਇਸ ਬਹੁ-ਮੁੱਖੀ ਸੰਸਥਾ ਨੇ ਭਗਤ ਜੀ ਨੂੰ ਅਮਰ ਕਰ ਦਿੱਤਾ ਹੈ।

ਇਸਦਾ ਕੰਮ ਚਲਦਾ ਰੱਖਣ ਲਈ, ਉਹ ਆਪਣੀ ਵਸੀਅਤ ਰਾਹੀਂ, ਆਪਣਾ ਉਤਰਅਧਿਕਾਰੀ ਡਾਕਟਰ ਬੀਬੀ ਇੰਦਰਜੀਤ ਕੌਰ ਨੂੰ ਥਾਪ ਗਏ ਹਨ, ਜਿਨਾਂ ਨੇ ਉਨਾਂ ਦੀ ਵੀ ਅੰਤਲੇ ਸਾਹਾਂ ਤਕ ਇੱਕ ਧੀ ਵਾਲੇ ਪਿਆਰ ਤੇ ਲਗਨ ਨਾਲ ਸੇਵਾ ਕੀਤੀ ਅਤੇ ਹੁਣ ਸੰਸਥਾ ਦੇ ਦੁਖੀਆਂ ਅਤੇ ਰੋਗੀਆਂ ਦੀ ਸੇਵਾ ਵੀ ਪੂਰੀ ਤਨ-ਦੇਹੀ ਨਾਲ ਕਰ ਰਹੇ ਹਨ। ਉਹ (ਬੀਬੀ ਜੀ) ਤੇ ਉਨਾਂ ਦੇ ਸਹਿਯੋਗੀਆਂ, ਸੇਵਾਦਾਰਾਂ ਦੀ ਟੀਮ ਪਿੰਗਲਵਾੜਾ ਸੰਸਥਾ ਦੇ ਲਗਭਗ 1560 ਰੋਗੀਆਂ (ਜਿਵੇਂ ਮਿਤੀ 30.06.2021 ਨੂੰ) ਦੀ ਸੇਵਾ-ਸੰਭਲ ਨੂੰ ਹੀ ਆਪਣਾ ਧਰਮ ਸਮਝਦੀ ਹੈ ਅਤੇ ਭਗਤ ਜੀ ਪ੍ਰਤੀ ਸੱਚੀ ਸ਼ਰਧਾਂਜਲੀ ਵੀ। ਇਹੋ ਕਾਰਨ ਹੈ ਕਿ, ਵਾਹਿਗੁਰੂ ਦੀ ਕ੍ਰਿਪਾ ਸਦਕਾ, ਸੰਸਥਾ ਦਾ ਕੰਮ ਦਿਨੋਂ-ਦਿਨ ਉੱਨਤੀ ਦੇ ਮਾਰਗ ਤੇ ਅੱਗੇ-ਹੀ-ਅੱਗੇ ਵੱਧਦਾ ਜਾ ਰਿਹਾ ਹੈ।

## ਸਿੰਘਾਂ ਦੇ ਪੰਜ ਗੋਲਾਂ ...

ਅਵਤਾਰ ਸਿੰਘ ਦਾ ਮੰਨਣਾ ਹੈ ਕਿ ਭਾਰਤੀ ਹਾਕੀ ਇਸ ਪ੍ਰਕਿਰਿਆ ਦਾ ਇਨਾਮ ਪਾ ਰਹੀ ਹੈ। ਉਨਾਂ ਕਿਹਾ ਕਿ ਅਸੀਂ ਇਹ ਰਾਤੋ-ਰਾਤ ਨਹੀਂ ਕੀਤਾ ਹੈ, ਬਲਕਿ ਇਸ ਪਿੱਛੇ 16 ਸਾਲਾਂ ਦੀ ਮਿਹਨਤ ਹੈ।ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਤੋਂ ਇਲਾਵਾ ਸਿਮਰਨਜੀਤ ਸਿੰਘ, ਹਾਰਦਿਕ ਸਿੰਘ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਵਰੁਣ ਕੁਮਾਰ, ਹਰਮਨਪ੍ਰੀਤ ਸਿੰਘ, ਮਨਦੀਪ ਸਿੰਘ ਤੇ ਵਾਧੂ ਗੋਲਕੀਪਰ ਵਜੋਂ ਗਏ ਕ੍ਰਿਸ਼ਨ ਪਾਠਕ ਓਲੰਪੀਅਨ ਸੁਰਜੀਤ ਅਕੈਡਮੀ 'ਚੋਂ ਟ੍ਰੇਨਿੰਗ ਲੈ ਚੁੱਕੇ ਹਨ। ਇਹ ਵੀ ਦੱਸਣਯੋਗ ਹੈ ਕਿ ਭਾਰਤੀ ਹਾਕੀ ਟੀਮ ਦੇ ਕਪਤਾਨ ਸਮੇਤ 3 ਖਿਡਾਰੀ ਜਲੰਧਰ ਦੇ ਸੰਸਾਰਪੁਰ ਪਿੰਡ ਤੋਂ ਹੀ ਹਨ। ਇਸ ਪਿੰਡ ਨੇ ਦੁਨੀਆ ਨੂੰ ਹਾਕੀ ਦੇ ਕੁਝ ਮਹਾਨ ਖਿਡਾਰੀ ਦਿੱਤੇ ਹਨ।

**ਓਲੰਪਿਕ 'ਚ ਭਾਰਤੀ ਟੀਮ ਦਾ ਸਫ਼ਰ**

**1928 ਐਮਸਟਰਡਮ :**
ਬ੍ਰਿਟਿਸ਼ ਹਕੂਮਤ ਦੌਰਾਨ ਭਾਰਤੀ ਟੀਮ ਨੇ ਫਾਈਨਲ ਵਿਚ ਨੀਦਰਲੈਂਡ ਨੂੰ 3-2 ਨਾਲ ਹਰਾ ਕੇ ਪਹਿਲੀ ਵਾਰ ਹਾਕੀ ਦਾ ਗੋਲਡ ਮੈਡਲ ਜਿੱਤਿਆ। ਭਾਰਤੀ ਹਾਕੀ ਨੂੰ ਧਿਆਨ ਚੰਦ ਦੇ ਰੂਪ ਵਿਚ ਨਵਾਂ ਸਟਾਰ ਮਿਲਿਆ ਜਿਨਾਂ ਨੇ 14 ਗੋਲ ਕੀਤੇ।

**1932 ਲਾਸ ਏਂਜਲਸ :**
ਟੂਰਨਾਮੈਂਟ ਵਿਚ ਸਿਰਫ਼ ਤਿੰਨ ਟੀਮਾਂ ਭਾਰਤ, ਅਮਰੀਕਾ ਤੇ ਜਾਪਾਨ। ਭਾਰਤੀ ਟੀਮ 42 ਦਿਨ ਦਾ ਸਮੁੰਦਰੀ ਸਫ਼ਰ ਤੈਅ ਕਰ ਕੇ ਪੁੱਜੀ ਤੇ ਦੋਵਾਂ ਟੀਮਾਂ ਨੂੰ ਹਰਾ ਕੇ ਖ਼ਿਤਾਬ ਜਿੱਤਿਆ।

**1936 ਬਰਲਿਨ :**
ਧਿਆਨ ਚੰਦ ਦੀ ਕਪਤਾਨੀ ਵਾਲੀ ਭਾਰਤੀ ਟੀਮ ਨੇ ਮੇਜ਼ਬਾਨ ਜਰਮਨੀ ਨੂੰ 8-1 ਨਾਲ ਹਰਾ ਕੇ ਲਗਾਤਾਰ ਤੀਜੀ ਵਾਰ ਖ਼ਿਤਾਬ ਜਿੱਤਿਆ।

**1948 ਲੰਡਨ :**
ਆਜ਼ਾਦ ਭਾਰਤ ਦਾ ਪਹਿਲਾ ਓਲੰਪਿਕ ਖ਼ਿਤਾਬ ਜਿਸ ਨੇ ਦੁਨੀਆ ਦੇ ਖੇਡ ਨਕਸ਼ੇ 'ਤੇ ਭਾਰਤ ਨੂੰ ਪਛਾਣ ਦਿਵਾਈ। ਬ੍ਰਿਟੇਨ ਨੂੰ 4-0 ਨਾਲ ਹਰਾ ਕੇ ਭਾਰਤੀ ਟੀਮ ਲਗਾਤਾਰ ਚੌਥੀ ਵਾਰ ਓਲੰਪਿਕ ਚੈਂਪੀਅਨ ਬਣੀ ਤੇ ਬਲਬੀਰ ਸਿੰਘ ਸੀਨੀਅਰ ਦੇ ਰੂਪ ਵਿਚ ਹਾਕੀ ਦਾ ਇਕ ਨਵਾਂ ਹੀਰੋ ਮਿਲਿਆ।

**1952 ਹੇਲਸਿੰਕੀ :**
ਮੇਜ਼ਬਾਨ ਨੀਦਰਲੈਂਡ ਨੂੰ ਹਰਾ ਕੇ ਭਾਰਤ ਮੁੜ ਚੈਂਪੀਅਨ। ਭਾਰਤ ਦੇ 13 ਵਿਚੋਂ ਨੌਂ ਗੋਲ ਬਲਬੀਰ ਸਿੰਘ ਸੀਨੀਅਰ ਦੇ ਨਾਂ ਜਿਨਾਂ ਨੇ ਫਾਈਨਲ ਵਿਚ ਸਭ ਤੋਂ ਵੱਧ ਗੋਲ ਕਰਨ ਦਾ ਰਿਕਾਰਡ ਵੀ ਬਣਾਇਆ।

**1956 ਮੈਲਬੌਰਨ :**
ਪਾਕਿਸਤਾਨ ਨੂੰ ਫਾਈਨਲ ਵਿਚ ਇਕ ਗੋਲ ਨਾਲ ਹਰਾ ਕੇ ਭਾਰਤ ਨੇ ਲਗਾਤਾਰ ਛੇਵੀਂ ਵਾਰ ਓਲੰਪਿਕ ਵਿਚ ਗੋਲਡ ਮੈਡਲ ਜਿੱਤ ਕੇ ਆਪਣਾ ਦਬਦਬਾ ਕਾਇਮ ਰੱਖਿਆ।

1960 ਰੋਮ :
ਫਾਈਨਲ ਵਿਚ ਇਕ ਵਾਰ ਮੁੜ ਧੁਰ ਵਿਰੋਧੀ ਭਾਰਤ ਤੇ ਪਾਕਿਸਤਾਨ ਆਹਮੋ-ਸਾਹਮਣੇ। ਇਸ ਵਾਰ ਪਾਕਿਸਤਾਨ ਨੇ ਇਕ ਗੋਲ ਨਾਲ ਮੈਚ ਜਿੱਤ ਕੇ ਭਾਰਤ ਦੀ ਮੁਹਿੰਮ ਰੋਕੀ।

**1964 ਟੋਕੀਓ :**
ਪੈਨਲਟੀ ਕਾਰਨਰ 'ਤੇ ਮਹਿੰਦਰ ਲਾਲ ਦੇ ਗੋਲ ਦੀ ਮਦਦ ਨਾਲ ਭਾਰਤ ਨੇ ਪਾਕਿਸਤਾਨ ਨੂੰ ਹਰਾ ਕੇ ਇਕ ਵਾਰ ਮੁੜ ਓਲੰਪਿਕ ਗੋਲਡ ਜਿੱਤਿਆ।

**1968 ਮੈਕਸੀਕੋ :**
ਓਲੰਪਿਕ ਦੇ ਆਪਣੇ ਇਤਿਹਾਸ ਵਿਚ ਭਾਰਤ ਪਹਿਲੀ ਵਾਰ ਫਾਈਨਲ ਵਿਚ ਥਾਂ ਨਹੀਂ ਬਣਾ ਸਕਿਆ। ਸੈਮੀਫਾਈਨਲ ਵਿਚ ਆਸਟ੍ਰੇਲੀਆ ਤੋਂ ਮਿਲੀ ਹਾਰ।

**1972 ਮਿਊਨਿਖ :**
ਭਾਰਤ ਸੈਮੀਫਾਈਨਲ ਵਿਚ ਪਾਕਿਸਤਾਨ ਹੱਥੋਂ ਹਾਰਿਆ ਪਰ ਪਲੇਆਫ ਵਿਚ ਨੀਦਰਲੈਂਡ ਨੂੰ 2-1 ਨਾਲ ਹਰਾ ਕੇ ਕਾਂਸੇ ਦਾ ਮੈਡਲ ਜਿੱਤਿਆ।

**1976 ਮਾਂਟ੍ਰੀਅਲ :**
ਫੀਲਡ ਹਾਕੀ ਵਿਚ ਪਹਿਲੀ ਵਾਰ ਐਸਟ੍ਰੋਟਰਫ ਦਾ ਇਸਤੇਮਾਲ। ਭਾਰਤ ਗਰੁੱਪ ਗੇੜ ਵਿਚ ਦੂਜੇ ਸਥਾਨ 'ਤੇ ਰਿਹਾ ਤੇ 58 ਸਾਲਾਂ ਵਿਚ ਪਹਿਲੀ ਵਾਰ ਮੈਡਲ ਦੀ ਦੌੜ 'ਚੋਂ ਬਾਹਰ। ਸੱਤਵੇਂ ਸਥਾਨ 'ਤੇ।

**1980 ਮਾਸਕੋ :**
ਨੌਂ ਟੀਮਾਂ ਦੇ ਬਾਈਕਾਟ ਤੋਂ ਬਾਅਦ ਓਲੰਪਿਕ ਵਿਚ ਸਿਰਫ਼ ਛੇ ਹਾਕੀ ਟੀਮਾਂ। ਭਾਰਤ ਨੇ ਸਪੇਨ ਨੂੰ 4-3 ਨਾਲ ਹਰਾ ਕੇ ਗੋਲਡ ਮੈਡਲ ਜਿੱਤਿਆ ਤੇ ਉਸ ਦਾ ਅੱਠਵਾਂ ਤੇ ਹੁਣ ਤਕ ਦਾ ਆਖ਼ਰੀ ਗੋਲਡ ਮੈਡਲ ਸੀ।

**1984 ਲਾਸ ਏਂਜਲਸ :**
12 ਟੀਮਾਂ ਵਿਚ ਭਾਰਤ ਪੰਜਵੇਂ ਸਥਾਨ 'ਤੇ ਰਿਹਾ।

**1988 ਸਿਓਲ :**
ਪਰਗਟ ਸਿੰਘ ਦੀ ਅਗਵਾਈ ਵਾਲੀ ਭਾਰਤੀ ਟੀਮ ਦਾ ਔਸਤ ਪ੍ਰਦਰਸ਼ਨ। ਪਾਕਿਸਤਾਨ ਤੋਂ ਕੁਆਲੀਫਿਕੇਸ਼ਨ ਮੈਚ ਹਾਰ ਕੇ ਛੇਵੇਂ ਸਥਾਨ 'ਤੇ।

**1992 ਬਾਰਸੀਲੋਨਾ :**
ਭਾਰਤ ਨੂੰ ਸਿਰਫ਼ ਦੋ ਮੈਚਾਂ ਵਿਚ ਅਰਜਨਟੀਨਾ ਤੇ ਮਿਸਰ ਖ਼ਿਲਾਫ਼ ਮਿਲੀ ਜਿੱਤ। ਨਿਰਾਸ਼ਾਜਨਕ ਸੱਤਵੇਂ ਸਥਾਨ 'ਤੇ।

**1996 :**
ਭਾਰਤ ਦੇ ਪ੍ਰਦਰਸ਼ਨ ਦਾ ਗਰਾਫ ਲਗਾਤਾਰ ਡਿੱਗਦਾ ਹੋਇਆ। ਇਸ ਵਾਰ ਅੱਠਵੇਂ ਸਥਾਨ 'ਤੇ।

**2000 ਸਿਡਨੀ :**
ਇਕ ਵਾਰ ਮੁੜ ਕੁਆਲੀਫਿਕੇਸ਼ਨ ਮੈਚ ਤਕ ਖਿਸਕਿਆ ਭਾਰਤ ਸੱਤਵੇਂ ਸਥਾਨ 'ਤੇ।

**2004 ਏਥਨਜ਼ :**
ਧਨਰਾਜ ਪਿੱਲੇ ਦਾ ਚੌਥਾ ਓਲੰਪਿਕ। ਭਾਰਤ ਗਰੁੱਪ ਗੇੜ ਵਿਚ ਚੌਥੇ ਤੇ ਕੁੱਲ ਸੱਤਵੇਂ ਸਥਾਨ 'ਤੇ।

**2008 ਬੀਜਿੰਗ :**
ਭਾਰਤੀ ਹਾਕੀ ਦੇ ਇਤਿਹਾਸ ਦਾ ਸਭ ਤੋਂ ਕਾਲਾ ਪੰਨਾ। ਚਿਲੀ ਦੇ ਸੈਂਟੀਆਗੋ ਵਿਚ ਕੁਆਲੀਫਾਇਰ ਵਿਚ ਬ੍ਰਿਟੇਨ ਹੱਥੋਂ ਹਾਰ ਕੇ ਭਾਰਤੀ ਟੀਮ 88 ਸਾਲਾਂ ਵਿਚ ਪਹਿਲੀ ਵਾਰ ਓਲੰਪਿਕ ਲਈ ਕੁਆਲੀਫਾਈ ਨਹੀਂ ਕਰ ਸਕੀ।

**2012 ਲੰਡਨ :**
ਭਾਰਤੀ ਹਾਕੀ ਟੀਮ ਇਕ ਵੀ ਮੈਚ ਨਹੀਂ ਜਿੱਤ ਸਕੀ। ਓਲੰਪਿਕ ਵਿਚ ਪਹਿਲੀ ਵਾਰ 12ਵੇਂ ਤੇ ਆਖ਼ਰੀ ਸਥਾਨ 'ਤੇ।

**2016 ਰੀਓ :**
ਭਾਰਤੀ ਟੀਮ ਕੁਆਰਟਰ ਫਾਈਨਲ ਵਿਚ ਪੁੱਜੀ ਪਰ ਬੈਲਜੀਅਮ ਹੱਥੋਂ ਹਾਰੀ। ਅੱਠਵੇਂ ਸਥਾਨ 'ਤੇ ਰਹੀ।

**2020 ਟੋਕੀਓ :**
ਤਿੰਨ ਵਾਰ ਦੀ ਚੈਂਪੀਅਨ ਜਰਮਨੀ ਨੂੰ 5-4 ਨਾਲ ਹਰਾ ਕੇ ਭਾਰਤ ਨੇ 41 ਸਾਲ ਬਾਅਦ ਓਲੰਪਿਕ ਵਿਚ ਮੈਡਲ ਜਿੱਤਿਆ। ਮਨਪ੍ਰੀਤ ਸਿੰਘ ਦੀ ਕਪਤਾਨੀ ਵਿਚ ਭਾਰਤੀ ਟੀਮ ਨੇ ਰਚਿਆ ਇਤਿਹਾਸ।

**ਇਨਾਮਾਂ ਦੀ ਬਰਸਾਤ**

-2.5 ਕਰੋੜ ਰੁਪਏ ਹਰਿਆਣਾ ਸਰਕਾਰ ਸੂਬੇ ਦੇ ਹਰੇਕ ਹਾਕੀ ਖਿਡਾਰੀ ਨੂੰ ਦੇਵੇਗੀ। ਇਸ ਤੋਂ ਇਲਾਵਾ ਉਨਾਂ ਨੂੰ ਖੇਡ ਵਿਭਾਗ ਵਿਚ ਨੌਕਰੀ ਤੇ ਰਿਆਅਤੀ ਦਰ 'ਤੇ ਪਲਾਟ ਦਿੱਤੇ ਜਾਣਗੇ।

-01 ਕਰੋੜ ਰੁਪਏ ਦੀ ਇਨਾਮੀ ਰਕਮ ਮੱਧ ਪ੍ਰਦੇਸ਼ ਸਰਕਾਰ ਵਿਵੇਕ ਸਾਗਰ ਤੇ ਨੀਲਾਕਾਂਤਾ ਨੂੰ ਦੇਵੇਗੀ।

-01 ਕਰੋੜ ਰੁਪਏ ਪੰਜਾਬ ਸਰਕਾਰ ਆਪਣੇ ਸੂਬੇ ਦੇ ਖਿਡਾਰੀਆਂ ਨੂੰ ਦੇਵੇਗੀ। ਕਪਤਾਨ ਮਨਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ, ਰੁਪਿੰਦਰ ਪਾਲ ਸਿੰਘ, ਹਾਰਦਿਕ ਸਿੰਘ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਗੁਰਜੰਟ ਸਿੰਘ ਤੇ ਮਨਦੀਪ ਸਿੰਘ ਪੰਜਾਬ ਤੋਂ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਓਲੰਪਿਕਸ ਵਿੱਚ ਕਾਂਸੀ ਦਾ ਤਗਮਾ ਜੇਤੂ ਭਾਰਤੀ ਹਾਕੀ ਟੀਮ ਨੂੰ ਇਕ ਕਰੋੜ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਐੱਸਜੀਪੀਸੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਹ ਵੀ ਐਲਾਨ ਕੀਤਾ ਕਿ ਓਲੰਪਿਕਸ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਪੰਜ-ਪੰਜ ਲੱਖ ਰੁਪਏ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਜਾਣਗੇ।

**ਸਾਬਕਾ ਖਿਡਾਰੀਆਂ ਵਿਚ ਖੁਸ਼ੀ ਦੀ ਲਹਿਰ**

ਵਿਸ਼ਵ ਕੱਪ 1975 ਜਿੱਤਣ ਵਾਲੀ ਭਾਰਤੀ ਟੀਮ ਦੇ ਕਪਤਾਨ ਅਜੀਤਪਾਲ ਸਿੰਘ ਨੇ ਕਿਹਾ, 'ਮੈਂ ਭਾਰਤੀ ਹਾਕੀ ਲਈ ਖੁਸ਼ ਹਾਂ ਕਿਉਂਕਿ ਇਕ ਸਮਾਂ ਸੀ ਜਦੋਂ ਲੋਕ ਕਹਿਣ ਲੱਗੇ ਸੀ ਕਿ ਭਾਰਤੀ ਹਾਕੀ ਆਈਸੀਯੂ ਵਿੱਚ ਹੈ। ਹੁਣ ਅਸੀਂ ਇਕ ਨਵਾਂ ਸਵੇਰਾ ਵੇਖਿਆ ਹੈ।' ਸਾਬਕਾ ਕਪਤਾਨ ਨੇ ਕਿਹਾ, 'ਇਹ ਹਾਕੀ ਪ੍ਰੇਮੀਆਂ ਲਈ ਸੁਨਹਿਰਾ ਪਲ ਹੈ। ਹਾਕੀ ਨੇ ਫਿਰ ਖ਼ੁਸ਼ੀਆਂ ਦਿੱਤੀਆਂ ਹਨ। ਅਸੀਂ ਉਥੇ ਪੁੱਜ ਗਏ ਜਿੱਥੇ ਕਦੇ ਹੁੰਦੇ ਸੀ।' ਉਮੀਦ ਹੈ ਕਿ ਇਹ ਅੱਗੋਂ ਵੀ ਜਾਰੀ ਰਹੇਗਾ।'

ਮਾਸਕੋ ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਮੈਂਬਰ ਇਕਬਾਲ ਨੇਕ ਨੇ ਕਿਹਾ, 'ਅੱਜ ਮੈਚ ਦੌਰਾਨ ਜਦੋਂ ਜਰਮਨੀ ਜਵਾਬੀ ਹਮਲੇ ਕਰ ਰਿਹਾ ਸੀ, ਤਾਂ ਮੇਰਾ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ। ਪਰ ਇਤਿਹਾਸ ਬਣ ਗਿਆ ਹੈ, ਅਸੀਂ ਮਿੱਥਾਂ ਤੋੜ ਦਿੱਤੀਆਂ ਹਨ। ਇਹ ਨਵੀਂ ਸਵੇਰ ਤੇ ਨਵੀਂ ਸ਼ੁਰੂਆਤ ਹੈ।' ਭਾਰਤ ਦੇ ਸਾਬਕਾ ਕੋਚ ਹਰਿੰਦਰ ਸਿੰਘ ਵੀ ਆਪਣੇ ਹੰਝੂਆਂ 'ਤੇ ਕਾਬੂ ਨਹੀਂ ਰੱਖ ਸਕੇ। ਇਸ ਟੀਮ ਨੂੰ ਬਣਾਉਣ ਵਿੱਚ ਉਨਾਂ ਦੀ ਵੱਡੀ ਭੂਮਿਕਾ ਹੈ ਕਿਉਂਕਿ 2016 ਜੂਨੀਅਰ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦੇ ਕਈ ਮੈਂਬਰ ਇਸ ਟੀਮ ਦਾ ਹਿੱਸਾ ਸੀ। ਉਨਾਂ ਕਿਹਾ, 'ਮੈਂ ਕੋਚ ਗ੍ਰਾਹਮ ਰੀਡ ਨੂੰ ਸਲਾਮ ਕਰਦਾ ਹਾਂ। ਮੈਂ ਹਮੇਸ਼ਾ ਤੋਂ ਕਹਿੰਦਾ ਆਇਆ ਹਾਂ ਕਿ ਨੌਜਵਾਨਾਂ 'ਤੇ ਭਰੋਸਾ ਰੱਖੋ। ਉਹ ਤੁਹਾਨੂੰ ਤਗ਼ਮਾ ਦਿਵਾਉਣਗੇ ਤੇ ਅੱਜ ਅਸੀਂ ਨਤੀਜਾ ਵੇਖਿਆ ਹੈ।'

**ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵੱਲੋਂ ਵਧਾਈਆਂ**

ਰਾਸ਼ਟਰਪਤੀ ਰਾਮਨਾਥ ਕੋਵਿੰਦ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਪੂਰੇ ਦੇਸ਼ ਨੇ 41 ਸਾਲਾਂ ਬਾਅਦ ਟੋਕੀਓ ਓਲੰਪਿਕ ਵਿੱਚ ਕਾਂਸੀ ਦੀ ਤਗ਼ਮਾ ਜਿੱਤਣ ਵਾਲੀ ਪੁਰਸ਼ ਹਾਕੀ ਟੀਮ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਹੈ। ' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ, 'ਇਤਿਹਾਸਕ, ਇਹ ਦਿਨ ਹਰ ਭਾਰਤੀ ਦੀਆਂ ਯਾਦਾਂ ਵਿਚ ਰਹੇਗਾ। ਸਾਡੀ ਪੁਰਸ਼ ਹਾਕੀ ਟੀਮ ਨੂੰ ਵਧਾਈ। ਭਾਰਤ ਨੂੰ ਆਪਣੀ ਹਾਕੀ ਟੀਮ 'ਤੇ ਮਾਣ ਹੈ।' ਮੋਦੀ ਨੇ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ, ਮੁੱਖ ਕੋਚ ਗ੍ਰਾਹਮ ਰੀਡ ਤੇ ਸਹਾਇਕ ਕੋਚ ਪੀਯੂਸ਼ ਦੂਬੇ ਨੂੰ ਫੋਨ ਕਰਕੇ ਵੀ ਵਧਾਈ ਦਿੱਤੀ ਹੈ।

**ਕੈਪਟਨ ਵੱਲੋਂ ਹਾਕੀ ਟੀਮ ਨੂੰ ਵਧਾਈ**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟੋਕੀਓ ਓਲੰਪਿਕ ਵਿੱਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੀ ਭਾਰਤੀ ਪੁਰਸ਼ ਹਾਕੀ ਟੀਮ ਨੂੰ ਵਧਾਈ ਦਿੱਤੀ ਹੈ। ਉਨਾਂ ਟਵੀਟ ਕੀਤਾ ਕਿ ਇਹ ਸਮੁੱਚੇ ਮੁਲਕ ਲਈ ਗੌਰਵਮਈ ਅਤੇ ਇਤਿਹਾਸਕ ਪਲ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਲਈ ਵੀ ਮਾਣਮੱਤੇ ਪਲ ਹਨ ਕਿਉਂਕਿ ਭਾਰਤੀ ਟੀਮ ਵਿਚ ਕਪਤਾਨ ਮਨਪ੍ਰੀਤ ਸਿੰਘ, ਸਮੇਤ 11 ਖਿਡਾਰੀ ਪੰਜਾਬ ਦੇ ਹਨ।

**ਜਿਨਾਂ 41 ਸਾਲਾਂ ਬਾਅਦ ਭਾਰਤ ਦੀ ਝੋਲੀ ਪਾਇਆ ਤਮਗਾ**

ਟੋਕੀਓ ਓਲੰਪਿਕ 2020 'ਚ ਭਾਰਤੀ ਪੁਰਸ਼ ਹਾਕੀ ਟੀਮ ਦੀ ਸ਼ਾਨਦਾਰ ਜਿੱਤ ਦਾ ਸਿਹਰਾ ਟੀਮ ਦੇ 16 ਖਿਡਾਰੀਆਂ ਸਿਰ ਜਾਂਦਾ ਹੈ, ਜਿਨਾਂ ਨੇ ਓਲੰਪਿਕ 'ਚ ਆਪਣਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਆਓ ਜਾਣਦੇ ਹਾਂ ਇਨਾਂ ੧੬ ਜਾਂਬਾਜ਼ਾਂ ਬਾਰੇ, ਜਿਨਾਂ ਭਾਰਤ ਦੀ ਝੋਲੀ 41 ਸਾਲ ਬਾਅਦ ਹਾਕੀ ਦਾ ਤਮਗਾ ਪਾਇਆ- **ਹਰਮਨਪ੍ਰੀਤ ਸਿੰਘ** :- ਟੀਮ ਇੰਡੀਆ ਦੇ ਸ਼ਾਨਦਾਰ ਡਿਫੈਂਡਰ ਅਤੇ ਪੈਨਲਟੀ ਕਾਰਨਰ ਮਾਹਿਰ ਹਨ ਹਰਮਨਪ੍ਰੀਤ ਸਿੰਘ। ਉਨਾਂ ਨੇ ਟੋਕੀਓ ਤੋਂ ਪਹਿਲਾਂ ਰੀਓ ਓਲੰਪਿਕਸ 'ਚ ਵੀ ਹਿੱਸਾ ਲਿਆ ਸੀ। 25 ਸਾਲਾ ਖਿਡਾਰੀ ਟੀਮ ਲਈ ਬਹੁਤ ਮਹੱਤਵਪੂਰਨ ਸਾਬਤ ਹੋਇਆ। ਦੁਨੀਆ ਨੇ ਹਰਮਨਪ੍ਰੀਤ ਸਿੰਘ ਦੀ ਸ਼ਾਨਦਾਰ ਖੇਡ ਦੇਖੀ, ਜਿਨਾਂ ਨੇ ਪੈਨਲਟੀ ਸ਼ਾਟ ਨੂੰ ਗੋਲ 'ਚ ਬਦਲ ਦਿੱਤਾ।

**ਪੀ. ਆਰ. ਸ਼੍ਰੀਜੇਸ਼** :- ਭਾਰਤੀ ਟੀਮ ਦੇ ਗੋਲਕੀਪਰ ਸ਼੍ਰੀਜੇਸ਼ ਕੇਰਲਾ ਦੇ ਰਹਿਣ ਵਾਲੇ ਹਨ। ਉਨਾਂ ਨੇ ਸੀਨੀਅਰ ਟੀਮ 'ਚ ਸ਼ੁਰੂਆਤ ਸਾਲ 2004 'ਚ ਕੀਤੀ ਸੀ। ਉਨਾਂ ਨੇ ਦੇਸ਼ ਲਈ ਤਿੰਨ ਓਲੰਪਿਕ, ਤਿੰਨ ਵਿਸ਼ਵ ਕੱਪ, ਤਿੰਨ ਏਸ਼ੀਅਨ ਖੇਡਾਂ ਅਤੇ ਦੋ ਰਾਸ਼ਟਰਮੰਡਲ ਖੇਡਾਂ ਖੇਡੀਆਂ ਹਨ। ਉਨਾਂ ਨੇ ਟੋਕੀਓ ਓਲੰਪਿਕਸ 'ਚ ਟੀਮ ਇੰਡੀਆ ਦੀ ਜਿੱਤ 'ਚ ਅਹਿਮ ਭੂਮਿਕਾ ਨਿਭਾਈ। ਉਨਾਂ ਵਿਰੋਧੀ ਟੀਮਾਂ ਦੇ ਹਮਲਿਆਂ ਨੂੰ ਸ਼ਾਨਦਾਰ ਢੰਗ ਨਾਲ ਨਕਾਰਾ ਕੀਤਾ।

**ਰੁਪਿੰਦਰਪਾਲ ਸਿੰਘ** :- ਇਨਾਂ ਦੇ ਪਰਿਵਾਰ ਦੇ ਬਹੁਤ ਸਾਰੇ ਲੋਕ ਹਾਕੀ ਨਾਲ ਜੁੜੇ ਹੋਏ ਹਨ। ਉਹ ਟੀਮ ਲਈ ਦੀਵਾਰ ਵਾਂਗ ਹਨ। ਉਹ ਟੋਕੀਓ ਓਲੰਪਿਕ ਟੀਮ ਦੇ ਸਭ ਤੋਂ ਤਜਰਬੇਕਾਰ ਖਿਡਾਰੀਆਂ 'ਚੋਂ ਇੱਕ ਹਨ। ਸਾਲ 2010 'ਚ ਉਨਾਂ ਨੇ ਸੀਨੀਅਰ ਟੀਮ 'ਚ ਆਪਣੀ ਸ਼ੁਰੂਆਤ ਕੀਤੀ। ਇੱਕ ਸਮਾਂ ਸੀ ਜਦੋਂ ਰੁਪਿੰਦਰ ਪੈਸੇ ਬਚਾਉਣ ਲਈ ਸਿਰਫ ਇੱਕ ਵਾਰ ਖਾਣਾ ਖਾਂਦੇ ਸਨ। ਰੁਪਿੰਦਰ ਲਈ ਉਨਾਂ ਦੇ ਵੱਡੇ ਭਰਾ ਨੇ ਹਾਕੀ ਖੇਡਣੀ ਬੰਦ ਕਰ ਦਿੱਤੀ ਸੀ।

ਸੁਮਿਤ :- ਇਨਾਂ ਦੇ ਪਿਤਾ ਪ੍ਰਤਾਪ ਸਿੰਘ ਇੱਕ ਮਜ਼ਦੂਰ ਹਨ ਅਤੇ ਮਾਂ ਕ੍ਰਿਸ਼ਨਾ ਇੱਕ ਘਰੇਲੂ ਔਰਤ ਸਨ। ਉਨਾਂ ਦੀ ਮਾਂ ਦਾ ਦਿਹਾਂਤ ਹੋ ਗਿਆ ਹੈ। ਸੁਮਿਤ ਦਾ ਵੱਡਾ ਭਰਾ ਮੁਰਥਲ ਯੂਨੀਵਰਸਿਟੀ 'ਚ ਡੀ. ਸੀ. ਰੇਟ 'ਤੇ ਕੰਮ ਕਰ ਰਿਹਾ ਹੈ, ਜਦਕਿ ਦੂਜਾ ਭਰਾ ਸੁਮਿਤ ਨੂੰ ਜੁੱਤੀਆਂ ਦਾ ਲਾਲਚ ਦੇ ਕੇ ਹਾਕੀ ਅਕੈਡਮੀ ਲੈ ਗਿਆ ਅਤੇ ਇਥੋਂ ਸਟਾਰ ਖਿਡਾਰੀ ਦਾ ਹਾਕੀ ਖੇਡਣ ਦਾ ਸੁਫ਼ਨਾ ਸ਼ੁਰੂ ਹੋਇਆ। ਸੁਮਿਤ ਨੇ ਟੀਮ ਇੰਡੀਆ 'ਚ ਸਾਲ 2017 'ਚ ਅਜ਼ਲਾਨ ਸ਼ਾਹ ਕੱਪ ਨਾਲ ਆਪਣੀ ਸ਼ੁਰੂਆਤ ਕੀਤੀ ਸੀ। ਉਹ ਟੀਮ ਦੇ ਮਿਡਫੀਲਡ ਦਾ ਅਹਿਮ ਹਿੱਸਾ ਹਨ।

**ਵਿਵੇਕ ਸਾਗਰ** :- ਇਨਾਂ ਨੇ ਹਾਕੀ ਖੇਡਣ ਦੇ ਆਪਣੇ ਸੁਫ਼ਨੇ ਲਈ ਬਹੁਤ ਦੁੱਖ ਝੱਲਿਆ ਹੈ। ਹੋਸ਼ੰਗਾਬਾਦ ਦੇ ਰਹਿਣ ਵਾਲੇ ਵਿਵੇਕ ਨੇ ਜੂਨੀਅਰ ਟੀਮ 'ਚ ਡੈਬਿਊ ਕਰਨ ਤੋਂ ਬਾਅਦ ਬਹੁਤ ਨਾਂ ਕਮਾਇਆ। ਇਸ ਤੋਂ ਬਾਅਦ ਸਾਲ 2215 'ਚ ਅਭਿਆਸ ਦੌਰਾਨ ਉਨਾਂ ਦੀ ਧੌਣ ਦੀ ਹੱਡੀ ਟੁੱਟ ਗਈ ਸੀ। ਇਲਾਜ ਦੌਰਾਨ ਪਤਾ ਲੱਗਾ ਕਿ ਉਨਾਂ ਦੀਆਂ ਅੰਤੜੀਆਂ 'ਚ ਇੱਕ ਛੇਕ ਵੀ ਸੀ। 22 ਦਿਨ ਬਾਅਦ ਉਨਾਂ ਨੇ ਜ਼ਿੰਦਗੀ ਦੀ ਲੜਾਈ ਜਿੱਤ ਲਈ। ਇਸ ਤੋਂ ਬਾਅਦ ਉਹ ਜੂਨੀਅਰ ਵਿਸ਼ਵ ਕੱਪ ਲਈ ਟੀਮ 'ਚ ਚੁਣੇ ਗਏ।

**ਮਨਦੀਪ ਸਿੰਘ** :- ਭਾਰਤੀ ਟੀਮ ਦੇ ਨੌਜਵਾਨ ਖਿਡਾਰੀਆਂ 'ਚੋਂ ਇੱਕ ਹਨ ਮਨਦੀਪ ਸਿੰਘ। ਉਹ ਟੀਮ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਹਾਲਾਂਕਿ ਇੱਕ ਸਮੇਂ ਉਹ ਕ੍ਰਿਕਟਰ ਬਣਨਾ ਚਾਹੁੰਦੇ ਸਨ। ਉਨਾਂ ਦੀ ਹਾਲਤ ਵਿਗੜਨ ਤੋਂ ਬਾਅਦ ਉਨਾਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਹਾਲਾਂਕਿ ਮਨਦੀਪ ਨੇ ਸ਼ਾਨਦਾਰ ਵਾਪਸੀ ਕੀਤੀ ਅਤੇ ਟੀਮ ਨੂੰ ਤਮਗਾ ਦਿਵਾਉਣ 'ਚ ਅਹਿਮ ਭੂਮਿਕਾ ਨਿਭਾਈ।

**ਮਨਪ੍ਰੀਤ ਸਿੰਘ** :- 'ਐੱਫ. ਆਈ. ਐੱਚ. ਪਲੇਅਰ ਆਫ਼ ਦਿ ਮੈਚ' ਚੁਣੇ ਜਾਣ ਵਾਲੇ ਪਹਿਲੇ ਭਾਰਤੀ ਖਿਡਾਰੀ ਹਨ ਮਨਪ੍ਰੀਤ ਸਿੰਘ। ਉਨਾਂ ਨੇ ਦੇਸ਼ ਲਈ 200 ਤੋਂ ਵੱਧ ਮੈਚ ਖੇਡੇ ਹਨ। ਮਨਪ੍ਰੀਤ ਦੇ ਭਰਾਵਾਂ ਨੂੰ ਪੈਸੇ ਦੀ ਘਾਟ ਕਾਰਨ ਖੇਡ ਛੱਡਣੀ ਪਈ ਪਰ ਮਨਪ੍ਰੀਤ ਦੀ ਖੇਡ ਜਾਰੀ ਰਹੀ। ਕਪਤਾਨੀ ਦੇ ਨਾਲ ਉਨਾਂ ਨੇ ਮਿਡਫੀਲਡ 'ਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਨਾ ਜਾਰੀ ਰੱਖਿਆ।

**ਨੀਲਕਾਂਤ** :- ਇਨਾਂ ਨੇ ਬਚਪਨ 'ਚ ਹੀ ਫ਼ੈਸਲਾ ਕਰ ਲਿਆ ਸੀ ਕਿ ਉਹ ਹਾਕੀ ਖੇਡਣਗੇ ਪਰ ਇਹ ਇੰਨਾ ਸੌਖਾ ਨਹੀਂ ਸੀ। 16 ਸਾਲ ਦੀ ਉਮਰ 'ਚ ਉਨਾਂ ਹਾਕੀ ਲਈ ਘਰ ਛੱਡ ਦਿੱਤਾ ਪਰ ਉਸੇ ਸਮੇਂ ਉਨਾਂ ਨੇ ਫੈਸਲਾ ਕੀਤਾ ਸੀ ਕਿ ਉਹ ਖਾਲੀ ਹੱਥ ਵਾਪਸ ਨਹੀਂ ਪਰਤਣਗੇ, ਚਾਹੇ ਕੁਝ ਵੀ ਹੋਵੇ। ਉਨਾਂ ਨੇ ਸਾਲ 2018 'ਚ ਸੀਨੀਅਰ ਟੀਮ 'ਚ ਡੈਬਿਊ ਕੀਤਾ ਅਤੇ ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ।

**ਲਲਿਤ ਉਪਾਧਿਆਏ** :- ਇਹ ਭਾਰਤੀ ਟੀਮ ਦੇ ਤਜਰਬੇਕਾਰ ਡਿਫੈਂਡਰ ਹਨ। ਹਾਲਾਂਕਿ ਉਨਾਂ ਨੂੰ ਆਪਣੇ ਕਰੀਅਰ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਲਲਿਤ ਉਪਾਧਿਆਏ 'ਤੇ ਝੂਠੇ ਸਟਿੰਗ ਆਪ੍ਰੇਸ਼ਨ 'ਚ ਫੜੇ ਜਾਣ ਤੋਂ ਬਾਅਦ ਪਾਬੰਦੀ ਲਾਈ ਗਈ ਸੀ। ਕਿਸੇ ਸਮੇਂ ਉਨਾਂ ਨੇ ਇਸ ਖੇਡ ਨੂੰ ਸਦਾ ਲਈ ਛੱਡਣ ਦਾ ਮਨ ਬਣਾ ਲਿਆ ਸੀ। ਧਨਰਾਜ ਪਿੱਲੈ ਦੇ ਸਮਝਾਉਣ 'ਤੇ ਉਨਾਂ ਨੇ ਖੇਡਣਾ ਜਾਰੀ ਰੱਖਿਆ। ਉਨਾਂ ਨੇ 2014 'ਚ ਸੀਨੀਅਰ ਟੀਮ 'ਚ ਆਪਣੀ ਸ਼ੁਰੂਆਤ ਕੀਤੀ ਸੀ।

**ਦਿਲਪ੍ਰੀਤ ਸਿੰਘ** :- ਆਪਣੇ ਹਾਕੀ ਕਰੀਅਰ ਦੀ ਸ਼ੁਰੂਆਤ ਦਿਲਪ੍ਰੀਤ ਨੇ ਅੰਡਰ-21 ਟੀਮ ਨਾਲ ਕੀਤੀ ਸੀ। ਇਸ ਤੋਂ ਬਾਅਦ ਸਾਲ 2018 'ਚ ਉਨਾਂ ਨੂੰ ਸੀਨੀਅਰ ਟੀਮ 'ਚ ਜਗਾ ਮਿਲੀ। ਜਦੋਂ ਉਨਾਂ ਨੂੰ 18 ਸਾਲ ਦੀ ਉਮਰ 'ਚ ਟੀਮ ਇੰਡੀਆ ਵਿੱਚ ਜਗਾ ਮਿਲੀ, ਤਾਂ ਉਨਾਂ ਨੂੰ ਬਹੁਤ ਮਾਣ ਹੋਇਆ। ਰਾਸ਼ਟਰਮੰਡਲ ਖੇਡਾਂ 'ਚ ਮਾਮੂਲੀ ਪ੍ਰਦਰਸ਼ਨ ਤੋਂ ਬਾਅਦ ਉਨਾਂ ਨੂੰ ਬਾਹਰ ਦਾ ਰਸਤਾ ਦਿਖਾਇਆ ਗਿਆ।

ਸੁਰਿੰਦਰ ਕੁਮਾਰ :- ਹਰਿਆਣਾ ਦੇ ਸੁਰਿੰਦਰ ਕੁਮਾਰ ਭਾਰਤੀ ਟੀਮ ਦੇ ਸਟਾਰ ਡਿਫੈਂਡਰ ਹਨ। ਉਨਾਂ ਨੇ ਸਾਲ 2013 'ਚ ਟੀਮ 'ਚ ਆਪਣੀ ਸ਼ੁਰੂਆਤ ਕੀਤੀ। ਉਨਾਂ ਨੇ ਓਲੰਪਿਕ ਅਤੇ ਏਸ਼ੀਅਨ ਖੇਡਾਂ 'ਚ ਵੀ ਦੇਸ਼ ਦੀ ਨੁਮਾਇੰਦਗੀ ਕੀਤੀ ਹੈ। ਹਾਲਾਂਕਿ ਸੁਰਿੰਦਰ ਕਦੇ ਵੀ ਰਾਸ਼ਟਰਮੰਡਲ ਖੇਡਾਂ ਵਿੱਚ ਹਿੱਸਾ ਨਹੀਂ ਲੈ ਸਕਿਆ।

**ਸ਼ਮਸ਼ੇਰ ਸਿੰਘ** :- ਉਹ ਭਾਰਤੀ ਟੀਮ ਦੇ ਫਾਰਵਰਡ ਖਿਡਾਰੀ ਹਨ। 1997 'ਚ ਜਨਮੇ ਇਸ 23 ਸਾਲਾ ਖਿਡਾਰੀ ਨੇ ਸਾਲ 2019 'ਚ ਭਾਰਤੀ ਟੀਮ 'ਚ ਡੈਬਿਊ ਕੀਤਾ ਸੀ। 11 ਸਾਲ ਦੀ ਉਮਰ 'ਚ ਉਹ ਜਲੰਧਰ ਆ ਗਏ, ਜਿੱਥੇ ਉਨਾਂ ਨੂੰ ਸੁਰਜੀਤ ਸਿੰਘ ਅਕੈਡਮੀ 'ਚ ਖੇਡਣ ਦਾ ਮੌਕਾ ਮਿਲਿਆ। ਉਨਾਂ ਨੇ ਉੱਥੇ ਛੇ ਸਾਲਾਂ ਲਈ ਸਿਖਲਾਈ ਲਈ। ਸ਼ਮਸ਼ੇਰ ਚਾਹੁੰਦਾ ਸੀ ਉਹ ਕਿਸੇ ਤਰਾਂ ਰਾਸ਼ਟਰੀ ਖੇਡ ਨੂੰ ਅਪਨਾਵੇ ਤਾਂ ਜੋ ਉਨਾਂ ਨੂੰ ਸਰਕਾਰੀ ਨੌਕਰੀ ਮਿਲ ਸਕੇ ਅਤੇ ਪਰਿਵਾਰ ਦੀ ਆਰਥਿਕ ਮਦਦ ਹੋ ਸਕੇ। ਉਨਾਂ ਨੇ 2019 'ਚ ਓਲੰਪਿਕ ਟੈਸਟ ਈਵੈਂਟ ਨਾਲ ਟੀਮ ਇੰਡੀਆ 'ਚ ਡੈਬਿਊ ਕੀਤਾ ਅਤੇ ਟੋਕੀਓ ਦੀ ਟਿਕਟ ਲੈਣ 'ਚ ਸਹਾਇਤਾ ਕੀਤੀ।

**ਬੀਰੇਂਦਰ ਲਾਕੜਾ** :- ਉਹ ਭਾਰਤੀ ਟੀਮ ਨੂੰ ਕਾਂਸੀ ਤਮਗਾ ਦਿਵਾਉਣ 'ਚ ਮਹੱਤਵਪੂਰਨ ਸਾਬਤ ਹੋਏ। ਲਾਕੜਾ ਨੂੰ 2016 'ਚ ਗੋਡੇ 'ਤੇ ਸੱਟ ਲੱਗੀ ਸੀ ਅਤੇ ਇਸ ਕਾਰਨ ਉਹ ਓਲੰਪਿਕ ਵਿੱਚ ਟੀਮ ਦਾ ਹਿੱਸਾ ਨਹੀਂ ਬਣ ਸਕੇ। ਸੱਟ ਕਾਰਨ ਅੱਠ ਮਹੀਨੇ ਬਾਹਰ ਰਹਿਣ ਤੋਂ ਬਾਅਦ ਲਾਕੜਾ ਦੀ ਟੀਮ ਵਿੱਚ ਵਾਪਸੀ ਹੋਈ। ਉਨਾਂ ਨੇ ਟੋਕੀਓ ਓਲੰਪਿਕਸ 'ਚ ਆਪਣੀ ਖੇਡ ਦੇ ਬਲ 'ਤੇ ਆਪਣੇ ਆਪ ਨੂੰ ਸਾਬਤ ਕੀਤਾ।

**ਹਾਰਦਿਕ ਸਿੰਘ** :- ਓਲੰਪਿਕ 'ਚ ਕਾਂਸੀ ਤਗਮਾ ਜਿੱਤਣ ਵਾਲੀ ਭਾਰਤੀ ਪੁਰਸ਼ ਹਾਕੀ ਟੀਮ ਦੇ ਮਿਡਫੀਲਡਰ ਹਾਰਦਿਕ ਸਿੰਘ ਨੇ ਭਾਰਤ ਲਈ ਖੇਡਣ ਦਾ ਆਪਣਾ ਸੁਫ਼ਨਾ ਲਗਭਗ ਤਿਆਗ ਦਿੱਤਾ ਸੀ ਅਤੇ ਡੱਚ ਲੀਗ 'ਚ ਕਲੱਬ ਕਰੀਅਰ ਬਣਾਉਣ ਦੀ ਯੋਜਨਾ ਬਣਾ ਰਹੇ ਸਨ ਪਰ ਉਨਾਂ ਦੇ ਰਿਸ਼ਤੇਦਾਰ ਸਾਬਕਾ ਡਰੈਗ-ਫਲਿੱਕਰ ਜੁਗਰਾਜ ਸਿੰਘ ਨੇ ਉਨਾਂ ਨੂੰ ਪ੍ਰੇਰਿਤ ਕੀਤਾ। ਹਾਰਦਿਕ ਨੇ ਕਿਹਾ ਕਿ ਉਹ ਇੱਕ ਅਜਿਹੇ ਪਰਿਵਾਰ ਤੋਂ ਆਇਆ ਹੈ, ਜਿਸ ਦੇ ਖ਼ੂਨ 'ਚ ਹਾਕੀ ਹੈ ਪਰ ਉੱਚ ਪੱਧਰ 'ਤੇ ਸੀਮਤ ਮੌਕਿਆਂ ਨੇ ਉਸ ਨੂੰ ਨਿਰਾਸ਼ ਕਰ ਦਿੱਤਾ ਸੀ। ਹਾਲਾਂਕਿ, ਉਸ ਨੇ ਓਲੰਪਿਕ 'ਚ ਇੱਕ ਸ਼ਾਨਦਾਰ ਖੇਡ ਦਿਖਾਈ ਅਤੇ ਵੱਡੀ ਸਫਲਤਾ ਪ੍ਰਾਪਤ ਕਰਨ 'ਚ ਸਫਲ ਰਿਹਾ।

**ਅਮਿਤ ਰੋਹਿਦਾਸ** :- ਭਾਰਤੀ ਹਾਕੀ ਟੀਮ ਦੇ ਅਹਿਮ ਖਿਡਾਰੀ ਹਨ ਅਮਿਤ। ਉਨਾਂ ਦੀ ਆਰਥਿਕ ਹਾਲਤ ਠੀਕ ਨਹੀਂ ਸੀ ਤੇ ਉਹ ਡੰਡਿਆਂ ਨੂੰ ਹਾਕੀ ਬਣਾ ਕੇ ਖੇਡਦੇ ਸਨ। ਉਨਾਂ ਦੇ ਪਿੰਡ 'ਚ ਵੀ ਹਾਕੀ ਦੇ ਮੈਚ ਹੋਇਆ ਕਰਦੇ ਸਨ। ਇਨਾਂ ਮੈਚਾਂ 'ਚ ਇਨਾਮ ਵਜੋਂ ਬੱਕਰੀ ਦਿੱਤੀ ਜਾਂਦੀ ਸੀ। ਅਮਿਤ ਨੇ ਸਦਾ ਇਹ ਮਹਿਸੂਸ ਕੀਤਾ ਕਿ ਹਾਕੀ ਸਿਰਫ ਉਸ ਦੇ ਵਰਗੇ ਲੋਕਾਂ ਲਈ ਇੱਕ ਖੇਡ ਨਹੀਂ ਹੈ ਬਲਕਿ ਇਹ ਆਰਥਿਕ ਸਥਿਤੀ ਨੂੰ ਬਦਲਣ ਦਾ ਇੱਕ ਜ਼ਰੀਆ ਵੀ ਹੈ। ਇਹ ਸੋਚ ਉਸ ਨੂੰ ਟੀਮ ਇੰਡੀਆ 'ਚ ਲੈ ਕੇ ਆਈ। ਉਨਾਂ ਸਭ ਤੋਂ ਪਹਿਲਾਂ ਅੰਡਰ-18 ਏਸ਼ੀਅਨ ਕੱਪ 'ਚ ਭਾਰਤ ਦੀ ਅਗਵਾਈ ਕੀਤੀ। ਆਪਣੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਉਨਾਂ ਇਸ ਟੂਰਨਾਮੈਂਟ 'ਚ 7 ਗੋਲ ਦਾਗੇ।

**ਗੁਰਜੰਟ ਸਿੰਘ** :- ਪੰਜਾਬ ਦੇ ਗੁਰਜੰਟ ਸਿੰਘ ਲਈ ਇਹ ਯਾਤਰਾ ਆਸਾਨ ਨਹੀਂ ਰਹੀ। ਉਨਾਂ ਦੇ ਪਰਿਵਾਰ ਅਤੇ ਪਿੰਡ ਵਿੱਚ ਕਿਸੇ ਨੇ ਹਾਕੀ ਨਹੀਂ ਖੇਡੀ। ਉਨਾਂ ਨੇ ਆਪਣੇ ਚਚੇਰੇ ਭਰਾਵਾਂ ਨੂੰ ਦੇਖ ਕੇ ਹਾਕੀ ਖੇਡਣੀ ਸਿੱਖੀ ਅਤੇ ਫਿਰ ਜੂਨੀਅਰ ਟੀਮ 'ਚ ਜਗਾ ਬਣਾ ਲਈ ਅਤੇ ਵਿਸ਼ਵ ਚੈਂਪੀਅਨ ਬਣਨ ਵਾਲੀ ਸੀਨੀਅਰ ਟੀਮ ਤੱਕ ਪਹੁੰਚ ਗਏ। ਉਹ 2016 ਦੀ ਜੂਨੀਅਰ ਵਿਸ਼ਵ ਕੱਪ ਜੇਤੂ ਟੀਮ ਦਾ ਹਿੱਸਾ ਸਨ। ਭਾਰਤ ਦੇ ਸਾਬਕਾ ਕੋਚ ਹਰਿੰਦਰ ਸਿੰਘ ਦਾ ਮੰਨਣਾ ਹੈ ਕਿ ਗੁਰਜੰਟ ਟੀਮ 'ਚ ਸਾਕਾਰਾਤਮਕ ਮਾਹੌਲ ਬਣਾਈ ਰੱਖਦੇ ਹਨ, ਜੋ ਟੀਮ ਦੇ ਬਾਕੀ ਖਿਡਾਰੀਆਂ ਦੀ ਵੀ ਮਦਦ ਕਰਦੇ ਹਨ।

## ਮੋਰਚਾ ਗੁਰੂ ਕਾ ਬਾਗ...

ਸੀ.ਐਫ. ਐਂਡਰਿਊਜ਼ ਜਿਸ ਨੇ ਇਕ ਮਸੀਹਾ ਸੂਲੀ ਚੜਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਵੇਖ ਕੇ ਰੋ ਪਿਆ। ਉਸ ਨੇ ਅਖਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਹ ਇਕ ਹਿਰਦੇਵੇਦਕ ਘਟਨਾ ਹੈ ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਦੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜੀ ਫਿਲਾਸਫਰਜ਼ ਏ.ਐਲ. ਵਰਗਸ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਦਾਈ। ਸਰ ਐਡਵਰਡ ਮੈਕਲਮ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸ ਦੇ ਦਖ਼ਲ ਨਾਲ ਸਿੰਘਾਂ ਤੇ ਡਾਂਗਾਂ ਵਰਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫ਼ਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫ਼ਤੇ ਗਵਰਨਰ ਜਨਰਲ ਲੌਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖ਼ੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵਲੋਂ ਗੁਰਦੁਆਰਾ ਸਾਹਿਬ ਦੀ ਜਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜਮੀਨ ਦਾ ਜੁੰਮਾ ਸੰਗਤਾਂ ਨੂੰ ਮਿਲਾ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾਅ ਹੋ ਗਏ ਅਤੇ ਮੋਰਚਾ ਸਫ਼ਲ ਹੋਇਆ। ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖਮੀ ਹੋਏ 5605 ਸਿੰਘ ਗ੍ਰਿਫਤਾਰ ਹੋਏ ਸਨ। ਜਿਨਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ ਤੇ ਹੰਡਾਇਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾਂ ਲਈ ਰਾਹ ਪੱਧਰ ਹੋ ਗਿਆ। ਲੋਕਾਂ ਵਿਚ ਜਨਤਕ ਤੌਰ ’ਤੇ ਇਨਕਲਾਬੀ ਉਤਸ਼ਾਹ ਆਇਆ। ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਸੀ। ਇਸ ਮੋਰਚੇ ਨੇ ਚੜਦੀ ਕਲਾ, ਸਰਬੱਤ ਦਾ ਪਲਾ ਦੇ ਸਿਧਾਂਤ ਨੂੰ ਪ੍ਰਫੁੱਲਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਤ ਗੁਣਾਂ ਨੂੰ ਅਪਨਾਉਣ ਦੀ ਪ੍ਰੇਣਾ ਮਿਲਦੀ ਹੈ। ਇਹ ਇਕ ਗੌਰਵਮਈ ਸਫ਼ਲ ਇਤਿਹਾਸਕ ਮੋਰਚਾ ਹੋ ਨਿਬੜਿਆ।

## ਪੁਦੀਨਾ ਸਿਹਤ ਲਈ ਜਰੂਰੀ

ਲਗਾਤਾਰ ਪੁਦੀਨੇ ਵਾਲੀ ਬੱਬਲ-ਗਮ ਖਾਂਦੇ ਹਨ, ਉਨਾਂ ਦੀ ਯਾਦ ਸ਼ਕਤੀ ਦੂਜਿਆਂ ਨਾਲੋਂ ਵੱਧ ਹੁੰਦੀ ਹੈ।

**ਅੱਖਾਂ ਦੀ ਰੋਸ਼ਨੀ ਵਿਚ ਵਾਧਾ** : ਪੁਦੀਨੇ ਵਿਚ ਵਿਟਾਮਿਨ ਏ ਹੁੰਦਾ ਹੈ, ਜਿਸ ਦਾ ਮੁੱਖ ਕੰਮ ਅੱਖਾਂ ਦੀ ਰੌਸ਼ਨੀ ਵਧਾਉਣਾ ਹੈ। ਇਹ ਮੰਨਿਆਂ ਜਾਂਦਾ ਹੈ ਕਿ ਜਿਸ ਵਿਅਕਤੀ ਦੀਆਂ ਅੱਖਾਂ ਕਮਜ਼ੋਰ ਹੋਣ ਉਸ ਨੂੰ ਵੱਧ ਤੋਂ ਵੱਧ ਪੁਦੀਨੇ ਅਤੇ ਗਾਜਰਾਂ ਵਾਲੇ ਭੋਜਨ ਪਦਾਰਥਾਂ ਦਾ ਸੇਵਨ ਕਰਨਾ ਚਾਹੀਦਾ ਹੈ।

**ਸਲਾਦ ਵਿਚ** : ਪੁਦੀਨੇ ਦੇ ਕੁਝ ਪੱਤੇ ਕੱਟ ਕੇ ਨਿੰਬੂ ਅਤੇ ਕੱਦੂਕਸ ਕੀਤੇ ਹੋਏ ਅਧਰਕ ਨਾਲ ਸਲਾਦ ਉੱਤੇ ਪਾਉਣ ਨਾਲ ਸਲਾਦ ਦੀ ਪੌਸ਼ਟਿਕਤਾ ਅਤੇ ਸਵਾਦ ਹੋਰ ਵਧ ਜਾਂਦਾ ਹੈ।

ਪਾਣੀ ਵਿਚ : ਪੀਸੇ ਹੋਏ ਪੁਦੀਨੇ ਦੇ ਪੱਤੇ ਪਾਣੀ ਜਾਂ ਸ਼ਿਕੰਜਵੀ ਵਿਚ ਪਾਉਣ ਨਾਲ ਇਸ ਦਾ ਸਵਾਦ ਹੋਰ ਵੀ ਜ਼ਿਆਦਾ ਵਧਾਇਆ ਜਾ ਸਕਦਾ ਹੈ।

**ਬਰਫ ਵਿਚ** : ਗਰਮੀਆਂ ਵਿਚ ਪੁਦੀਨੇ ਨੂੰ ਬਰਫ ਵਾਲੀ ਟਰੇਅ ਵਿਚ ਪਾ ਕੇ ਵਰਤਿਆ ਜਾ ਸਕਦਾ ਹੈ।

ਜੂਸ ਵਿਚ : ਸੇਬ, ਖੀਰੇ, ਸੰਤਰੇ ਜਾਂ ਨਿੰਬੂ ਦੇ ਜੂਸ ਵਿਚ ਪੁਦੀਨਾ ਮਿਲਾ ਕੇ ਪੀਣ ਨਾਲ ਹੋਰ ਤਾਜ਼ਗੀ ਮਿਲਦੀ ਹੈ।

ਚਾਹ ਵਿਚ : ਚਾਹ ਵਿਚ ਪੁਦੀਨਾ ਮਿਲਾ ਕੇ ਪੀਣ ਨਾਲ ਬਦਹਜ਼ਮੀ ਦੀ ਪ੍ਰੇਸ਼ਾਨੀ ਵੀ ਖ਼ਤਮ ਹੋ ਜਾਂਦੀ ਹੈ।

## ਮੁਸਲਮਾਨ ਅਜੇ ਵੀ...

ਸਿਰਫ਼ ਗੱਲੀਂ-ਬਾਤੀਂ ਤਾਂ ਗੱਲ ਨਹੀਂ ਬਣਦੀ। ਜਿਵੇਂ ਪੰਜਾਬੀ ਵਿਚ ਆਮ ਕਹਾਵਤ ਏ, ‘ਗੱਲੀਂਬਾਤੀਂ ਮੈਂ ਵੱਡੀ, ਕਰਤੂਤੀਂ ਮੇਰਾ ਦਾਦਾ।‘ ਪਿਛਲੇ ਸਾਲ ਮੈਨੂੰ ਪੂਰਬੀ ਪੰਜਾਬ ਦੇ ਸ਼ਹਿਰ ਕੋਟਕਪੂਰੇ ਜਾਣ ਦਾ ਮੌਕਾ ਮਿਲਿਆ ਅਤੇ ਉੱਥੋਂ ਫਰੀਦਕੋਟ ਵੀ ਗਿਆ। ਉੱਥੇ ਗੁਰਦੁਆਰਾ ਸਾਹਿਬ ਵਿਚ ਜਿਹੜਾ ਲੰਗਰ ਚਲਦਾ ਹੈ, ਮੈਨੂੰ ਦੱਸਿਆ ਗਿਆ ਕਿ ਇਹ ਬੀਬੀ ਫ਼ਾਤਿਮਾ ਦੇ ਨਾਂ ’ਤੇ ਚੱਲ ਰਿਹਾ ਹੈ। ਬੀਬੀ ਫ਼ਾਤਿਮਾ ਬਾਬਾ ਫ਼ਰੀਦ ਜੀ ਦੀ ਧੀ ਸੀ। ਫਿਰ ਗੁਰਦੁਆਰਾ ਸਾਹਿਬ ਦੇ ਅੰਦਰ ਜਾ ਕੇ ਵੇਖਿਆ ਕਿ ਉੱਥੇ ਬੜੇ ਅਦਬ ਨਾਲ ਕੁਰਾਨ ਸ਼ਰੀਫ਼ ਦੇ ਕੁਝ ਵਰਕੇ ਵੀ ਰੱਖੇ ਹੋਏ ਸਨ ਜੋ ਬਾਬਾ ਫ਼ਰੀਦ ਜੀ ਦੇ ਹੱਥਾਂ ਦੇ ਲਿਖੇ ਹੋਏ ਸਨ। ਬਾਬਾ ਫ਼ਰੀਦ ਜੀ ਨੇ ਆਪਣੀ ਪਿਆਰੀ ਧੀ ਦਾ ਨਾਂ ਮੁਹੰਮਦ ਸਾਹਿਬ ਦੀ ਬੇਟੀ ਫ਼ਾਤਿਮਾ ਦੇ ਨਾਂ ’ਤੇ ਰੱਖਿਆ ਜਿਸ ਦੇ ਦੋ ਪੁੱਤਰ ਹਸਨ ਤੇ ਹੁਸੈਨ ਸਨ। ਮੁਹੰਮਦ ਸਾਹਿਬ ਨੂੰ ਆਪਣੇ ਦੋਹਤਰਿਆਂ ਨਾਲ ਬਹੁਤ ਪਿਆਰ ਸੀ।

ਬਾਬਾ ਨਾਨਕ ਜੀ ਨਾਲ ਮੁਸਲਮਾਨਾਂ ਦਾ ਬੜਾ ਪਿਆਰ ਸੀ। ਇਸ ਲਈ ਉਨਾਂ ਨੇ ਆਪਣੇ ਬੱਚਿਆਂ ਦੇ ਨਾਂ ਉਨਾਂ ਦੇ ਨਾਂ ’ਤੇ ਰੱਖੇ। ਪਰ ਬਾਬਾ ਫ਼ਰੀਦ ਜੀ ਨਾਲ ਸਿੱਖਾਂ ਦਾ ਪਿਆਰ ਹੋਣ ਦੇ ਬਾਵਜੂਦ ਵੀ ਉਨਾਂ ਨੇ ਆਪਣੇ ਬੱਚਿਆਂ ਦੇ ਨਾਂਅ ‘ਫ਼ਰੀਦ’ ਜਾਂ ‘ਫ਼ਾਤਿਮਾ’ ਨਾਲ ਮਿਲਦੇ ਜੁਲਦੇ ਵੀ ਨਹੀਂ ਰੱਖੇ, ‘ਮੁਹੰਮਦ ਸਿੰਘ’ ਰੱਖਣਾ ਤਾਂ ਇਕ ਪਾਸੇ ਰਿਹਾ। ਫਿਰ ਕਾਹਦੀ ਮੁਹੱਬਤ ਉਨਾਂ ਦੀ ਬਾਬਾ ਫ਼ਰੀਦ ਜੀ ਨਾਲ ਹੋਈ? ਹੋਰ ਸੁਣੋ, ਬਾਬਾ ਬੁੱਲੇ ਸ਼ਾਹ ਦੇ ਕਲਾਮ ’ਤੇ ਲਗਭਗ ਸਾਰੇ ਹੀ ਸਿੱਖ ਸਿਰ ਮਾਰਦੇ ਹਨ ਅਤੇ ਉਸ ਨਾਲ ਪਿਆਰ ਜਤਾਉਂਦੇ ਹਨ। ਬੁੱਲੇ ਸ਼ਾਹ ਦਾ ਪੂਰਾ ਨਾਂ ਅਬਦੁੱਲਾ ਸ਼ਾਹ ਸੀ ਅਤੇ ਉਹ ਅਬਦੁਲਾ ਤੋਂ ਬੁੱਲੇ ਸ਼ਾਹ ਬਣਿਆ। ਅਬਦੁੱਲਾ ਹਜ਼ਰਤ ਮੁਹੰਮਦ ਸਾਹਿਬ ਦੇ ਪਿਤਾ ਦਾ ਨਾਂ ਸੀ, ਭਾਵ ਅੱਲਾ ਦਾ ਬੰਦਾ। ‘ਅਬਦ’ ਦਾ ਮਤਲਬ ਹੈ ਬੰਦਾ ਅਤੇ ‘ਅੱਲਾ’ ਦਾ ਅਰਥ ਰੱਬ ਹੈ। ਇਸ ਨੂੰ ਪੰਜਾਬੀ ਵਿਚ ‘ਅੱਲਾ ਲੋਕ’ ਵੀ ਕਹਿ ਸਕਦੇ ਹਾਂ। ਬੁੱਲੇ ਸ਼ਾਹ ਦੇ ਬਾਪ ਨੇ ਉਸ ਦਾ ਨਾਂ ਮੁਹੰਮਦ ਸਾਹਿਬ ਦੀ ਮੁਹੱਬਤ ਵਿਚ ਰੱਖਿਆ। ਫਿਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕਦੇ ਕਿਸੇ ਸਿੱਖ ਨੇ ਆਪਣੇ ਪੁੱਤਰ ਦਾ ਨਾਂ ਮੁਹੰਮਦ ਸਿੰਘ ਰੱਖਿਆ ਹੋਵੇਗਾ? ਮੇਰੇ ਖ਼ਿਆਲ ਵਿਚ ਤਾਂ ਨਹੀਂ। ਪਰ ਕੈਨੇਡਾ ਵਿਚ ਰਹਿੰਦੇ ਮੇਰੇ ਇਕ ਅਦਬੀ ਦੋਸਤ ਡਾ. ਸੁਖਦੇਵ ਸਿੰਘ ਝੰਡ ਨੇ ਮੈਨੂੰ ਦੱਸਿਆ ਕਿ ਅੰਮ੍ਰਿਤਸਰ ਦੇ ‘ਜਲਿਆਂਵਾਲੇ ਬਾਗ਼ ਦੇ ਸ਼ਹੀਦੀ ਸਾਕੇ’ ਜਿਸ ਵਿਚ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦਾ ਸਾਂਝਾ ਲਹੂ ਡੁੱਲਿਆ ਸੀ, ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਨੇ ਆਪਣਾ ਨਾਂ ‘ਰਾਮ ਮੁਹੰਮਦ ਸਿੰਘ ਆਜ਼ਾਦ’ ਰੱਖਿਆ ਸੀ)। ਭਾਵੇਂ ਇਹ ਨਾਂ ਉਸ ਦੇ ਮਾਪਿਆਂ ਵੱਲੋਂ ਨਹੀਂ ਦਿੱਤਾ ਗਿਆ ਸੀ ਪਰ ਫਿਰ ਵੀ ਇਹ ਇਕ ਬਹੁਤ ਵੱਡੀ ਗੱਲ ਹੈ ਕਿ ਸੈਕੂਲਰ ਸੋਚ ਵਾਲੇ ਇਸ ਮਹਾਨ ਸ਼ਖਸ ਨੇ ਆਪਣੇ ਆਪ ਨੂੰ ਇਹ ਨਾਂ ਦਿੱਤਾ। ਇੰਜ ਹੀ ਸਿੱਖਾਂ ਵਿਚ ‘ਹਸਨ ਸਿੰਘ’ ਜਾਂ ਹੁਸੈਨ ਸਿੰਘ’ ਨਾਂ ਕਿਧਰੇ ਨਹੀਂ ਮਿਲਦੇ।

ਸੱਯਦ ਵਾਰਿਸ ਸ਼ਾਹ ਨਾਲ ਵੀ ਸਿੱਖਾਂ ਦੀ ਬੜੀ ਮੁਹੱਬਤ ਹੈ। ਉਸ ਦੀ ਲਿਖੀ ‘ਹੀਰ’ ਸਾਰੇ ਹੀ ਬੜੀਆਂ ਹੇਕਾਂ ਲਾ ਲਾ ਕੇ ਗਾਉਂਦੇ ਹਨ ਪਰ ਸ਼ਾਇਦ ਕਿਸੇ ਵਿਰਲੇ-ਵਾਂਝੇ ਨੇ ਉਸ ਦੇ ਨਾਂ ’ਤੇ ਆਪਣੇ ਬੱਚੇ ਦਾ ਨਾਂ ‘ਵਾਰਿਸ ਸਿੰਘ’ ਰੱਖਿਆ ਹੋਵੇ। ਇੱਥੇ ਫਿਰ ਮੇਰੇ ਦੋਸਤ ਡਾ. ਝੰਡ ਦਾ ਕਹਿਣਾ ਹੈ ਕਿ ਉਸ ਦੇ ਸਾਲੇ ਨੇ ਆਪਣੇ ਪੋਤਰੇ ਦਾ ਨਾਂਅ ਵਾਰਿਸ ਸਿੰਘ ਰੱਖਿਆ ਹੋਇਆ ਹੈ ਜੋ ਘੱਟੋ-ਘੱਟ ਮੇਰੇ ਲਈ ਬੜੀ ਖੁਸ਼ੀ ਤੇ ਸਕੂਨ ਵਾਲੀ ਗੱਲ ਹੈ।

ਇਸੇ ਤਰਾਂ ਚੜਦੇ ਪੰਜਾਬ ਦੇ ਲੋਕ-ਗਾਇਕ ਮਨਮੋਹਨ ਵਾਰਿਸ ਵੱਲੋਂ ਮਹਾਨ ਕਵੀ ਵਾਰਿਸ ਸ਼ਾਹ ਦੇ ਨਾਂ ’ਤੇ ਆਪਣਾ ਤਖ਼ੱਲਸ ‘ਵਾਰਿਸ’ ਰੱਖਣਾ ਵੀ ਬੜੀ ਵਧੀਆ ਗੱਲ ਹੈ। ਮੀਆਂ ਮੀਰ ਮੁਹੰਮਦ ਜਿਨਾਂ ਨੂੰ ‘ਸਾਈਂ ਮੀਆਂ ਮੀਰ’ ਵੀ ਕਿਹਾ ਜਾਂਦਾ ਹੈ ਅਤੇ ਜਿਨਾਂ ਨੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਕਹਿਣ ’ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਰੱਖੀ ਸੀ, ਦੇ ਨਾਂ ’ਤੇ ਰੱਖਿਆ ਕੋਈ ਨਾਂ ਮੀਆਂ ਸਿੰਘ, ਮੀਰ ਸਿੰਘ ਜਾਂ ਮੀਆਂ ਮੀਰ ਮੁਹੰਮਦ ਸਿੰਘ ਵੀ ਕਿਧਰੇ ਨਹੀਂ ਮਿਲਦਾ। ਇੰਜ ਹੀ, ਅਬਦੁੱਲਾ ਸਿੰਘ, ਇਨਾਇਤ ਸਿੰਘ, ਕਾਦਰ ਸਿੰਘ, ਮਰਦਾਨਾ ਸਿੰਘ, ਵਗ਼ੈਰਾ ਵੀ ਕਿਧਰੇ ਨਹੀਂ ਥਿਆਉਂਦੇ। ਅਲਬੱਤਾ, ਪੰਜਾਬੀ ਲੋਕ-ਨਾਇਕ ‘ਦੁੱਲਾ-ਭੱਟੀ’ ਦੇ ਨਾਂ ਨਾਲ ਮਿਲਦੇ ਜੁਲਦੇ ਦੁੱਲਾ ਸਿੰਘ, ਦੂਲਾ ਸਿੰਘ ਜਾਂ ਸਰਦੂਲ ਸਿੰਘ ਭਾਵੇਂ ਕਿਤੇ ਕਿਤੇ ਮਿਲ ਜਾਂਦੇ ਹਨ।

ਮੇਰੇ ਇਕ ਸਿੱਖ ਦੋਸਤ ਨੇ ਆਪਣੇ ਪੁੱਤਰ ਦਾ ਨਾਂ ‘ਰੌਬਲ ਸਿੰਘ’ ਰੱਖ ਲਿਆ ਜਿਸ ਨੂੰ ਸੁਣ ਕੇ ਮੈਂ ਬੜਾ ਹੈਰਾਨ ਹੋਇਆ ਅਤੇ ਉਸ ਨੂੰ ਪੱਛਿਆ ਕਿ ਇਸ ਦਾ ਮਤਲਬ ਕੀ ਹੈ। ਕੀ ਇਸ ਦਾ ਰੂਸੀ ਕਰੰਸੀ ‘ਰੂਬਲ’ ਨਾਲ ਕੋਈ ਸਬੰਧ ਹੈ ਜਾਂ ਸਿੱਖ ਧਰਮ ਨਾਲ ਕੋਈ ਤੁਅੱਲਕ ਹੈ। ਉਹ ਕਹਿਣ ਲੱਗਾ, ‘ਨਹੀਂ ਅਜਿਹੀ ਕੋਈ ਗੱਲ ਨਹੀਂ ਏ। ਮੇਰਾ ਖ਼ਿਆਲ ਏ ਕਿ ਨਾਂ ਕੁਝ ਵੱਖਰਾ ਹੋਣਾ ਚਾਹੀਦਾ ਹੈ ਅਤੇ ਮੈਂ ਇਹ ਨਾਂ ਆਮ ਪ੍ਰਚੱਲਤ ਨਾਵਾਂ ਤੋਂ ਹਟ ਕੇ ਰੱਖਿਆ ਹੈ।’ ਹੁਣ ਉਹ ਆਸਟ੍ਰੇਲੀਆ ਵਿਚ ਹੈ ਅਤੇ ਉਸ ਨੇ ਆਪਣੇ ਪੁੱਤਰ ਦਾ ਨਾਂਅ ਬਦਲ ਕੇ ‘ਰੌਬਿਨ ਸਿੰਘ’, ਭਾਵ ‘ਚਿੜੀ ਸਿੰਘ’ ਰੱਖ ਲਿਆ ਹੈ। ਸਿੱਖਾਂ ਵਿਚ ਅੱਜ ਕਲ ਹੋਰ ਕਈ ਅੰਗਰੇਜ਼ੀ ਨਾਂ ਲਵਲੀ ਸਿੰਘ, ਸਵੀਟੂ ਸਿੰਘ, ਸੈਂਟੀ ਸਿੰਘ, ਮੌਂਟੀ ਸਿੰਘ, ਨਿਊਟਨ ਸਿੰਘ, ਵਗ਼ੈਰਾ ਵੀ ਚੱਲ ਰਹੇ ਹਨ। ਇਨਾਂ ਦੇ ਬਾਰੇ ਤੁਸੀਂ ਹੁਣ ਕੀ ਕਹੋਗੇ?

ਮੈਂ ਸਮਝਦਾ ਹੈ ਕਿ ਬੜੀ ਗੂੜੀ ਸਾਂਝ ਸੀ ਬਾਬਾ ਗੁਰੂ ਨਾਨਕ ਸਾਹਿਬ ਤੇ ਮੁਸਲਮਾਨਾਂ ਦੀ, ਅਤੇ ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਮੁਸਲਮਾਨ ਆਪਣੇ ਪੁੱਤਰਾਂ ਦੇ ਨਾਂ ਉਨਾਂ ਦੇ ਨਾਂ ’ਤੇ ਰੱਖਦੇ ਰਹੇ ਹਨ। ਪਾਕਿਸਤਾਨ ਬਣੇ ਨੂੰ 72 ਸਾਲ ਤੋਂ ਵਧੇਰੇ ਹੋ ਚੁੱਕੇ ਹਨ। ਏਨੇ ਲੰਮੇ ਅਰਸੇ ਤੋਂ ਬਾਅਦ ਭੁੱਲ-ਚੁੱਕ ਮੁਆਫ਼ ਕਰਦਿਆਂ ਹੋਇਆਂ, ਚਲੋ! ਇਹ ਸਾਂਝ ਫਿਰ ਤੋਂ ਸ਼ੁਰੂ ਕਰੀਏ। ਇਸ ਦੀ ਪਹਿਲ ਮੈਂ ਆਪਣੇ ਆਪ ਤੋਂ ਕਰ ਲੈਂਦਾ ਹਾਂ ਅਤੇ ਮੈਂ ਤਾਂ ਇਹ ਕਰ ਵੀ ਲਈ ਹੈ। ਮੇਰਾ ਇੱਕੋ ਹੀ ਪੁੱਤਰ ਏ, ਨਾ ਕੋਈ ਹੋਰ ਬੇਟਾ ਤੇ ਨਾ ਹੀ ਬੇਟੀ। ਮੇਰੇ ਪੁੱਤਰ ਦੀ ਉਮਰ ਇਸ ਵੇਲੇ ਕਰੀਬ ਤਿੰਨ ਸਾਲ ਏ ਤੇ ਮੈਂ ਉਸ ਦਾ ਨਾਂ ਬਾਬਾ ਨਾਨਕ ਜੀ ਦੇ ਨਾਂ ’ਤੇ ਰੱਖ ਦਿੱਤਾ ਹੈ, ‘ਨਾਨਕ ਮੁਸਤਫ਼ਾ’। ਹੁਣ ਅੱਗੋਂ ਮੇਰੇ ਸਿੱਖ-ਭਰਾਵਾਂ ਦੀ ਵਾਰੀ ਏ, ਉਨਾਂ ਵਿਚੋਂ ਕੋਈ ਆਪਣੇ ਪੁੱਤਰ ਦਾ ਨਾਂਅ ‘ਮੁਹੰਮਦ ਸਿੰਘ’, ‘ਕਾਦਰੀ ਸਿੰਘ’ ਜਾਂ ‘ਮੀਆਂ ਸਿੰਘ’ ਰੱਖਣ ਦੀ ਪਹਿਲ ਕਰੇ। ਅਸੀਂ ਮੁਸਲਮਾਨ ਜੇਕਰ ਆਪਣੇ ਪੁੱਤਰਾਂ ਦੇ ਨਾਂ ਬਾਬਾ ਨਾਨਕ ਦੇ ਨਾਂ ’ਤੇ ਰੱਖ ਸਕਦੇ ਹਾਂ ਤਾਂ ਅਸਲ ਮੁਹੱਬਤ ਤਾਂ ਫਿਰ ਸਾਡੀ ਹੀ ਉਨਾਂ ਦੇ ਨਾਲ ਹੋਈ। ਇੱਥੇ ਇਕ ਗੱਲ ਹੋਰ ਵੀ ਗ਼ੌਰ ਕਰਨ ਵਾਲੀ ਹੈ। ਜਦੋਂ 1947 ਵਿਚ ਹਿੰਦੋਸਤਾਨ ਦਾ ਬਟਵਾਰਾ ਹੋਇਆ ਤਾਂ ਪਾਕਿਸਤਾਨ ਉੱਪਰ ਬਾਬਾ ਨਾਨਕ ਜੀ ਦੀ ਬੜੀ ਕ੍ਰਿਪਾ ਹੋਈ। ਬਾਬਾ ਨਾਨਕ ਜੀ ਪਾਕਿਸਤਾਨ ਵਿਚ ਹੀ ਮੁਸਲਮਾਨਾਂ ਦੇ ਪਾਸੇ ਰਹੇ। ਚਾਰ-ਪੰਜ ਮੀਲ ਜ਼ਮੀਨ ਦਾ ਟੋਟਾ, ਜਿਸ ਦੇ ਬਾਰੇ ਅਗਰ ਸਿੱਖ ਉਦੋਂ ਮਾੜਾ ਜਿਹਾ ਵੀ ਜ਼ੋਰ ਲਾਉਂਦੇ ਤਾਂ ਸ੍ਰੀ ਕਰਤਾਰਪੁਰ ਸਾਹਿਬ ਦਾ ਗੁਰਦੁਆਰਾ ਸਾਹਿਬ ਉਨਾਂ ਕੋਲ ਹੋਣਾ ਸੀ। ਥੋੜੀ ਜਿਹੀ ਜ਼ਮੀਨ ਦੇ ਨਾਲ ਉਸ ਦਾ ਵਟਾਂਦਰਾ ਬੜੀ ਆਸਾਨੀ ਨਾਲ ਹੋ ਜਾਣਾ ਸੀ। ਪਰ ਸਿੱਖ-ਭਰਾਵਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਦੀ ਜ਼ਮੀਨ ਦੇ ਵਟਾਂਦਰੇ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਬਾਬਾ ਨਾਨਕ ਜੀ ਦਾ ਜਨਮ-ਸਥਾਨ ਸ੍ਰੀ ਨਨਕਾਣਾ ਸਾਹਿਬ ਅਤੇ ਉਨਾਂ ਦੇ ਅਕਾਲ-ਚਲਾਣੇ ਦਾ ਸਥਾਨ ਸ੍ਰੀ ਕਰਤਾਰਪੁਰ ਸਾਹਿਬ ਦੋਵੇਂ ਮੁਸਲਮਾਨਾਂ ਕੋਲ ਹੀ ਹਨ। ਹੋਰ ਵੀ ਤਿੰਨ-ਚਾਰ ਸੌ ਗੁਰਦੁਆਰੇ ਪਾਕਿਸਤਾਨ ਵਿਚ ਹਨ। ਮੈਂ ਸਮਝਦਾ ਹਾਂ ਕਿ ਅਸਲ ਪੰਜਾਬੀ ਸੱਭਿਆਚਾਰ ਵੀ ਪਾਕਿਸਤਾਨ ਵਿਚ ਹੈ। ਪਿਛਲੇ ਸਾਲ ਪਾਕਿਸਤਾਨ ਸਰਕਾਰ ਦੀ ਪਹਿਲ-ਕਦਮੀ ਨਾਲ ਸ੍ਰੀ ਕਰਤਾਰਪੁਰ ਸਾਹਿਬ ਤੋਂ ਭਾਰਤ ਵੱਲ ਨੂੰ ਬਣਾਇਆ ਗਿਆ ‘ਲਾਂਘਾ’ ਵੀ ਪਾਕਿਸਤਾਨ ਵਿਚ ਹੈ। ਇਸ ਲਾਂਘੇ ਦੀ ਕਈ ਸਾਲਾਂ ਤੋਂ ਪਾਕਿਸਤਾਨ ਦੀ ਸਰਕਾਰ ਵੱਲੋਂ ਪੇਸ਼ਕਸ਼ ਕੀਤੀ ਗਈ ਸੀ। ਜਦੋਂ ਪਾਕਿਸਤਾਨ ਨੇ ਆਪਣੇ ਪਾਸੇ ਇਹ ਰਾਹ ਬਣਾਉਣਾ ਸ਼ੁਰੂ ਕਰ ਦਿੱਤਾ ਤਾਂ ਭਾਰਤ ਸਰਕਾਰ ਨੇ ਵੀ ਇਸ ਲਾਂਘੇ ਨੂੰ ਪ੍ਰਵਾਨ ਕਰ ਲਿਆ। ਬਾਬਾ ਨਾਨਕ ਜੀ ਨੇ ਪਹਿਲਾਂ ਵੀ ਹਿੰਦੂਆਂ ਤੇ ਮੁਸਲਮਾਨਾਂ ਨੂੰ ਆਪਸ ਵਿਚ ਜੋੜਿਆ ਸੀ ਅਤੇ ਸਿੱਖ ਤਾਂ ਬਾਅਦ ਵਿਚ ਹੋਂਦ ਵਿਚ ਆਏ ਸਨ। ਬਾਬਾ ਜੀ ਨੇ ਹੁਣ ਫਿਰ ਇਸ ਲਾਂਘੇ ਰਾਹੀਂ ਇਨਾਂ ਤਿੰਨਾਂ ਨੂੰ ਆਪਸ ਵਿਚ ਜੁੜਨ ਦਾ ਮੌਕਾ ਦਿੱਤਾ ਹੈ। ਦੋਵਾਂ ਮੁਲਕਾਂ ਨੂੰ ਜੋੜਨ ਵਾਲਾ ਇਹ ਰਸਤਾ ਬਣ ਚੁੱਕਾ ਹੈ ਅਤੇ ਇਸ ਦੇ ਰਾਹੀਂ ਦੋਵਾਂ ਮੁਲਕਾਂ ਲਈ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਬਹੁਤ ਵਧੀਆ ਮੌਕਾ ਹੈ। ਸਾਰੇ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਪਿਛਲੇ ਗਿਲੇ-ਸ਼ਿਕਵੇ ਭੁੱਲ ਕੇ ਬਾਬਾ ਨਾਨਕ ਜੀ ਦੇ ਫ਼ਲਸਫ਼ੇ ਨਾਲ ਸਹਿਮਤ ਹੋ ਜਾਣ ਅਤੇ ਇਕ-ਦੂਜੇ ਦੇ ਖ਼ਿਲਾਫ ਪੈਦਾ ਹੋ ਰਹੀ ਨਫ਼ਰਤ ਘਟ ਜਾਏਗੀ ਜਾਂ ਉਹ ਸ਼ਾਇਦ ਰੁਕ ਹੀ ਜਾਏ। ਸਾਡੀ ਨੌਜਵਾਨ ਪੀੜੀ ਬਾਹਰਲੇ ਮੁਲਕਾਂ ਵਿਚ ਜਾਣ ਲਈ ਜੰਗਲਾਂ-ਬੀਆਬਾਨਾਂ ਵਿਚੋਂ ਦੀ ਖੱਜਲ-ਖੁਆਰ ਹੋ ਕੇ ਤੇ ਦਰਿਆਵਾਂ ਵਿਚ ਡੁੱਬ-ਡੁੱਬ ਕੇ ਕਿਸੇ ਤਰਾਂ ਬਚ-ਬਚਾਅ ਕੇ ਉੱਥੇ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ, ਉਨਾਂ ਦੀ ਸ਼ਾਇਦ ਸੁਣੀ ਜਾਏ। ਇਨਾਂ ਦੋਵਾਂ ਮੁਲਕਾਂ ਵਿਚ ਖ਼ੁਸ਼ਹਾਲੀ ਆਏ, ਜਿਵੇਂ ਇੱਥੇ ਪਹਿਲਾਂ ਖ਼ੁਸ਼ਹਾਲੀ ਹੁੰਦੀ ਸੀ ਜਦੋਂ ਗੋਰੇ, ਫ਼ਰਾਂਸੀਸੀ, ਬੈਲਜੀਅਮ, ਯੂਰਪ ਤੇ ਦੂਜੇ ਮੁਲਕਾਂ ਦੇ ਲੋਕ ਇੱਥੇ ਆ ਕੇ ਨੌਕਰੀਆਂ ਕਰਦੇ ਸਨ। ਕਾਸ਼! ਇੰਜ ਹੋ ਜਾਏ। ਇਹ ਮੇਰੀ ਦਿਲੀ-ਤਮੰਨਾ ਏ।

## ਪੰਜਾਬ ਨੂੰ ਆਪਣੀਆਂ ...

ਅਤੇ ਆਪ ਵੀ ਆਪਣੀ ਪਤਨੀ ਨਾਲ ਉਹ ਪੰਜਾਬ ਵਿਚ ਹੀ ਰਹਿੰਦੇ ਹਨ। ਚੰਗਾ ਕਾਰੋਬਾਰ ਹੈ। ਇੱਥੋਂ ਦੇ ਜੰਮੇ-ਪਲਿਆਂ ਕੋਲੋਂ ਅਜਿਹੀ ਹੀਣ-ਭਾਵਨਾ ਵਾਲੀ ਗੱਲ ਸੁਣ ਕੇ ਹਜ਼ਮ ਨਹੀਂ ਹੋਈ। ਜੀ ਸਦਕੇ ਬਾਹਰਲੇ ਮੁਲਕ ਵਿਚ ਜਾਓ ਤੇ ਤਰੱਕੀਆਂ ਕਰੋ ਪਰ ਆਪਣੇ ਦੇਸ਼ ਪੰਜਾਬ ਨੂੰ ਨਾ ਭੰਡੋ। ਆਪਣੇ ਪੰਜਾਬ ਨੂੰ ਆਪਣੀਆਂ ਅਰਦਾਸਾਂ ਵਿਚ ਸ਼ਾਮਿਲ ਰੱਖੋ। ਆਪਣੀ ਆਉਣ ਵਾਲੀ ਪੀੜੀ ਨੂੰ ਪੰਜਾਬ ਅਤੇ ਪੰਜਾਬੀ ਨਾਲ ਜੁੜਨ ਅਤੇ ਜੋੜਨ ਦਾ ਹਰ ਸੰਭਵ ਯਤਨ ਕਰੋ।

ਕਿਸੇ ਨੇ ਸਹੀ ਕਿਹਾ ਹੈ ਕਿ ਜੇ ਆਪਣਾ ਆਪਣੇ ਨੂੰ ਨਾ ਮਾਰੇ ਤਾਂ ਇਹ ਕੌਮ ਕਦੇ ਨਾ ਹਾਰੇ। ਪੰਜਾਬ ਨੇ ਤਾਂ ਸ਼ੁਰੂ ਤੋਂ ਹੀ ਗ਼ਦਾਰਾਂ ਦੇ ਮੂੰਹ ਦੇਖੇ ਹਨ ਅਤੇ ਕੁਝ ਗ਼ਦਾਰ ਅਸੀਂ ਅੱਜ ਵੀ ਦੇਖਦੇ ਹਾਂ ਜੋ ਆਪਣੀਆਂ ਕੋਝੀਆਂ ਚਾਲਾਂ ਕਾਰਨ ਪੰਜਾਬ ਨੂੰ ਬਰਬਾਦ ਕਰ ਰਹੇ ਹਨ ਅਤੇ ਜਿਨਾਂ ਨੇ ਪੰਜਾਬ ਦੀ ਇਹ ਹਾਲਤ ਕੀਤੀ ਹੈ। ਇਤਿਹਾਸ ਗਵਾਹ ਹੈ ਕਿ ਜਦ ਵੀ ਪੰਜਾਬ ਹਾਰਿਆ ਹੈ, ਬਸ ਆਪਣਿਆਂ ਕੋਲੋਂ ਹੀ ਹਾਰਿਆ ਹੈ।

ਇਹ ਸਾਡੇ ਗੁਰੂਆਂ-ਪੀਰਾਂ ਦਾ ਪੰਜਾਬ ਹੈ, ਹਰੀ ਸਿੰਘ ਨਲੂਏ, ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਹੈ। ਸਾਡੇ ਸ਼ਹੀਦਾਂ ਦੀ ਸ਼ਹਾਦਤ ਵਿਅਰਥ ਨਹੀਂ ਜਾਣੀ ਚਾਹੀਦੀ। ਬਾਹਰਲੇ ਮੁਲਕਾਂ ਵਿਚ ਜਾ ਕੇ ਆਪਣੀ ਮਾਂ-ਬੋਲੀ ਅਤੇ ਪੰਜਾਬ ਦੀ ਚੰਗੀ ਪਛਾਣ ਬਣਾਓ, ਇੱਥੋਂ ਦੇ ਮਾੜੇ ਸਿਸਟਮ ਨਾਲ ਲੜਨ ਲਈ ਪੰਜਾਬ ਵਾਸੀਆਂ ਦੇ ਹੌਸਲੇ ਬੁਲੰਦ ਕਰੋ, ਨਾ ਕਿ ਆਪਣੀ ਹੀ ਮਿੱਟੀ ਨੂੰ ਭੰਡੋ।

ਖ਼ਾਲਸਾ ਏਡ ਵਰਗੀਆਂ ਸੰਸਥਾਵਾਂ ਨੇ ਪੂਰੀ ਦੁਨੀਆ ਵਿਚ ਪੰਜਾਬ ਅਤੇ ਪੰਜਾਬੀਆਂ ਦਾ ਮਾਣ ਵਧਾਇਆ ਹੈ। ਮੈਂ ਇਸ ਗੱਲ ਤੋਂ ਜਾਣੂ ਹਾਂ ਕਿ ਦੂਰ ਰਹਿੰਦੇ ਪੰਜਾਬੀਆਂ ਦੇ ਦਿਲਾਂ ’ਚ ਅਜੇ ਵੀ ਪੰਜਾਬ ਵਸਦਾ ਹੈ ਪਰ ਕੁਝ ਨਾਸਮਝ ਅਤੇ ਨਾ-ਸ਼ੁਕਰੇ ਲੋਕਾਂ ਦੇ ਕਾਰਨਾਮਿਆਂ ਨੇ ਮੈਨੂੰ ਇਹ ਸਭ ਲਿਖਣ ਲਈ ਮਜਬੂਰ ਕਰ ਦਿੱਤਾ ਹੈ।

## ਦੇਸ਼ਧ੍ਰੋਹ ਦੇ ਕਾਨੂੰਨ...

ਇਹ ਰਾਜਾ ਰੈਕਸ ਦੇ ਸਮੇਂ ਪੈਦਾ ਹੋਈ ਅਤੇ ਲੋਨ ਫੁਲਰ ਦੁਆਰਾ ਪ੍ਰਭਾਸ਼ਿਤ ਕੀਤੀ ਅਰਾਜਕਤਾ ਜਿਹੀ ਸਥਿਤੀ ਹੈ ਜਿਸ ਵਿਚ ਕਾਨੂੰਨਾਂ ਦੀ ਹੋਂਦ ਤਾਂ ਸੀ, ਪਰ ਉਨਾਂ ਬਾਰੇ ਕੁਝ ਵੀ ਨਿਸ਼ਚਿਤਤਾ ਨਾਲ ਨਹੀਂ ਸੀ ਕਿਹਾ ਜਾ ਸਕਦਾ। ਲੋਕਾਂ ਨੂੰ ਇਹ ਸਪੱਸ਼ਟ ਹੀ ਨਹੀ ਸੀ ਕਿ ਉਨਾਂ ਦੀਆਂ ਕਿਹੜੀਆਂ ਗਤੀਵਿਧੀਆਂ ਗੈਰ-ਕਾਨੂੰਨੀ ਗਤੀਵਿਧੀਆਂ ਮੰਨ ਲਈਆਂ ਜਾਣਗੀਆਂ। ਭਾਰਤੀ ਸੰਵਿਧਾਨ, ਜੋ ਨਾਗਰਿਕਾਂ ਨੂੰ ਅਧਿਕਾਰ ਪ੍ਰਦਾਨ ਕਰਦਾ ਹੈ, ਦੀ ਹੋਂਦ ਦੇ ਬਾਵਜੂਦ ਸਰਕਾਰ ਅਤੇ ਸੱਤਾ ਦੁਆਰਾ ਜਨਤਕ ਵਿਚਾਰਾਂ ਨੂੰ ਦਬਾਉਣ ਲਈ ਦੇਸ਼ਧ੍ਰੋਹ ਦੇ ਕਾਨੂੰਨ ਦੀ ਦੁਰਵਰਤੋਂ ਹੋ ਰਹੀ ਹੈ।

ਪ੍ਰਗਤੀਵਾਦੀ ਲੋਕਤੰਤਰ ਵਿਚ ਲੋਕਾਂ ਦੀ ਅਜ਼ਾਦੀ ਸੁਨਿਸ਼ਚਿਤ ਕੀਤੀ ਜਾਂਦੀ ਹੈ ਜਦੋਂਕਿ ਰਾਜ ਕੋਲ ਆਪਣੇ ਨਾਗਰਿਕਾਂ ਨੂੰ ਨਿਯੰਤ੍ਰਿਤ ਕਰਨ ਲਈ ਸੀਮਿਤ ਅਧਿਕਾਰ ਹੁੰਦੇ ਹਨ। ਪਰ ਭਾਰਤੀ ਲੋਕਤੰਤਰ ਦੀ ਅਸਲੀਅਤ ਇਸ ਤੋਂ ਬਿਲਕੁਲ ਭਿੰਨ ਹੈ ਕਿਉਂਕਿ ਵਿਸਤ੍ਰਿਤ ਸੰਵਿਧਾਨ ਦੀ ਹੋਂਦ ਦੇ ਬਾਵਜੂਦ ਮੌਜੂਦਾ ਰਿਆਸਤ ਹੀ ਸਰਵੋਪਰੀ ਅਤੇ ਸਰਵਸ਼ਕਤੀਸ਼ਾਲੀ ਹੈ।ਭਾਰਤ ਵਿਚ ਦੇਸ਼ ਧ੍ਰੋਹ ਦੇ ਕਾਨੂੰਨ ਦੀ ਹੋਂਦ ਅਤੇ ਦੁਰਵਰਤੋਂ ਇਹ ਦਿਖਾਉਂਦੀ ਹੈ ਕਿ ਲੋਕਤੰਤਰ ਵਿਚ ਵੀ ਰਾਜਨੀਤਿਕ ਢੰਗਾਂ ਰਾਹੀ ਕਿਸ ਤਰਾਂ ਸੱਤਾ ਮਜਬੂਤ ਕੀਤੀ ਜਾਂਦੀ ਹੈ।ਦੇਸ਼ ਧ੍ਰੋਹ ਦੇ ਕਾਨੂੰਨ ਦੀ ਹੋਂਦ ਇਸ ਦੇ ਨਾਗਰਿਕਾਂ ਦੇ ਦੀ ਸੋਚਣ ਸ਼ਕਤੀ ਅਤੇ ਉਨਾਂ ਦੇ ਵਿਚਾਰਾਂ ਉੱਪਰ ਹਮਲਾ ਹੈ ਕਿਉਂਕਿ ਇਸ ਦੇ ਤਹਿਤ ਉਨਾਂ ਉੱਪਰ ਲਗਾਤਾਰ ਨਿਗਾਹਬਾਨੀ ਕੀਤੀ ਜਾਂਦੀ ਹੈ। ਇਹ ਵਿਰੋਧੀ ਵਿਚਾਰਾਂ, ਨਿੱਜੀ ਅਜ਼ਾਦੀ ਨੂੰ ਦਬਾਉਣ ਲਈ ਰਾਜਨੀਤਿਕ ਪਾਰਟੀਆਂ ਕੋਲ ਇਕ ਸਿਆਸੀ ਢੰਗ ਹੈ। ਇਹ ਅਤਿ-ਸੰਵੇਦਨਸ਼ੀਲ ਰਿਆਸਤ ਦੀ ਉਦਾਹਰਣ ਹੈ ਜੋ ਕਿ ਕਿਸੇ ਵੀ ਤਰਾਂ ਦੇ ਵਿਰੋਧ ਨੂੰ ਬਰਦਾਸ਼ਤ ਨਹੀਂ ਕਰ ਸਕਦੀ। ਦੇਸ਼ਧ੍ਰੋਹ ਦੇ ਕਾਨੂੰਨ ਨੂੰ ਰਾਸ਼ਟਰਵਾਦੀ ਵਿਚਾਰਧਾਰਾ ਰਾਹੀ ਅਸਲ ਵਿਚ ਰਿਆਸਤ ਪ੍ਰਤੀ ਆਗਿਆਕਰਤਾ ਵਿਕਸਿਤ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਰਾਹੀਂ ਨਾਗਰਿਕਾਂ ਦੀ ਆਪਣੀ ਅਜ਼ਾਦੀ ਨੂੰ ਦਬਾ ਦਿੱਤਾ ਜਾਂਦਾ ਹੈ। ਉਨਾਂ ਦੇ ਵਿਰੋਧ ਕਰਨ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਨੂੰ ਕੁਚਲ ਕੇ ਉਨਾਂ ਵਿਚ ਡਰ ਦੀ ਭਾਵਨਾ ਵਿਕਸਿਤ ਕੀਤੀ ਜਾਂਦੀ ਹੈ ਤਾਂ ਕਿ ਰਿਆਸਤ ਅਤੇ ਸੱਤਾ ਦੇ ਬਿਰਤਾਂਤ ਨੂੰ ਹੀ ਸਰਵੋਪਰੀ ਬਣਾਇਆ ਜਾ ਸਕੇ। ਅਜਿਹਾ ਸੰਸਾਰ ਜਿੱਥੇ ਡਰ ਤੋਂ ਅਜ਼ਾਦੀ ਨੂੰ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ, ਉੱਥੇ ਆਪਣੇ ਹੀ ਨਾਗਰਿਕਾਂ ਉੱਪਰ ਨਿਯੰਤਰਣ ਲਗਾਉਣ ਵਾਲੇ ਦੇਸ਼ਧ੍ਰੋਹ ਦੇ ਕਾਨੂੰਨ ਨੂੰ ਸੁਆਲ ਕਰਨਾ ਬਹੁਤ ਜਰੂਰੀ ਹੋ ਜਾਂਦਾ ਹੈ।

## 1000 ਤੋਂ ਵੱਧ ਗ਼ਰੀਬ...

ਕਰਵਾਉਣ ਲਈ ਅੱਧਾ ਖਰਚਾ ਚੁੱਕਣ ਦਾ ਹੰਭਲਾ ਮਾਰ ਲੈਣ, ਤਾਂ ਬਾਕੀ ਦੇ ਅੱਧੇ ਖਰਚੇ ਦਾ ਪ੍ਰਬੰਧ ਸੈਫ਼ ਇੰਟਰਨੈਸ਼ਨਲ ਸੰਸਥਾ ਵੱਲੋਂ ਕਰ ਦਿੱਤਾ ਜਾਵੇਗਾ।

ਸੰਸਥਾ ਦਾ ਪਿਛਲੇ ਸੱਤ ਸਾਲ ਦਾ ਸਫ਼ਲ ਕਾਰਜਕਾਲ ਅਤੇ ਇਨੇ ਵੱਡੇ ਨਿਸ਼ਾਨੇ ਪ੍ਰਤੀ ਸਮਰਪਿਤ ਹੋਣ ਦੇ ਬਾਵਜੂਦ ਇਸ ਸੰਸਥਾ ਬਾਰੇ ਸਾਡੀ ਸੰਗਤ ਨੇ ਪਹਿਲੀ ਵਾਰੀ ਕਿਉਂ ਸੁਣਿਆ ਹੈ, ਦੇ ਕਾਰਨ ਵਜੋਂ ਉਨਾਂ ਹੱਸ ਕੇ ਕਿਹਾ, ਕਿ ਅਸੀਂ ਆਪਣਾ ਸਾਰਾ ਜ਼ੋਰ ਕੰਮ ਕਰਨ ਵਿੱਚ ਲਾਉਂਦੇ ਹਾਂ, ਸੰਗਤ ਨੂੰ ਦੱਸਣ ਵਿੱਚ ਜ਼ੋਰ ਲਾਉਣਾ ਤਹਾਡਾ ਕੰਮ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**